PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

11th - 18th July 2024 • Issue No. 3038

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact:

S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389

## ਡਰਬੀ ਫੁੱਟਬਾਲ ਟੂਰਨਾਮੈਂਟ ਵਿੱਚ 60 ਦੇ ਕਰੀਬ ਟੀਮਾਂ ਨੇ ਭਾਗ ਲਿਆ








## ਬਰਤਾਨੀਆ ਦੀ ਪਾਰਲੀਮੈਂਟ ਵਿੱਚ ਪਹਿਲੀ ਵਾਰ ਇਕੱਠੇ ਹੋਏ 11 ਸਿੱਖ ਸਾਂਸਦ





ਤਸਵੀਰ: ਬਰਤਾਨੀਆਂ ਦੀ ਸੰਸਦ ਦੇ ਵਿਸਟਮਿਨਸਟਰ ਹਾਲ ਵਿੱਚ ਸਿੱਖ ਸਾਂਸਦ ਖ਼ਬਰ ਪੰਨਾ 7 'ਤੇ

## ਸਲੋਹ ਕਬੱਡੀ ਕੱਪ 2024 ਟੈਲਫੋਰਡ ਨੇ ਜਿੱਤਿਆ ਈਰਥ ਵੂਲਿਚ ਸਾਊਥਾਲ ਉੱਪ ਜੇਤੂ ਰਹੀ

### ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਦਾ ਸੱਤਾ ਮੁਠੱਡਾ ਦੀ ਅਗਵਾਈ ਵਿੱਚ ਗ੍ਰੇਵਜ਼ੈਂਡ ਕਬੱਡੀ ਕਲੱਬ ਵੱਲੋਂ ਸੋਨੇ ਦੇ ਤਗ਼ਮਿਆਂ ਨਾਲ ਸਨਮਾਨ









# ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫੈਡਰੇਸ਼ਨ ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਵੱਲੋਂ ਸਥਾਨਕ ਗੁਰੂ ਘਰਾਂ ਅਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ

## ਇੰਗਲੈਂਡ ਭਰ ਤੋਂ ਵੱਡੀ ਗਿਣਤੀ ਵਿੱਚ ਜੂਨੀਅਰ ਅਤੇ ਸੀਨੀਅਰ ਟੀਮਾਂ ਨੇ ਭਾਗ ਲਿਆ – ਲੜਕੀਆਂ ਦੀਆਂ ਟੀਮਾਂ ਨੇ ਵੀ ਖੂਬ ਜੌਹਰ ਦਿਖਾਏ – ਖਿਡਾਰੀਆਂ ਅਤੇ ਸਮਰਥਕਾਂ ਦਾ ਮਾਣ ਸਨਮਾਨ ਕੀਤਾ ਗਿਆ














ਹਰ ਸਾਲ ਵਾਂਗ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਇਸ ਵਾਰ ਦਾ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਡਰਬੀ ਦੇ ਸਾਰੇ ਗੁਰੂ ਘਰਾਂ ਅਤੇ ਡਰਬੀ ਵਾਸੀਆਂ ਦੇ ਸਹਿਯੋਗ ਨਾਲ ਬੜੇ ਜੋਸ਼ ੳ ਖਰੋਸ਼ ਨਾਲ ਕਰਵਾਇਆ ਗਿਆ। ਇਹ ਉਹਨਾਂ ਸਮੂਹ ਸ਼ਹੀਦਾਂ ਨੂੰ ਸਮਰਪਿਤ ਸੀ ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਦੇਸ਼ ਵਾਸੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਉਹਨਾਂ ਦੇ ਮਨਾਂ ਅੰਦਰ ਸੀ। ਇਸ ਟੂਰਨਾਮੈਂਟ ਵਿੱਚ ਬੀਬੀਆਂ ਭੈਣਾਂ ਅਤੇ ਬਹੁਤ ਸਾਰੇ ਪਰਿਵਾਰਕ ਮੈਂਬਰ ਵੀ ਦਰਸ਼ਕਾਂ ਵਜੋਂ ਸ਼ਾਮਿਲ ਹੋਏ। ਗਰਾਊਂਡਾਂ ਵਿੱਚ ਕੋਈ ਵੀ ਨਸ਼ਾ, ਸ਼ਰਾਬ ਅਤੇ ਮੀਟ ਆਦਿ ਲਿਆਉਣ ਅਤੇ ਵਰਤਣ ਦੀ ਸਖਤ ਮਨਾਹੀ ਕੀਤੀ ਜਾਂਦੀ ਹੈ ।

ਐਤਕੀਂ ਦਾ ਫੁੱਟਬਾਲ ਟੂਰਨਾਮੈਂਟ ਰੇਸ ਕੋਰਸ ਪਲੇਇੰਗ ਫੀਲਡਜ਼ (ਗਰਾਊਂਡਾਂ) ਵਿੱਚ 22 ਤੇ 23 ਜੁਲਾਈ ਨੂੰ ਕਰਵਾਇਆ ਗਿਆ । ਜਿਸ ਵਿੱਚ ਇੰਗਲੈਂਡ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਫੁੱਟਬਾਲ ਦੀਆਂ 60 ਦੇ ਲੱਗਭੱਗ ਸੀਨੀਅਰ ਟੀਮਾਂ ਅਤੇ ਬੱਚਿਆਂ ਦੀਆਂ ਅੰਡਰ 8 ਅੰਡਰ 11, ਅੰਡਰ 13, ਅੰਡਰ 15 ਅਤੇ ਅੰਡਰ 17 ਟੀਮਾਂ ਨੇ ਭਾਗ ਲਿਆ ।

ਇਸ ਮੌਕੇ ਜਿੱਥੇ ਡਰਬੀ ਸਪੋਰਟਸ ਕਮੇਟੀ, ਖਾਲਸਾ ਫੁੱਟਬਾਲ ਫ਼ੈਡਰੇਸ਼ਨ, ਅਤੇ ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ ਦੇ ਸੇਵਾਦਾਰਾਂ ਨੇ ਕਰੜੀ ਮਿਹਨਤ ਕੀਤੀ ਉਥੇ ਸਾਰੇ ਗੁਰੂ ਘਰਾਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ।






ਫੁੱਟਬਾਲ ਟੀਮਾਂ ਦੇ ਖਿਡਾਰੀਆਂ ਨੂੰ ਡਰਬੀ ਦੇ ਡਿਪਟੀ ਮੇਅਰ ਅਜੀਤ ਸਿੰਘ ਅਟਵਾਲ, ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇ-ਵਾਲ, ਡਾ: ਦਲਜੀਤ ਸਿੰਘ ਵਿਰਕ, ਪ੍ਰਮਜੀਤ ਸਿੰਘ ਚੀਮਾ, ਸੁਖਦੇਵ ਸਿੰਘ ਅਟਵਾਲ ਸੋਖਾ ਉਦੋਪੁਰ, ਗੁਰਦੇਵ ਸਿੰਘ ਢਿੱਲੋਂ, ਭਜਨ ਸਿੰਘ ਢਿੱਲੋਂ ਪ੍ਰਧਾਨ ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ, ਮੇਜਰ ਸਿੰਘ ਖੱਖ ਸਾਬਕਾ, ਬਿੱਕਰ ਸਿੰਘ ਚਾਹਲ, ਨਛੱਤਰ ਸਿੰਘ ਛੋਕਰ ਅਤੇ ਹੋਰ ਬਹੁਤ ਸਾਰੇ ਪਤਵੰਤਿਆਂ ਨੇ ਫੁੱਟਬਾਲ ਦਾ ਅਨੰਦ ਮਾਣਿਆ ਅਤੇ ਖਿਡਾਰੀਆਂ ਨੂੰ ਇਨਾਮ ਵੰਡੇ ।

ਇਸ ਸਾਲ ਟੂਰਨਾਮੈਂਟ ਦੀ ਖਾਸੀਅਤ ਇਹ ਵੀ ਸੀ ਕਿ ਲੜਕੀਆਂ ਦੀਆਂ ਟੀਮਾਂ ਨੇ ਵੀ ਭਾਗ ਲਿਆ। ਟੂਰਨਾਮੈਂਟ ਦੇ ਪ੍ਰਬੰਧਕਾਂ ਵੱਲੋਂ ਬਾਹਰਲੇ ਸ਼ਹਿਰਾਂ ਤੋਂ ਆਈਆਂ ਟੀਮਾਂ ਦੇ ਪ੍ਰਬੰਧਕਾਂ, ਡਰਬੀ ਗੁਰੂ ਘਰਾਂ ਦੇ ਪ੍ਰਬੰਧਕਾਂ ਅਤੇ ਸਾਰੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ।

### WINNER TEAMS — 2024 ਟੂਰਨਾਮੈਂਟ ਦੀਆਂ ਜੇਤੂ ਟੀਮਾਂ — YOUTH SECTION

PREMIER DIVISION
GSA 4SINGH BROTHERS DERBY. 2

DIVISION 1 FINAL
SINGH BROTHERS DERBY BEAT GSA

OVER 35s WINNERS WKNDERVAULTS

UNDER 15 WINNERS - SINGH BROTHERS DERBY
UNDER 13 WINNERS - SIKH LIONS NOTTINGHAM
UNDER 11 WINNERS - FC KHALSA LEICESTER
UNDER 9 WINNERS - GNG LEICESTER
UNDER 8 WINNERS - GNG LEICESTER

**ਵਧੇਰੇ ਜਾਣਕਾਰੀ ਲਈ ਸੰਪਰਕ:** ਕੁਲਵੰਤ ਸਿੰਘ ਕੂਨਰ: 07872 694277, ਬਿੱਕਰ ਸਿੰਘ ਚਾਹਲ: 07813 640720, ਜੱਸਾ ਲੇਹਲ - 07980 627030, ਰਸ਼ਪਾਲ ਸਿੰਘ ਸੰਧੂ: 07890 335034, ਪੋਲੀ ਟੈਂਕ - 07973 699 130

### ਡਰਬੀ ਸਪੋਰਟਸ ਕਮੇਟੀ ਬੋਰਡ ਦੇ ਮੈਂਬਰ ਅਤੇ ਸਹਿਯੋਗੀ ਸੱਜਣਾਂ ਦਾ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ

| | | | | |
|---|---|---|---|---|
| ਸੁਖਦੇਵ ਸਿੰਘ ਅਟਵਾਲ (ਸੋਖਾ ਉਦੋਪੁਰ) | ਸੰਤੋਖ ਸਿੰਘ ਸੰਘੇੜਾ, | ਅਮਰੀਕ ਸਿੰਘ ਧਾਮੀ | ਬਲਵੰਤ ਸਿੰਘ ਸੰਧੂ | ਗੁਰਵਿੰਦਰ ਸਿੰਘ ਜ਼ੱਫਰਵਾਲ |
| ਬਲਬੀਰ ਸਿੰਘ ਸੰਧੂ | ਮੇਜਰ ਸਿੰਘ ਖੱਖ, | ਜਸਵਿੰਦਰ ਸਿੰਘ ਗੰਢਮ, | ਸੋਹਣ ਸਿੰਘ ਸੋਹਣੀ | ਪੌਲ ਘੁੰਮਣ |
| ਤਾਰੀ ਬਿਧੀਪੁਰੀਆ ਜੌਹਲ | ਜਸਪਾਲ ਸਿੰਘ ਠੰਨੂਆ, | ਗੁਰਮੇਜ ਸਿੰਘ ਗੇਜੀ | ਹਰਜਿੰਦਰ ਸਿੰਘ ਸੰਧਰ ਬੋਈ | ਰਸ਼ਪਾਲ ਸਿੰਘ |
| ਜਸਵੰਤ ਸਿੰਘ ਰਾਏ | ਚਰਨਜੀਤ ਸਿੰਘ ਜੌਹਲ, | ਜੋਗਾ ਸਿੰਘ ਜੌਹਲ | ਕੁਲਵਿੰਦਰ ਸਿੰਘ ਛੋਕਰ | ਜੋਗਿੰਦਰ ਸਿੰਘ ਬਾਠ |
| ਦਵਿੰਦਰ ਸਿੰਘ ਭੁੱਲਰ, | ਪਰਮਜੀਤ ਸਿੰਘ ਔਜਲਾ | ਤਜਿੰਦਰ ਸਿੰਘ ਅਟਵਾਲ | ਮਨਜੀਤ ਸਿੰਘ ਮਾਨ | ਰਣਜੀਤ ਸਿੰਘ ਸ਼ੇਰਗਿੱਲ |
| ਜੋਗਾ ਸਿੰਘ ਨਾਗਰਾ, | ਰੇਸ਼ਮ ਸਿੰਘ ਚੌਹਾਨ, | ਸੋਹਣ ਸਿੰਘ ਬਾਠ | ਗੁਰਦੇਵ ਸਿੰਘ ਜੌਹਲ, | ਬਲਬੀਰ ਸਿੰਘ ਸਮਰਾ |
| ਨਰਿੰਦਰ ਸ਼ਰਮਾ, | ਲਹਿੰਬਰ ਸਿੰਘ, | ਰੇਸ਼ਮ ਸਿੰਘ ਜੌਹਲ | ਅਜੀਤ ਸਿੰਘ ਲਿੱਦੜ | ਗੁਰਪਾਲ ਸਿੰਘ ਮੰਡੇਰ |
| | ਬਲਦੇਵ ਸਿੰਘ ਪੂਨੀ, | ਮੇਜਰ ਸਿੰਘ ਸੰਧੂ | | |

**ਬੇਨਤੀ ਕਰਤਾ - ਡਰਬੀ ਸਪੋਰਟਸ ਕਮੇਟੀ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ, ਸਿੰਘ ਬ੍ਰਦਰਜ਼ ਫੁੱਟਬਾਲ ਕਲੱਬ**

**ਜਾਰੀ ਕਰਤਾ - ਨਛੱਤਰ ਸਿੰਘ ਛੋਕਰ, ਪ੍ਰਮਜੀਤ ਸਿੰਘ ਚੀਮਾ, ਭਜਨ ਸਿੰਘ ਢਿੱਲੋਂ, ਗੁਰਦੇਵ ਸਿੰਘ ਢਿੱਲੋਂ**

*Sponsored By -* Guru Arjan Dev Gurdwara, Sri Guru Singh Sabha Gurdwara, Indian Community Centre, Derby Sports Committee, Hindu Temple, Shiromani Akali Dal UK (Derby), Pak Food Store Derby.

# ਹਾਥਰਸ ਵਿੱਚ ਸਤਿਸੰਗ ਦੌਰਾਨ 121 ਲੋਕਾਂ ਦੀ ਮੌਤ ਲਈ ਪਖੰਡੀ 'ਭੋਲੇ ਬਾਬਾ' ਜ਼ਿੰਮੇਵਾਰ ਕਿਉਂ ਨਹੀਂ ?

**✪ ਆਖਿਰ ਉਸ ਦਾ ਨਾਮ ਐਫਆਈਆਰ ਵਿੱਚ ਕਿਉਂ ਨਹੀਂ ਹੈ ? ਅਤੇ ਉਸ ਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ ਗਿਆ ? ✪ ਜ਼ਹਿਰੀਲੇ ਪਦਾਰਥ ਦੇ ਛਿੜਕਾਅ ਕਾਰਨ ਮਚੀ ਸੀ ਭਗਦੜ:ਸਾਧ ਦੇ ਵਕੀਲ ਦੀ ਗੱਪ ✪ ਭੋਲੇ ਬਾਬੇ ਉਪਰ ਇਸਤਰੀਆਂ ਦੇ ਸ਼ੋਸ਼ਣ ਦੇ ਲਗੇ ਦੋਸ਼**



ਪੰਜਾਬ ਟਾਈਮਜ਼ ਅਨੁਸਾਰ ਡੇਰਿਆਂ ਦੇ ਇਨ੍ਹਾਂ ਹਾਦਸਿਆਂ ਦੇ ਬਾਵਜੂਦ ਦੇਸ਼ ਭਰ ਵਿਚ ਅਖੌਤੀ ਬਾਬਿਆਂ ਦੇ ਵੱਡੇ-ਵੱਡੇ ਧਾਰਮਿਕ ਸਮਾਗਮ ਹੁੰਦੇ ਰਹਿੰਦੇ ਹਨ ਅਤੇ ਉਨ੍ਹਾਂ ਵਿਚ ਭੀੜਾਂ ਜੁੜਦੀਆਂ ਰਹਿੰਦੀਆਂ ਹਨ। ਬਾਬਿਆਂ ਦੇ ਸਾਮਰਾਜ ਵੱਧਦੇ ਫੁੱਲਦੇ ਰਹਿੰਦੇ ਹਨ। ਬਹੁਤੇ ਸਿਆਸੀ ਹੁਕਮਰਾਨ ਵੀ ਅਜਿਹੇ ਅਖੌਤੀ ਧਾਰਮਿਕ ਬਾਬਿਆਂ ਦੇ ਉਪਾਸ਼ਕ ਹੁੰਦੇ ਹਨ ਜੋ ਉਨ੍ਹਾਂ ਦੇ ਧਾਰਮਿਕ ਸਮਾਗਮਾਂ ਵਿਚ ਹਾਜ਼ਰੀ ਭਰਦੇ ਹਨ ਤੇ ਉਨ੍ਹਾਂ ਨੂੰ ਬਚਾਉਂਦੇ ਹਨ। ਸਿਆਸਤਦਾਨਾਂ ਦੀ ਨਜ਼ਰ ਵਿਚ ਅਜਿਹੇ ਬਾਬੇ ਵੋਟ ਬੈਂਕ ਦੇ ਮੁਖੀ ਹੁੰਦੇ ਹਨ, ਜਿਨ੍ਹਾਂ ਨੂੰ ਰਿਝਾ ਕੇ ਉਹ ਆਪਣੇ ਤੇ ਆਪਣੀ ਪਾਰਟੀ ਲਈ ਵੋਟਾਂ ਹਾਸਿਲ ਕਰ ਸਕਦੇ ਹਨ। ਬਾਬਿਆਂ ਤੇ ਹੁਕਮਰਾਨਾਂ ਦਾ ਅਜਿਹਾ ਗੱਠਜੋੜ ਦੋਵਾਂ ਧਿਰਾਂ ਲਈ ਹੀ ਲਾਭਕਾਰੀ ਹੁੰਦਾ ਹੈ। ਇਸ ਤਰ੍ਹਾਂ ਬਾਬਿਆਂ ਨੂੰ ਲੋਕਾਂ ਦਾ ਅਨੇਕਾਂ ਪੱਖਾਂ ਤੋਂ ਸੋਸ਼ਣ ਕਰਨ ਦਾ ਅਵਸਰ ਵੀ ਮਿਲਦਾ ਹੈ, ਕਿਉਂਕਿ ਹੁਕਮਰਾਨ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਦੇ ਰਹਿੰਦੇ ਹਨ ਹੌਲੀ-ਹੌਲੀ ਕਈ ਬਾਬੇ ਏਨੇ ਤਾਕਤਵਰ ਹੋ ਜਾਂਦੇ ਹਨ ਕਿ ਉਹ ਆਪਣੀਆਂ ਸ਼ਰਧਾਲੂ ਔਰਤਾਂ ਦਾ ਸਰੀਰਕ ਸ਼ੋਸ਼ਣ ਵੀ ਕਰਨ ਲੱਗ ਪੈਂਦੇ ਹਨ। ਦੇਸ਼ ਭਰ ਵਿਚ ਅਜਿਹੀਆਂ ਅਨੇਕਾਂ ਘਟਨਾਵਾਂ ਹੁਣ ਤੱਕ ਸਾਹਮਣੇ ਆ ਚੁੱਕੀਆਂ ਹਨ। ਇਸ ਕਾਰਨ ਅਨੇਕਾਂ ਬਾਬੇ ਜੇਲ੍ਹਾਂ ਵਿਚ ਵੀ ਜਾ ਚੁੱਕੇ ਹਨ। ਪਰ ਫਿਰ ਵੀ ਅਜਿਹਾ ਸਿਲਸਿਲਾ ਚਲਦਾ ਰਹਿੰਦਾ ਹੈ। ਇਸ ਸਮਾਜਕ ਵਰਤਾਰੇ ਦੀਆਂ ਜੜ੍ਹਾਂ ਲੋਕਾਂ ਦੀ ਗ਼ਰੀਬੀ ਅਤੇ ਅੰਧ-ਵਿਸ਼ਵਾਸ ਵਿਚ ਹਨ।

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਹਾਥਰਸ ਦੇ ਪਿੰਡ ਫੁਲਰਾਈ ਵਿਚ ਵਾਪਰੀ ਦੁਖਦਾਈ ਘਟਨਾ ਨੇ ਅਨੇਕਾਂ ਸਵਾਲ ਖੜ੍ਹੇ ਕੀਤੇ ਹਨ। ਉਥੇ ਹੋਏ ਇਕ ਧਾਰਮਿਕ ਸਮਾਗਮ ਵਿਚ ਭਾਜੜ ਪੈਣ ਨਾਲ 121 ਦੇ ਲਗਭਗ ਲੋਕ ਮਾਰੇ ਗਏ ਹਨ। ਉਕਤ ਧਾਰਮਿਕ ਸਮਾਗਮ ਵਿਚ ਨਰਾਇਣ ਸਕਾਰ ਵਿਸ਼ਵ ਹਰੀ ਉਰਫ਼ ਭੋਲੇ ਬਾਬਾ ਦੇ ਪ੍ਰਵਚਨ ਸੁਣਨ ਲਈ ਦੋ ਲੱਖ ਤੋਂ ਵੱਧ ਲੋਕ ਉਥੇ ਇਕੱਠੇ ਹੋਏ ਸਨ। ਜਦੋਂ ਕਿ ਧਾਰਮਿਕ ਸਮਾਗਮ ਦੇ ਪ੍ਰਬੰਧਕਾਂ ਵਲੋਂ ਪ੍ਰਵਾਨਗੀ ਸਿਰਫ਼ 80,000 ਲੋਕਾਂ ਦੀ ਲਈ ਗਈ ਸੀ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਜਦੋਂ ਵੀ ਉਕਤ ਧਾਰਮਿਕ ਬਾਬੇ ਵਲੋਂ ਸਤਿਸੰਗ ਦੇ ਨਾਂਅ 'ਤੇ ਇਸ ਤਰ੍ਹਾਂ ਦੇ ਸਮਾਗਮ ਕੀਤੇ ਜਾਂਦੇ ਸਨ ਤਾਂ ਉਨ੍ਹਾਂ ਵਿਚ ਪੁਲਿਸ ਜਾਂ ਹੋਰ ਸਰਕਾਰੀ ਸੁਰੱਖਿਆ ਏਜੰਸੀਆਂ ਨੂੰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਸੀ, ਸਗੋਂ ਅਜਿਹੇ ਸਤਿਸੰਗ ਅੰਦਰ ਬਾਬੇ ਦੇ ਆਪਣੇ ਸੇਵਾਦਾਰ ਅਤੇ ਸੇਵਾਦਾਰਨੀਆਂ ਪ੍ਰਬੰਧ ਅਤੇ ਸੁਰੱਖਿਆ ਦੀ ਵਿਵਸਥਾ ਸੰਭਾਲਦੀਆਂ ਸਨ, ਜਿਨ੍ਹਾਂ ਨੇ ਕਿ ਬਾਕਾਇਦਾ ਨਿਰਧਾਰਿਤ ਵਰਦੀਆਂ ਪਾਈਆਂ ਹੁੰਦੀਆਂ ਸਨ। ਇਸ ਕਰਕੇ ਬਹੁਤੀ ਵਾਰ ਸੁਰੱਖਿਆ ਏਜੰਸੀਆਂ ਨੂੰ ਵੀ ਇਹ ਜਾਣਕਾਰੀ ਨਹੀਂ ਸੀ ਹੁੰਦੀ ਕਿ ਅੰਦਰ ਪੰਡਾਲਾਂ ਵਿਚ ਕਿੰਨੇ ਕੁ ਲੋਕ ਇਕੱਤਰ ਹੋ ਗਏ ਹਨ ਜਾਂ ਕਿਸ ਤਰ੍ਹਾਂ ਦੇ ਧਾਰਮਿਕ ਪ੍ਰਵਚਨ ਹੁੰਦੇ ਹਨ।

ਵਾਪਰੀ ਇਸ ਘਟਨਾ ਸੰਬੰਧੀ ਇਹ ਵੀ ਗੱਲ ਸਾਹਮਣੇ ਆਈ ਹੈ ਕਿ ਸਤਿਸੰਗ ਤੋਂ ਬਾਅਦ ਜਦੋਂ ਉਕਤ ਬਾਬਾ ਪੰਡਾਲ ਵਿਚੋਂ ਬਾਹਰ ਨਿਕਲਣ ਲੱਗਿਆ ਤਾਂ ਉਸ ਦੇ ਪਿੱਛੇ-ਪਿੱਛੇ ਵੱਡੀ ਗਿਣਤੀ ਵਿਚ ਸ਼ਰਧਾਲੂ ਉਸ ਦੇ ਪੈਰਾਂ ਦੀ ਚਰਨ ਧੂੜ ਪ੍ਰਾਪਤ ਕਰਨ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਭੱਜਣ ਲੱਗੇ ਪਰ ਬਾਬਾ ਤੇਜ਼ੀ ਨਾਲ ਆਪਣੀ ਕਾਰ ਵਿਚ ਬੈਠ ਕੇ ਉਥੋਂ ਨਿਕਲ ਗਿਆ। ਪਰ ਇਸ ਤਰ੍ਹਾਂ ਪਈ ਭਾਜੜ ਵਿਚ ਕੁਝ ਲੋਕ ਥੱਲੇ ਡਿੱਗ ਗਏ ਅਤੇ ਬਾਕੀ ਲੋਕ ਉਨ੍ਹਾਂ ਦੇ ਉੱਪਰ ਤੋਂ ਗੁਜ਼ਰਦੇ ਰਹੇ। ਇਹ ਇਸ ਤਰ੍ਹਾਂ ਦੀ ਪਹਿਲੀ ਘਟਨਾ ਨਹੀਂ ਹੈ, ਦੇਸ਼ ਵਿਚ ਅਨੇਕਾਂ ਵਾਰ ਇਸ ਤਰ੍ਹਾਂ ਦੀਆਂ ਘਟਨਾਵਾਂ ਪਹਿਲਾਂ ਵੀ ਵਾਪਰਦੀਆਂ ਰਹੀਆਂ ਹਨ। ਇਸ ਘਟਨਾ ਬਾਰੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ ਹੈ ਕਿ ਜਾਂਚ ਇਸ ਗੱਲ 'ਤੇ ਵੀ ਕੇਂਦਰਿਤ ਹੋਵੇਗੀ ਕਿ ਕੀ ਇਸ ਦੁਖਾਂਤ ਪਿੱਛੇ ਕੋਈ ਸਾਜ਼ਿਸ਼ ਹੈ।

ਭੋਲੇ ਬਾਬਾ ਦੇ ਵਕੀਲ ਏਪੀ ਸਿੰਘ ਨੇ ਚਸ਼ਮਦੀਦਾਂ ਦੇ ਹਵਾਲੇ ਨਾਲ ਦੋਸ਼ ਲਾਇਆ ਹੈ ਕਿ 2 ਜੂਨ ਨੂੰ ਹਾਥਰਸ ਵਿਚ ਸਤਿਸੰਗ ਦੌਰਾਨ ਭੀੜ ਵਿਚ ਕੁਝ ਵਿਅਕਤੀਆਂ ਨੇ ਜ਼ਹਿਰੀਲੇ ਪਦਾਰਥ ਦਾ ਛਿੜਕਾਅ ਕੀਤਾ ਸੀ ਜਿਸ ਕਾਰਨ ਭਗਦੜ ਮਚੀ ਸੀ। ਵਕੀਲ ਨੇ ਕਿਹਾ ਕਿ ਭੋਲੇ ਬਾਬਾ ਦੀ ਵਧ ਰਹੀ ਮਕਬੂਲੀਅਤ ਨੂੰ ਦੇਖਦਿਆਂ ਭਗਦੜ ਦੀ ਸਾਜ਼ਿਸ਼ ਘੜੀ ਗਈ ਸੀ। ਉਸ ਨੇ ਦਾਅਵਾ ਕੀਤਾ, ''ਮੈਂ ਮਾਰੇ ਗਏ ਲੋਕਾਂ ਦੀਆਂ ਪੋਸਟਮਾਰਟਮ ਰਿਪੋਰਟਾਂ ਦੇਖੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਲੋਕ ਜ਼ਖ਼ਮਾਂ ਕਾਰਨ ਨਹੀਂ ਸਗੋਂ ਦਮ ਘੁਟਣ ਕਰਕੇ ਮਾਰੇ ਗਏ ਸਨ।'' ਹਾਥਰਸ ਘਟਨਾ ਤੋਂ ਬਾਅਦ ਪਹਿਲੀ ਵਾਰ ਚੁੱਪ ਤੋੜਦਿਆਂ ਆਪੂੰ ਬਣੇ ਧਰਮ ਗੁਰੂ ਸੂਰਜਪਾਲ ਸਿੰਘ ਉਰਫ਼ 'ਭੋਲੇ ਬਾਬਾ' ਨੇ ਕਿਹਾ ਕਿ ਜਿਨ੍ਹਾਂ ਨੇ ਗੜਬੜੀ ਕੀਤੀ ਹੈ ਉਹ ਬਖ਼ਸ਼ੇ ਨਹੀਂ ਜਾਣਗੇ। ਕਿਰਪਾ ਕਰਕੇ ਸਰਕਾਰ ਤੇ ਪ੍ਰਸ਼ਾਸਨ 'ਤੇ ਭਰੋਸਾ ਰੱਖੋ। ਮੈਨੂੰ ਯਕੀਨ ਹੈ ਕਿ ਗੜਬੜੀ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਦੂਜੇ ਪਾਸੇ ਹਾਥਰਸ ਘਟਨਾ ਦੇ ਸਬੰਧ ਵਿੱਚ ਸੂਰਜਪਾਲ ਸਿੰਘ ਉਰਫ਼ ਭੋਲੇ ਬਾਬਾ ਵੱਲੋਂ ਜਾਰੀ ਵੀਡੀਓ ਸੁਨੇਹੇ 'ਤੇ ਪ੍ਰਤੀਕਿਰਿਆ ਦਿੰਦਿਆਂ ਅਯੁੱਧਿਆ ਰਾਮ ਮੰਦਰ ਦੇ ਮੁੱਖ ਪੁਜਾਰੀ ਅਚਾਰੀਆ ਸਤੇਂਦਰ ਦਾਸ ਨੇ ਕਿਹਾ, 'ਉਹ ਘਟਨਾ ਤੋਂ ਬਾਅਦ ਰੂਪੋਸ਼ ਹੋ ਗਿਆਸੀ। ਹੁਣ ਉਹ ਕਹਿ ਰਿਹਾ ਹੈ ਕਿ ਉਸ ਨੂੰ ਇਸ ਘਟਨਾ 'ਤੇ ਦੁੱਖ ਹੈ। ਇਹ ਪੂਰੀ ਤਰ੍ਹਾਂ ਗਲਤ ਹੈ।' ਉਨ੍ਹਾਂ ਕਿਹਾ, 'ਸਤਿਸੰਗ ਦੌਰਾਨ ਵਾਪਰੀਆਂ ਅਜਿਹੀਆਂ ਘਟਨਾਵਾਂ ਲਈ ਸਮਾਗਮ ਕਰਵਾਉਣ ਵਾਲੇ ਹੀ ਜ਼ਿੰਮੇਵਾਰ ਹਨ। ਇਸ ਹਿਸਾਬ ਨਾਲ ਕੀ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ ਅਤੇ 'ਭੋਲੇ ਬਾਬਾ' ਦੇ ਦਾਅਵੇ ਇੱਕੋ ਲਕੀਰ 'ਤੇ ਕਿਉਂ ਹਨ ? ਇਸ ਕਾਂਡ ਦੀ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਪੁਲਿਸ ਦੀ ਇਜਾਜ਼ਤ ਤੋਂ ਬਿਨਾਂ ਕਰਵਾਏ ਗਏ ਸਤਿਸੰਗ ਵਿੱਚ ਸਾਜ਼ਿਸ਼ ਹੋਣ ਦਾ ਸ਼ੱਕ ਕਿਉਂ ਜਤਾਇਆ ਜਾ ਰਿਹਾ ਹੈ ? ਬਾਬੇ ਨੂੰ ਕਨੂੰਨ ਦੀ ਉਲੰਘਣਾ ਲਈ ਦੋਸ਼ੀ ਕਿਉਂ ਨਹੀਂ ਠਹਿਰਾਇਆ ਜਾ ਰਿਹਾ ?

ਹੁਣ ਜੇਕਰ ਪ੍ਰਸ਼ਾਸਨ ਦੀ ਕਾਰਵਾਈ 'ਤੇ ਨਜ਼ਰ ਮਾਰੀਏ ਤਾਂ ਐਫਆਈਆਰ 'ਚ ਵੀ 'ਭੋਲੇ ਬਾਬਾ' ਦਾ ਨਾਂ ਨਹੀਂ ਹੈ। ਬਦਲੇ ਵਿਚ ਉਸ ਦੇ ਸਾਥੀ ਅਤੇ ਸਮਾਗਮ ਦੇ ਮੁੱਖ ਪ੍ਰਬੰਧਕ ਮੁੱਖ ਦੋਸ਼ੀ ਹਨ। ਐਫਆਈਆਰ ਨੇ ਸਥਾਨਕ ਪ੍ਰਸ਼ਾਸਨ ਨੂੰ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਹੈ ਅਤੇ ਪ੍ਰਬੰਧਕਾਂ ਨੂੰ ਮਾੜੇ ਪ੍ਰਬੰਧਾਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਹਾਲਾਂਕਿ ਸੂਬਾ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

## ਜਿਨਸੀ ਸ਼ੋਸ਼ਣ ਦੇ ਛੇ ਮਾਮਲੇ

ਵੈਸੇ 'ਭੋਲੇ ਬਾਬਾ' ਕਈ ਕੇਸਾਂ ਦਾ ਸਾਹਮਣਾ ਕਰ ਚੁੱਕਾ ਹੈ। ਬਾਬੇ 'ਤੇ ਵੱਖ-ਵੱਖ ਸ਼ਹਿਰਾਂ ਵਿਚ 6 ਮਾਮਲੇ ਦਰਜ ਹਨ, ਜਿਨ੍ਹਾਂ ਵਿਚ ਜਿਨਸੀ ਸ਼ੋਸ਼ਣ ਦੇ 5 ਮਾਮਲੇ ਵੀ ਸ਼ਾਮਲ ਹਨ। ਨਿਊਜ਼ 24 ਦੀ ਰਿਪੋਰਟ ਮੁਤਾਬਕ ਬਾਬੇ ਦੇ ਖਿਲਾਫ ਇਟਾਵਾ, ਕਾਸਗੰਜ, ਫਾਰੂਖਾਬਾਦ, ਦੌਸਾ ਅਤੇ ਆਗਰਾ ਵਿਚ ਜਿਨਸੀ ਸ਼ੋਸ਼ਣ ਦੇ ਮਾਮਲੇ ਪੈਂਡਿੰਗ ਹਨ। 'ਭੋਲੇ ਬਾਬਾ' ਬਲਾਤਕਾਰ ਦੇ ਇੱਕ ਕੇਸ ਵਿੱਚ ਜੇਲ੍ਹ ਦੀ ਸਜ਼ਾ ਵੀ ਕੱਟ ਚੁੱਕਾ ਹੈ। 'ਭੋਲੇ ਬਾਬਾ' ਇੱਕ ਸਥਾਨਕ ਪ੍ਰਚਾਰਕ ਹੈ। ਉਸਦੇ ਪੈਰੋਕਾਰ ਉਸਨੂੰ ਇੱਕ ਕਰਾਮਾਤੀ 'ਆਚਾਰੀਆ' ਮੰਨਦੇ ਹਨ ਜੋ ਭੈੜੀ ਆਤਮਾਵਾਂ ਤੋਂ ਛੁਟਕਾਰਾ ਦਿਵਾਉਂਦਾ ਹੈ ਅਤੇ ਇੱਕ ਜਾਦੂਈ ਸ਼ਕਤੀਆਂ ਵਾਲਾ ਇੱਕ ਰੱਬ ਜੋ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰ ਸਕਦਾ ਹੈ। ਉਸ ਨੂੰ ਜਾਦੂਈ ਸ਼ਕਤੀਆਂ ਦੇ ਕਥਿਤ ਦਾਅਵੇ ਕਾਰਨ 2000 ਦੌਰਾਨ ਆਗਰਾ ਵਿੱਚ ਗ੍ਰਿਫਤਾਰ ਵੀ ਕੀਤਾ ਗਿਆ ਸੀ। ਫਿਰ ਉਸ ਨੇ ਕਥਿਤ ਤੌਰ 'ਤੇ 16 ਸਾਲਾ ਲੜਕੀ ਦੀ ਲਾਸ਼ ਨੂੰ ਉਸ ਦੇ ਪਰਿਵਾਰ ਤੋਂ ਜ਼ਬਰਦਸਤੀ ਖੋਹ ਲਿਆ ਸੀ ਅਤੇ ਦਾਅਵਾ ਕੀਤਾ ਸੀ ਕਿ ਉਹ ਉਸ ਨੂੰ ਦੁਬਾਰਾ ਜ਼ਿੰਦਾ ਕਰ ਦੇਵੇਗਾ। ਬਾਅਦ ਵਿੱਚ ਇਹ ਕੇਸ ਬੰਦ ਕਰ ਦਿੱਤਾ ਗਿਆ।

## ਕੀ 'ਭੋਲੇ ਬਾਬਾ' ਵੋਟ ਬੈਂਕ ਕਾਰਣ ਬਚਾਇਆ ਜਾ ਰਿਹਾ ਹੈ ?.

ਹਾਥਰਸ ਭਗਦੜ ਮਾਮਲੇ 'ਚ ਸੂਰਜ ਪਾਲ ਉਰਫ ਨਰਾਇਣ ਸਾਕਰ ਹਰੀ ਉਰਫ ਭੋਲੇ ਬਾਬਾ ਦਾ ਨਾਂ ਐਫ ਆਈ ਆਰ ਵਿਚ ਕਿਉਂ ਨਹੀਂ ਹੈ ? ਕੀ ਪ੍ਰਬੰਧਕਾਂ ਦਾ ਨਾਮ ਕੇਸ ਵਿਚ ਨਾਮਜਦ ਕਰਕੇ ਬਾਬੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ? ਬਾਬਾ ਅੱਜ ਤੱਕ ਅੱਗੇ ਕਿਉਂ ਨਹੀਂ ਆ ਰਿਹਾ ? ਕੀ ਉਸ ਨੂੰ ਵੋਟ ਬੈਂਕ ਦੀ ਤਾਕਤ ਕਾਰਣ ਬਚਾਇਆ ਜਾ ਰਿਹਾ ਹੈ ? ਸੂਰਜ ਪਾਲ ਉਰਫ ਭੋਲੇ ਬਾਬਾ ਦਲਿਤ ਭਾਈਚਾਰੇ ਤੋਂ ਆਉਂਦਾ ਹੈ। ਕਈ ਰਾਜਾਂ ਵਿੱਚ ਉਸਦੇ ਪੈਰੋਕਾਰ ਹਨ। ਅਜਿਹੇ ਫਾਲੋਅਰਜ਼ ਦੀ ਗਿਣਤੀ ਲੱਖਾਂ ਵਿੱਚ ਹੈ। ਅਤੇ ਇਹ ਵੀ ਵੋਟ ਬੈਂਕ ਹਨ ! ਭੋਲੇ ਬਾਬਾ' ਇਸ ਤੋਂ ਪਹਿਲਾਂ ਕਾਸਗੰਜ ਵਿਚ ਕਾਂਸਟੇਬਲ ਸੂਰਜ ਪਾਲ ਸੀ। 1990 ਦੇ ਦਹਾਕੇ ਵਿੱਚ ਉੱਤਰ ਪ੍ਰਦੇਸ਼ ਪੁਲਿਸ ਨੂੰ ਛੱਡਣ ਤੋਂ ਬਾਅਦ, ਉਹ ਇੱਕ ਸਵੈ-ਸਟਾਇਲ ਧਰਮ ਪ੍ਰਚਾਰਕ ਬਣ ਗਿਆ ਸੀ। ਹੁਣ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ, ਉਸ ਨੇ ਕਾਫੀ ਸ਼ਰਧਾਲੂ ਬਣਾਏ ਹਨ। ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਉੱਤਰਾਖੰਡ ਵਰਗੇ ਰਾਜਾਂ ਵਿੱਚ ਉਨ੍ਹਾਂ ਦੇ ਵੱਡੀ ਗਿਣਤੀ ਵਿੱਚ ਪੈਰੋਕਾਰ ਹਨ। ਇਨ੍ਹਾਂ ਰਾਜਾਂ ਵਿੱਚ ਦਲਿਤ ਆਬਾਦੀ ਵੱਡੀ ਗਿਣਤੀ ਵਿੱਚ ਹੈ।

ਹਾਲਾਂਕਿ ਹਾਥਰਸ ਦੀ ਇਸ ਘਟਨਾ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਯਾਨੀ ਐਸਆਈਟੀ ਕਰ ਰਹੀ ਹੈ। ਸੂਬਾ ਸਰਕਾਰ ਨੇ ਭਗਦੜ ਦੀ ਘਟਨਾ ਦੀ ਜਾਂਚ ਲਈ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਤਿੰਨ ਮੈਂਬਰੀ ਪੈਨਲ ਵੀ ਗਠਿਤ ਕੀਤਾ ਹੈ। ਪਰ ਸਵਾਲ ਇਹ ਬਣਿਆ ਹੋਇਆ ਹੈ ਕਿ ਕੀ ਇਹ ਜਾਂਚ ਨਰਾਇਣ ਸਾਕਰ ਹਰੀ ਉਰਫ਼ 'ਭੋਲੇ ਬਾਬਾ' ਤੱਕ ਪਹੁੰਚੇਗੀ ਅਤੇ ਕੀ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਹੁਣ ਤਕ ਮੁੱਖ ਦੋਸ਼ੀ ਦੇਵਪ੍ਰਕਾਸ਼ ਮਧੂਕਰ, ਰਾਮ ਪ੍ਰਕਾਸ਼ ਸ਼ਾਕਿਆ (61) ਤੇ ਸੰਜੂ ਯਾਦਵ (33) ਸਮੇਤ ਨੌਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਹਾਥਰਸ ਭਾਜੜ ਦੇ ਮੁੱਖ ਦੋਸ਼ੀ ਦੇਵਪ੍ਰਕਾਸ਼ ਮਧੂਕਰ ਨੂੰ ਹਾਥਰਸ ਪੁਲਿਸ ਦੇ ਸਪੈਸ਼ਲ ਆਪਰੇਸ਼ਨ ਗਰੁੱਪ ਨੇ ਦਿੱਲੀ ਦੇ ਨਜ਼ਫਗੜ੍ਹ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਹੈ । ਹਾਥਰਸ ਦੇ ਪੁਲਿਸ ਸੁਪਰਡੈਂਟ ਨਿਪੁਨ ਅਗਰਵਾਲ ਨੇ ਦੱਸਿਆ ਕਿ ਮਧੂਕਰ ਨੇ ਬਾਬਾ ਸੂਰਜਪਾਲ ਉਰਫ ਨਰਾਇਣ ਸਾਕਾਰ ਹਰੀ ਉਰਫ ਭੋਲੇ ਬਾਬਾ ਦੇ ਸਮਾਗਮਾਂ ਲਈ ਫੰਡ ਇਕੱਤਰਤਾ ਵਜੋਂ ਕੰਮ ਕੀਤਾ ਤੇ ਦਾਨ ਇਕੱਠਾ ਕੀਤਾ।

ਬਾਕੀ ਹਿਸਾ ਸਫਾ 4 ਤੇ ਪੜ੍ਹੋ

# ਫਿਰਕੂਵਾਦ ਵਿਰੁੱਧ ਖਾਲਿਸਤਾਨ ਦੇ ਹੱਕ ਵਿਚ ਅਵਾਜ਼ ਉਠਾਉਣ ਕਾਰਨ ਟਿੰਮਾ ਖ਼ਿਲਾਫ਼ ਦੇਸ਼ ਧ੍ਰੋਹ ਦਾ ਕੇਸ ਦਰਜ

## ✪ ਜਥੇਦਾਰ ਅਕਾਲ ਤਖਤ, ਸ਼੍ਰੋਮਣੀ ਕਮੇਟੀ, ਬਾਦਲ ਦਲ ਵਲੋਂ ਨਿੰਦਾ

ਚੰਡੀਗੜ੍ਹ-ਬੀਤੇ ਦਿਨੀਂ ਰਾਜਸਥਾਨ ਦੇ ਉੱਘੇ ਸਿੱਖ ਆਗੂ ਅਤੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਮੁੱਖ ਸੇਵਾਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੇ ਨਾਂਅ ਹੇਠ ਦੇਸ਼ ਵਿਚ ਲਾਗੂ ਕੀਤੀ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸ੍ਰੀ ਗੰਗਾਨਗਰ ਪੁਲਿਸ ਵੱਲੋਂ ਖਾਲਿਸਤਾਨ ਦੀ ਮੰਗ ਤਹਿਤ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਜਥੇਦਾਰ ਅਕਾਲ ਤਖਤ ਸਾਹਿਬ ਨੇ ਨਿੰਦਾ ਕੀਤੀ ਹੈ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਨੂੰ ਦੇਸ਼ ਅੰਦਰ ਘੱਟ-ਗਿਣਤੀਆਂ ਤੇ ਸਿੱਖਾਂ ਵਿਚ ਅਤਿ ਦਰਜੇ ਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਨਜਾਇਜ਼ ਕਾਰਵਾਈ ਕਰਾਰ ਦਿੱਤਾ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੇਸ਼ ਵਿਚ ਲਾਗੂ ਕੀਤੀ ਗਈ ਨਵੀਂ ਕਾਨੂੰਨ ਪ੍ਰਣਾਲੀ ਤਹਿਤ ਸਭ ਤੋਂ ਪਹਿਲਾ ਦੇਸ਼ ਧਰੋਹ ਦਾ ਮੁਕੱਦਮਾ ਇਕ ਸਿੱਖ 'ਤੇ ਦਰਜ ਕਰਕੇ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਵਾਲੇ ਨੋਟੀਫਿਕੇਸ਼ਨ ਦੀ ਤਰਜ਼ 'ਤੇ ਇਕ ਵਾਰ ਮੁੜ ਸਿੱਖਾਂ ਨੂੰ ਜ਼ਲਾਲਤ ਦਾ ਅਹਿਸਾਸ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਤੇਜਿੰਦਰਪਾਲ ਸਿੰਘ ਟਿੰਮਾ 'ਤੇ ਖਾਲਿਸਤਾਨ ਦੀ ਹਮਾਇਤ ਵਿਚ ਲਿਖਣ/ਬੋਲਣ ਕਾਰਨ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਨਾ ਹੀ ਆਪਣੇ ਆਪ ਵਿਚ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ, ਕਿਉਂਕਿ ਦੇਸ਼ ਦਾ ਸੰਵਿਧਾਨ ਹੀ ਹਰੇਕ ਮਨੁੱਖ ਨੂੰ ਜਮਹੂਰੀਅਤ ਦੇ ਦਾਇਰੇ ਵਿਚ ਰਹਿ ਕੇ ਸ਼ਾਂਤਮਈ ਤਰੀਕੇ ਨਾਲ ਆਜ਼ਾਦੀ ਜਾਂ ਵੱਖਰਾ ਰਾਜ ਮੰਗਣ ਦਾ ਹੱਕ ਦਿੰਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਵੱਖਰਾ ਰਾਜ ਮੰਗਣਾ ਜਾਂ ਉਸ ਦੀ ਹਮਾਇਤ ਕਰਨਾ ਹੀ ਦੇਸ਼ ਧਰੋਹ ਹੈ ਤਾਂ ਫਿਰ ਹਿੰਦੂ ਰਾਸ਼ਟਰ ਦੀ ਮੰਗ ਦੇ ਨਾਂਅ 'ਤੇ ਫਿਰਕਾਪ੍ਰਸਤੀ ਫੈਲਾਉਣ ਵਾਲਿਆਂ ਵਿਰੁੱਧ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਿਉਂ ਨਹੀਂ ਕੀਤਾ ਜਾਂਦਾ ?

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਤੁਰੰਤ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਰਵੱਈਆ ਤਿਆਗ ਕੇ ਤੇਜਿੰਦਰਪਾਲ ਸਿੰਘ ਟਿੰਮਾ ਦੇ ਖ਼ਿਲਾਫ਼ ਦਰਜ ਮੁਕੱਦਮਾ ਰੱਦ ਕਰਨਾ ਚਾਹੀਦਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਗੰਗਾਨਗਰ ਦੇ ਬਾਬਾ ਦੀਪ ਸਿੰਘ ਗੁਰਦੁਆਰਾ ਦੇ ਮੁੱਖ ਸੇਵਾਦਾਰ ਜਥੇਦਾਰ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਦੇਸ਼ ਵਿਰੋਧੀ ਅਨਸਰਾਂ ਨੂੰ ਉਤਸ਼ਾਹਿਤ ਕਰਨ ਦਾ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਟਿੰਮਾ ਨੇ ਤਾਂ ਸਿਰਫ ਸਿੱਖ ਕੌਮ ਖ਼ਿਲਾਫ਼ ਫਿਰਕੂ ਟਿੱਪਣੀਆਂ ਤੋਂ ਲੋਕਾਂ ਨੂੰ ਸੁਚੇਤ ਕੀਤਾ ਸੀ। ਬਾਦਲ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਟਿੰਮਾ ਦੇ ਬਿਆਨ ਵਿੱਚ ਇਕ ਵੀ ਸ਼ਬਦ ਅਜਿਹਾ ਨਹੀਂ, ਜੋ ਕਿਸੇ ਵੀ ਤਰੀਕੇ ਦੇਸ਼ ਦੀ ਏਕਤਾ



ਅਤੇ ਅਖੰਡਤਾ ਦੇ ਖ਼ਿਲਾਫ਼ ਹੋਵੇ।ਉਨ੍ਹਾਂ ਨੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਅਪੀਲ ਕੀਤੀ ਕਿ ਕੇਸ ਵਾਪਸ ਲੈਣ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਨਾਲ ਖੜ੍ਹਣ ਅਤੇ ਉਨ੍ਹਾਂ ਦੀ ਹਰ ਲੋੜੀਂਦੀ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਵਿਰੁੱਧ ਮਿੱਥ ਕੇ ਕੀਤੇ ਜਾਂਦੇ ਵਿਧੀਵਤ ਨਫ਼ਰਤੀ ਪ੍ਰਚਾਰ ਦੀ ਨਿਸ਼ਾਨਦੇਹੀ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਕਈ ਸੋਸ਼ਲ ਮੀਡੀਆ ਖਾਤਿਆਂ ਦੀ ਜਾਣਕਾਰੀ ਪੁਲਿਸ ਪ੍ਰਸ਼ਾਸਨ ਨੂੰ ਲਿਖਤੀ ਭੇਜੀ ਜਾਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਹੁੰਦੀ, ਪਰੰਤੂ ਸਿੱਖਾਂ ਵਿਰੁੱਧ ਇੱਕ ਆਮ ਸ਼ਿਕਾਇਤ 'ਤੇ ਵੀ ਗੰਭੀਰ ਧਾਰਾਵਾਂ ਦਰਜ ਕਰ ਦਿੱਤੀਆਂ ਜਾਂਦੀਆਂ ਹਨ।

ਇਹ ਦੇਸ਼ ਅੰਦਰ ਸਭ ਧਰਮਾਂ, ਵਰਗਾਂ ਲਈ ਇਕਸਾਰ ਸੁਣਵਾਈ ਵਾਲਾ ਮਾਪਦੰਡ ਨਹੀਂ ਹੈ। ਅਸੀਂ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਦੇ ਨਾਲ ਹਾਂ ਅਤੇ ਕਾਨੂੰਨੀ ਲੜਾਈ ਵਿੱਚ ਸਹਿਯੋਗੀ ਰਹਾਂਗੇ।

## ਪੰਜਾਬ ਸਰਕਾਰ ਨੇ ਸ਼ੁਭਕਰਨ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਚੈੱਕ ਦਿੱਤਾ

✪ ਸ਼ੁਭਕਰਮਨ ਦੀ ਭੈਣ ਗੁਰਪ੍ਰੀਤ ਕੌਰ ਨੂੰ ਨੌਕਰੀ ਸਬੰਧੀ ਨਿਯੁਕਤੀ-ਪੱਤਰ ਦਿੱਤਾ ✪ ਸ਼ਹੀਦ ਦਾ ਦਰਜਾ ਦਿਵਾਉਣ ਲਈ ਵਿਧਾਨ ਸਭਾ ਇਜਲਾਸ ਵਿਚ ਮਤਾ ਲਿਆਉਣ ਦਾ ਵਾਅਦਾ



ਚੰਡੀਗੜ੍ਹ/ਪਟਿਆਲਾ-ਮੁੱਖ ਮੰਤਰੀ ਭਗਵੰਤ ਮਾਨ ਨੇ ਖਨੌਰੀ ਬਾਰਡਰ 'ਤੇ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਸ਼ੁਭਕਰਨ ਸਿੰਘ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਚੈੱਕ ਅਤੇ ਉਨ੍ਹਾਂ ਦੀ ਭੈਣ ਗੁਰਪ੍ਰੀਤ ਕੌਰ ਨੂੰ ਪੰਜਾਬ ਪੁਲੀਸ ਵਿੱਚ ਸਰਕਾਰੀ ਨੌਕਰੀ ਸਬੰਧੀ ਨਿਯੁਕਤੀ-ਪੱਤਰ ਦੇ ਦਿੱਤਾ ਹੈ। ਮੁੱਖ ਮੰਤਰੀ ਵੱਲੋਂ ਸ਼ੁਭਕਰਨ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਵਿਧਾਨ ਸਭਾ ਇਜਲਾਸ ਦੌਰਾਨ ਮਤਾ ਲਿਆਉਣ ਦਾ ਵਾਅਦਾ ਵੀ ਕੀਤਾ ਗਿਆ। ਉਧਰ, ਕਿਸਾਨ ਜਥੇਬੰਦੀਆਂ ਨੇ ਇਹ ਮੰਗਾਂ ਮੰਨੇ ਜਾਣ ਮਗਰੋਂ 12 ਜੁਲਾਈ ਨੂੰ ਬਠਿੰਡਾ ਦੇ ਡੀਸੀ ਤੇ ਐੱਸਐੱਸਪੀ ਦਫ਼ਤਰ ਦੇ ਘਿਰਾਓ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਹੈ।

### 3 ਸਫ਼ੇ ਦੀ ਬਾਕੀ

ਅਗਰਵਾਲ ਨੇ ਅੱਗੇ ਕਿਹਾ ਕਿ ਉਸ ਦੇ ਵਿੱਤੀ ਲੈਣ-ਦੇਣ, ਪੈਸੇ ਦੇ ਸਾਧਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਕਾਲ ਡਿਟੇਲ ਰਿਕਾਰਡ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਕੀ ਅਜਿਹੇ ਪ੍ਰੋਗਰਾਮਾਂ ਤੇ ਹੋਰ ਸਰੋਤਾਂ ਨੂੰ ਕਿਸੇ ਸਿਆਸੀ ਪਾਰਟੀ ਵੱਲੋਂ ਫੰਡਿੰਗ ਕੀਤੀ ਜਾ ਰਹੀ ਹੈ ? ਹੁਣ ਤੱਕ ਦੀ ਜਾਂਚ 'ਚ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਕੋਈ ਸਿਆਸੀ ਪਾਰਟੀ ਆਪਣੇ ਸਿਆਸੀ ਜਾਂ ਨਿੱਜੀ ਹਿੱਤਾਂ ਲਈ ਇਨ੍ਹਾਂ ਨਾਲ ਜੁੜੀ ਹੋਈ ਹੈ।'

### ਸਿਆਸਤਦਾਨਾਂ ਵਲੋਂ ਭੋਲੇ ਬਾਬੇ ਨੂੰ ਦੋਸ਼ੀ ਠਹਿਰਾਇਆ

'ਬਸਪਾ ਮੁਖੀ ਮਾਇਆਵਤੀ ਨੇ ਗਰੀਬਾਂ, ਦਲਿਤਾਂ ਤੇ ਪੀੜਤਾਂ ਨੂੰ ਅੱਜ ਸਲਾਹ ਦਿੱਤੀ ਕਿ ਉਹ ਗਰੀਬੀ ਤੇ ਹੋਰ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਹਾਥਰਸ ਦੇ 'ਭੋਲੇ ਬਾਬਾ' ਜਿਹੇ ਵਿਅਕਤੀਆਂ ਦੇ ਪਾਖੰਡ ਦੇ ਝਾਂਸੇ 'ਚ ਨਾ ਆਉਣ। ਮਾਇਆਵਤੀ ਨੇ ਕਿਹਾ ਕਿ ਹਾਥਰਸ ਕਾਂਡ 'ਚ 'ਭੋਲੇ ਬਾਬਾ' ਸਮੇਤ ਜੋ ਵੀ ਦੋਸ਼ੀ ਹਨ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਜੇਕਰ ਹਾਥਰਸ 'ਚ ਵਾਪਰੀ ਭਗਦੜ ਦੀ ਘਟਨਾ 'ਚ ਪ੍ਰਸ਼ਾਸਨਿਕ ਗਲਤੀ ਤੋਂ ਸਬਕ ਨਾ ਲਿਆ ਗਿਆ ਤਾਂ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਹੋਰ ਹੋਣਗੀਆਂ। ਯਾਦਵ ਨੇ ਦੋਸ਼ ਲਾਇਆ ਉੱਤਰ ਪ੍ਰਦੇਸ਼ ਸਰਕਾਰ ਭਗਦੜ ਦੀ ਘਟਨਾ 'ਚ ਮਾਮੂਲੀ ਗ੍ਰਿਫ਼ਤਾਰੀਆਂ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ।

ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਹਾਥਰਸ ਭਗਦੜ ਮਾਮਲੇ ਦੇ ਪੀੜਤਾਂ ਲਈ ਮੁਆਵਜ਼ੇ ਦੀ ਰਕਮ ਵਧਾਉਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਰਾਹੁਲ ਨੇ ਹਾਥਰਸ ਭਗਦੜ ਮਾਮਲੇ ਦੇ ਪੀੜਤਾਂ ਨਾਲ ਮੁਲਾਕਾਤ ਕੀਤੀ ਸੀ।

## ਜਥੇਦਾਰ ਅਕਾਲ ਤਖਤ ਤੇ ਸੁਖਬੀਰ ਸਿੰਘ ਬਾਦਲ ਨੇ ਯੂ.ਕੇ. ਦੇ ਚੁਣੇ ਗਏ 10 ਸਿੱਖ ਸੰਸਦ ਮੈਂਬਰਾਂ ਨੂੰ ਦਿੱਤੀ ਵਧਾਈ





ਚੰਡੀਗੜ੍ਹ-ਅਕਾਲ ਤਖਤ ਸਾਹਿਬ ਤੇ ਅਕਾਲੀ ਦਲ ਵਲੋਂ ਵਖ ਵਖ ਬਿਆਨਾਂ ਰਾਹੀਂ ਯੂ.ਕੇ. ਵਿਚ ਹਾਊਸ ਆਫ ਕਾਮਨਜ਼ ਲਈ ਚੁਣੇ ਗਏ 10 ਸਿੱਖ ਮੈਂਬਰ ਪਾਰਲੀਮੈਂਟ (ਐਮ ਪੀਜ਼) ਨੂੰ ਵਧਾਈ ਦਿੱਤੀ ਤੇ ਅਪੀਲ ਕੀਤੀ ਕਿ ਉਹ ਸਿੱਖੀ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਸਾਂਝੇ ਤੌਰ 'ਤੇ ਕੰਮ ਕਰਨ ਤਾਂ ਜੋ ਸਿੱਖ ਕੌਮ ਖਿਲਾਫ਼ ਨਫ਼ਰਤੀ ਅਪਰਾਧ ਰੋਕੇ ਜਾ ਸਕਣ। ਉਨ੍ਹਾਂ ਕਿਹਾ ਕਿ ਇਹ ਦੁਨੀਆਂ ਭਰ ਵਿਚ ਵਸਦੀ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਕਿ ਕੌਮ ਦੇ 10 ਮੈਂਬਰ ਐਮ.ਪੀ. ਚੁਣੇ ਗਏ ਹਨ।ਉਨ੍ਹਾਂ ਕਿਹਾ ਕਿ ਮੈਂ ਤਨਮਨਜੀਤ ਸਿੰਘ ਢੇਸੀ, ਪ੍ਰੀਤ ਕੌਰ ਗਿੱਲ, ਕਿਰਥ ਐਂਟਵਿਸਲ, ਗੁਰਿੰਦਰ ਸਿੰਘ ਜੋਸ਼ਨ, ਜਸ ਅਟਵਾਲ, ਡਾ. ਜੀਵਨ ਸੰਧੇਰ, ਵਰਿੰਦਰ ਜੱਸ, ਸਤਵੀਰ ਕੌਰ, ਹਰਪ੍ਰੀਤ ਕੌਰ ਉੱਪਲ ਤੇ ਸੋਨੀਆ ਕੌਰ ਕੁਮਾਰ ਨੂੰ ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਸ਼ਾਨਦਾਰ ਜਿੱਤਾਂ ਦਰਜ ਕਰਨ ਲਈ ਵਧਾਈ ਦਿੰਦੇ ਹਨ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਪਿਛਲੀ ਇਕ-ਡੇਢ ਸਦੀ ਦੌਰਾਨ ਸਿੱਖਾਂ ਨੇ ਪੰਜਾਬ ਅਤੇ ਭਾਰਤ ਤੋਂ ਬਾਹਰ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕੀਤਾ ਅਤੇ ਅੱਜ ਦੁਨੀਆ ਦੇ 161 ਤੋਂ ਵੱਧ ਮੁਲਕਾਂ ਵਿਚ ਸਿੱਖ ਵੱਸਦੇ ਹਨ। ਉਨ੍ਹਾਂ ਆਖਿਆ ਕਿ ਬੇਸ਼ੱਕ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿਚ ਸਿੱਖ ਚੰਗੀ ਰਾਜਨੀਤਕ ਸਥਿਤੀ ਵਿਚ ਬੈਠੇ ਹੋਏ ਹਨ ਅਤੇ ਬਰਤਾਨੀਆ ਵਿਚ ਪਹਿਲਾਂ ਵੀ ਸਿੱਖ ਸਿਵਲ, ਪ੍ਰਸ਼ਾਸਨਿਕ ਤੇ ਰਾਜਨੀਤਕ ਖੇਤਰ ਵਿਚ ਚੰਗਾ ਪ੍ਰਭਾਵ ਬਣਾ ਚੁੱਕੇ ਹਨ ਪਰ ਬਰਤਾਨੀਆ ਵਿਚ ਹੁਣੇ ਹੋਈਆਂ ਪਾਰਲੀਮੈਂਟ ਚੋਣਾਂ ਦੌਰਾਨ ਚਾਰ ਦਸਤਾਰਧਾਰੀ ਸਿੱਖਾਂ ਅਤੇ ਸਿੱਖ ਪਰਿਵਾਰਾਂ ਨਾਲ ਸਬੰਧਤ 5 ਬੀਬੀਆਂ ਦਾ ਪਾਰਲੀਮੈਂਟ ਮੈਂਬਰ ਬਣਨਾ ਵੱਡੇ ਮਾਣ ਵਾਲੀ ਗੱਲ ਹੈ।

# ਲੁਧਿਆਣਾ ’ਚ ਸ਼ਿਵ ਸੈਨਾ ਆਗੂ ’ਤੇ ਜਾਨਲੇਵਾ ਹਮਲਾ ਕਰਨ ਵਾਲੇ ਦੋ ਗ੍ਰਿਫਤਾਰ, ਤੀਜਾ ਫਰਾਰ

## ✪ ਰਾਜਪਾਲ ਦੀ ਪੰਜਾਬ ਦੇ ਕਾਰਜਾਂ ਵਿਚ ਦਖਲਅੰਦਾਜ਼ੀ, ਅਖੇ ਮੇਰੀ ਅਗਵਾਈ ਵਿਚ ਜਾਂਚ ਹੋਵੇਗੀ ✪ ‘ਆਪ’ ਆਗੂ ਨੇ ਕਿਹਾ ਕਿ ਹਮਲਾ ਸਿੱਖ ਭਾਵਨਾਵਾਂ ਭੜਕਾਉਣ ਕਾਰਣ ਹੋਇਆ





ਲੁਧਿਆਣਾ-ਸ਼ਿਵ ਸੈਨਾ ਪੰਜਾਬ ਦੇ ਆਗੂ ਤੇ ਸ਼ਹੀਦ ਸੁਖਦੇਵ ਥਾਪਰ ਦੇ ਕਰੀਬੀ ਰਿਸ਼ਤੇਦਾਰ ਸੰਦੀਪ ਥਾਪਰ ਉਰਫ਼ ਗੋਰਾ ਥਾਪਰ ’ਤੇ ਨਿਹੰਗ ਸਿੰਘਾਂ ਦੇ ਬਾਣੇ ਵਿਚ ਆਏ ਤਿੰਨ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਸੰਦੀਪ ਥਾਪਰ ਸਿਵਲ ਹਸਪਤਾਲ ਵਿਚ ਕਿਸੇ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਬਾਅਦ ਆਪਣੇ ਸਕੂਟਰ ’ਤੇ ਗੰਨਮੈਨ ਨਾਲ ਵਾਪਸ ਆ ਰਹੇ ਸਨ। ਰਸਤੇ ਵਿਚ ਨਿਹੰਗ ਬਾਣੇ ਵਿਚ ਤਿੰਨ ਹਮਲਵਰਾਂ ਨੇ ਉਨ੍ਹਾਂ ਰੋਕਿਆ ਤੇ ਗੰਨਮੈਨ ਨੂੰ ਸਕੂਟਰ ਤੋਂ ਉਤਾਰ ਕੇ ਉਸ ਕੋਲੋਂ ਪਿਸਤੌਲ ਖੋਹ ਲਿਆ। ਫਿਰ ਇਕ ਹਮਲਾਵਰ ਸੰਦੀਪ ਨੂੰ ਇਕ ਪਾਸੇ ਲੈ ਗਿਆ ਜਿੱਥੇ ਤਿੰਨਾਂ ਹਮਲਾਵਰਾਂ ਨੇ ਤਲਵਾਰਾਂ ਨਾਲ ਉਨ੍ਹਾਂ ’ਤੇ ਹਮਲਾ ਕੀਤਾ। ਇਸ ਤੋਂ ਬਾਅਦ ਉਹ ਸੰਦੀਪ ਦਾ ਸਕੂਟਰ ਲੈ ਕੇ ਫ਼ਰਾਰ ਹੋ ਗਏ। ਹਮਲੇ ਦੀਆਂ ਤਸਵੀਰਾਂ ਮੌਕੇ ’ਤੇ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈਆਂ। ਇਸ ਤੋਂ ਇਲਾਵਾ ਕੁਝ ਲੋਕਾਂ ਨੇ ਵੀ ਹਮਲੇ ਦੀ ਵੀਡੀਓ ਬਣਾਈ ਜਿਹੜੀ ਸੋਸ਼ਲ ਮੀਡੀਆ ’ਤੇ ਚੱਲ ਰਹੀ ਹੈ। ਜ਼ਖ਼ਮੀ ਸੰਦੀਪ ਨੂੰ ਲੋਕਾਂ ਨੇ ਹਸਪਤਾਲ ਦਾਖ਼ਲ ਕਰਵਾਇਆ।


ਹੁਣ ਇਨ੍ਹਾਂ ਮੁਲਜ਼ਮਾਂ ਸਰਬਜੀਤ ਸਿੰਘ ਸਾਬਾ, ਹਰਜੋਤ ਸਿੰਘ ਜੋਤਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਟਹਿਲ ਸਿੰਘ ਲਾਡੀ ਫਰਾਰ ਹੈ। ਇਸ ਹਮਲੇ ਵਿਚ ਸੰਦੀਪ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਜਿਨ੍ਹਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

### ਹਮਲਾ ਕਿਉਂ ਹੋਇਆ ?

ਸ਼ਿਵ ਸੈਨਾ ਆਗੂ ਉਪਰ ਹਮਲੇ ਦਾ ਕਾਰਣ ਹਮਲਾਵਰ ਨਿਹੰਗ ਸਿੰਘਾਂ ਨੇ ਪੁਲਿਸ ਨੂੰ ਦਸਿਆ ਹੈ ਕਿ ਉਹ ਸੰਤ ਭਿੰਡਰਾਂਵਾਲਿਆਂ ਵਿਰੁਧ ਘਟੀਆ ਭਾਸ਼ਾ ਵਰਤਦਾ ਸੀ। ਥਾਪਰ ਬਾਰੇ ਸਿਖਾਂ ਦਾ ਇਤਰਾਜ਼ ਹੈ ਕਿ ਉਹ ਜੂਨ 84 ਬਾਰੇ ਜਸ਼ਨ ਮਨਾਕੇ ਸਿਖ ਪੰਥ ਦੇ ਹਿਰਦੇ ਦੁਖੀ ਕਰਦਾ ਸੀ। ਉਸਨੇ ਸ਼ੋਸ਼ਲ ਮੀਡੀਆ ਉਪਰ ਇਹ ਵੀ ਵਿਵਾਦ ਛੇੜਿਆ ਕਿ ਗੁਰੂ ਸਾਹਿਬਾਨ ਹਿੰਦੂ ਸਨ।

ਸ਼ਿਵ ਸੈਨਾ ਲੀਡਰ ਸੰਦੀਪ ਥਾਪਰ ’ਤੇ ਹਮਲੇ ਬਾਰੇ ਆਪ’ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸੰਦੀਪ ਥਾਪਰ ’ਤੇ ਹਮਲੇ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਸ਼ਿਵ ਸੈਨਾ ਆਗੂ ਨੂੰ ਸਾਕਾ ਨੀਲਾ ਤਾਰਾ ਦੇ ਜਸ਼ਨ ਮਨਾਉਂਦੇ ਸਮੇਂ ਸੰਜਮ ਵਰਤਣਾ ਚਾਹੀਦਾ ਸੀ। ਐਕਸ ’ਤੇ ਆਪ’ ਸੰਸਦ ਮੈਂਬਰ ਨੇ ਕਿਹਾ ਕਿ ਸੰਦੀਪ ਥਾਪਰ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ ਸੀ ਤੇ ਸੰਜਮ ਵਰਤਣਾ ਚਾਹੀਦਾ ਸੀ। ਉਨ੍ਹਾਂ ਨੇ ਅੱਗੇ ਲਿਖਿਆ 6 ਜੂਨ, ਬਲੂਸਟਾਰ ਮਨਾਉਣਾ ਤੇ ਲੱਡੂ ਵੰਡਣਾ ਸਿੱਖ ਭਾਵਨਾਵਾਂ ਨਾਲ ਖਿਲਵਾੜ ਹੈ। ਉਸ ਨੇ ਪਿਛਲੇ ਸਾਲ ਜਦੋਂ ਪੂਰਾ ਸੂਬਾ ਹੜ੍ਹਾਂ ਦੀ ਮਾਰ ਝੱਲ ਰਿਹਾ ਸੀ ਤਾਂ ਉਸ ਨੇ ਪੰਜਾਬ ਦੀ ਤਬਾਹੀ ਦਾ ਮਜ਼ਾਕ ਉਡਾਇਆ ਸੀ। ਇਸ ਕਰਕੇ ਨਫਰਤ ਫੈਲਾਉਣ ਵਾਲੇ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਫਿਰਕੂ ਸਦਭਾਵਨਾ ਨੂੰ ਹਰ ਕੀਮਤ ’ਤੇ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

ਦਰਅਸਲ ਲੁਧਿਆਣਾ ਵਿੱਚ ਸ਼ਿਵ ਸੈਨਾ (ਪੰਜਾਬ) ਦੇ ਆਗੂ ਸੰਦੀਪ ਥਾਪਰ ’ਤੇ ਨਿਹੰਗਾਂ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਸੂਬੇ ਵਿੱਚ ਸਿਆਸੀ ਜੰਗ ਛਿੜ ਗਈ ਹੈ ਤੇ ਵਿਰੋਧੀ ਪਾਰਟੀਆਂ ਵੱਲੋਂ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ‘ਆਪ’ ਸਰਕਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਮਾਮਲੇ ’ਤੇ ਮੁੱਖ ਮੰਤਰੀ ਤੋਂ ਅਸਤੀਫਾ ਮੰਗਿਆ ਜਾ ਰਿਹਾ ਹੈ।



ਬੀਜੇਪੀ ਲੀਡਰ ਰਵਨੀਤ ਸਿੰਘ ਬਿੱਟੂ, ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਸਮੇਤ ਹੋਰ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਸੂਬਾ ਸਰਕਾਰ ਕਾਨੂੰਨ ਵਿਵਸਥਾ ਦੇ ਮੋਰਚੇ ’ਤੇ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ।

### ਕੇਂਦਰ ਸਰਕਾਰ ਦੀ ਪੰਜਾਬ ਸਰਕਾਰ ਦੇ ਕਾਰਜਾਂ ਵਿਚ ਦਖਲ ਅੰਦਾਜ਼ੀ

ਓਧਰ ਹਮਲੇ ਤੋਂ ਖਫਾ ਹਿੰਦੂ ਜਥੇਬੰਦੀਆਂ ਨੇ ਪੁਲਿਸ ਕਮਿਸ਼ਨਰ ਤੇ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਹਮਲੇ ਦੀ ਨਿਖੇਧੀ ਕਰਦਿਆਂ ਇਸ ਨੂੰ ਸੂਬਾ ਸਰਕਾਰ ਦੀ ਨਕਾਮੀ ਦੱਸਿਆ ਹੈ। ਉਹ ਇਸ ਬਾਰੇ ਰਾਜਪਾਲ ਨੂੰ ਮਿਲੇ। ਇਸ ਤੋਂ ਸਪਸ਼ਟ ਹੈ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਦੇ ਕਾਰਜਾਂ ਵਿਚ ਦਖਲ ਅੰਦਾਜ਼ੀ ਫਿਰ ਸ਼ੁਰੂ ਕਰ ਦਿਤੀ ਹੈ। ਕੇਂਦਰ ਸਰਕਾਰ ਦੇ ਇਸ਼ਾਰੇ ਉਪਰ ਪੰਜਾਬ ਦੇ ਰਾਜਪਾਲ ਵੀ ਸਰਗਰਮ ਹੋ ਗਏ ਹਨ ਤੇ ਮੁਖ ਮੰਤਰੀ ਤੋਂ ਪੁਛੇ ਬਿਨਾਂ ਉਨ੍ਹਾਂ ਦੇ ਕਾਰਜਾਂ ਵਿਚ ਦਖਲ ਅੰਦਾਜ਼ੀ ਦੇਣੀ ਸ਼ੁਰੂ ਕਰ ਦਿਤੀ ਹੈ।

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਲੁਧਿਆਣਾ ਵਿਚ ਸ਼ਿਵ ਸੈਨਿਕ ਸੰਦੀਪ ਥਾਪਰ ’ਤੇ ਹੋਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੰਦੀਪ ਥਾਪਰ ’ਤੇ ਹਮਲਾ ਹੋਇਆ ਹੈ। ਉਹ ਉਸਨੂੰ ਮਾਰਨਾ ਚਾਹੁੰਦਾ ਸੀ। ਪਰ ਉਹ ਕਿਸੇ ਤਰ੍ਹਾਂ ਬਚ ਗਿਆ ਅਤੇ ਸਹੀ ਸਮੇਂ ’ਤੇ ਇਲਾਜ ਕਰਵਾ ਲਿਆ, ਜਿਸ ਕਾਰਨ ਉਹ ਹੁਣ ਠੀਕ ਹੋ ਰਿਹਾ ਹੈ। ਡਾਕਟਰਾਂ ਅਨੁਸਾਰ 10 ਦਿਨਾਂ ਦੇ ਅੰਦਰ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਦੀਪ ਥਾਪਰ ਦੇ ਮਾਮਲੇ ਸਬੰਧੀ ਉਹ ਖੁਦ ਇਸ ਮਾਮਲੇ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਸਜ਼ਾ ਦਿੱਤੀ ਜਾ ਸਕੇ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਬੀਤੇ ਦਿਨੀਂ ਪੁਲਿਸ ਕਮਿਸ਼ਨਰ ਕੁਲਦੀਪ ਚਾਹਲ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਤੇ ਸੰਦੀਪ ਥਾਪਰ ਦਾ ਇਲਾਜ ਕਰ ਰਹੇ ਡੀਐਮਸੀ ਡਾਕਟਰਾਂ ਦੇ ਪੈਨਲ ਨਾਲ ਵੀ ਗੱਲਬਾਤ ਕੀਤੀ ਅਤੇ ਮਾਮਲੇ ਦੀ ਜਾਣਕਾਰੀ ਲਈ।

ਰਾਜਪਾਲ ਬਨਵਾਰੀ ਲਾਲ ਨੇ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿੱਚ ਜੋ ਕੁਝ ਸਾਹਮਣੇ ਆਇਆ ਹੈ। ਸੰਦੀਪ ਥਾਪਰ ’ਤੇ ਹਮਲਾ ਕਰਨ ਵਾਲੇ ਨਸ਼ੇੜੀ ਸਨ। ਉਹ ਨਸ਼ੇ ਦਾ ਆਦੀ ਹੈ ਅਤੇ ਉਸ ਸਮੇਂ ਕਿਸੇ ਝਗੜੇ ਕਾਰਨ ਨਿਹੰਗ ਸਿੰਘਾਂ ਨੇ ਸੰਦੀਪ ਥਾਪਰ ’ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਬਰਕਰਾਰ ਹੈ। ਨਸ਼ਾ ਖ਼ਤਮ ਕਰਨ ਦੀ ਲੋੜ ਹੈ। ਪੁਲਿਸ ਨੂੰ ਜਲਦੀ ਤੋਂ ਜਲਦੀ ਨਸ਼ੇ ਦੀ ਜੜ੍ਹ ਨੂੰ ਖ਼ਤਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪੁਲਿਸ ਕਮਿਸ਼ਨਰ ਅਤੇ ਡੀਸੀ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਥਾਪਰ ਦੇ ਇਲਾਜ ਅਤੇ ਕਾਨੂੰਨੀ ਮਦਦ ਵਿੱਚ ਕੋਈ ਕਮੀ ਨਾ ਆਵੇ। ਇਥੇ ਇਹ ਵੀ ਜਿਕਰਯੋਗ ਹੈ ਕਿ ਪਰਿਵਾਰ ਨੇ ਰਾਜਪਾਲ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ। ਇਸ ਕਾਰਨ ਰਾਜਪਾਲ ਦੀ ਚਲਾਈ ਛੁਰਲੀ ਠੁਸ ਹੋ ਗਈ ਹੈ। ‘ਆਪ’ ਪਾਰਟੀ ਦੇ ਹਲਕਿਆਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਪੰਜਾਬ ਵਿਚ ਫਿਰਕੂ ਮਾਹੌਲ ਪੈਦਾ ਕਰ ਰਹੀ ਹੈ।ਸਿਖ ਹਲਕਿਆਂ ਦਾ ਮੰਨਣਾ ਹੈ ਕਿ ਸ਼ਿਵ ਸੈਨਾ ਦੇ ਆਗੂਆਂ ਨੂੰ ਨੱਥ ਪਾਉਣ ਦੀ ਲੋੜ ਹੈ ਤੇ ਉਨ੍ਹਾਂ ਨੂੰ ਸਿਖ ਭਾਵਨਾਵਾਂ ਭੜਕਾਉਣ ਤੋਂ ਰੋਕਣਾ ਚਾਹੀਦਾ ਹੈ।

# ਸੰਸਦ ਮੈਂਬਰ ਬਣਨ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਦੇ ਕੇਸਾਂ ਦੇ ਹੱਲ ਨੂੰ ਲੈ ਕੇ ਪੁਲਿਸ ਫਸੀ

**✪ ਸੁਪਰੀਮ ਕੋਰਟ ਅਨੁਸਾਰ ਹੁਣ ਸਰਕਾਰ ਲਈ ਅੰਮ੍ਰਿਤਪਾਲ ਦੇ ਕੇਸਾਂ ਸੰਬੰਧੀ ਵੀ ਹਾਈਕੋਰਟ ਨੂੰ ਜਾਣਕਾਰੀ ਦੇਣੀ ਜ਼ਰੂਰੀ ✪ ਦਰਜ 10 ਪੁਲਿਸ ਕੇਸਾਂ 'ਚੋਂ ਕੇਵਲ ਇਕ 'ਚ ਹੀ ਪੇਸ਼ ਹੋਇਆ ਚਲਾਨ ✪ ਸ਼੍ਰੋਮਣੀ ਕਮੇਟੀ ਲਈ ਸਰਗਰਮ ਹੋਣਗੇ ਅੰਮ੍ਰਿਤ ਪਾਲ ਸਿੰਘ**

• ਖਾਸ ਖਬਰ •

ਭਾਈ ਅੰਮ੍ਰਿਤਪਾਲ ਸਿੰਘ ਵਿਰੁੱਧ ਰਾਜ ਵਿਚ ਦਰਜ 10 ਐਫ.ਆਈ.ਆਰਜ਼ ਸੰਬੰਧੀ ਉਸ ਦੇ ਡਿਬਰੂਗੜ੍ਹ ਜੇਲ੍ਹ ਵਿਚ ਹੋਣ ਕਾਰਨ ਜਾਂਚ ਦੇ ਲਗਾਤਾਰ ਲਟਕਣ ਕਾਰਨ ਅਤੇ ਹੁਣ ਉਸ ਦੇ ਲੋਕ ਸਭਾ ਦੇ ਮੈਂਬਰ ਬਣਨ ਕਾਰਨ ਅਤੇ ਸੁਪਰੀਮ ਕੋਰਟ ਦੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਕੇਸਾਂ ਦੇ ਛੇਤੀ ਨਿਪਟਾਰੇ ਲਈ ਅਦਾਲਤਾਂ ਦੇ ਵਿਸ਼ੇਸ਼ ਬੈਂਚ ਗਠਿਤ ਕਰਨ ਦੇ ਆਦੇਸ਼ਾਂ ਕਾਰਨ ਪੰਜਾਬ ਪੁਲਿਸ ਕਸੂਤੀ ਸਥਿਤੀ ਵਿਚ ਫਸੀ ਹੋਈ ਹੈ। ਅੰਮ੍ਰਿਤਪਾਲ ਸਿੰਘ ਦੇ ਰਾਜ ਤੋਂ ਕਾਫ਼ੀ ਦੂਰ ਅਸਾਮ ਦੀ ਜੇਲ੍ਹ ਵਿਚ ਹੋਣ ਕਾਰਨ ਪੰਜਾਬ ਵਿਚ ਦਰਜ ਕੇਸਾਂ ਸੰਬੰਧੀ ਨਾ ਤਾਂ ਕੋਈ ਜਾਂਚ ਹੀ ਹੋ ਰਹੀ ਹੈ ਅਤੇ ਨਾ ਹੀ ਉਸ ਵਿਰੁੱਧ ਅਦਾਲਤੀ ਕਾਰਵਾਈ ਹੀ ਸੰਭਵ ਹੈ, ਕਿਉਂਕਿ ਉਸ ਨਾਲ ਅਦਾਲਤਾਂ 'ਚ ਪੇਸ਼ ਕਰਨ ਲਈ ਵਾਰ-ਵਾਰ ਲਿਆਉਣਾ ਕਾਫ਼ੀ ਮੁਸ਼ਕਿਲ ਸਮਝਿਆ ਜਾ ਰਿਹਾ ਹੈ। ਹੁਣੇ ਜਿਹੇ ਵੀ ਜਿਵੇਂ ਸਹੁੰ ਚੁੱਕਣ ਲਈ ਉਨ੍ਹਾਂ ਨੂੰ ਹਵਾਈ ਫ਼ੌਜ ਦੇ ਜਹਾਜ਼ ਰਾਹੀਂ ਅਸਾਮ ਤੋਂ ਲਿਆਂਦਾ ਗਿਆ ਸੀ, ਜਿਸ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਨੂੰ ਦੇਣ ਪੈ ਰਿਹਾ ਹੈ ਪਰ ਸਰਕਾਰ ਲਈ ਵਾਰ-ਵਾਰ ਅਜਿਹਾ ਕਰਨਾ ਸੰਭਵ ਨਜ਼ਰ ਨਹੀਂ ਆ ਰਿਹਾ। ਫ਼ਿਲਹਾਲ ਕੇਵਲ ਅੰਮ੍ਰਿਤਸਰ ਦੀ ਦਿਹਾਤੀ ਪੁਲਿਸ ਵਲੋਂ ਹੀ ਅਜਨਾਲਾ ਪੁਲਿਸ ਥਾਣੇ 'ਤੇ 24 ਫਰਵਰੀ, 2023 ਨੂੰ ਹੋਏ ਹਮਲੇ ਸੰਬੰਧੀ ਹੀ ਅਦਾਲਤ



ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਇਸ ਸੰਬੰਧੀ ਵੀ ਅੰਮ੍ਰਿਤਪਾਲ ਸਿੰਘ ਅਤੇ ਦੋਸ਼ੀ ਬਣਾਏ ਗਏ ਉਨ੍ਹਾਂ ਦੇ 33 ਸਮਰਥਕਾਂ ਵਿਚੋਂ ਬਹੁਤਿਆਂ ਤੋਂ ਪੁਲਿਸ ਪੁੱਛਗਿੱਛ ਵੀ ਨਹੀਂ ਕਰ ਸਕੀ। ਪਰ ਮੁਲਜ਼ਮਾਂ ਨੂੰ ਪੇਸ਼ ਨਾ ਕਰ ਸਕਣ ਦੀ ਸੂਰਤ ਵਿਚ ਕੀ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਇਸ ਕੇਸ ਵਿਚ ਅਦਾਲਤੀ ਕਾਰਵਾਈ ਅੱਗੇ ਤੁਰ ਸਕੇਗੀ ?

ਇਸੇ ਤਰ੍ਹਾਂ ਦਰਜ ਦੂਜੇ ਕੇਸਾਂ ਵਿਚ ਵੀ ਕੋਈ ਜਾਂਚ ਜਾਂ ਕੇਸ ਟ੍ਰਾਂ-ਕੋਟ ਕਰ ਕੇ ਅਦਾਲਤਾਂ ਨੂੰ ਭੇਜਣ ਸੰਬੰਧੀ ਕੋਈ ਕਾਰਵਾਈ ਨਹੀਂ ਚੱਲ ਸਕੀ ਪਰ ਸੁਪਰੀਮ ਕੋਰਟ, ਜੋ ਕੇਸਾਂ ਦੇ ਨਿਪਟਾਰੇ ਵਿਚ ਦੇਰੀ ਅਤੇ ਜਾਂਚਾਂ ਦੇ ਲਟਕਣ ਦਾ ਸਖ਼ਤ ਨੋਟਿਸ ਲੈ ਰਹੀ ਹੈ, ਨੇ ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਸੰਬੰਧੀ ਅਸ਼ਵਨੀ ਕੁਮਾਰ ਉਪਾਧਿਆ ਤੇ ਭਾਰਤ ਸਰਕਾਰ ਦਰਮਿਆਨ ਕੇਸ ਵਿਚ ਆਦੇਸ਼ ਦਿੱਤੇ ਹਨ ਕਿ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਕੇਸਾਂ ਦੇ ਨਿਪਟਾਰੇ ਲਈ ਹਾਈ ਕੋਰਟਾਂ ਦੇਸ਼ ਭਰ ਵਿਚ ਵਿਸ਼ੇਸ਼ ਬੈਂਚਾਂ ਦਾ ਗਠਨ ਕਰਨ, ਜੋ ਅਜਿਹੇ ਕੇਸਾਂ ਵਿਚ ਕਾਰਵਾਈ ਦੀ ਨਿਗਰਾਨੀ ਕਰਨ।

ਭਾਰਤ ਦੇ ਵਧੀਕ ਸਾਲੀਸਿਟਰ ਜਨਰਲ ਸਤਪਾਲ ਜੈਨ ਨੇ ਵੀ ਅੱਜ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਵੀ ਇਕ ਡਵੀਜ਼ਨ ਬੈਂਚ ਇਸ ਮੰਤਵ ਲਈ ਬਣਿਆ ਹੋਇਆ ਹੈ ਅਤੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ 'ਚ ਮੌਜੂਦਾ ਤੇ ਸਾਬਕਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਕੇਸਾਂ ਸੰਬੰਧੀ ਚੱਲ ਰਹੀ ਕਾਰਵਾਈ ਸੰਬੰਧੀ ਲਗਾਤਾਰ ਜਾਣਕਾਰੀ ਦਿੱਤੀ ਜਾਂਦੀ ਰਹਿੰਦੀ ਹੈ, ਤਾਂ ਜੋ ਇਨ੍ਹਾਂ ਕੇਸਾਂ ਦੀ ਸੁਣਵਾਈ ਤੇ ਨਿਪਟਾਰੇ ਵਿਚ ਗੈਰ ਜ਼ਰੂਰੀ ਦੇਰੀ ਨਾ ਹੋਵੇ।

ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਹੁਣ ਸਰਕਾਰ ਲਈ ਅੰਮ੍ਰਿਤਪਾਲ ਵਿਰੁੱਧ ਦਰਜ ਕੇਸਾਂ ਸੰਬੰਧੀ ਵੀ ਹੁਣ ਹਾਈ ਕੋਰਟ ਦੇ ਬੈਂਚਾਂ ਨੂੰ ਜਾਣਕਾਰੀ ਦੇਣੀ ਹੋਵੇਗੀ। ਜਾਣਕਾਰੀ ਅਨੁਸਾਰ ਅਜਨਾਲਾ ਪੁਲਿਸ ਥਾਣੇ ਦੀ ਘਟਨਾ ਤੋਂ ਇਲਾਵਾ 16 ਫਰਵਰੀ, 2023 ਨੂੰ ਅਜਨਾਲਾ ਥਾਣੇ 'ਚ ਹੀ ਅੰਮ੍ਰਿਤਪਾਲ ਤੇ ਸਾਥੀਆਂ ਵਿਰੁੱਧ ਅਗਵਾ ਤੇ ਮਾਰ ਕੁਟਾਈ ਦਾ ਕੇਸ ਦਰਜ ਹੈ। ਅੰਮ੍ਰਿਤਸਰ ਪੁਲਿਸ ਵਲੋਂ 22 ਫਰਵਰੀ, 2023 ਨੂੰ ਉਨ੍ਹਾਂ ਵਿਰੁੱਧ ਧਾਰਾ 153ਏ ਅਰਥਾਤ ਦੋ ਫ਼ਿਰਕਿਆਂ ਵਿਚ ਨਫ਼ਰਤ ਫੈਲਾਉਣ ਦੇ ਦੋਸ਼ 'ਚ ਕੇਸ ਦਰਜ ਕੀਤਾ ਗਿਆ। 22 ਫਰਵਰੀ, 2023 ਨੂੰ ਹੀ ਅਜਿਹੇ ਦੋਸ਼ਾਂ 'ਚ ਉਨ੍ਹਾਂ ਵਿਰੁੱਧ ਬਾਘਾ ਪੁਰਾਣਾ ਵਿਖੇ ਵੀ ਕੇਸ ਦਰਜ ਹੋਇਆ। ਮਾਰਚ 18, 2023 ਨੂੰ ਥਾਣਾ ਮਹਿਤਪੁਰ ਵਿਖੇ ਅੰਮ੍ਰਿਤਪਾਲ ਸਿੰਘ ਵਿਰੁੱਧ ਲਾਪ੍ਰਵਾਹੀ ਨਾਲ ਵਾਹਨ ਚਲਾਉਣ ਅਤੇ ਆਰਮਜ਼ ਐਕਟ ਵਿਚ ਕੇਸ ਦਰਜ ਕੀਤਾ ਗਿਆ। 19 ਮਾਰਚ ਨੂੰ ਖਿਲਚੀਆਂ ਪੁਲਿਸ ਥਾਣੇ ਵਿਖੇ ਵੀ ਲਾਪ੍ਰਵਾਹੀ ਨਾਲ ਸਵਾਰੀ ਚਲਾਉਣ ਅਤੇ ਸਰਕਾਰੀ ਅਧਿਕਾਰੀ ਨੂੰ ਕੰਮਕਾਜ ਕਰਨ ਤੋਂ ਰੋਕਣ ਸੰਬੰਧੀ ਕੇਸ ਦਰਜ ਕੀਤਾ ਗਿਆ। ਇਸੇ ਦਿਨ ਨਾਜਾਇਜ਼ ਹਥਿਆਰ ਰੱਖਣ ਦਾ ਵੀ ਇਕ ਕੇਸ ਉਨ੍ਹਾਂ ਵਿਰੁੱਧ ਦਰਜ ਹੋਇਆ 20 ਮਾਰਚ, 2023 ਮਹਿਤਪੁਰ ਥਾਣੇ ਵਿਖੇ ਅੰਮ੍ਰਿਤਪਾਲ ਸਿੰਘ, ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਅਤੇ ਡਰਾਈਵਰ ਹਰਪ੍ਰੀਤ ਸਿੰਘ 'ਤੇ ਆਰਮਜ਼ ਐਕਟ, ਟਰੈਸ ਪਾਸਿੰਗ ਤੇ ਧਮਕੀ ਦੇਣ ਦੇ ਦੋਸ਼ਾਂ 'ਚ ਕੇਸ ਦਰਜ ਕੀਤਾ ਗਿਆ। ਮਾਰਚ 21, 2023 ਨੂੰ ਉਨ੍ਹਾਂ ਵਿਰੁੱਧ ਹੁੱਲੜਬਾਜ਼ੀ ਕਰਨ, ਗ਼ੈਰ-ਕਾਨੂੰਨੀ ਢੰਗ ਨਾਲ ਇਕੱਠੇ ਹੋਣ, ਆਰਮਜ਼ ਐਕਟ ਤੇ ਲੁੱਟ-ਖੋਹ ਦੇ ਦੋਸ਼ਾਂ 'ਚ ਉਨ੍ਹਾਂ ਵਿਰੁੱਧ ਸ਼ਾਹਕੋਟ ਥਾਣੇ 'ਚ ਕੇਸ ਦਰਜ ਕੀਤਾ ਗਿਆ। ਮਾਰਚ 23, 2023 ਨੂੰ ਫਿਰ ਆਰਮਜ਼ ਐਕਟ, ਲੁੱਟ-ਖੋਹ ਅਤੇ ਗੈਰ ਕਾਨੂੰਨੀ ਢੰਗ ਨਾਲ ਕਿਸੇ ਨੂੰ ਕਬਜ਼ੇ 'ਚ ਰੱਖਣ ਸੰਬੰਧੀ ਪੁਲਿਸ ਥਾਣਾ ਬਿਲਗਾ ਵਿਖੇ ਕੇਸ ਦਰਜ ਕੀਤਾ ਗਿਆ। ਪਰ ਅੱਜ ਸਵਾ ਸਾਲ ਬੀਤ ਜਾਣ ਦੇ ਬਾਅਦ ਕੀ ਇਨ੍ਹਾਂ ਕੇਸਾਂ 'ਚ ਜਾਂਚ ਪੂਰੀ ਹੋ ਚੁੱਕੀ ਹੈ ਜਾਂ ਕੀ ਇਨ੍ਹਾਂ ਕੇਸਾਂ ਵਿਚ ਚਲਾਨ ਪੇਸ਼ ਹੋ ਚੁੱਕੇ ਹਨ। ਪੁਲਿਸ ਨੂੰ ਹੁਣ ਇਨ੍ਹਾਂ ਸਵਾਲਾਂ ਦੇ ਜਵਾਬ ਹਾਈ ਕੋਰਟ 'ਚ ਦੇਣੇ ਹੋਣਗੇ। ਭਾਵੇਂ ਇਨ੍ਹਾਂ ਕੇਸਾਂ 'ਚ ਜਾਂਚ ਦੇ ਅੱਗੇ ਨਾ ਤੁਰਨ ਦਾ ਕਾਰਨ ਦੋਸ਼ੀਆਂ ਦੇ ਦੂਰ-ਦੁਰਾਡੇ ਦੀਆਂ ਜੇਲ੍ਹ 'ਚ ਹੋਣਾ ਹੀ ਹੋਵੇ ਪਰ ਰਾਜ ਸਰਕਾਰ ਇਹ ਦਲੀਲ ਵੀ ਅਦਾਲਤ 'ਚ ਦੇਣਾ ਨਹੀਂ ਚਾਹੇਗੀ। ਹਾਲਾਂਕਿ ਆਉਣ ਵਾਲੇ ਦਿਨਾਂ ਦੌਰਾਨ ਲੋਕ ਸਭਾ 'ਚ ਨਿਯਮਾਂ ਅਨੁਸਾਰ ਬੈਠਕਾਂ ਵਿਚ ਹਾਜ਼ਰੀ ਦਾ ਮੁੱਦਾ ਵੀ ਉੱਭਰ ਸਕਦਾ ਹੈ।

## ਪੰਥਕ ਧਿਰਾਂ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਸਰਗਰਮ

**✪ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਗਿਆਨੀ ਹਰਪ੍ਰੀਤ ਸਿੰਘ ਨੇ ਕੀਤੀ ਬੰਦ ਕਮਰਾ ਬੈਠਕ**

ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕਰਨ ਉਪਰੰਤ ਖ਼ਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇ ਤੇ ਉਨ੍ਹਾਂ ਨਾਲ ਬੰਦ ਕਮਰੇ ਵਿਚ ਗੱਲਬਾਤ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਉਨ੍ਹਾਂ ਦੀ ਨਿੱਜੀ ਸਾਂਝ ਹੈ ਤੇ ਉਹ ਪਰਿਵਾਰ ਉਨ੍ਹਾਂ ਨੂੰ ਮਿਲਣ ਲਈ ਆਇਆ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਡੈਮੋਕਰੇਸੀ ਦੇ ਵਿੱਚ ਰਹਿੰਦੇ ਹੋਏ ਵੱਡੀ ਲੀਡ ਦੇ ਨਾਲ ਹਲਕਾ ਖਡੂਰ ਸਾਹਿਬ ਤੋਂ ਜਿੱਤੇ ਹਨ ਅਤੇ ਜਿਸ ਤਰੀਕੇ ਉਹਨਾਂ ਨੂੰ ਹਲਫ ਦਵਾਇਆ ਗਿਆ ਹੈ ਉਹ ਲੋਕਤੰਤਰ ਦਾ ਵੀ ਘਾਣ ਹੈ ਕਿ ਪਰਿਵਾਰ ਦੇ ਨਾਲ ਵੀ ਅੰਮ੍ਰਿਤਪਾਲ ਸਿੰਘ ਨੂੰ ਮੁਲਾਕਾਤ ਚੰਗੀ ਤਰੀਕੇ ਨਾਲ ਨਹੀਂ ਕਰਨ ਦਿੱਤੀ ਗਈ। ਸਰਕਾਰਾਂ ਨੂੰ ਸਿੱਖਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਦੇਸ਼ ਦੇ ਦੂਸਰੇ ਸੂਬਿਆਂ ਲਈ ਨਿਯਮ ਹੋਰ ਹਨ ਤੇ ਪੰਜਾਬ ਲਈ ਹੋਰ ਨਿਯਮ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਬਾਕੀ ਸੂਬਿਆਂ ਵਿਚ



ਐੱਨ.ਐੱਸ.ਏ. ਇਕ ਸਾਲ ਦੀ ਹੈ ਜਦੋਂ ਕਿ ਪੰਜਾਬ 'ਚ ਵੱਧ ਸਮੇਂ ਦੀ ਹੈ। ਉਨ੍ਹਾਂ ਕਿਹਾ ਬਿਨ੍ਹਾਂ ਕਿਸੇ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿਚ ਰੱਖਣਾ ਗੈਰ ਵਾਜ਼ਬ ਹੈ।

ਉਨ੍ਹਾਂ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੀ ਰਿਹਾਈ ਹੋਣੀ ਚਾਹੀਦੀ ਹੈ ਅਤੇ ਭਾਰਤ ਆਪਣੇ ਆਪ ਨੂੰ ਡੈਮੋਕ੍ਰੇਟਿਕ ਦੇਸ਼ ਦੱਸਦਾ ਹੈ ਪਰ ਇੱਥੇ ਡੈਮੋਕਰੇਸੀ ਨਾਂ ਦੀ ਕੋਈ ਚੀਜ਼ ਨਹੀਂ ਹੈ ਕਿਉਂਕਿ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜਾਣਬੁੱਝ ਕੇ ਦੁਨੀਆਂ ਦੇ ਸਾਹਮਣੇ ਸਿੱਖਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਦੇਸ਼ ਦੀ ਪਾਰਲੀਮੈਂਟ ਵਿੱਚ ਹਿੰਦੂ ਰਾਸ਼ਟਰ ਦਾ ਨਾਅਰੇ ਦੇਣ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਫੇਰ ਸਿੱਖ ਰਾਜ ਦਾ ਨਾਅਰਾ ਲਗਾਉਣ ਵਾਲਿਆਂ ਖ਼ਿਲਾਫ ਕਾਰਵਾਈ ਕਿਉਂ ਕੀਤੀ ਜਾਂਦੀ ਹੈ।

ਸਿੱਖਾਂ ਨੂੰ ਤੀਸਰੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਇਸ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਨਾਲ ਮੌਤ ਦਰ ਵੱਧਦੀ ਜਾ ਰਹੀ ਹੈ। ਕਾਨੂੰਨ ਵਿਵਸਥਾ ਦੀ ਮੰਦੀ ਹਾਲਤ ਹੈ ਗੁੰਡਾਗਰਦੀ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਆਪਣੀ ਵਖਰੇਵੇਂ ਨੂੰ ਪਿੱਛੇ ਛੱਡ ਕੇ ਸਿੱਖਾਂ ਤੇ ਪੰਜਾਬ ਦੀ ਭਲਾਈ ਲਈ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਭਾਈ ਅੰਮ੍ਰਿਤਪਾਲ ਦੀ ਮਾਤਾ ਬਲਵਿੰਦਰ ਕੌਰ ਅਤੇ ਚਾਚਾ ਸੁਖਚੈਨ ਸਿੰਘ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਅੰਮ੍ਰਿਤ ਪਾਲ ਸਿੰਘ ਦੇ ਪਰਿਵਾਰ ਨੂੰ ਮਿਲ ਚੁਕੇ ਹਨ। ਸਪਸ਼ਟ ਹੈ ਕਿ ਬਾਦਲ ਵਿਰੋਧੀ ਧਿਰ ਵਲੋਂ ਅੰਮ੍ਰਿਤ ਪਾਲ ਸਿੰਘ ਦਾ ਸਹਾਰਾ ਭਾਲਿਆ ਜਾ ਰਿਹਾ ਹੈ। ਪਤਾ ਲਗਾ ਹੈ ਕਿ ਬਾਦਲ ਦਲ ਸੀਨੀਅਰ ਨੇਤਾ ਗਿਆਨੀ ਹਰਪ੍ਰੀਤ ਸਿੰਘ ਦੀਆਂ ਇਨ੍ਹਾਂ ਸਰਗਰਮੀਆਂ ਤੋਂ ਨਰਾਜ਼ ਹਨ।

# ਕੀਰ ਸਟਾਰਮਨ ਪ੍ਰਧਾਨ ਮੰਤਰੀ ਵੱਲੋਂ ਨਵੇਂ ਮੰਤਰੀ ਮੰਡਲ ਦਾ ਗਠਨ ਸ਼ੁਰੂ ਰਾਚੇਲ ਰੀਵਜ਼ ਬਰਤਾਨੀਆਂ ਦੀ ਪਹਿਲੀ ਮਹਿਲਾ ਖਜ਼ਾਨਾ ਮੰਤਰੀ ਬਣੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਨੂੰ ਮਿਲਣ ਤੋਂ ਬਾਅਦ ਪ੍ਰਧਾਨ ਮੰਤਰੀ ਬਣਦੇ ਹੀ ਲੇਬਰ ਨੇਤਾ ਕੀਰ ਸਟਾਰਮਰ ਨੇ ਮੰਤਰੀ ਮੰਡਲ ਦਾ ਗਠਨ ਸ਼ੁਰੂ ਕਰ ਦਿੱਤਾ ਹੈ। ਡਿਪਟੀ ਲੀਡਰ ਐਂਜੇਲਾ ਰੇਨੇਰ ਨੂੰ ਉੱਪ ਪ੍ਰਧਾਨ ਮੰਤਰੀ ਅਤੇ ਰਾਚੇਲ ਰੀਵਜ਼ ਨੂੰ ਖਜ਼ਾਨਾ ਮੰਤਰੀ ਬਣਾਇਆ ਗਿਆ ਹੈ, ਜਿਸ ਕੋਲ ਘਰ ਅਤੇ ਭਾਈਚਾਰਕ ਮੰਤਰਾਲਾ ਹੋਵੇਗਾ। ਰਾਚੇਲ ਬਰਤਾਨੀਆਂ ਦੀ ਖਜ਼ਾਨਾ ਮੰਤਰੀ ਬਣਨ ਵਾਲੀ ਪਹਿਲੀ ਮਹਿਲਾ ਹੈ। ਇਸ ਤੋਂ ਇਲਾਵਾ ਡੇਵਿਡ ਲੈਮੀ ਵਿਦੇਸ਼ ਮੰਤਰੀ, ਯਵੇਟ ਕੂਪਰ ਨੂੰ ਗ੍ਰਹਿ ਮੰਤਰੀ, ਜੌਹਨ ਹੇਲੀ ਨੂੰ ਰੱਖਿਆ ਮੰਤਰੀ ਅਤੇ ਪੈਟ ਮੈਕਫੇਡਨ ਨੂੰ ਡਚੀ ਆਫ ਲੈਂਕੇਸਟਰ ਦਾ ਖਜ਼ਾਨਾ ਮੰਤਰੀ ਬਣਾਇਆ ਗਿਆ ਹੈ। ਸ਼ਬਾਨਾ ਮਹਿਮੂਦ ਨੂੰ ਕਾਨੂੰਨ ਮੰਤਰੀ, ਵੇਸ ਸਟ੍ਰੀਟਿੰਗ ਨੂੰ ਸਿਹਤ ਮੰਤਰੀ, ਬ੍ਰਿਜੇਟ ਫਿਲਿਪਸਨ ਨੂੰ ਸਿੱਖਿਆ ਮੰਤਰੀ, ਏਡ ਮਿਲੀਬੈਂਡ ਨੂੰ ਊਰਜਾ ਮੰਤਰੀ ਬਣਾਇਆ ਗਿਆ ਹੈ।

ਕੀਰ ਸਟਾਰਮਰ ਨੇ ਅਹੁਦਾ ਸੰਭਾਲਦੇ ਹੀ ਆਪਣੇ ਪਹਿਲੇ ਭਾਸ਼ਣ ਵਿੱਚ ਕਿਹਾ ਕਿ ਬਹੁਤ ਕੁਝ ਕਰਨ ਵਾਲਾ ਹੈ ਅਤੇ ਸਾਨੂੰ ਅੱਜ ਤੋਂ ਹੀ ਕੰਮ ਸ਼ੁਰੂ ਕਰਨਾ ਪਵੇਗਾ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਰ ਸਟਾਰਮਰ ਨੂੰ ਵਧਾਈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਪਾਰਟੀ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਦੇਸ਼ ਵਿਦੇਸ਼ ਦੇ ਨੇਤਾਵਾਂ ਲੇਬਰ ਨੇਤਾ ਕੀਰ ਸਟਾਰਮਰ ਨੂੰ ਵਧਾਈ ਸੰਦੇਸ਼ ਭੇਜੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਲੇਬਰ ਨੇਤਾ ਕੀਰ ਸਟਾਰਮਰ ਨੂੰ ਸੰਬੋਧਨ ਹੁੰਦੇ ਕਿਹਾ ਕਿ ਯੂ ਕੇ ਦੀ ਆਮ ਚੋਣ ਵਿੱਚ ਇਤਿਹਾਸਕ ਜਿੱਤ ਲਈ ਵਧਾਈ।

ਮੈਂ ਸਾਰੇ ਖੇਤਰਾਂ ਵਿੱਚ ਭਾਰਤ ਅਤੇ ਯੂ ਕੇ ਦੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਸਕਾਰਾਤਮਕ ਅਤੇ ਉਸਾਰੂ ਸਹਿਯੋਗ ਦੀ ਉਮੀਦ ਕਰਦਾ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਤੁਹਾਡੇ ਕਾਰ-ਜਕਾਲ ਦੌਰਾਨ ਭਾਰਤ ਅਤੇ ਯੂ ਕੇ ਦਰਮਿਆਨ ਤੁਹਾਡਾ ਅਹਿਮ ਯੋਗਦਾਨ ਰਿਹਾ ਹੈ। ਇਸ ਦੇ ਨਾਲ ਹੀ ਰਿਸ਼ੀ ਸੁਨਕ ਅਤੇ ਉਹਨਾਂ ਦੇ ਪ੍ਰੀਵਾਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਪੰਜਾਬੀ ਮੂਲ ਦੀ ਐਮੀ ਪੀ ਸੀਮਾ ਮਲਹੋਤਰਾ ਗ੍ਰਹਿ ਰਾਜ ਮੰਤਰੀ ਨਿਯੁਕਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਹੌਲੀ ਹੌਲੀ ਵਿਸਥਾਰ ਕੀਤਾ ਜਾ ਰਿਹਾ ਹੈ। ਬੀਤੇ ਕੱਲ ਉਹਨਾਂ ਹੈਸਟਨ ਫਿਲਥਮ ਤੋਂ ਪੰਜਾਬੀ ਮੂਲ ਦੀ ਸੰਸਦ ਮੈਂਬਰ ਸੀਮਾ ਮਲਹੋਤਰਾ ਨੂੰ ਗ੍ਰਹਿ ਰਾਜ ਮੰਤਰੀ ਨਿਯੁਕਤ ਕੀਤਾ ਗਿਆ ਹੈ। ਸੀਮਾ ਨੇ ਕਿਹਾ ਕਿ ਕੱਲ ਬਤੌਰ ਸੰਸਦ ਮੈਂਬਰ ਸੌਂਹ ਚੁੱਕਣ ਤੋਂ ਬਾਅਦ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਗ੍ਰਹਿ ਮੰਤਰੀ ਯੁਵੇਟ ਕੂਪਰ ਅਤੇ ਉਹਨਾਂ ਦੀ ਟੀਮ ਨਾਲ ਇੱਕ ਮੰਤਰੀ ਵਜੋਂ ਕੰਮ ਕਰਨ ਲਈ ਕਹਿਣਾ ਸਨਮਾਨ ਦੀ ਗੱਲ ਹੈ। ਉਹਨਾ ਕਿਹਾ ਕਿ ਵੱਡੀਆਂ ਚੁਣੌਤੀਆਂ ਦੇ ਨਾਲ ਮੈਂ ਸਰਕਾਰ ਦੇ ਮਿਸ਼ਨਾਂ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਹਾਂ। ਜਿਕਰਯੋਗ ਹੈ ਕਿ ਸੀਮਾ ਮਲਹੋਤਰਾ 2011 ਤੋਂ ਸੰਸਦ ਮੈਂਬਰ ਹੈ ਅਤੇ ਪਿਛਲੀਆਂ ਸਰਕਾਰਾਂ ਮੌਕੇ ਬਤੌਰ ਸ਼ੈਡੋ ਮੰਤਰੀ ਸੇਵਾਵਾਂ ਕਰ ਚੁੱਕੀ ਹੈ।

## ਬਰਤਾਨੀਆ ਦੀ ਪਾਰਲੀਮੈਂਟ ਵਿੱਚ ਪਹਿਲੀ ਵਾਰ ਇਕੱਠੇ ਹੋਏ 11 ਸਿੱਖ ਸਾਂਸਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਇਤਿਹਾਸ ਵਿੱਚ ਲੇਬਰ ਪਾਰਟੀ ਦੇ 11 ਸਿੱਖ ਸਾਂਸਦ ਮੈਂਬਰ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਜਸਬੀਰ ਸਿੰਘ ਅਠਵਾਲ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਵਰਿੰਦਰ ਸਿੰਘ ਜੱਸ, ਐਮ ਪੀ ਸੋਨੀਆ ਕੁਮਾਰ, ਐਮ ਪੀ ਬਾਗੀ ਸ਼ੰਕਰ, ਐਮ ਪੀ ਸਤਵੀਰ ਕੌਰ, ਹਰਪ੍ਰੀਤ ਕੌਰ ਉੱਪਲ, ਜੀਵਨ ਸਿੰਘ ਸੰਧਰ, ਕੀਰਥ ਐਂਟਵੀਸਲਾ ਅੱਜ ਮੰਗਲਵਾਰ ਨੂੰ ਪਹਿਲੀ ਵਾਰ ਸੰਸਦ ਵਿੱਚ ਇਕੱਠੇ ਹੋਏ।

ਸ਼ੋਸ਼ਲ ਮੀਡੀਆ ਤੇ ਵਿਸਟਮਿਨਸਟਰ ਹਾਲ ਦੀਆਂ ਪੌੜੀਆਂ ਤੇ ਇਕੱਤਰਤਾ ਦੀ ਤਸਵੀਰ ਸਾਂਝੀ ਕਰਦਿਆਂ ਸੰਸਦ ਮੈਂਬਰਾਂ ਨੇ ਖੁਸ਼ੀ ਸਾਂਝੀ ਕੀਤੀ ਅਤੇ ਲੋਕਾਂ ਦਾ ਧੰਨਵਾਦ ਕੀਤਾ। ਪਹਿਲੇ ਦਿਨ ਦੀ ਕਾਰਵਾਈ ਦੌਰਾਨ ਹਾਊਸ ਆਫ ਕਾਮਨਜ਼ ਵਿੱਚ ਲਿੰਡਸੇ ਹੌਲੇਅ ਨੂੰ ਮੁੜ ਸਦਨ ਦਾ ਸਪੀਕਰ ਚੁਣਿਆ ਗਿਆ। ਉਪਰੰਤ ਪ੍ਰਧਾਨ ਮੰਤਰੀ ਕੀਰ ਸਟਾਰਮਰ, ਵਿਰੋਧੀ ਧਿਰ ਦੇ ਨੇਤਾ ਰਿਸ਼ੀ ਸੁਨਕ ਸਮੇਤ ਹੋਰ ਪਾਰਟੀਆਂ ਦੇ ਮੁਖੀਆਂ ਨੇ ਸੰਸਦ ਨੂੰ ਸੰਬੋਧਨ ਕੀਤਾ। ਇਸ ਮੌਕੇ ਸੌਂਹ ਚੁੱਕ ਪ੍ਰਕ੍ਰਿਆ ਦੀ ਵੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਸਪੀਕਰ ਲਿੰਡਸੇ ਹੌਲੇਅ, ਪ੍ਰਧਾਨ ਮੰਤਰੀ ਕੀਰ ਸਟਾਰਮਰ, ਵਿਰੋਧੀ ਧਿਰ ਦੇ ਨੇਤਾ ਰਿਸ਼ੀ ਸੁਨਕ ਆਦਿ ਨੇ ਸੌਂਹ ਚੁੱਕੀ। ਜ਼ਿਕਰਯੋਗ ਹੈ ਕਿ ਬਰਤਾਨੀਆਂ ਦੀ ਸੰਸਦ ਵਿੱਚ ਸਿਰਫ 400 ਮੈਂਬਰਾਂ ਦੇ ਹੀ ਬੈਠਣ ਦੀ ਥਾਂ ਹੈ ਅਤੇ 250 ਦੇ ਕਰੀਬ ਮੈਂਬਰਾਂ ਨੂੰ ਖੜ੍ਹੇ ਹੋਣਾ ਪੈਂਦਾ ਹੈ। ਪਹਿਲੇ ਦਿਨ ਦੀ ਕਾਰਵਾਈ ਦੌਰਾਨ ਸਾਰੇ ਸਿੱਖ ਸਾਂਸਦ ਪਹਿਲੀ ਕਤਾਰ ਵਿੱਚ ਬੈਠੇ ਸਨ।

# ਵਿਧਾਇਕ ਲਾਡੀ ਸ਼ੇਰੋਵਾਲੀਆ ਦਾ ਇੰਗਲੈਂਡ ਪੁੱਜਣ ਤੇ ਭਰਵਾਂ ਸਵਾਗਤ

## *ਇੰਗਲੈਂਡ ਚ ਪੰਜਾਬੀ ਉਮੀਦਵਾਰਾਂ ਦੇ ਮੈਂਬਰ ਪਾਰਲੀਮੈਂਟ ਚੁਣੇ ਜਾਣ ਤੇ ਲਾਡੀ ਸ਼ੇਰੋਵਾਲੀਆ ਨੇ ਕੀਤਾ ਖ਼ੁਸ਼ੀ ਦਾ ਪ੍ਰਗਟਾਵਾ



ਲੈਸਟਰ ਪੁੱਜਣ ਤੇ ਵਿਧਾਇਕ ਲਾਡੀ ਸ਼ੇਰੋਵਾਲੀਆ ਦਾ ਸਵਾਗਤ ਕਰਦੇ ਹੋਏ ਰਾਜਮਨਵਿੰਦਰ ਸਿੰਘ ਰਾਜਾ ਕੰਗ, ਲਖਬੀਰ ਸਿੰਘ ਚੱਠਾ, ਬਰਿੰਦਰ ਸਿੰਘ ਬਿੱਟੂ ਅਤੇ ਹੋਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਕਾਂਗਰਸੀ ਵਿਧਾਇਕ ਸ. ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਜੋ ਆਪਣੀ ਇਕ ਨਿੱਜੀ ਫੇਰੀ ਤੇ ਕੁਝ ਦਿਨਾਂ ਲਈ ਇੰਗਲੈਂਡ ਆਏ ਹੋਏ ਹਨ। ਉਨ੍ਹਾਂ ਦਾ ਅੱਜ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪ੍ਰਧਾਨ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਦੇ ਗ੍ਰਹਿ ਵਿਖੇ ਪੁੱਜਣ ਤੇ ਸ਼ਹਿਰ ਦੇ ਪਤਵੰਤਿਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਵਿਧਾਇਕ ਲਾਡੀ ਸ਼ੇਰੋਵਾਲੀਆ ਨੇ ਇੰਗਲੈਂਡ ਚ ਵੱਸਦੇ ਪੰਜਾਬੀਆਂ ਵੱਲੋਂ ਵੱਖ ਵੱਖ ਖੇਤਰ ਚ ਪ੍ਰਾਪਤ ਕੀਤੀਆਂ ਬੁਲੰਦੀਆਂ ਦੀ ਸ਼ਲਾਘਾ ਕਰਦਿਆਂ ਹਾਲ ਹੀ ਵਿਚ ਇੰਗਲੈਂਡ ਚ ਹੋਈਆਂ ਆਮ ਚੋਣਾਂ ਚ 10 ਤੋਂ ਵੱਧ ਪੰਜਾਬੀਆਂ ਦੇ ਮੈਂਬਰ ਪਾਰਲੀਮੈਂਟ ਚੁਣੇ ਜਾਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਦੇ ਵਿਕਾਸ ਵਿੱਚ ਵੀ ਪ੍ਰਵਾਸੀ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਦੇ ਹਾਲਾਤ ਬਹੁਤ ਹੀ ਚਿੰਤਾ ਪੂਰਵਕ ਬਣ ਚੁਕੇ ਹਨ।ਇਸ ਲਈ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਤੋਂ ਨਾਜਾਤ ਚਾਹੁੰਦੇ ਹਨ, ਅਤੇ ਸੂਬੇ ਚ ਅਮਨ ਕਾਨੂੰਨ ਦੀ ਸਥਿਤੀ ਬਹਾਲ ਰੱਖਣ ਅਤੇ ਰੋਜ਼ਗਾਰ ਸਮੇਤ ਲੋਕਾਂ ਦੀਆਂ ਹੋਰ ਲੋੜੀਂਦੀਆਂ ਪ੍ਰਦਾਨ ਕਰਨ ਵਾਲੀ ਸਰਕਾਰ ਚਾਹੁੰਦੇ ਹਨ।ਇਸ ਮੌਕੇ ਤੇ ਰਾਜ ਮਨਵਿੰਦਰ ਸਿੰਘ ਰਾਜਾ ਕੰਗ ਸ ਬਰਿੰਦਰ ਸਿੰਘ ਬਿੱਟੂ ਸ ਦਾਰਾ ਸਿੰਘ ਹੀਰ ਸ ਮੰਗਤ ਸਿੰਘ ਪਲਾਹੀ ਸ ਕੇਬੀ ਢੀਡਸਾ ਲਖਵੀਰ ਸਿੰਘ ਚੱਠਾ ਸ ਸਤਵਿੰਦਰ ਸਿੰਘ ਦਿਉਲ ਸ ਗੁਰਨਾਮ ਸਿੰਘ ਨਵਾਸ਼ਹਿਰ ਸ ਨਿਰਵੈਲ ਸਿੰਘ ਸਿੱਧੂ ਸ ਅਮਰਜੀਤ ਮਿਨਹਾਸ ਸ ਅਮਰੀਕ ਸਿੰਘ ਗਿੱਲ ਸਰਬਜੀਤ ਸਾਬੀ ਸੁਖਜਿੰਦਰ ਸਿੰਘ ਭੁਲੱਥ ਭਜਨ ਸਿੰਘ ਤੂਰ ਸ ਬੂਟਾ ਸਿੰਘ ਬੀਰਪਿੰਡ ਸਮੇਤ ਵੱਡੀ ਗਿਣਤੀ ਚ ਵੱਖ ਵੱਖ ਆਗੂ ਅਤੇ ਕਾਰੋਬਾਰੀ ਹਾਜ਼ਿਰ ਸਨ।

**ਵਿਚਾਰ :–** ਜੋ ਮਨੁੱਖ ਚੰਗਿਆਈ ਦਾ ਬਦਲਾ ਬੁਰਿਆਈ ਨਾਲ ਲਵੇ ਉਸ ਤੋਂ ਹਮੇਸ਼ਾ ਹੀ ਬਚਕੇ ਰਹੋ ।



ਰਜਿੰਦਰ ਸਿੰਘ ਪੁਰੇਵਾਲ

# ਪ੍ਰਧਾਨ ਮੰਤਰੀ ਮੋਦੀ ਦਾ ਰੂਸ ਨੂੰ ਸ਼ਾਂਤੀ ਦਾ ਸੰਦੇਸ਼

ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਸਪੱਸ਼ਟ ਸੁਨੇਹਾ ਦਿੰਦਿਆਂ ਕਿਹਾ ਕਿ ਯੂਕਰੇਨ ਵਿਵਾਦ ਦਾ ਹੱਲ ਜੰਗ ਦੇ ਮੈਦਾਨ ਵਿੱਚ ਸੰਭਵ ਨਹੀਂ ਹੈ ਅਤੇ ਬੰਬਾਂ, ਬੰਦੂਕਾਂ ਤੇ ਗੋਲੀਆਂ ਦਰਮਿਆਨ ਸ਼ਾਂਤੀ ਵਾਰਤਾ ਨਹੀਂ ਹੋ ਸਕਦੀ। ਰੂਸੀ ਰਾਸ਼ਟਰਪਤੀ ਦੇ ਦਫ਼ਤਰ 'ਕਰੈਮਲਿਨ' ਵਿੱਚ ਪੂਤਿਨ ਨਾਲ ਸਿਖਰ ਵਾਰਤਾ ਤੋਂ ਪਹਿਲਾਂ ਆਪਣੀ ਮੁੱਢਲੀ ਵਾਰਤਾ 'ਚ ਮੋਦੀ ਨੇ ਯੂਕਰੇਨ 'ਚ ਬੱਚਿਆਂ ਦੇ ਇੱਕ ਹਸਪਤਾਲ 'ਤੇ ਬੰਬ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੇਗੁਨਾਹ ਬੱਚਿਆਂ ਦੀ ਮੌਤ ਦਿਲ ਦੁਖਾਉਣ ਵਾਲੀ ਤੇ ਬਹੁਤ ਹੀ ਤਕਲੀਫ ਦੇਣ ਵਾਲੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਆਲਮੀ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ ਅਤੇ ਸੰਘਰਸ਼ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾਣਾ ਚਾਹੀਦਾ ਹੈ। ਉੱਧਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਸੰਕਟ ਦਾ ਸ਼ਾਂਤੀਪੂਰਨ ਹੱਲ ਲੱਭਣ 'ਚ ਮਦਦ ਦੀਆਂ ਕੋਸ਼ਿਸ਼ਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਇਥੇ ਜ਼ਿਕਰਯੋਗ ਹੈ ਕਿ ਮੋਦੀ ਦੋ ਰੋਜ਼ਾ ਰੂਸ ਯਾਤਰਾ 'ਤੇ ਬੀਤੇ ਦਿਨ ਮਾਸਕੋ ਪੁੱਜੇ ਸਨ ਅਤੇ ਬੀਤੇ ਦਿਨੀਂ ਉਨ੍ਹਾਂ ਪੂਤਿਨ ਨਾਲ 22ਵੀਂ ਭਾਰਤ-ਰੂਸ ਵਾਰਤਾ 'ਚ ਹਿੱਸਾ ਲਿਆ।

ਪੰਜਾਬ ਟਾਈਮਜ਼ ਵਲੋਂ ਪ੍ਰਧਾਨ ਮੰਤਰੀ ਦੇ ਸ਼ਾਂਤੀ ਦੇ ਵਿਚਾਰ ਦਾ ਠੀਕ ਫੈਸਲਾ ਹੈ । ਪਰ ਨਾਲ ਇਹ ਵੀ ਅਪੀਲ ਕਰਦੇ ਹਨ ਕਿ ਭਾਰਤ ਵਿਚ ਸਿਖਾਂ ਖਿਲਾਫ ਕਾਲੇ ਕਨੂੰਨ ਵਰਤਣੇ ਖਤਮ ਕੀਤੇ ਜਾਣ। ਰਾਜਸਥਾਨ ਦੇ ਸਿਖ ਆਗੂ ਤੇਜਿੰਦਰਪਾਲ ਸਿੰਘ ਟਿੰਮਾ ਉਪਰ ਖਾਲਿਸਤਾਨ ਦੇ ਨਾਮ ਦੇਸ਼ ਧ੍ਰੋਹ ਦੇ ਕੇਸ ਖਤਮ ਕੀਤੇ ਜਾਣ। ਸਿਖਾਂ ਖਿਲਾਫ ਨਫਰਤੀ, ਨਸਲੀ ਜੰਗ ਕਰਨ ਵਾਲੇ ਫਿਰਕੂ ਅਨਸਰਾਂ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾਵੇ। ਵਪਾਰ ਲਈ ਵਾਘਾ, ਹੁਸੈਨੀ ਵਾਲਾ ਬਾਰਡਰ ਖੋਲੇ ਜਾਣ ਬੰਦੀ ਸਿਖ ਰਿਹਾਅ ਕੀਤੇ ਜਾਣ। ਪੰਜਾਬ ਮਸਲੇ ਹਲ ਕੀਤੇ ਜਾਣ। ਅਜਿਹਾ ਕਰਕੇ ਸ਼ਾਂਤੀ ਦਾ ਆਪਣਾ ਸੰਦੇਸ਼ ਪ੍ਰਧਾਨ ਮੰਤਰੀ ਪੰਜਾਬ ਵਿਚ ਵੀ ਦੇਣ।

## ਹਾਥਰਸ ਦੇ ਪਖੰਡੀ ਬਾਬੇ ਨੂੰ ਬਚਾਉਣ ਪਿਛੇ ਸਰਕਾਰ

ਜਦੋਂ ਹਾਥਰਸ ਵਿਚ ਇਕ ਬਾਬੇ ਦੇ ਸਤਿਸੰਗ ਦੌਰਾਨ ਭਗਦੜ ਵਿਚ 125 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ ਤਾਂ ਭਾਰਤ ਦੇ ਜ਼ਿਆਦਾਤਰ ਲੋਕਾਂ ਨੂੰ ਸੂਰਜਪਾਲ ਜਾਟਵ ਉਰਫ ਭੋਲੇ ਬਾਬਾ ਬਾਰੇ ਪਤਾ ਲੱਗਾ। ਲੋਕ ਇਸ ਬਾਬੇ ਨੂੰ ਨਹੀਂ ਜਾਣਦੇ ਸਨ ਪਰ ਹੁਣ ਇਸ ਦੀ ਪੂਰੀ ਕੁੰਡਲੀ ਸਾਰੇ ਜਾਣਦੇ ਹਨ। ਸੂਰਜਪਾਲ ਪਹਿਲਾਂ ਖੇਤੀ ਕਰਦਾ ਸੀ, ਫਿਰ ਉੱਤਰ ਪ੍ਰਦੇਸ਼ ਪੁਲਿਸ ਵਿੱਚ ਭਰਤੀ ਹੋ ਗਿਆ। ਉਥੋਂ ਉਹ ਨਰਾਇਣ ਹਰੀ ਉਰਫ ਭੋਲੇ ਬਾਬਾ ਬਣ ਗਿਆ। ਸੋਚੋ, ਨਰਾਇਣ ਅਤੇ ਭੋਲੇ ਵੀ ਅਰਥਾਤ ਵਿਸ਼ਨੂੰ ਅਤੇ ਸ਼ਿਵ ਵੀ ਇੱਕ ਵਿਅਕਤੀ ਬਣ ਗਏ ! ਹੁਣ ਸਭ ਨੂੰ ਪਤਾ ਹੈ ਕਿ ਇਸ ਬਾਬੇ 'ਤੇ ਕਈ ਕੇਸ ਸਨ, ਜਿਨ੍ਹਾਂ ਵਿਚ ਇਕ ਲੜਕੀ ਨਾਲ ਛੇੜਛਾੜ ਕਰਨ ਦਾ ਵੀ ਸੀ। ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿੱਚ ਇਸ ਬਾਬੇ ਦੇ ਲੱਖਾਂ ਸ਼ਰਧਾਲੂ ਹਨ। ਬਾਬਾ ਦੇ ਅੱਠ ਆਸ਼ਰਮ ਅਤੇ ਕਰੋੜਾਂ ਦੀ ਜਾਇਦਾਦ ਦੱਸੀ ਜਾਂਦੀ ਹੈ।

ਭਗਦੜ ਕਾਰਨ ਬਾਬੇ ਦਾ ਪਤਾ ਲੱਗਾ। ਲੋਕ ਇਸ ਬਾਬੇ ਨੂੰ ਜਾਣ ਚੁੱਕੇ ਹਨ। ਪਰ ਬਹੁਤ ਸਾਰੇ ਅਜਿਹੇ ਬਾਬੇ ਹਨ ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਆਸ਼ਰਮ ਅਤੇ ਮੱਠ ਚਲਾ ਰਹੇ ਹਨ ਅਤੇ ਵੱਖ-ਵੱਖ ਜਾਤੀ ਸਮੂਹਾਂ ਦੇ ਲੋਕਾਂ ਨੂੰ ਆਪਣਾ ਸ਼ਰਧਾਲੂ ਬਣਾ ਰਹੇ ਹਨ, ਜਿਨ੍ਹਾਂ ਬਾਰੇ ਲੋਕਾਂ ਨੂੰ ਪਤਾ ਨਹੀਂ ਹੈ। ਬਾਬਾ ਸੂਰਜਪਾਲ ਨੇ ਮ੍ਰਿਤਕਾਂ ਵਿੱਚ ਜਾਨ ਫੂਕ ਦੇਣ ਦਾ ਦਾਅਵਾ ਕੀਤਾ ਸੀ, ਜਿਸ ਲਈ ਕੇਸ ਦਰਜ ਕੀਤਾ ਗਿਆ ਸੀ।

ਸ਼ਰਧਾਲੂਆਂ ਦੀ ਅੰਧਵਿਸ਼ਵਾਸੀ ਤੇ ਕਰਮਕਾਂਡੀ ਭੀੜ ਬਾਬਾ ਦੇ ਚਮਤਕਾਰਾਂ ਨੂੰ ਮੰਨਦੀ ਹੈ। ਸ਼ਰਧਾਲੂਆਂ ਦਾ ਕਹਿਣਾ ਹੈ ਕਿ ਬਾਬਾ ਨੇ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਸ੍ਰਿਸ਼ਟੀ ਦੇ ਮਾਲਕ ਹਨ ਪਰ ਉਹ ਭਗਦੜ ਵਿਚ ਹੋਈਆਂ ਮੌਤਾਂ ਲਈ ਉਸ ਨੂੰ ਜ਼ਿੰਮੇਵਾਰ ਨਹੀਂ ਠਹਿਰਾਉਂਦੇ ਅਤੇ ਨਾ ਹੀ ਉਨ੍ਹਾਂ ਕਿਹਾ ਗਿਆ ਕਿ ਉਹ ਇਸ ਹਾਦਸੇ ਵਿਚ ਮਰਿਆਂ ਨੂੰ ਜਿਉਂਦਾ ਕਰਕੇ ਦਿਖਾਏ।

ਬੀਤੇ ਕੁਛ ਸਾਲਾਂ ਦੌਰਾਨ ਇਹ ਇੱਕ ਹੈਰਾਨੀਜਨਕ ਅਤੇ ਅਵਿਸ਼ਵਾਸ਼ਯੋਗ ਵਰਤਾਰਾ ਹੈ ਪਰ ਭਾਰਤ ਵਿੱਚ ਹਰ 50 ਕਿਲੋਮੀਟਰ ਪਿੱਛੇ ਕੋਈ ਨਾ ਕੋਈ ਬਾਬਾ ਆਸ਼ਰਮ ਬਣ ਰਿਹਾ ਹੈ ਅਤੇ ਸ਼ਰਧਾਲੂ ਉਨ੍ਹਾਂ ਦੇ ਚਰਨਾਂ ਵਿੱਚ ਧੂੜ ਪਾਉਣ ਲਈ ਆਪਣੀਆਂ ਜਾਨਾਂ ਵਾਰ ਰਹੇ ਹਨ। ਜਿਸ ਬਾਬੇ ਦਾ ਆਸ਼ਰਮ ਨਹੀਂ ਉਹ ਇੰਟਰਨੈੱਟ ਦੀ ਦੁਨੀਆ ਵਿੱਚ ਹੈ। ਉਹ ਸੋਸ਼ਲ ਮੀਡੀਆ 'ਤੇ ਸ਼ਰਧਾਲੂਆਂ ਨੂੰ ਚਮਤਕਾਰੀ ਸੁਝਾਅ ਦੇ ਰਿਹਾ ਹੈ। ਸਪੱਸ਼ਟ ਹੈ ਕਿ ਡੇਰਾਵਾਦੀ ਪਰੰਪਰਾ ਦਾ ਧਰਮ ਨਾਲ ਉਕਾ ਵਾਸਤਾ ਨਹੀਂ ਹੈ, ਇਹ ਭਾਰਤੀ ਮਨੁੱਖ ਦੇ ਅੰਧ-ਵਿਸ਼ਵਾਸ ਤੇ ਖਪਤਕਾਰੀ ਸੱਭਿਅਤਾ ਦੀ ਉਪਜ ਹੈ ਜੋ ਕਿ 'ਧਰਮ' ਦਾ ਰੂਪ ਧਾਰਨ ਕਰਕੇ ਭਾਰਤੀ ਸਮਾਜ ਦਾ ਸ਼ੋਸ਼ਣ ਕਰ ਰਹੀ ਹੈ, ਜਿਸ ਵਿਚੋਂ ਹਰੇਕ ਤਰ੍ਹਾਂ ਦਾ ਸ਼ੋਸ਼ਣ, ਅਡੰਬਰ, ਕਰਮਕਾਡਾਂ, ਅੰਧ-ਵਿਸ਼ਵਾਸ ਪੈਦਾ ਹੋ ਰਹੇ ਹਨ, ਜਿਸ ਦਾ ਵਿਗਿਆਨਕ ਯੁੱਗ ਨਾਲ ਦੂਰ ਦਾ ਵਾਸਤਾ ਨਹੀਂ। ਦਰਅਸਲ ਸਾਡੇ ਦੇਸ ਦੀ ਭੋਲੀ ਭਾਲੀ ਜਨਤਾ ਇਨ੍ਹਾਂ ਪਾਖੰਡੀਆਂ ਦੇ ਰੰਗ ਰੂਪ, ਵੇਸਭੂਸ਼ਾ ਤੇ ਪਾਖੰਡੀ ਸਵਰੂਪ ਦੇ ਭਰਮ ਜਾਲ੍ਹਾਂ ਵਿੱਚ ਜਲਦੀ ਫਸ ਜਾਂਦੀ ਹੈ। ਬਾਕੀ ਰਹੀ ਗਈ ਕਸਰ ਸਾਡੇ ਸਿਆਸਤਦਾਨ ਇਹ ਕਹਿ ਕੇ ਪੂਰੀ ਕਰ ਦਿੰਦੇ ਹਨ ਕਿ ਬਾਬਾ ਜੀ ਦੇ ਦਰਸ਼ਨ ਕਰਕੇ ਬਹੁਤ ਸ਼ਾਂਤੀ ਮਿਲਦੀ ਹੈ ਤੇ ਬਾਬਾ ਜੀ ਬਹੁਤ ਪਹੁੰਚੀ ਹੋਈ ਹਸਤੀ ਹਨ। ਇਸ ਸ਼ਕਤੀ ਸਦਕਾ ਹੀ ਇਨ੍ਹਾਂ ਡੇਰਾਵਾਦੀਆਂ ਦੇ ਹੌਂਸਲੇ ਵਧੇ ਹੋਏ ਹਨ ਤੇ ਉਹ ਕੋਈ ਵੀ ਕਰਾਈਮ ਕਰਨ ਤੋਂ ਨਹੀਂ ਹਿਚਕਚਾਉਂਦੇ। ਇਹ ਵਿਵਸਥਾ ਸਮਾਜ ਦੇ ਵਿਕਾਸ ਤੇ ਲੋਕਤੰਤਰ ਪ੍ਰਬੰਧ ਲਈ ਘਾਤਕ ਹੈ। ਇਸ ਸੰਬੰਧ ਵਿੱਚ ਧਰਮ, ਜਾਤ ਤੋਂ ਉੱਪਰ ਉੱਠ ਕੇ ਜਾਗ੍ਰਿਤੀ ਲਹਿਰ ਚਲਾਉਣ ਦੀ ਲੋੜ ਹੈ ਤਾਂ ਜੋ ਧਰਮ ਦਾ ਅਮਲੀ ਰੂਪ ਪ੍ਰਗਟ ਹੋ ਸਕੇ ਤੇ ਸਮਾਜ ਪ੍ਰਗਤੀ ਦੀਆਂ ਲੀਹਾਂ ਵੱਲ ਜਾ ਸਕੇ। **-ਰਜਿੰਦਰ ਸਿੰਘ ਪੁਰੇਵਾਲ**

# NEWS & VIEWS

# UK GENERAL ELECTION 2024: VICTORY OF ANGLO-SIKH RELATIONS AND SHARED VALUES



Gurmukh Singh
OBE

A diaspora Sikh compared the Sikh political breakthrough in the UK with *the Jewish people who have made inroads into the very fabric of many nations globally over many centuries.*

British Sikhs are celebrating a political breakthrough with the election of *about* 10 Sikh MPs. The missing *Singh* or *Kaur* from some names and their *Indian background* insisted on by the Indian media add uncertainty to exact *Sikh* number.

It is regrettable, that instead of celebrating Sikh election success, some in the Indian media are more concerned about other issues best dealt with by the application of the rule of law in any true democracy. One Indian journalist expressed concern as follows: *With Labour in power, will India have an adversarial government in the UK which will disregard its security concerns, especially regarding the issue of Khalistan, amid uncooperative postures of Canada and the US over Khalistani activities in those countries.* This is a typical narrow-minded knee-jerk reaction of some misguided Indian journalists with a fixation on the issue of Khalistan. It shows a remarkable lack of self-confidence in own democracy in which minorities should feel secure.

The role of gurdwaras as community *miri-piri* centres in the Sikh diaspora has been strong and much Sikh political success is owed to the enlightened *parbandhaks.* Sikhi values and way of life have impressed senior politicians visiting gurdwaras. The non-discriminatory gurdwara institutions of *Sangat* and *Pangat* have found expression outside gurdwaras for the benefit of the wider community – nationally and internationally.

As mentioned in this column before, there is little doubt that British Sikh success in politics also owes much to the continual focus on Sikh issues provided by the three Sikh Manifestos since 2015 widely circulated to Parliamentarians across political parties. Today, Sikh and non-Sikh MPs are better informed about these issues. Even if not united around the ideal of one Panthic table, general Sikh awareness of issues which concern them has been provided. Like all *nishkam* Panthic *sewa*, names of dedicated individuals and jathebandis behind such initiatives are of little consequence. Sikh tradition of issues-based Sikh political objectives, goes back to the 18th century Misl period.

In addition to their performance as MPs representing *all* communities and contributing to Parliamentary debates regarding national and international issues, Sikh MPs are also expected to be accountable to own community for legitimate Sikh issues raised in the Sikh Manifesto. It would be advisable for them to familiarise themselves with these and provide continual accountability when visiting gurdwaras and other Sikh centres (see link to Sikh Manifesto*). Their visibility and quality of contribution in the Parliament will be an incentive for next Sikh generations to consider careers in politics. We hope for similar visible Sikh presence in national media and journalism, missing at the moment.

Finally, the lesson for some Sikh pseudo-scholars and those influential with the establishment is clear. Despite some exceptions, they have been out of touch with grassroots and even resentful of those raising grassroots level concerns through lobbying and at government forums. Some have seen British Sikh unity around one table as a challenge to own positions. That is regrettable.

We hope we can move on now that Sikh ethno-religious (*miri-piri qaumi*) identity through Anglo-Sikh relations has been established in the multi-cultural UK Parliament. Proof will continue to be given over the years of shared Sikh and British values.

[Sikh Manifesto links: https://www.sikhmissionarysociety.org/
Links to earlier manifestos under *Articles on Sikh Ideology and Identity*.]

**Gurmukh Singh OBE,** Ret'd Principal Civil Servant (UK) sewauk2005@yahoo.co.uk

# ਬਰਤਾਨਵੀ ਚੋਣਾਂ 'ਚ 14 ਸਾਲਾਂ ਬਾਅਦ ਲੇਬਰ ਪਾਰਟੀ ਦੀ ਹੂੰਝਾਂ ਫੇਰ ਜਿੱਤ

## ਕੀਰ ਸਟਾਰਮਰ ਬਣੇ ਪ੍ਰਧਾਨ ਮੰਤਰੀ, ਲੇਬਰ ਪਾਰਟੀ ਵੱਲੋਂ 13 ਪੰਜਾਬੀ ਸੰਸਦੀ ਚੋਣਾਂ ਜਿੱਤੇ

## ਪਹਿਲੀ ਵਾਰ 4 ਦਸਤਾਰਧਾਰੀ ਸਿੱਖ ਅਤੇ 5 ਸਿੱਖ ਪ੍ਰੀਵਾਰਾਂ ਨਾਲ ਸਬੰਧਤ ਬੀਬੀਆਂ ਬਣੀਆਂ ਸਾਂਸਦ



ਚੋਣਾਂ ਜਿੱਤਣ ਵਾਲੇ ਪੰਜਾਬੀ ਅਤੇ ਭਾਰਤੀ ਮੂਲ ਦੇ ਸਾਂਸਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਚੋਣ ਨਤੀਜਿਆਂ ਵਿਚ ਲੇਬਰ ਪਾਰਟੀ ਦੀ 14 ਸਾਲਾਂ ਬਾਅਦ ਹੋਈ ਹੂੰਝਾ ਫੇਰ ਜਿੱਤ ਨੇ ਸੰਭਾਵੀ ਨਤੀਜਿਆਂ ਨੂੰ ਸੱਚ ਕਰ ਵਿਖਾਇਆ ਹੈ। ਲੇਬਰ ਪਾਰਟੀ ਦੇ ਮੁੱਖੀ ਕੀਰ ਸਟਾਰਮਰ ਹੁਣ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਭਾਵੇਂ ਰਿਚਮੰਡ ਐਂਡ ਨੌਰਥਾਲਰਟਨ ਸੀਟ ਤੋਂ 23059 ਵੋਟਾਂ ਪ੍ਰਾਪਤ ਕਰਕੇ ਜਿੱਤ ਗਏ ਹਨ, ਪਰ ਉਹਨਾਂ ਨੇ ਪਾਰਟੀ ਦੀ ਹਾਰ ਦੀ ਜਿੰਮੇਂਵਾਰੀ ਲੈਂਦਿਆਂ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਹਨਾਂ ਆਪਣਾ ਅਸਤੀਫਾ ਬਕਿੰਘਮ ਪੈਲਿਸ ਵਿਖੇ ਪਹੁੰਚ ਕੇ ਮਹਾਰਾਜਾ ਚਾਰਲਸ ਨੂੰ ਸੌਂਪਿਆ। ਰਿਸ਼ੀ ਸੁਨਕ ਨੇ ਲੇਬਰ ਨੇਤਾ ਕੀਰ ਸਟਾਰਮਰ ਨੂੰ ਵਧਾਈ ਦਿੰਦਿਆਂ ਸ਼ੁਭਕਾਮਨਾਵਾਂ ਦਿੱਤੀਆਂ।


650 ਸੀਟਾਂ ਵਿੱਚੋਂ 412 ਸੀਟਾਂ ਲੇਬਰ ਪਾਰਟੀ ਨੂੰ, 121 ਸੀਟਾਂ ਕੰਜ਼ਰਵੇਟਿਵ ਨੂੰ, 72 ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ, 9 ਸਕਾਟਿਸ਼ ਨੈਸ਼ਨਲ ਪਾਰਟੀ ਨੂੰ ਅਤੇ ਸਿਨਫਿਨ ਨੂੰ 7 ਮਿਲੀਆਂ ਹਨ। ਜਦ ਕਿ 29 ਹੋਰ ਜਿੱਤੇ ਹਨ। ਲੇਬਰ ਪਾਰਟੀ ਨੂੰ ਜਿੱਥੇ 211 ਸੀਟਾਂ ਦਾ ਲਾਭ ਹੋਇਆ ਹੈ, ਉੱਥੇ ਹੀ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ 64 ਦਾ ਲਾਭ ਹੋਇਆ, ਜਦ ਕਿ ਕੰਜ਼ਰਵੇਟਿਵ ਪਾਰਟੀ ਨੂੰ 251 ਸੀਟਾਂ ਦਾ ਨੁਕਸਾਨ ਅਤੇ ਸਕਾਟਿਸ਼ ਨੈਸ਼ਨਲ ਪਾਰਟੀ ਨੂੰ 39 ਸੀਟਾਂ ਦਾ ਵੱਡਾ ਨੁਕਸਾਨ ਹੋਇਆ ਹੈ।

### ਕਈ ਇਤਿਹਾਸ ਬਣੇ

ਇਹ ਪਹਿਲੀ ਵਾਰ ਹੈ ਜਦੋਂ ਬਰਤਾਨੀਆਂ ਦੀ ਸੰਸਦ ਵਿਚ 4 ਦਸਤਾਰਧਾਰੀ ਸਿੱਖ ਸੰਸਦ ਹੋਣਗੇ ਅਤੇ ਇਸ ਦੇ ਨਾਲ ਹੀ 5 ਸਿੱਖ ਬੀਬੀਆਂ ਵੀ ਸੰਸਦ ਵਿਚ ਬੈਠਣਗੀਆਂ। ਇਹ ਪਹਿਲੀ ਵਾਰ ਹੈ ਜਦੋਂ ਲੇਬਰ ਪਾਰਟੀ ਵੱਲੋਂ 12 ਪੰਜਾਬੀ ਮੂਲ ਦੇ ਉਮੀਦਵਾਰ ਚੋਣ ਜਿੱਤੇ ਹਨ। 1950 ਤੋਂ ਬਾਅਦ ਅਜ਼ਾਦ ਸੰਸਦ ਮੈਂਬਰਾਂ ਦੀ ਗਿਣਤੀ ਵੀ ਪਹਿਲੀ ਵਾਰ ਵਧੀ ਹੈ, ਜਿਹਨਾਂ ਵਿਚ ਸਾਬਕਾ ਲੇਬਰ ਨੇਤਾ ਜੈਰਮੀ ਕੋਰਬਿਨ ਵੀ ਸ਼ਾਮਿਲ ਹਨ। ਲੰਡਨ ਦੀ ਹੈਂਡਨ ਸੀਟ ਦੀ ਦੋ ਵਾਰ ਹੋਈ ਗਿਣਤੀ ਤੋਂ ਬਾਅਦ ਲੇਬਰ ਪਾਰਟੀ ਦੇ ਡੇਵਿਡ ਪਿੰਟੋ-ਡੁਚਿੰਸਕੀ ਨੇ ਸਿਰਫ 15 ਵੋਟਾਂ ਨਾਲ ਜਿੱਤ ਦਰਜ਼ ਕੀਤੀ ਹੈ।

### ਪੰਜਾਬੀ ਸੰਸਦ ਮੈਂਬਰਾਂ ਦੀ ਗਿਣਤੀ ਵਿੱਚ ਹੋਇਆ ਵੱਡਾ ਵਾਧਾ

ਇਹ ਪਹਿਲੀ ਵਾਰ ਹੈ ਜਦੋਂ 4 ਦਸਤਾਰਧਾਰੀ ਸਿੱਖ ਅਤੇ 5 ਸਿੱਖ ਬੀਬੀਆਂ ਸਮੇਤ 13 ਪੰਜਾਬੀ ਮੂਲ ਦੇ ਸਾਂਸਦਾਂ ਨੇ ਲੇਬਰ ਪਾਰਟੀ ਵੱਲੋਂ ਇਤਿਹਾਸਕ ਜਿੱਤ ਦਰਜ਼ ਕੀਤੀ ਹੈ। ਜਿਹਨਾਂ ਵਿੱਚ ਐਮ ਪੀ ਸੀਮਾ ਮਲਹੋਤਰਾ ਨੇ ਹੈਸਟਨ ਫੈਲਥਨਮ ਹਲਕੇ ਤੋਂ 16139 ਵੋਟਾਂ ਪ੍ਰਾਪਤ ਕਰਕੇ 7944 ਵੋਟਾਂ ਨਾਲ ਜਿੱਤ ਦਰਜ਼ ਕੀਤੀ, ਐਮ ਪੀ ਤਨਮਨਜੀਤ ਸਿੰਘ ਢੇਸੀ ਤੀਜੀ ਵਾਰ ਸੰਸਦ ਬਣੇ ਅਤੇ ਸਲੋਹ ਹਲਕੇ ਤੋਂ 14666 ਵੋਟਾਂ ਪ੍ਰਾਪਤ ਕਰਕੇ 3647 ਵੋਟਾਂ ਨਾਲ ਜਿੱਤ ਹਾਸਿਲ ਕੀਤੀ, ਪ੍ਰੀਤ ਕੌਰ ਗਿੱਲ ਵੀ ਬ੍ਰਮਿੰਘਮ ਐਜ਼ਬਾਸਟਨ ਤੋਂ ਤੀਜੀ ਵਾਰ ਚੋਣ ਜਿੱਤੇ ਹਨ ਉਹਨਾਂ 16599 ਵੋਟਾਂ ਹਾਸਿਲ ਕੀਤੀਆਂ ਅਤੇ ਆਪਣੇ ਨਿਕਟ ਵਿਰੋਧੀ ਨੂੰ 8368 ਵੋਟਾਂ ਦੇ ਫਰਕ ਨਾਲ ਹਰਾਇਆ, ਸਮੈਦਿਕ ਤੋਂ ਗੁਰਿੰਦਰ ਸਿੰਘ ਜੋਸ਼ਨ ਪਹਿਲੀ ਵਾਰ ਸੰਸਦ ਬਣੇ ਹਨ ਜਿਹਨਾਂ ਨੇ 16858 ਵੋਟਾਂ ਪ੍ਰਾਪਤ ਕਰਕੇ 11188 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ, ਇਲਫੋਰਡ ਦੱਖਣੀ ਤੋਂ ਜਸਬੀਰ ਸਿੰਘ ਅਠਵਾਲ ਨੇ 16537 ਵੋਟਾਂ ਪ੍ਰਾਪਤ ਕਰਕੇ 6894 ਵੋਟਾਂ ਨਾਲ ਕਾਮਯਾਬੀ ਹੋਏ, ਸਾਊਥਹੈਂਪਟਨ ਟੈਸਟ ਤੋਂ ਸਤਵੀਰ ਕੌਰ ਨੇ 15945 ਵੋਟਾਂ ਹਾਸਲ ਕੀਤੀਆਂ ਅਤੇ ਨਿਕਟ ਵਿਰੋਧੀ ਨੂੰ 9333 ਵੋਟਾਂ ਨਾਲ ਹਰਾਇਆ, ਡਰਬੀ ਦੱਖਣੀ ਤੋਂ ਬਾਗੀ ਸ਼ੰਕਰ ਨੇ 14503 ਵੋਟਾਂ ਪ੍ਰਾਪਤ ਕਰਕੇ 6002 ਦੇ ਫਰਕ ਨਾਲ ਜਿੱਤ ਦਰਜ਼ ਕੀਤੀ। ਇਸ ਤੋਂ ਇਲਾਵਾ ਹਰਡਜ਼ਫੀਲਡ ਤੋਂ ਹਰਪ੍ਰੀਤ ਕੌਰ ਉੱਪਲ ਨੇ 15101, ਵੁਲਵਰਹੈਂਪਟਨ ਪੱਛਮੀ ਤੋਂ ਵਰਿੰਦਰ ਸਿੰਘ ਜੱਸ ਨੇ 19331, ਲਾਫਬਾਰੋ ਤੋਂ ਜੀਵਨ ਸਿੰਘ ਸੰਧਰ ਨੇ 17249, ਬੋਲਟਨ ਉੱਤਰੀ ਤੋਂ ਕੀਰਥ ਐਂਟਵੀਸਲਾ ਨੇ 16166, ਡਡਲੀ ਤੋਂ ਸੋਨੀਆ ਕੁਮਾਰ ਨੇ 12215 ਵੋਟਾਂ ਪ੍ਰਾਪਤ ਕਰਕੇ ਜਿੱਤ ਹਾਸਿਲ ਕੀਤੀ ਹੈ। ਕੰਜ਼ਰਵੇਟਿਵ ਪਾਰਟੀ ਵੱਲੋਂ ਪੰਜਾਬੀ ਮੂਲ ਦੇ ਗਗਨ ਮਹਿੰਦਰਾ ਮੁੜ ਸੰਸਦ ਚੁਣੇ ਗਏ ਹਨ।



ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਬਕਿੰਘਮ ਪੈਲਿਸ ਵਿਖੇ ਮਹਾਰਾਜਾ ਚਾਰਲਸ ਨੂੰ ਮਿਲਦੇ ਹੋਏ

ਕੰਜ਼ਰਵੇਟਿਵ ਪਾਰਟੀ ਵੱਲੋਂ ਪੰਜਾਬੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਰਿਚਮੰਡ ਐਂਡ ਨੌਰਥਾਲਰਟਨ ਸੀਟ ਤੋਂ 23059 ਵੋਟਾਂ ਪ੍ਰਾਪਤ ਕਰਕੇ ਜਿੱਤ ਦਰਜ਼ ਕੀਤੀ ਹੈ ਇਸ ਤੋਂ ਇਲਾਵਾ ਗੁਜ਼ਰਾਤੀ ਮੂਲ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਵਿਟਹੈਮ 18827, ਸਾਬਕਾ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਫੇਅਰਹੈਮ ਹਲਕੇ ਤੋਂ 17561 ਤੋਂ ਜਿੱਤ ਦਰਜ਼ ਕੀਤੀ। ਜਦ ਕਿ ਲੈਸਟਰ ਪੱਛਮੀ ਵਿੱਚ ਮੁਕਾਬਲਾ ਬਹੁਤ ਹੀ ਦਿਲਚਸਪ ਰਿਹਾ 37 ਸਾਲਾ ਇਤਿਹਾਸ ਵਿੱਚ ਪਹਿਲੀ ਵਾਰ ਇਥੋਂ ਭਾਰਤੀ ਮੂਲ ਦੀ ਸ਼ਿਵਾਨੀ ਰਾਜਾ ਨੇ 14526 ਵੋਟਾਂ ਪ੍ਰਾਪਤ ਕਰਕੇ ਲੇਬਰ ਪਾਰਟੀ ਦੇ ਉਮੀਦਵਾਰ ਉਘੇਕਾਰੋਬਾਰੀ ਅਤੇ ਲੰਡਨ ਦੇ ਸਾਬਕਾ ਡਿਪਟੀ ਮੇਅਰ ਰਾਜੇਸ਼ ਅਗਰਵਾਲ ਨੂੰ ਹਰਾਇਆ ਹੈ। ਰਜੇਸ਼ ਨੂੰ 10100 ਵੋਟਾਂ ਮਿਲੀਆਂ ਸਨ। ਇਥੇ ਜਿਕਰਯੋਗ ਹੈ ਕਿ ਬਰਤਾਨਵੀ ਸਿਆਸਤ ਵਿੱਚ ਸਭ ਤੋਂ ਲੰਮਾਂ ਸਮਾਂ ਸੰਸਦ ਮੈਂਬਰ ਰਹਿਣ ਦਾ ਇਤਿਹਾਸ ਬਣਾਉਣ ਵਾਲੇ ਅਤੇ 40 ਸਾਲ ਲੈਸਟਰ ਦੇ ਸਭ ਤੋਂ ਵੱਧ ਪ੍ਰਭਾਵੀ ਸਿਆਸਤਦਾਨ ਰਹੇ ਕੀਥ ਵਾਜ਼ ਨੂੰ ਸਿਰਫ 3681 ਵੋਟਾਂ ਹੀ ਮਿਲੀਆਂ। ਕੀਥ ਵਾਜ਼ ਤੇ ਲੱਗੇ ਕਈ ਦੋਸ਼ਾਂ ਕਾਰਨ ਉਹਨਾਂ ਨੂੰ ਸੰਸਦ ਤੋਂ 6 ਮਹੀਨੇ ਲਈ ਮੁਅੱਤਲ ਵੀ ਕਰ ਦਿੱਤਾ ਸੀ। ਭਾਰਤੀ ਮੂਲ ਦੀ ਵਲੇਰੀ ਵਾਜ਼ ਲੇਬਰ ਪਾਰਟੀ ਵੱਲੋਂ ਵਾਲਸਾਲ ਐਂਡ ਬਲੌਕਸਵਿਚ ਤੋਂ 5ਵੀਂ ਵਾਰ ਸੰਸਦ ਚੁਣੀ ਗਈ ਹੈ। ਵੇਲਜ਼ ਦੀ ਗਲੈਮੋਰਗਨ ਵਾਦੀ ਤੋਂ ਕਨਿਸ਼ਕ ਨਰਾਇਣ ਲੇਬਰ ਪਾਰਟੀ ਤੋਂ ਜਿੱਤੇ ਹਨ। ਉਹ ਪਹਿਲੇ ਇਕੋ ਇੱਕ ਸਾਂਸਦ ਹਨ ਜੋ ਗੈਰ ਗੋਰੇ ਹਨ, ਨਰਾਇਣ ਦਾ ਜਨਮ ਭਾਰਤ ਵਿੱਚ ਹੋਇਆ ਅਤੇ ਉਹ ਅਰਥ ਸ਼ਾਸ਼ਤਰੀ ਹਨ। ਇਥੇ ਹੀ ਬੱਸ ਨਹੀਂ ਵੇਲਜ਼ ਵਿੱਚੋਂ ਕੰਜ਼ਰਵੇਟਿਵ ਪਾਰਟੀ ਨੂੰ ਇੱਕ ਵੀ ਸੀਟ ਨਹੀਂ ਮਿਲੀ।

### ਸਾਬਕਾ ਪ੍ਰਧਾਨ ਮੰਤਰੀ ਲਿਜ਼ ਟਰੱਸਟ ਸਮੇਤ

ਸਾਬਕਾ ਪ੍ਰਧਾਨ ਮੰਤਰੀ ਲਿਜ਼ ਟਰੱਸ ਸਮੇਤ ਕੰਜ਼ਰਵੇਟਿਵ ਪਾਰਟੀ ਦੇ ਕਈ ਮੰਤਰੀ ਅਤੇ ਸੀਨੀਅਰ ਨੇਤਾ ਵੀ ਆਪਣੀ ਸੀਟ ਨਹੀਂ ਬਚਾ ਸਕੇ। ਇਥੋਂ ਤੱਕ ਕਿ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਭਾਵੇਂ ਖੁਦ ਚੋਣ ਨਹੀਂ ਲੜ ਰਹੇ ਸਨ, ਪਰ ਉਹਨਾਂ ਦੀ ਸੀਟ ਵੀ ਲੇਬਰ ਨੇ ਖੋਹ ਲਈ ਹੈ। ਕੰਜ਼ਰਵੇਟਿਵ ਪਾਰਟੀ ਦੇ ਵੱਡੇ ਨੇਤਾ ਅਤੇ ਮੰਤਰੀ ਜੈਕਬ ਰੀਸ ਮੌਗ, ਰੱਖਿਆ ਮੰਤਰੀ ਗ੍ਰਾਂਟ ਸ਼ੈਪਸ, ਅਲੈਕਸ ਚਾਕ, ਗਿਲੀਅਨ ਕੀਗਨ, ਸਾਈਮਨ ਹਾਰਟ, ਜੌਨੀ ਮਰਸਰ, ਪੈਨੀ ਮੋਰਡੌਂਟ, ਮਾਰਕ ਹਾਰਪਰ, ਲੂਸੀ ਫਰੇਜ਼ਰ ਵੀ ਆਪਣੀਆਂ ਸੀਟਾਂ ਨਹੀਂ ਬਚਾ ਸਕੇ।



ਦੇਸ਼ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਹਨਾਂ ਦੀ ਪਤਨੀ ਅਕਸ਼ਤਾ ਮੂਰਤੀ

# ਜੈਤੋਂ ਦੇ ਮੋਰਚੇ ਦੇ 100 ਸਾਲ ਅਤੇ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਗੁਰੂ ਨਾਨਕ ਗਰੀਬ ਨਿਵਾਜ, ਸਪ੍ਰਿੰਗਫੀਲਡ ਵਿਖੇ 12, 13, 14 ਜੁਲਾਈ ਨੂੰ ਪ੍ਰਕਾਸ਼ ਸਮਾਗਮ



# ਆਪਣੇ ਆਪ ਨੂੰ ਜਿਉਂਦਾ ਰੱਬ ਹੋਣ ਦਾ ਦਾਅਵਾ ਕਰਨ ਵਾਲਾ ਰਾਜਿੰਦਰ ਕਾਲੀਆ ਜਿਨਸ਼ੀ ਸੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਅਦਾਲਤ ਵਿੱਚ

***ਕਵੈਂਟਰੀ – ਇੰਗਲੈਂਡ ਵਿੱਚ ਛੱਪਦੇ ਅੰਗ੍ਰੇਜ਼ੀ ਅਖ਼ਬਾਰ ਮੈਟਰੋ ਵਿੱਚ 2 ਜੁਲਾਈ 2024 ਨੂੰ ਛਪੀ ਖ਼ਬਰ ਦਸੱਦੀ ਹੈ ਕਿ ਕਵੈਂਟਰੀ ਸਥਿਤ ਬਾਬਾ ਬਾਲਕ ਨਾਥ ਮੰਦਰ ਦੇ ਮੁਖੀ ਰਾਜਿੰਦਰ ਕਾਲੀਆ ਨੂੰ ਆਪਣੀਆਂ ਚਾਰ ਸ਼ਰਧਾਲੂ ਔਰਤਾਂ ਦੇ ਜਿਨਸੀ ਸੋਸ਼ਣ ਅਤੇ ਹੋਰ ਕਈ ਦਾਅਵਿਆਂ ਦੇ ਕੇਸ ਲਈ ਲੰਡਨ ਹਾਈਕੋਰਟ ਦੇ ਸਾਹਮਣੇ ਪੇਸ਼ ਹੋਣਾ ਪੈ ਰਿਹਾ ਹੈ।***

ਮੈਟਰੋ ਅਖ਼ਬਾਰ ਦੀ ਖ਼ਬਰ ਅਨੁਸਾਰ ਕਾਲੀਆ ਦੀਆਂ ਚਾਰ ਸ਼ਰਧਾਲੂ ਔਰਤਾਂ ਨੇ ਹਾਈਕੋਰਟ ਵਿੱਚ ਦਾਅਵਾ ਕੀਤਾ ਸੀ ਕਿ ਕਾਲੀਆ ਨੇ ਇਕ ਲੰਬੇ ਅਰਸੇ ਤੱਕ ਉਨ੍ਹਾਂ ਦਾ ਜਿਨਸੀ ਸੋਸ਼ਣ ਕੀਤਾ ਹੈ। ਇਨ੍ਹਾਂ ਚਾਰ ਔਰਤਾਂ ਵਿੱਚੋਂ ਇਕ ਔਰਤ ਨੇ ਦੋਸ਼ ਲਾਇਆ ਹੈ ਕਿ ਉਸ ਦਾ ਪਿਛਲੇ ਦੋ ਦਹਾਕਿਆਂ ਤੋਂ ਜ਼ਿਆਦਾ ਸਮੇਂ ਵਿੱਚ ਲਗਪਗ 1320 ਵਾਰ ਸਰੀਰਿਕ ਸੋਸ਼ਣ ਕੀਤਾ ਗਿਆ।

ਦੂਸਰੀ ਔਰਤ ਨੇ ਕਿਹਾ ਕਿ ਉਸ ਨੂੰ ਨਾਬਾਲਗ ਉਮਰ ਤੋਂ ਹੀ ਜਿਨਸੀ ਛੇੜਛਾੜ ਸਹਿਣੀ ਪਈ, ਜਿਸ ਕਰਕੇ ਉਹ ਆਪਣੇ ਸਕੂਲ ਦੇ ਇਮਤਿਹਾਨਾਂ ਵਿੱਚ ਫੇਲ੍ਹ ਹੁੰਦੀ ਰਹੀ।

ਤੀਸਰੀ ਔਰਤ ਨੇ ਕਿਹਾ ਕਿ ਉਸ ਦਾ ਕੁਆਰਾਪਣ ਕਾਲੀਏ ਦੁਆਰਾ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੇ ਇਕ ਹੋਟਲ ਵਿੱਚ ਬਲਾਤਕਾਰ ਕਰਕੇ ਭੰਗ ਕੀਤਾ ਗਿਆ।

ਚੌਥੀ ਔਰਤ ਨੇ ਕਿਹਾ ਕਿ ਜਦੋਂ ਉਹ ਸਿਰਫ ਚਾਰ ਸਾਲਾਂ ਦੀ ਸੀ ਕਾਲੀਆ ਉਸ ਨੂੰ ਗਲਤ ਢੰਗ ਨਾਲ ਚੁੰਮਦਾ ਅਤੇ ਜੱਫੀਆਂ ਪਾਉਂਦਾ ਸੀ ਅਤੇ ਅੱਲ੍ਹੜ ਉਮਰੇ ਹੀ ਉਸ ਨੇ ਉਸ ਦਾ ਕੁਆਰਾਪਣ ਭੰਗ ਕਰ ਦਿੱਤਾ।

ਇਨ੍ਹਾਂ ਚਾਰ ਔਰਤਾਂ ਤੋਂ ਇਲਾਵਾ ਤਿੰਨ ਹੋਰ ਵਿਅਕਤੀਆਂ ਨੇ ਕੋਰਟ ਵਿੱਚ ਦਾਅਵਾ ਕੀਤਾ ਹੈ ਕਿ ਜਦ ਤੱਕ ਉਹ ਕਾਲੀਏ ਦੇ ਮੰਦਰ ਜਾਂਦੇ ਰਹੇ ਉਸ ਨੇ ਉਨ੍ਹਾਂ ਕੋਲੋਂ ਲੱਖਾਂ ਪੌਂਡ ਹੜੱਪ ਲਏ।

ਕੋਰਟ ਨੂੰ ਦੱਸਿਆ ਗਿਆ ਕਿ ਕਾਲੀ–ਆ ਆਪਣੇ ਸ਼ਰਧਾਲੂਆਂ ਨੂੰ ਦੱਸਦਾ ਸੀ ਕਿ ਉਹ ਚਮਤਕਾਰ ਕਰ ਸਕਦਾ ਹੈ ਜਿਵੇਂ ਕਿ ਪਾਣੀ ਨੂੰ ਅੱਗ ਲਾਉਣੀ ਅਤੇ ਨਿੰਬੂ ਵਿੱਚੋਂ ਖ਼ੂਨ ਨਿਚੋੜਨਾ। ਦਾਅਵੇਦਾਰਾਂ ਵਿੱਚੋਂ ਇਕ ਨੇ ਕਿਹਾ ਕਿ ਉਹ ਉਸ ਨੂੰ ਸ਼ੈਤਾਨ ਸਮਝਦੀ ਹੈ ਜਿਸ ਨੇ ਆਪਣੇ ਸ਼ਰਧਾਲੂਆਂ ਨੂੰ ਕੱਠਪੁਤਲੀਆਂ ਵਾਂਗ ਕੰਟਰੋਲ ਕੀਤਾ ਹੋਇਆ ਸੀ। ਉਸ ਨੇ ਅੱਗੇ ਕਿਹਾ ਕਿ ਉਹ ਰੱਬ ਦਾ ਅਵਤਾਰ ਨਹੀਂ ਹੈ, ਉਹ ਸ਼ੈਤਾਨ ਹੈ।

ਚਾਰ ਔਰਤਾਂ ਵਿੱਚੋਂ ਇਕ ਨੇ ਕਿਹਾ ਕਿ ਜਦੋਂ ਉਹ ਇਕ ਬੱਚੀ ਹੀ ਸੀ ਅਤੇ ਉਹ ਯੂ.ਕੇ. ਤੋਂ ਬਾਹਰ ਜਾਂਦੀ ਸੀ ਤਦ ਵੀ ਉਹ ਕਾਲੀਏ ਦੇ ਕੰਟਰੋਲ ਵਿੱਚ ਹੀ ਹੁੰਦੀ ਸੀ। ਮੈਨੂੰ ਇਸ ਸ਼ੈਤਾਨ ਕਾਲੀਏ ਨੇ ਕਿਹਾ ਕਿ ਮੈਨੂੰ ਕਿਸੇ ਨਾਲ ਕੋਈ ਸੰਬੰਧ ਨਹੀਂ ਬਣਾਉਣਾ ਚਾਹੀਦਾ। ਕਾਲੀਏ ਦੇ ਹੱਕ ਵਿੱਚ ਗਵਾਹੀ ਦੇਣ ਆਏ ਮੰਦਰ ਦੇ ਮੈਂਬਰਾਂ ਬਾਰੇ ਉਸ ਨੇ ਕਿਹਾ ਕਿ ਉਹ ਸਭ ਡੋਰ ਨਾਲ ਬੱਝੀਆਂ ਕਾਲੀਏ ਦੀਆਂ ਕੱਠਪੁਤਲੀਆਂ ਹਨ, ਪਰ ਮੇਰੀ ਡੋਰ ਹੁਣ ਕੱਟੀ ਗਈ ਹੈ। ਉਹ ਉਹੀ ਕਰਨਗੇ ਜੋ ਉਹ ਕਹੇਗਾ, ਪਰ ਉਹ ਰੱਬ ਦਾ ਅਵਤਾਰ ਨਹੀਂ ਹੈ, ਉਹ ਸ਼ੈਤਾਨ ਹੈ।

ਦਾਅਵੇਦਾਰਾਂ ਦੇ ਬੈਰਿਸਟਰ ਮਾਰਕ ਜੋਨਜ਼ ਨੇ ਕਿਹਾ ਕਿ ਕਾਲੀਏ ਦੇ ਕਥਿਤ ਪੀੜ੍ਹਤ ਕਾਲੀਏ ਦੀ ਕ੍ਰਿਸ਼ਮਾਮਈ ਅਤੇ ਧਾਕੜ ਸ਼ਖਸ਼ੀਅਤ ਦੇ ਪ੍ਰਭਾਵ ਥੱਲੇ ਸਨ। ਜਿਨ੍ਹਾਂ ਔਰਤਾਂ ਨੇ ਕਾਲੀਏ ‘ਤੇ ਸਰੀਰਿਕ ਸੋਸ਼ਣ ਦੇ ਇਲਜ਼ਾਮ ਲਗਾਏ ਹਨ ਉਹ ਉਸ ਨਾਲ ਸਰੀਰਿਕ ਸੰਬੰਧ ਬਣਾਉਣ ਲਈ ਸਹਿਮਤੀ ਨਹੀਂ ਦੇ ਸਕਦੀਆਂ ਸਨ ਕਿਉਂਕਿ ਇਕ ਤਾਂ ਉਹ ਨਾਬਾਲਗ ਸਨ ਅਤੇ ਦੂਸਰਾ ਉਹ ਉਸ ਦੇ ਪ੍ਰਭਾਵ ਅਧੀਨ ਸਨ।

ਕਾਲੀਏ ਦੇ ਵਕੀਲਾਂ ਨੇ ਕੋਰਟ ਨੂੰ ਦੱਸਿਆ ਕਿ ਉਸ ‘ਤੇ ਲਗਾਏ ਸਾਰੇ ਇਲਜ਼ਾਮ ਝੂਠੇ ਹਨ ਅਤੇ ਇਹ ਸਿਰਫ਼ ਪੈਸਾ ਬਟੋਰਨ ਲਈ ਲਗਾਏ ਗਏ ਹਨ। 24 ਜੁਲਾਈ, 2024 ਨੂੰ ਸ਼ੁਰੂ ਹੋਇਆ ਇਹ ਕੇਸ ਅਦਾਲਤ ਵਿੱਚ ਅਜੇ ਜਾਰੀ ਹੈ।

ਕਾਲੀਏ ਦਾ ਇਕ ਮੰਦਰ ਪੰਜਾਬ ਦੇ ਸ਼ਹਿਰ ਗੁਰਾਇਆ ਵਿੱਚ ਵੀ ਹੈ, ਜਿਥੇ ਉਹ ਹਰ ਸਾਲ ਚੇਤ ਦੇ ਮਹੀਨੇ ਇਕ ਵੱਡਾ ਪ੍ਰੋਗਰਾਮ ਕਰਦਾ ਹੈ।

ਅਦਾਲਤ ਵਿੱਚ ਰਜਿੰਦਰ ਕਾਲੀਆ ਦੇ ਚੱਲ ਰਹੇ ਮੁਕੱਦਮੇ ਅਤੇ ਲਾਏ ਦੋਸ਼ਾਂ ਸਬੰਧੀ ਕਾਲੀਆ ਦਾ ਪੱਖ ਜਾਨਣ ਲਈ ਉਹਨਾਂ ਨੂੰ ਮੰਗਲਵਾਰ 9 ਜੁਲਾਈ 2024 ਸ਼ਾਮ 15:25 ਵਜੇ ਜਦੋਂ ਫੋਨ ਕੀਤਾ ਗਿਆ ਤਾਂ ਐਂਜਲਾ ਨਾਂ ਦੀ ਬੀਬੀ ਨਾਲ ਗੱਲ ਹੋਈ, ਉਸ ਨੇ ਕਿਹਾ ਕਿ ਰਜਿੰਦਰ ਕਾਲੀਆ ਦੇ ਦਫ਼ਤਰ ਤੋਂ ਤੁਹਾਨੂੰ ਫੋਨ ਆਏਗਾ। ਕੁੱਝ ਸਮੇਂ ਬਾਅਦ ਸ਼ਾਮ ਨੂੰ ਸਵਾ ਕੁ ਪੰਜ ਵਜੇ ਇਕ ਹੋਰ ਔਰਤ ਨੇ ਫੋਨ ਕਰਕੇ ਕਿਹਾ ਕਿ ਅਸੀਂ ਉਹਨਾਂ ਦੀ ਮੀਡੀਆ ਸਟੇਟਮੈਂਟ ਭੇਜ ਦਿੰਦੇ ਹਾਂ। ਉਹਨਾਂ ਨੂੰ ਪੰਜਾਬ ਟਾਈਮਜ਼ ਦਾ ਈਮੇਲ ਪਤਾ ਦਿੱਤਾ ਗਿਆ, ਪਰ ਅੱਜ ਬੁੱਧਵਾਰ ਪੇਪਰ ਛਪਣ ਵੇਲੇ 11:00 ਵਜੇ ਤੱਕ ਕੋਈ ਈਮੇਲ ਪ੍ਰਾਪਤ ਨਹੀਂ ਹੋਈ।





(1) ਹਾਈ ਕੋਰਟ ਦੇ ਬਾਹਰ ਰਾਜਿੰਦਰ ਕਾਲੀਆ ਆਪਣੇ ਸਮਰਥੱਕ ਨਾਲ – ਫੋਟੋ (Champion News)
ਦਾਅਵੇਦਾਰਾਂ ਦੇ ਦੋਸ਼ਾਂ ਅਨੁਸਾਰ ਕੋਵੈਂਟਰੀ ਵਿੱਚ ਬਾਬਾ ਬਾਲਕ ਨਾਥ ਦਾ ਉਹ ਮੰਦਰ ਜਿਥੇ ਉਨ੍ਹਾਂ ਦਾ ਜਿਨਸੀ ਸੋਸ਼ਣ ਕੀਤਾ ਗਿਆ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ ‘ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

ਜੈ ਗੁਰੁ ਰਵਿਦਾਸ ਜੀ ੴ ਸਤਿਗੁਰ ਪ੍ਰਸਾਦਿ ॥ ਜੈ ਗੁਰੁ ਰਵਿਦਾਸ ਜੀ

ਹਰਿ MAY ALL HUMANITY PROSPER BY THY GRACE ਹਰਿ

# SHRI GURU RAVIDASS SABHA SOUTHALL (Regd)

REGISTERED AS CHARITY No. 273317

HEAD OFFICE : 282 WESTERN ROAD, SOUTHALL, MIDDLESEX UB2 5JT

TELEPHONE : 020-8574-0245 / 0528 FAX : 020-8574-8967

# ਨਵੀਂ ਮੈਂਬਰਸ਼ਿਪ ਲਈ ਭਰਤੀ ਦੀ ਸੂਚਨਾ

SGRS/2024 ਮਿਤੀ 17 **ਜੁਲਾਈ** 2024

**ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ 2024–2027 ਦੀ ਨਵੀਂ ਮੈਂਬਰਸ਼ਿੱਪ ਬੁੱਧਵਾਰ 17 ਜੁਲਾਈ 2024 ਤੋਂ ਲੈ ਕੇ ਐਤਵਾਰ 29 ਸਤੰਬਰ 2024 ਤੱਕ ਖੋਲ੍ਹੀ ਗਈ ਹੈ।**

**ਮੈਂਬਰ ਬਣਨ ਲਈ ਤੁਸੀਂ ਆਪਣੇ ਸ਼ਨਾਖਤੀ ਕਾਰਡ**

(1) ਪਾਸਪੋਰਟ ਜਾਂ ਫੁੱਲ ਡਰਾਈਵਿੰਗ ਲਇਸੰਸ

(2) ਬੈਂਕ ਸਟੇਟਮੈਂਟ ਜਾਂ ਘਰ ਦਾ ਬਿੱਲ ਦਿਖਾ ਕੇ ਮੈਂਬਰ ਬਣ ਸਕਦੇ ਹੋ।

ਇਨ੍ਹਾਂ ਤੋਂ ਇਲਾਵਾ ਮੈਂਬਰਸ਼ਿੱਪ ਨਹੀਂ ਹੋਵੇਗੀ।

ਪ੍ਰਬੰਧਕਾਂ ਵੱਲੋਂ ਸਾਊਥਾਲ ਦੇ ਸਮੂਹ ਰਵਿਦਾਸੀਆ ਭਾਈਚਾਰੇ ਨੂੰ ਬੇਨਤੀ ਹੈ ਕਿ ਤੁਸੀਂ ਹੇਠ ਲਿਖੇ ਸਮੇਂ ਅਨੁਸਾਰ ਆਪਣੇ ਸ਼ਨਾਖਤੀ ਕਾਰਡ ਦਿਖਾ ਕੇ ਮੈਂਬਰ ਬਣਨ ਦੀ ਕ੍ਰਿਪਾਲਤਾ ਕਰੋ ਜੀ। ਮੈਂਬਰਸ਼ਿੱਪ ਫੀਸ 5 ਪੌਂਡ ਤਿੰਨ ਸਾਲ ਲਈ ਅਤੇ ਲਾਈਫ ਮੈਂਬਰਸ਼ਿੱਪ ਲਈ ਫੀਸ 51 ਪੌਂਡ ਰਹੇਗੀ। ਗੁੰਮ ਹੋਇਆ ਕਾਰਡ ਦੁਬਾਰਾ ਪ੍ਰਾਪਤ ਕਰਨ ਵਾਸਤੇ 5 ਪੌਂਡ ਫੀਸ ਹੋਵੇਗੀ ।

ਪ੍ਰਬੰਧਕ ਕਮੇਟੀ ਲੋੜ ਪੈਣ ’ਤੇ ਮੈਂਬਰਸ਼ਿੱਪ ਟਾਈਮ ਵਿੱਚ ਤਬਦੀਲੀ ਕਰ ਸਕਦੀ ਹੈ। ਇਸ ਲਈ ਨੋਟਿਸ ਬੋਰਡ ’ਤੇ ਅਗਾਊਂ ਸੂਚਨਾ ਦਿੱਤੀ ਜਾਵੇਗੀ ।

ਅਸੀਂ ਤੁਹਾਡੇ ਵੱਲੋਂ ਮਿਲਣ ਵਾਲੇ ਸਹਿਯੋਗ ਲਈ ਅਤਿ ਧੰਨਵਾਦੀ ਹੋਵਾਂਗੇ। ਜੇ ਕੋਈ ਰਵਿਦਾਸ ਭਾਈਚਾਰੇ ਨਾਲ ਸਬੰਧ ਨਹੀਂ ਰੱਖਦਾ ਤਾਂ ਪ੍ਰਬੰਧਕ ਕਮੇਟੀ ਕੋਲ ਪੂਰੇ ਅਧਿਕਾਰ ਹਨ ਕਿ ਉਹ ਮੈਂਬਰ ਬਣਾਉਣ ਤੋਂ ਨਾਂਹ ਕਰ ਸਕਦੇ ਹਨ। ਟਾਈਮ ਟੇਬਲ ਹੇਠਾਂ ਦਿੱਤਾ ਗਿਆ ਹੈ ।

## ==== ਵਿਸ਼ੇਸ਼ ਨੋਟ ====

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਸੰਵਿਧਾਨ ਦੇ ਮੁਤਾਬਕ ਸਾਡਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਇਸ ਤੋਂ ਬਿਨਾਂ ਅਸੀਂ ਕਿਸੇ ਹੋਰ ਧਾਰਮਿਕ ਗ੍ਰੰਥ ਨੂੰ ਮਾਨਤਾ ਨਹੀਂ ਦਿੰਦੇ। ਮੈਂਬਰਸ਼ਿੱਪ ਪ੍ਰਾਪਤ ਕਰਨ ਵਾਸਤੇ ਉਹ ਹੀ ਮੈਂਬਰ ਬਣ ਸਕਦੇ ਹਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਰਵਿਦਾਸੀਆ ਕਮਿਊਨਿਟੀ ਨਾਲ ਸੰਬੰਧਿਤ ਹੋਣਗੇ।

SGRS 2024 Date : 17-07-2024

# NOTICE

## SHRI GURU RAVIDASS SABHA SOUTHALL MEMBERSHIP PROGRAM

Dear members, Registration for membership of Shri Guru Ravidass Sabha Southall will be open from 17th July 2024 - 29th Sept 2024 and will be done in the temple at 282 Western Road Southall, Middx UB2 5JT.

All members are requested to come to the Temple for registration of membership according to the time table given below at your earliest convenient date.

All registered members will be issued with a Photo Identity Card as evidence of registration and will be required to Produce on demand at the time of voting during the tenure at election and also to attend the general body meetings. But at the time of registration all members will be required to produce their documents as under :

(1) Passport or Full driving Licience
(2) A bank statement as proof of their address.
(3) Lost card will be issued for the payment of £5.00
(4) All community members are requested to get registration according to prescribed area of the constitution only.

Subscriptions for the Three years will be £5.00 (Five pounds).
Life membership fee remains the same (£51.00)

Please note registration times are subject to altration according to registration needs. Advance notice will be displayed on the notice board in such a case.

## == PLEASE NOTE : ==

According to constitution of Shri Guru Ravidass Sabha Southall our religious Granth is Shri Guru Granth Sahib ji and we do not endorse any other holy book. To become member of Shri Guru Ravidass Sabha you must belong to Ravidassia Community and belive in Shri Guru Granth Sahib Ji.

# MEMBERSHIP REGISTRATION TIME TABLE

| Date | Day | Time |
|---|---|---|
| 17/7/2024 | Wednesday | 3:00 to 6:00 pm |
| 20/7/2024 | Saturday | 3:00 to 6:00 pm |
| 21/7/2024 | Sunday | 11am to 3:00pm |
| 24/7/2024 | Wednesday | 3:00 to 6:00 pm |
| 27/7/2024 | Saturday | 3:00 to 6:00 pm |
| 28/7/2024 | Sunday | 11am to 3:00pm |
| 31/7/2024 | Wednesday | 3:00 to 6:00 pm |
| *03/8/2024* | *Saturday* | *No Membership* |
| 04/8/2024 | Sunday | 11am to 3:00pm |
| 07/8/2024 | Wednesday | 3:00 to 6:00 pm |
| 10/8/2024 | Saturday | 3:00 to 6:00 pm |
| 11/8/2024 | Sunday | 11am to 3:00pm |
| 14/8/2024 | Wednesday | 3:00 to 6:00 pm |
| 17/8/2024 | Saturday | 3:00 to 6:00 pm |
| 18/8/2024 | Sunday | 11am to 3:00pm |
| 21/8/2024 | Wednesday | 3:00 to 6:00 pm |
| *24/8/2024* | *Saturday* | *No Membership* |
| 25/8/2024 | Sunday | 11am to 3:00pm |
| 28/8/2024 | Wednesday | 3:00 to 6:00 pm |
| 31/8/2024 | Saturday | 3:00 to 6:00 pm |
| 01/9/2024 | Sunday | 11am to 3:00pm |
| 04/9/2024 | Wednesday | 3:00 to 6:00 pm |
| 07/9/2024 | Saturday | 3:00 to 6:00 pm |
| 08/9/2024 | Sunday | 11am to 3:00pm |
| 11/9/2024 | Wednesday | 3:00 to 6:00 pm |
| 14/9/2024 | Saturday | 2:00 to 4:00 pm |
| 15/9/2024 | Sunday | 11am to 3:00pm |
| 18/9/2024 | Wednesday | 3:00 to 6:00 pm |
| 21/9/2024 | Saturday | 2:00 to 4:00 pm |
| 22/9/2024 | Sunday | 11am to 3:00pm |
| 25/9/2024 | Wednesday | 3:00 to 6:00 pm |
| 28/9/2024 | Saturday | 3:00 to 6:00 pm |
| 29/9/2024 | Sunday | 11am to 3:00pm |

**ਧੰਨਵਾਦ ਸਹਿਤ – ਪ੍ਰਬੰਧਕ ਕਮੇਟੀ: ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ (ਰਜਿ:)**

282 ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ ਯੂ ਕੇ Tel : 0208 574 0245/ 0528 FAX : 0208 574 8967

# ਭਾਰਤੀ ਮੂਲ ਦੀ ਲੀਸਾ ਨੰਦੀ ਬਰਤਾਨੀਆ ਦੀ ਸੱਭਿਆਚਾਰ, ਮੀਡੀਆ ਅਤੇ ਖੇਡ ਮੰਤਰੀ ਬਣੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਤਰ-ਪੱਛਮੀ ਇੰਗਲੈਂਡ ਦੇ ਵਿਗਨ ਸੰਸਦੀ ਹਲਕੇ ਤੋਂ ਵੱਡੇ ਫਰਕ ਨਾਲ ਜਿੱਤਣ ਵਾਲੀ ਮੁੜ ਚੁਣੀ ਗਈ ਭਾਰਤੀ ਮੂਲ ਦੀ ਲੀਸਾ ਨੰਦੀ ਨੂੰ ਬੀਤੇ ਕੱਲ ਦੇਰ ਸ਼ਾਮੀਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੱਭਿਆਚਾਰ, ਮੀਡੀਆ ਅਤੇ ਖੇਡ ਮੰਤਰੀ ਨਿਯੁਕਤ ਕੀਤਾ ਹੈ। ਪ੍ਰਧਾਨ ਮੰਤਰੀ ਸਟਾਰਮਰ ਨੇ 10 ਡਾਈਨਿੰਗ ਸਟ੍ਰੀਟ ਵਿੱਚ ਦਫ਼ਤਰ ਨੂੰ ਸੰਭਾਲਣ ਤੋਂ ਤੁਰੰਤ ਬਾਅਦ ਹੀ ਆਪਣੀ ਚੋਟੀ ਦੀ ਟੀਮ ਦਾ ਐਲਾਨ ਕਰਕੇ ਨਵੀਂ ਸਰਕਾਰ ਦਾ ਕੰਮ ਸ਼ੁਰੂ ਕਰ ਦਿੱਤਾ। ਜਿਸ ਦੀ ਪਹਿਲੀ ਮੀਟਿੰਗ ਅੱਜ ਸ਼ਨਿਚਰਵਾਰ ਨੂੰ ਕੀਤੀ ਗਈ ਹੈ, ਜਿਸ ਵਿੱਚ ਉਹਨਾਂ ਦੇਸ਼ ਦੇ ਭਖਦੇ ਮਸਲਿਆਂ ਦੇ ਹੱਲ ਲਈ ਕੰਮ ਕਾਜ਼ ਸ਼ੁਰੂ ਕਰ ਦਿੱਤਾ ਹੈ।ਲੀਸਾ ਨੰਦੀ (44) ਲੇਬਰ ਪਾਰਟੀ ਦੇ ਪ੍ਰਧਾਨ ਲਈ ਜਨਵਰੀ 2020 ਦੀਆਂ ਚੋਣਾਂ ਵਿੱਚ ਅੰਤਿਮ ਤਿੰਨ ਦਾਅਵੇਦਾਰਾਂ ਵਿੱਚੋਂ ਇੱਕ ਸੀ, ਜਿੱਥੇ ਉਸਦਾ ਸਾਹਮਣਾ ਸਟਾਰਮਰ ਅਤੇ ਇੱਕ ਹੋਰ ਉਮੀਦਵਾਰਾਂ ਨਾਲ ਹੋਇਆ ਸੀ। ਲੀਸਾ ਹੁਣ ਲੂਸੀ ਫਰੇਜ਼ਰ ਦੀ ਥਾਂ ਲਵੇਗੀ, ਜੋ ਰਿਸ਼ੀ ਸੁਨਕ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਵਿੱਚ ਸੱਭਿਆਚਾਰਕ ਮੰਤਰਾਲੇ ਦਾ ਚਾਰਜ ਸੰਭਾਲ ਰਹੀ ਸੀ। ਜਿਕਰਯੋਗ ਹੈ ਕਿ ਲੀਸਾ ਦੇ ਪਿਤਾ ਭਾਰਤੀ ਸਨ।




Frames subject to availability. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges). Varifocal/bifocal: pay for lenses in first pair only. Both pairs must be purchased in one transaction. Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options.

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

# ਸਿੱਖ ਕੌਮ ਦੇ ਹੀਰੇ, ਦਲ ਖ਼ਾਲਸਾ ਦੇ ਬਾਨੀ, ਜਲਾਵਤਨੀ ਕੌਮੀ ਯੋਧੇ ਭਾਈ ਗਜਿੰਦਰ ਸਿੰਘ ਜੀ ਦੀ ਨਿੱਘੀ ਯਾਦ ਵਿੱਚ



13 ਅਪ੍ਰੈਲ 1975 ਨੂੰ ਉਨ੍ਹਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਪੰਜ ਤੀਰ ਹੋਰ' ਜਾਰੀ ਹੋਇਆ। ਇਸ ਦੇ ਇਲਾਵਾ ਉਹ ਰਚੇਤਾ ਸਨ:

'ਗੰਗੂ ਦੀ ਰੂਹ'
'ਵਸੀਅਤਨਾਮਾ'
'ਸੂਰਜ ਅਤੇ ਖਾਲਿਸਤਾਨ'
'ਜੰਗ ਜਾਰੀ ਹੈ'
'ਸੰਘਰਸ਼, ਸਲਾਖਾਂ ਤੇ ਸੱਜਣੀ'
ਲੇਖ ਸੰਗ੍ਰਹਿ 'ਲਕੀਰ'
'ਸਲਾਖਾਂ ਪਿੱਛੇ'
'ਸੁਪਨੇ ਤੋਂ ਸੰਘਰਸ਼ ਵੱਲ'

# ਸ਼ਰਧਾਂਜ਼ਲੀ ਸਮਾਗਮ

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 14 ਜੁਲਾਈ 2024 ਦਿਨ ਐਤਵਾਰ ਨੂੰ ਹੋਵੇਗਾ

ਦਲ ਖਾਲਸਾ ਦੇ ਮੁਖੀ ਭਾਈ ਗਜਿੰਦਰ ਸਿੰਘ ਜੋ ਕਿ ਪਿਛਲੇ ਦਿਨੀਂ 3 ਜੁਲਾਈ 2024 ਨੂੰ ਪਾਕਿਸਤਾਨ ਵਿੱਚ ਜਲਵਤਨੀ ਕੱਟਦਿਆਂ ਅਕਾਲ ਚਲਾਣਾ ਕਰ ਗਏ ਹਨ, ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ 12 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 14 ਜੁਲਾਈ ਨੂੰ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ। ਸਮੂਹ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਨੂੰ ਸਮਾਗਮ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

### === ਪ੍ਰੋਗਰਾਮ ਦਾ ਵੇਰਵਾ :===

**ਆਰੰਭ ਸ੍ਰੀ ਅਖੰਡ ਪਾਠ 12-7-2024 ਦਿਨ ਸ਼ੁੱਕਰਵਾਰ ਸਵੇਰੇ 9 ਵਜੇ**
**ਭੋਗ ਸ੍ਰੀ ਅਖੰਡ ਪਾਠ 14-7-2024 ਦਿਨ ਐਤਵਾਰ ਸਵੇਰੇ 9:30 ਵਜੇ**

ਉਪ੍ਰੰਤ 10:30 ਵਜੇ ਤੋਂ ਦੁਪਹਿਰ 13:00 ਵਜੇ ਤੱਕ ਦੀਵਾਨ ਸਜੇਗਾ, ਜਿਸ ਵਿੱਚ ਗੁਰੂ ਘਰ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ। ਗੁਰੂ ਘਰ ਦੇ ਸੇਵਾਦਾਰ, ਆਏ ਹੋਏ ਪੰਥਕ ਬੁਲਾਰੇ ਅਤੇ ਭਾਈ ਰਣਜੀਤ ਸਿੰਘ ਰਾਣਾ ਭਾਈ ਗਜਿੰਦਰ ਸਿੰਘ ਦੇ ਜੀਵਨ ਬਾਰੇ ਸਾਂਝ ਪਾਉਣਗੇ ਅਤੇ ਸ਼ਰਧਾ ਦੇ ਫੁੱਲ ਅਰਪਿਤ ਕਰਨਗੇ।

**ਸ: ਰਣਜੀਤ ਸਿੰਘ ਰਾਣਾ ਵੱਲੋਂ ਸਮਾਗਮ ਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਵਿੱਚ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।**

SINGH SABHA GURDWARA DERBY

ਭਾਈ ਗਜਿੰਦਰ ਸਿੰਘ ਜੀ ਹਮੇਸ਼ਾਂ ਪੰਥਕ ਏਕਤਾ ਅਤੇ ਪੰਥ ਦੀ ਚੜ੍ਹਦੀ ਕਲਾ ਦਾ ਮੁਦੱਈ ਰਹੇ ਹਨ। ਉਹ ਖਾਲਸਾ ਹਲੇਮੀ ਰਾਜ ਦੀ ਸਥਾਪਤੀ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਣਿਤ ਪੰਥਕ ਰਹਿਤ ਮਰਯਾਦਾ ਅਤੇ ਨਾਨਕਸ਼ਾਹੀ ਕੈਲੰਡਰ ਨੂੰ ਸਰਵ-ਪ੍ਰਵਾਣਿਤ ਕਰਕੇ ਲਾਗੂ ਕਰਨ ਲਈ ਵੀ ਹਰ ਸਮੇਂ ਯਤਨਸ਼ੀਲ ਰਹੇ ਸਨ। ਉਹਨਾਂ ਦਾ ਹਰ ਕਦਮ ਤੇ ਹਰ ਸਾਹ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਸੀ। ਉਹਨਾਂ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਦੀ ਗ੍ਰਿਫ਼ਤਾਰੀ ਦੇ ਰੋਸ ਵਜੋਂ ਭਾਰਤ ਦਾ ਹਵਾਈ ਜਹਾਜ਼ ਅਗਵਾ ਕੀਤਾ ਸੀ, ਉਹ ਨਹੀਂ ਚਾਹੁੰਦੇ ਸਨ ਕਿ ਜਿਹੜਾ ਵੀ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਹੈ, ਉਸ ਨੂੰ ਜੇਹਲਾਂ ਵਿੱਚ ਬੰਦੀ ਬਣਾਇਆ ਜਾਵੇ। ਉਹ ਸਮੁੱਚੇ ਖ਼ਾਲਸਾ ਪੰਥ ਦੀ ਅਜ਼ਾਦੀ ਦੇ ਮੁਦੱਈ ਸਨ।

ਉਹਨਾਂ ਦੀਆਂ ਪੰਥਕ ਸੇਵਾਵਾਂ ਦੇ ਮੱਦੇ ਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਤੇ ਮੌਜੂਦਾ ਜਥੇਦਾਰ ਸਾਹਿਬਾਨ ਨੇ ਉਹਨਾਂ ਨੂੰ ਖ਼ਾਲਸਾ ਰਾਜ ਦਾ 'ਜਲਾਵਤਨੀ ਯੋਧਾ' ਐਲਾਨ ਕੀਤਾ ਹੈ।

ਅਸੀਂ ਜਥੇਦਾਰ ਸਾਹਿਬਾਨ ਨੂੰ ਬੇਨਤੀ ਕਰਦੇ ਹਾਂ ਕਿ ਕੇਵਲ ਸ਼ਬਦੀ ਤੌਰ ਤੇ ਅਜਿਹੇ ਪੰਥ ਦਰਦੀ ਨੂੰ ਜਲਾਵਤਨੀ ਯੋਧਾ ਐਲਾਨਣਾ ਹੀ ਕਾਫ਼ੀ ਨਹੀਂ ਹੈ, ਉਸ ਦੀਆਂ ਪੰਥਕ ਭਾਵਨਾਵਾਂ ਮੁਤਾਬਕ ਉਹਨਾਂ ਦੇ ਯਤਨਾਂ ਨੂੰ ਸਾਕਾਰ ਕਰਨ ਵੱਲ ਵੀ ਉਪਰਾਲੇ ਕਰਨੇ ਚਾਹੀਦੇ ਹਨ, ਜਿਵੇਂ ਕਿ;

- ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਣਿਤ ਮਰਯਾਦਾ ਨੂੰ ਲਾਗੂ ਕਰਨਾ।
- ਨਾਨਕਸ਼ਾਹੀ (2003 ਵਾਲਾ ਮੂਲ) ਕੈਲੰਡਰ ਲਾਗੂ ਕਰਨਾ।
- ਦੋ - ਤਿੰਨ ਦਹਾਕਿਆਂ ਤੋਂ ਬੰਦੀ ਸਿੰਘਾਂ ਅਤੇ ਨਵੇਂ ਬਣੇ ਐਮ ਪੀ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਰਿਹਾਈ ਲਈ ਸਾਰਥਕ ਯਤਨ ਕਰਨੇ।
- ਖ਼ਾਲਸਾ ਹਲੇਮੀ ਰਾਜ ਦੀ ਸਥਾਪਤੀ ਲਈ ਬਚਨਬੱਧ ਹੋਣਾ।

## GURDWARA SRI GURU SINGH SABHA DERBY

**PRINCES STREET, DERBY, DE23 8NT. TEL: 01332 773010**

**ਬੇਨਤੀ ਕਰਤਾ: ਗੁਰੂ ਪੰਥ ਦੇ ਦਾਸ - ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਾਧ ਸੰਗਤ**

| ਪ੍ਰਧਾਨ | ਜਨਰਲ ਸਕੱਤਰ | ਖਜ਼ਾਨਚੀ | ਭਾਈ ਮਹਿੰਦਰ ਸਿੰਘ ਚੀਮਾ |
|---|---|---|---|
| ਭਾਈ ਰਘਬੀਰ ਸਿੰਘ | ਭਾਈ ਰਜਿੰਦਰ ਸਿੰਘ ਪੁਰੇਵਾਲ | ਭਾਈ ਅਜੀਤ ਸਿੰਘ | ਭਾਈ ਬਹਾਦਰ ਸਿੰਘ |

# ਲੇਬਰ ਸਰਕਾਰ ਵੱਲੋਂ ਸ਼ਰਨਾਰਥੀਆਂ ਨੂੰ ਰਵਾਂਡਾ ਭੇਜਣ ਦੀ ਯੋਜਨਾਂ ਨੂੰ ਕੀਤਾ ਰੱਦ ਟਾਟਾ ਸਟੀਲ ਦੇ ਕਾਮਿਆਂ ਦੀਂ ਨੌਕਰੀਆਂ ਬਚਾਉਣ ਦੀ ਕੋਸ਼ਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਹੁਦਾ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਸ਼ਰਨਾਰਥੀਆਂ ਨੂੰ ਰਵਾਂਡਾ ਭੇਜਣ ਵਾਲੀ ਯੋਜਨਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਹ ਯੋਜਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਰ ਚੁੱਕੀ ਹੈ। ਉਕਤ ਯੋਜਨਾਂ ਤੇ ਅਪ੍ਰੈਲ 2027 ਤੱਕ ਅੱਧਾ ਅਰਬ ਪੌਂਡ ਦਾ ਖ਼ਰਚਾ ਹੋਣ ਦਾ ਅਨੁਮਾਨ ਸੀ। ਲੇਬਰ ਸਰਕਾਰ ਵੱਲੋਂ ਹੁਣ ਉਕਤ ਸਮਝੌਤੇ ਤੇ ਖ਼ਰਚੀ ਜਾਣ ਵਾਲੀ ਰਾਸ਼ੀ ਨੂੰ ਪ੍ਰਤੀ ਸਾਲ 75 ਮਿਲੀਅਨ ਪੌਂਡ ਨਵੀਂ ਸਰਹੱਦੀ ਯੋਜਨਾਂ ਲਈ ਖਰਚਿਆ ਜਾਵੇਗਾ।

ਗੈਰਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ 10 ਮਿਲੀਅਨ ਪੌਂਡ ਰਵਾਂਡਾ ਯੋਜਨਾ 'ਚੋਂ ਨਵੀਂ ਸਰਹੱਦੀ ਯੋਜਨਾਂ 'ਚ ਤਬਦੀਲ ਕੀਤਾ ਜਾ ਰਿਹਾ ਹੈ। ਗ੍ਰਹਿ ਮੰਤਰੀ ਯਵੇਟ ਕੂਪਰ ਵੱਲੋਂ ਸਾਥੀ ਯੂਰਪੀਅਨ ਦੇਸ਼ਾਂ ਨਾਲ 18 ਜੁਮਾਈ ਨੂੰ ਹੋਣ ਵਾਲੇ ਸੰਮੇਲਨ ਵਿੱਚ ਗੈਰਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਮਾਮਲਾ ਉਠਾਇਆ ਜਾ ਰਿਹਾ ਹੈ।



ਕੀਰ ਸਟਾਰਮਰ ਵੇਲਜ਼ ਦੌਰੇ ਦੌਰਾਨ

ਇਸ ਤੋਂ ਇਲਾਵਾ ਵੇਲਜ਼ ਫੇਰੀ ਮੌਕੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਟਾਟਾ ਸਟੀਲ ਦੇ ਕਾਮਿਆਂ ਦੀਆਂ 2800 ਨੌਕਰੀਆਂ ਬਚਾਉਣ ਲਈ ਯਤਨ ਕੀਤੇ ਜਾ ਰਹੇ ਹਨ। ਪਹਿਲੀ ਸਰਕਾਰ ਨੇ 500 ਮਿਲੀਅਨ ਪੌਂਡ ਦੀ ਪੇਸ਼ਕਸ਼ ਕੀਤੀ ਸੀ ਤ ਾਂਕਿ ਪਲਾਂਟ ਨੂੰ ਚਾਲੂ ਰੱਖਿਆ ਜਾ ਸਕੇ ਅਤੇ ਗਰੀਨ ਪ੍ਰੋਡਕਸ਼ਨ ਵਿਧੀ ਨੂੰ ਅਪਨ- ਾਇਆ ਜਾਵੇ। ਲੇਕਨ ਹੁਣ ਪ੍ਰਧਾਨ ਮੰਤਰੀ ਸਟਾਰਮਰ ਵੀ ਇਸ ਪਲਾਂਟ ਨੂੰ ਚਾਲੂ ਰੱਖਣ ਲਈ ਯਤਨ ਕਰ ਰਹੇ ਹਨ, ਆਸ ਕੀਤੀ ਜਾ ਰਹੀ ਹੈ ਬੇਹਤਰ ਵਿੱਤੀ ਪੇਸ਼ਕਸ਼ ਕਰਕੇ ਨੌਕਰੀਆਂ ਸੁਰੱਖਿਅਤ ਕਰਨ ਦੀ ਕੋਸ਼ਿਸ਼ ਹੋਵੇਗੀ।

## ਪੰਜਾਬੀ ਸਾਂਸਦਾ ਦੀ ਜਿੱਤ ਤੇ ਪੰਜਾਬੀ ਭਾਈਚਾਰਾ ਬਾਗੋ ਬਾਗ



ਤਨਮਨਜੀਤ ਸਿੰਘ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਮੂਲ ਦੇ 13 ਸੰਸਦ ਮੈਂਬਰਾਂ ਦੀ ਹੋਈ ਇਤਿਹਾਸਕ ਜਿੱਤ ਨੂੰ ਲੈ ਕੇ ਪੰਜਾਬੀ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਉੱਘੇ ਗਾਇਕ ਮਲਕੀਤ ਸਿੰਘ ਗੋਲਡਨ ਸਟਾਰ, ਨਿਰਮਲ ਸਿੱਧੂ, ਕਾਂਗਰਸੀ ਆਗੂ ਦਲਜੀਤ ਸਿੰਘ ਸਹੋਤਾ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਵਾਰ ਪੰਜਾਬੀਆਂ ਨੇ ਬਰਤਾਨੀਆ ਦੀ ਸਿਆਸਤ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਸਾਨੂੰ ਆਸ ਹੈ ਕਿ ਐਮ ਪੀ ਤਨਮਨਜੀਤ ਸਿੰਘ ਢੇਸੀ ਅਤੇ ਐਮ ਪੀ ਪ੍ਰੀਤ ਕੌਰ ਗਿੱਲ ਵਾਂਗ ਨਵੇਂ ਚੁਣੇ ਸੰਸਦ ਵੀ ਭਾਈਚਾਰੇ ਦਾ ਨਾਮ ਰੌਸ਼ਨ ਕਰਨਗੇ। ਗੱਤਕਾ ਫੈਡਰੇਸ਼ਨ ਇੰਡੀਆ ਦੇ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਤਨਮਨਜੀਤ ਸਿੰਘ ਢੇਸੀ ਦੀ ਅਣਥੱਕ ਮੇਹਨਤ ਕਾਰਨ ਹੀ ਸਲੋਹ ਵਾਸੀਆਂ ਨੇ ਮੁੜ ਉਹਨਾ ਸਿਰ ਤੀਜੀ ਵਾਰ ਜਿੱਤ ਦਾ ਸਿਹਰਾ ਬੰਨਿਆਂ ਹੈ।

## ਅਮਰੀਕਾ ਦੇ ਉੱਤਰੀ ਡਕੋਟਾ ਵਿਚ ਜਲਣਸ਼ੀਲ ਪਦਾਰਥ ਲਿਜਾ ਰਹੀ ਮਾਲ ਗੱਡੀ ਪੱਟੜੀ ਤੋਂ ਲੱਥੀ, ਕਈ ਬੋਗੀਆਂ ਨੂੰ ਲੱਗੀ ਅੱਗ

ਸੈਕਰਾਮੈਂਟੋ,ਕੈਲੀਫੋਰਨੀਰਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਉੱਤਰੀ ਡਕੋਟਾ ਖੇਤਰ ਵਿਚ ਬੀਤ ਦਿਨ ਤੜਕਸਾਰ ਇਕ ਰੇਲ ਹਾਦਸਾ ਵਾਪਰਨ ਦੀ ਖਬਰ ਹੈ ਜਿਸ ਵਿਚ ਖਤਰਨਾਕ ਜਲਣਸ਼ੀਲ ਤਰਲ ਪਦਾਰਥ ਲੈ ਕੇ ਜਾ ਰਹੀ ਇਕ ਮਾਲ ਗੱਡੀ ਪੱਟੜੀ ਤੋਂ ਉੱਤਰ ਗਈ ਤੇ ਉਸ ਦੀਆਂ ਕਈ ਬੋਗੀਆਂ ਨੂੰ ਅੱਗ ਲੱਗ ਗਈ। ਫੋਸਟਰ ਕਾਊਂਟੀ ਐਮਰਜੈਂਸੀ ਮੈਨਜਮੈਂਟ ਡਾਇਰੈਕਟਰ ਐਂਡਰੀਊ ਕਿਰਕਿੰਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਲ ਗੱਡੀ ਫਾਰਗੋ ਦੇ ਉੱਤਰ ਪੱਛਮ ਵਿਚ ਤਕਰੀਬਨ 140 ਮੀਲ ਦੂਰ ਇਕ ਛੋਟੇ ਜਿਹੇ ਕਸਬੇ ਬੋਰਡੂਲੇਸ ਵਿਖੇ ਪੱਟੜੀ ਤੋਂ ਉੱਤਰੀ ਹੈ। ਉਨਾਂ ਕਿਹਾ ਕਿ ਇਹ ਘਟਨਾ ਸਵੇਰੇ 3.30 ਵਜੇ ਤੋਂ ਸਵੇਰੇ 4 ਵਜੇ ਦਰਮਿਆਨ ਵਾਪਰੀ ਹੈ। ਉਨਾਂ ਕਿਹਾ ਕਿ 25 ਤੋਂ 30 ਤੱਕ ਬੋਗੀਆਂ (ਟੈਂਕਰ) ਜਿਨਾਂ ਵਿਚ ਖਤਰਨਾਕ ਤਰਲ ਪਦਾਰਥ ਭਰਿਆ ਹੋਇਆ ਸੀ, ਪੱਟੜੀ ਤੋਂ ਉਤਰੀਆਂ ਹਨ ਜਿਨਾਂ ਨੂੰ ਅੱਗ ਲੱਗਣ ਕਾਰਨ ਨਾਲ ਲੱਗਦੇ ਖੇਤਰ ਵਿਚ ਹਵਾ ਦੀ ਗੁਣਵੱਤਾ ਉਪਰ ਅਸਰ ਪੈਣ ਦੀ ਸੰਭਾਵਨਾ ਹੈ ਜਿਸ ਉਪਰ ਨਜਰ ਰਖੀ ਜਾ ਰਹੀ ਹੈ।

GSD
GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫ਼ੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
UK office based matchmaking service for BRITISH ASIANS of all ages from mid 20's to 60's. Professional, graduates and non-graduates, single, divorced and widowed, with and without children
Guaranteed introduction service - Since 1972



Please feel free to contact Parag or Ashaa Bhargava to discuss your requirements confidentially and without obligation!
*We are available from 10.00am to 5.00pm Monday to Saturday (Closed Sunday and Bank Holiday Weekends)*
*Clients/customers are requested to make an appointment if wishing to visit the office or meet us personally.*
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਖ਼ਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਅਜ਼ਾਦੀ ਘੁਲਾਟੀਏ ਸ: ਗਜਿੰਦਰ ਸਿੰਘ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

**ਬਰਮਿੰਘਮ – ਦਲ ਖ਼ਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਦੇ ਅਕਾਲ ਚਲਾਣੇ ਤੇ ਖ਼ਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ । ਸ: ਗਜਿੰਦਰ ਸਿੰਘ ਬੀਤੇ ਦਿਨੀਂ ਲਾਹੌਰ ਵਿਖੇ ਚਾਲੀ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜਲਾਵਤਨੀ ਕੱਟਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਅਸੀਂ ਉਸ ਨੂੰ ਖ਼ਾਲਿਸਤਾਨ ਦੇ ਸੰਘਰਸ਼ ਦੇ ਇੱਕ ਅਸੀਮ ਯੋਧੇ ਦੇ ਰੂਪ ਵਿੱਚ ਦੇਖਦੇ ਹਾਂ ।**


ਜਥੇ: ਬਲਬੀਰ ਸਿੰਘ, ਜਥੇ: ਗੁਰਮੇਜ ਸਿੰਘ ਗਿੱਲ, ਭਾਈ ਸੁਬੇਗ ਸਿੰਘ, ਜਥੇ: ਸਤਨਾਮ ਸਿੰਘ ਬੱਬਰ, ਭਾਈ ਰੇਸ਼ਮ ਸਿੰਘ ਬੱਬਰ

ਉਪਰੋਕਤ ਵਿਚਾਰ ਪ੍ਰਗਟ ਕਰਦਿਆਂ ਖ਼ਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਜਥੇਦਾਰ ਗੁਰਮੇਜ ਸਿੰਘ ਗਿੱਲ ਯੂ ਕੇ, ਜਥੇਦਾਰ ਬਲਬੀਰ ਸਿੰਘ ਯੂ ਕੇ, ਜਥੇਦਾਰ ਸੁਬੇਗ ਸਿੰਘ ਡੈਨਮਾਰਕ, ਜਥੇਦਾਰ ਸਤਨਾਮ ਸਿੰਘ ਬੱਬਰ ਅਤੇ ਜਥੇਦਾਰ ਰੇਸ਼ਮ ਸਿੰਘ ਬੱਬਰ ਜਰਮਨੀ ਨੇ ਇਕ ਸਾਂਝੇ ਬਿਆਨ ਵਿੱਚ ਕਿਹਾ ਕਿ ਅਜ਼ਾਦ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਭਾਈ ਗਜਿੰਦਰ ਸਿੰਘ ਨੇ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਜਲਾਵਤ-ਨੀ ਯੋਧੇ ਭਾਈ ਗਜਿੰਦਰ ਸਿੰਘ ਨੇ ਦਿੱਲੀ ਦਰਬਾਰ ਨਾਲ ਟੱਕਰ ਵਿੱਚ ਕਦੇ ਵੀ ਢਿੱਲ ਨਹੀਂ ਦਿਖਾਈ । ਜਿੱਥੇ ਉਹ ਇਕ ਚੰਗੇ ਨੀਤੀਵੇਤਾ ਸਨ, ਉਹ ਇਕ ਲਿਖਾਰੀ ਤੇ ਸ਼ਾਇਰ ਵੀ ਬਹੁਤ ਵਧੀਆ ਸਨ । ਉਹਨਾਂ ਦੀ ਕਵਿਤਾ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸਿੱਖ ਨੌਜਵਾਨ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਾਮਿਲ ਹੋਏ । ਬੇਸ਼ੱਕ ਉਹ ਆਪਣੇ ਪਰਿਵਾਰ ਤੋਂ ਦੂਰ ਰਹੇ ਪਰ ਉਹ ਆਪਣੇ ਆਪ ਨੂੰ ਗੁਰੂ ਚਰਨਾਂ ਦੇ ਬਹੁਤ ਨੇੜੇ ਰੱਖਦੇ ਸਨ । ਪੰਥ ਨੂੰ ਸਭ ਜਥੇਬੰਦੀਆਂ ਤੋਂ ਪਹਿਲਾਂ ਅਤੇ ਸਭ ਤੋਂ ਉਤੇ ਰੱਖ ਕੇ ਸੋਚਦੇ ਸਨ। ਜਦੋਂ 1981 ਵਿੱਚ ਉਹਨਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗਿਰਫ਼ਤਾਰੀ ਦੇ ਵਿਰੁੱਧ ਭਾਰਤ ਦਾ ਜਹਾਜ਼ ਅਗਵਾ ਕੀਤਾ ਉਸ ਸਮੇਂ ਉਹ ਭਾਰਤੀ ਏਜੰਸੀਆਂ ਦੀਆਂ ਨਜ਼ਰਾਂ ਵਿੱਚ ਆ ਗਏ ਸਨ । ਪਾਕਿ-ਸਤਾਨ ਵਿੱਚ ਜਹਾਜ਼ ਅਗਵਾ ਦੇ ਕੇਸ ਵਿੱਚ ਕੈਦ ਕੱਟਣ ਪਿੱਛੋਂ ਵੀ ਉਹ ਨਾ ਭਾਰਤ ਗਏ ਤੇ ਨਾ ਕਿਸੇ ਹੋਰ ਮੁਲਕ ਵਿੱਚ ਗਏ । ਉਹ ਖ਼ਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਅਜ਼ਾਦੀ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ । ਖ਼ਾਲਸਾ ਰਾਜ ਖ਼ਾਲਿਸਤਾਨ ਦੀ ਅਜ਼ਾਦੀ ਦੀ ਤਮੰਨਾ ਆਪਣੇ ਦਿੱਲ ਵਿੱਚ ਲੈ ਕੇ ਅਕਾਲ ਪੁਰਖ ਵੱਲੋਂ ਬਖ਼ਸ਼ੇ ਹੋਏ ਸਵਾਸਾਂ ਦੀ ਪੂੰਜੀ ਪੂਰੀ ਕਰਦਿਆਂ ਬੇਦਾਗ ਜੀਵਨ ਲੈ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਸਰਕਾਰ ਵੱਲੋਂ ਉਹਨਾਂ ਨੂੰ ਖ਼ਾਲਿਸਤਾਨੀ ਅਜ਼ਾਦੀ ਦਾ ਯੋਧਾ ਕਰਾਰ ਦਿੱਤਾ ਜਾਂਦਾ ਹੈ ਤੇ ਉਹਨਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ । ਪੰਥ ਨੂੰ ਅਜਿਹੇ ਯੋਧਿਆਂ ਦੀ ਹਮੇਸ਼ਾਂ ਹੀ ਲੋੜ ਹੈ, ਪਰ ਗੁਰੂ ਦਾ ਭਾਣਾ ਸਭ ਤੋਂ ਉਪਰ ਹੈ।

ਸਰਕਾਰ ਵੱਲੋਂ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹਨਾਂ ਦੀ ਰੂਹ ਨੂੰ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ਣ।

# ਸੁਪਰੀਮ ਸਿੱਖ ਕੌਂਸਲ ਯੂ.ਕੇ. ਦੇ ਜਥੇਦਾਰ ਸਹਿਬਾਨਾ ਦੀ ਅਤੇ ਲੀਡਰਸ਼ਿਪ ਟੀਮ ਦੀ ਵਿਸ਼ੇਸ਼ ਮੀਟਿੰਗ ਡਰਬੀ ਵਿਖੇ ਹੋਈ



**ਡਰਬੀ :- ਪਿਛਲੇ ਦਿਨੀ ਸੁਪਰੀਮ ਸਿੱਖ ਕੌਂਸਲ ਯੂ.ਕੇ. ਦੇ ਜਥੇਦਾਰ ਸਹਿਬਾਨਾ ਦੀ ਅਤੇ ਲੀਡਰਸ਼ਿਪ ਟੀਮ ਦੀ ਇੱਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਰਾਮਗੜੀਆ ਸਭਾ, ਡਰਬੀ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਬੋਰਡ ਆਫ ਜਥੇਦਾਰ ਦੇ ਕੰਨਵੀਨਰ ਭਾਈ ਚੰਦਰ ਸ਼ੇਖਰ ਸਿੰਘ ਗੁਰੂ ਨੇ ਕੀਤੀ। ਗੁਰਦੁਆਰਾ ਰਾਮਗੜੀਆ ਸਭਾ, ਡਰਬੀ ਦੇ ਮੁੱਖ ਸੇਵਾਦਾਰ ਭਾਈ ਤਰਲੋਚਨ ਸਿੰਘ ਸੌਧ ਨੇ ਬੋਰਡ ਦੇ ਅਤੇ ਲੀਡਰਸ਼ਿਪ ਟੀਮ ਦੇ ਸਾਰੇ ਹੀ ਮੈਂਬਰ ਸਹਿਬਾਨ ਨੂੰ ਡਰਬੀ ਰਾਮਗੜੀਆ ਗੁਰਦੁਆਰਾ ਸਾਹਿਬ ਵਿਖੇ ਆਉਣ ਤੇ ਜੀ ਆਇਆਂ ਨੂੰ ਆਖਿਆ। ਲੰਬੇ ਅਰਸੇ ਤੋਂ ਸੁਪਰੀਮ ਸਿੱਖ ਕੌਂਸਲ ਨਾਲ ਵੱਖ - ਵੱਖ ਜ਼ੁੰਮੇਵਾਰੀ ਨਿਭਾਉਂਦੇ ਆ ਰਹੇ ਭਾਈ ਰਣਜੀਤ ਸਿੰਘ ਸੀਰਾ ਹੁਰਾ ਨੇ ਸੁਪਰੀਮ ਸਿੱਖ ਕੌਂਸਲ ਯੂ ਕੇ ਨੂੰ ਰਾਮਗੜੀਆ ਗੁਰਦੁਆਰਾ ਸਾਹਿਬ ਵੱਲੋਂ ਹਰ ਤਰਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ਼ ਦੁਆਇਆ।**

ਗਿਆਨੀ ਗੁਰਬਖਸ ਸਿੰਘ ਜੀ ਗੁਲਸ਼ਨ ਨੇ ਗੁਰਦੁਆਰਾ ਰਾਮਗੜੀਆ ਸਭਾ , ਡਰਬੀ ਦੇ ਸੇਵਾਦਾਰ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਵਿੱਚ ਪਹੁੰਚੇ ਸਾਰੇ ਜਥੇਦਾਰ ਅਤੇ ਮੈਂਬਰ ਸਹਿਬਾਨ ਨੂੰ ਜੀ ਆਇਆਂ ਆਖਿਆ।

ਮੀਟਿੰਗ ਦੇ ਸ਼ੁਰੂ ਵਿੱਚ ਦਲ ਖ਼ਾਲਸਾ ਦੇ ਸੰਘਰਸ਼ੀ ਯੋਧੇ ਭਾਈ ਗਜਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਹਨਾ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਭਾਈ ਗਜਿੰਦਰ ਸਿੰਘ ਜੀ ਨੂੰ ਪਿਛਲੇ ਦਿਨੀ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਉਹਨਾ ਦਾ ਇਲਾਜ ਲਾਹੌਰ ਦੇ ਹਸਪਤਾਲ ਵਿੱਚ ਚੱਲ ਰਿਹਾ ਸੀ, ਜਿੱਥੇ ਉਹ ਸੰਸਾਰ ਨੂੰ ਅਲਵਿਦਾ ਆਖ ਗਏ । ਹਾਜ਼ਰ ਮੈਂਬਰਾਂ ਵੱਲੋਂ ਵਿੱਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ।

ਇਸ ਦੇ ਨਾਲ ਹੀ ਇੰਗਲੈਂਡ ਵਿੱਚ ਹੋਈਆਂ ਆਮ ਚੋਣਾਂ ਵਿੱਚ ਜਿੱਤੇ 12 ਸਿੱਖ ਐਮ. ਪੀਜ ਨੂੰ ਵਧਾਈ ਦਿੱਤੀ ਗਈ ਅਤੇ ਸਾਂਝੇ ਤੌਰ ਤੇ ਫੈਸਲਾ ਲਿਆ ਗਿਆ ਕਿ ਇਹਨਾ 12 ਹੀ ਐਮ. ਪੀਜ ਨੂੰ ਸੁਪਰੀਮ ਸਿੱਖ ਕੌਂਸਲ ਵੱਲੋਂ ਲਿਖਤੀ ਰੂਪ ਵਿੱਚ ਵਧਾਈ ਭੇਜੀ ਜਾਵੇ ਅਤੇ ਮਿਲਣ ਲਈ ਸਮਾਂ ਵੀ ਮਿਥਿਆ ਜਾਵੇ ।

ਸੁਪਰੀਮ ਕੌਂਸਲ ਦੀ ਲੀਡਰਸ਼ਿਪ ਟੀਮ ਵੱਲੋਂ ਕੀਤੇ ਗਏ ਅਤੇ ਕੀਤੇ ਜਾ ਰਹੇ ਕੰਮਾਂ ਦੀ ਪੂਰੀ ਰਿਪੋਰਟ ਕੌਸਲ ਦੇ ਜਥੇਦਾਰਾ ਅੱਗੇ ਪੇਸ਼ ਕੀਤੀ, ਅਤੇ ਭਵਿੱਖ ਵਿੱਚ ਕੇਹੜੇ ਹੋਰ ਪ੍ਰੋਜੈਕਟਾ ਉੱਪਰ ਕੰਮ ਕਰਨ ਜਾ ਰਹੀ ਹੈ ਲੀਡਰਸ਼ਿਪ ਟੀਮ ਇਸ ਬਾਰੇ ਵੀ ਵਿਸਥਾਰ ਵਿੱਚ ਜਾਣਕਾਰੀ ਦਿਤੀ ਗਈ। ਇਹਨਾ ਪ੍ਰਜੈਕਟਾ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਣ ਅਤੇ ਪੂਰੀ ਤਿਆਰੀ ਨਾਲ ਭਵਿੱਖ ਵਿੱਚ ਕੰਮ ਕਰਨ ਬਾਰੇ ਕਈ ਹੋਰ ਮਹੱਤਵਪੂਰਨ ਫੈਸਲੇ ਵੀ ਲਏ ਗਏ।

ਭਾਈ ਚੰਦਰ ਸ਼ੇਖਰ ਸਿੰਘ ਗੁਰੂ ਨੇ ਦੱਸਿਆ ਕਿ ਆਏ ਦਿਨ ਸਿੱਖਾਂ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਪੇਸ਼ ਆਉਣ ਵਾਲੇ ਮਸਲਿਆਂ ਨੂੰ ਮੁੱਖ ਰੱਖਦੇ ਹੋਏ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਕਈ ਨਵੇਂ ਤੇ ਚੜਦੀ ਕਲਾ ਵਾਲੇ ਪ੍ਰੋਗਰਾਮ ਸ਼ੁਰੂ ਕਰਨ ਬਾਰੇ, ਨਸ਼ਿਆਂ ਦੇ ਖਾਤਮੇ ਬਾਰੇ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ, ਪਸਾਰ ਅਤੇ ਵਿਕਾਸ ਬਾਰੇ ਜਲਦੀ ਹੀ ਉੱਦਮ-ਉਪਰਾਲੇ ਕੀਤੇ ਜਾਣਗੇ ।ਧਾਰਮਿਕ ਮੁੱਦਿਆਂ ਉੱਪਰ ਵਿਚਾਰਾਂ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸੰਸ਼ਥਾਵਾ ਨੂੰ ਸੰਪਰਕ ਕੀਤਾ ਜਾਵੇਗਾ।

ਕਈ ਮੈਂਬਰਾਂ ਵੱਲੋਂ ਅੰਗੀਠਾ ਸਾਹਿਬ ਬਣਾਉਣ ਦਾ ਵਿਚਾਰ ਵੀ ਰੱਖਿਆ ਗਿਆ। ਜਿਸ ਬਾਰੇ ਅਗਲੀ ਮੀਟਿੰਗ ਵਿੱਚ ਪੂਰੀ ਜਾਣਕਾਰੀ ਨਾਲ ਵਿਚਾਰ ਕਰਨ ਦਾ ਫੈਸਲਾ ਲਿਆ ਗਿਆ। ਹਾਜ਼ਰ ਜਥੇਦਾਰ ਸਹਿਬਾਨ ਅਤੇ ਲੀਡਰਸ਼ਿਪ ਟੀਮ ਦੇ ਮੈਂਬਰਾਂ ਨੇ ਹੋਰ ਕਈ ਕੌਮੀ ਮਾਮਲਿਆਂ ਉੱਪਰ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਦੇ ਆਖੀਰ ਵਿੱਚ ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਅਤੇ ਭਾਈ ਚੰਦਰ ਸ਼ੇਖਰ ਸਿੰਘ ਜੀ ਗੁਰੂ ਨੇ ਸਾਰੇ ਹਾਜ਼ਰ ਮੈਂਬਰਾਂ ਦਾ ਅਤੇ ਗੁਰਦੁਆਰਾ ਰਾਮਗੜੀਆ ਸਭਾ, ਡਰਬੀ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਤੇ ਮੀਟਿੰਗ ਸਮਾਪਤ ਕੀਤੀ।

## ਅਮਰੀਕਾ ਦੇ ਸ਼ਹਿਰ ਡੈਟਰਾਇਟ ਵਿਚ ਹੋਈ ਗੋਲੀਬਾਰੀ ਵਿੱਚ 2 ਵਿਅਕਤੀਆਂ ਦੀ ਮੌਤ ਤੇ 19 ਹੋਰ ਜ਼ਖਮੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮਿਸ਼ੀਗਨ ਸੂਬੇ ਦੇ ਸ਼ਹਿਰ ਡੈਟਰਾਇਟ ਵਿਚ ਹੋਈ ਗੋਲੀਬਾਰੀ ਵਿਚ 2 ਲੋਕਾਂ ਦੀ ਮੌਤ ਹੋਣ ਤੇ 19 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਹ ਜਾਣਕਾਰੀ ਮਿਸ਼ੀਗਨ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪ੍ਰਾਪਤ ਵੇਰਵੇ ਅਨੁਸਾਰ ਗੋਲੀਬਾਰੀ ਦੀ ਘਟਨਾ ਤੜਕਸਾਰ 2.30 ਵਜੇ ਦੇ ਆਸਪਾਸ ਇਕ ਬਲਾਕ ਪਾਰਟੀ ਵਿਚ ਵਾਪਰੀ। ਮਿਸ਼ੀਗਨ ਸਟੇਟ ਪੁਲਿਸ ਨੇ ਕਿਹਾ ਹੈ ਕਿ ਮੁੱਢਲੀ ਜਾਣਕਾਰੀ ਅਨੁਸਾਰ ਇਸ ਘਟਨਾ ਵਿਚ ਕੁਲ 19 ਲੋਕ ਜ਼ਖਮੀ ਹੋਏ ਹਨ ਪਰੰਤੂ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਇਨਾਂ ਦੇ ਸਾਰਿਆਂ ਦੇ ਗੋਲੀਆਂ ਵੱਜੀਆਂ ਹਨ ਜਾਂ ਹੋਰ ਕਿਸੇ ਕਾਰਨ ਜ਼ਖਮੀ ਹੋਏ ਹਨ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ ਹੈ। ਮਾਮਲਾ ਜਾਂਚ ਅਧੀਨ ਹੈ ਤੇ ਸਟੇਟ ਪੁਲਿਸ ਮਾਮਲੇ ਦੀ ਜਾਂਚ ਵਿੱਚ ਡੈਟਰਾਇਟ ਪੁਲਿਸ ਵਿਭਾਗ ਦੀ ਮੱਦਦ ਕਰ ਰਹੀ ਹੈ। ਡੈਟਰਾਇਟ ਪੁਲਿਸ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਸਮੇ ਜਾਂਚਕਾਰ ਤੇ ਫੌਰੈਂਸਿਕ ਮਾਹਿਰ ਸਬੂਤ ਜੁਟਾ ਰਹੇ ਹਨ ਤੇ ਅਗਲੇ ਕੁਝ ਦਿਨਾਂ ਦੌਰਾਨ ਉਹ ਆਪਣਾ ਕੰਮ ਜਾਰੀ ਰਖਣਗੇ।**

ਵਿਸ਼ੇਸ਼ ਰਿਪੋਟ

# ਨਵੀਂ ਬ੍ਰਿਟਿਸ਼ ਸਰਕਾਰ ਦੇ ਭਾਰਤ ਨਾਲ ਰਿਸ਼ਤੇ ਕਿਹੋ ਜਿਹੇ ਹੋਣਗੇ ?

## ✪ ਕਸ਼ਮੀਰ ਮੁੱਦੇ ਉੱਪਰ ਲੇਬਰ ਪਾਰਟੀ ਦੀ ਭਾਰਤ ਦੇ ਹੱਕ ਵਿਚ ਭੁਗਤਣ ਦੀ ਸੰਭਾਵਨਾ
## ✪ ਖਾਲਿਸਤਾਨ ਤੇ ਹੋਰ ਮਨੁੱਖੀ ਹੱਕਾਂ ਬਾਰੇ ਮੁਦਿਆਂ ਉਪਰ ਲੇਬਰ ਪਾਰਟੀ ਨੇ ਚੁੱਪ ਧਾਰੀ

ਬ੍ਰਿਟਿਸ਼ ਸੰਸਦ ਲਈ ਹੋਈਆਂ ਚੋਣਾਂ ਦੇ ਨਤੀਜੇ ਬੀਤੇ ਸ਼ੁੱਕਰਵਾਰ ਨੂੰ ਆ ਗਏ ਸਨ। ਇਸ ਵਿੱਚ ਲੇਬਰ ਪਾਰਟੀ ਨੇ ਪਿਛਲੇ 14 ਸਾਲਾਂ ਤੋਂ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ ਹੈ। ਚੋਣਾਂ ਵਿੱਚ ਬ੍ਰਿਟੇਨ ਦੀ 650 ਸੀਟਾਂ ਵਾਲੀ ਸੰਸਦ (ਹਾਊਸ ਆਫ਼ ਕਾਮਨਜ਼) ਵਿੱਚ ਲੇਬਰ ਪਾਰਟੀ ਨੇ 412 ਸੀਟਾਂ ਜਿੱਤੀਆਂ ਹਨ ਅਤੇ ਪਾਰਟੀ ਦੇ ਆਗੂ ਕੀਅਰ ਸਟਾਰਮਰ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਕਈ ਵਿਸ਼ਵ ਨੇਤਾਵਾਂ ਨੇ ਸਟਾਰਮਰ ਨੂੰ ਵਧਾਈ ਦਿੱਤੀ ਹੈ। ਕਿਉਂਕਿ ਬਰਤਾਨੀਆ ਵਿਚ ਸੱਤਾ ਦਾ ਇਹ ਵੱਡਾ ਬਦਲਾਅ ਹੈ, ਇਸ ਦਾ ਅਸਰ ਕੌਮਾਂਤਰੀ ਸਿਆਸਤ 'ਤੇ ਵੀ ਪਵੇਗਾ।

ਭਾਰਤ ਵਿੱਚ ਸਵਾਲ ਉਠ ਰਹੇ ਹਨ ਕਿ ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਅਤੇ ਨਵੀਂ ਸਰਕਾਰ ਦਾ ਭਾਰਤ ਪ੍ਰਤੀ ਰਵੱਈਆ ਕੀ ਹੋਵੇਗਾ ਅਤੇ ਭਾਰਤ-ਬ੍ਰਿਟੇਨ ਸਬੰਧ ਕਿਸ ਦਿਸ਼ਾ ਵਿੱਚ ਅੱਗੇ ਵਧਣਗੇ ? ਯਾਦ ਰਹੇ ਕਿ ਕਸ਼ਮੀਰ, ਕਸ਼ਮੀਰ ਵਿੱਚ ਮਨੁੱਖੀ ਹਕੂਕ, ਖਾਲਿਸਤਾਨ ਵਰਗੇ ਕਈ ਮੁੱਦਿਆਂ ਉੱਤੇ ਲੇਬਰ ਅਤੇ ਕੰਜ਼ਰਵੇਟਿਵ ਪਾਰਟੀ ਦੀ ਰਾਇ ਵੱਖੋ-ਵੱਖ ਰਹੀ ਹੈ। ਲੇਬਰ ਪਾਰਟੀ ਦੀ ਰਾਇ ਭਾਰਤ ਦੇ ਵਿਰੋਧ ਵਿਚ ਰਹੀ ਹੈ।

### ਐਫਟੀਏ ਦਾ ਭਵਿੱਖ ਕੀ ਹੋਵੇਗਾ ?

ਇਨ੍ਹਾਂ ਚੋਣਾਂ ਵਿਚ ਹਾਰਨ ਵਾਲੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਨ੍ਹਾਂ ਦੀ ਪਤਨੀ ਅਕਸ਼ਾ ਮੂਰਤੀ ਦੇ ਪਰਿਵਾਰਕ ਪਿਛੋਕੜ ਕਾਰਨ ਭਾਰਤ ਵਿਚ ਉਨ੍ਹਾਂ ਨੂੰ ਲੈ ਕੇ ਕਾਫੀ ਉਤਸੁਕਤਾ ਸੀ ਅਤੇ ਸੁਨਕ ਦੇ ਕਾਰਜਕਾਲ ਦੌਰਾਨ ਭਾਰਤ ਤੇ ਬਰਤਾਨੀਆ ਦੇ ਰਿਸ਼ਤਿਆਂ ਵਿਚ ਕਾਫੀ ਤਰੱਕੀ ਹੋਈ ਸੀ। ਪਰ ਦੋਹਾਂ ਦੇਸ਼ਾਂ ਵਿਚਾਲੇ ਪ੍ਰਸਤਾਵਿਤ ਮੁਕਤ ਵਪਾਰ ਸਮਝੌਤੇ (ਐੱਫ.ਟੀ.ਏ.) 'ਤੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਗੱਲਬਾਤ ਚੱਲ ਰਹੀ ਹੈ ਪਰ ਹਸਤਾਖਰ ਨਹੀਂ ਹੋਏ ਸਨ। ਹੁਣ ਆਲੋਚਕ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਇਸ ਸੰਧੀ 'ਤੇ ਲੇਬਰ ਸਰਕਾਰ ਦੇ ਕਾਰਜਕਾਲ ਦੌਰਾਨ ਦਸਤਖਤ ਹੋਣਗੇ।

ਪਾਰਟੀ ਦੇ ਚੋਟੀ ਦੇ ਆਗੂਆਂ ਨੇ ਚੋਣ ਪ੍ਰਚਾਰ ਦੌਰਾਨ ਭਾਰਤ ਪ੍ਰਤੀ ਆਪਣੇ ਰਵੱਈਏ ਦੀ ਝਲਕ ਦਿੱਤੀ। ਮਾਹਿਰਾਂ ਦਾ ਕਹਿਣਾ ਹੈ ਕਿ ਸਟਾਰਮਰ ਨੇ ਖੁਦ ਬ੍ਰਿਟੇਨ ਦੀ ਭਾਰਤੀ ਮੂਲ ਦੀ ਆਬਾਦੀ ਦੀ ਵਧਦੀ ਭਰੋਸੇਯੋਗਤਾ ਨੂੰ ਸਵੀਕਾਰ ਕੀਤਾ ਹੈ। ਇਕ ਰਿਪੋਰਟ ਮੁਤਾਬਕ ਭਾਰਤੀ ਮੂਲ ਦੇ ਕਰੀਬ 18 ਲੱਖ ਲੋਕ ਬਰਤਾਨੀਆ ਵਿਚ ਰਹਿੰਦੇ ਹਨ ਅਤੇ ਉਹ ਬ੍ਰਿਟਿਸ਼ ਅਰਥ-ਵਿਵਸਥਾ ਵਿਚ ਛੇ ਫੀਸਦੀ ਤੋਂ ਵੱਧ ਯੋਗਦਾਨ ਪਾਉਂਦੇ ਹਨ।

ਖਾਸ ਤੌਰ 'ਤੇ ਭਾਰਤ ਨੂੰ ਲੈ ਕੇ ਵੀ ਪਾਰਟੀ ਆਪਣੇ ਪੁਰਾਣੇ ਮੁਦਿਆਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਤੰਬਰ 2019 ਵਿੱਚ, ਜਦੋਂ ਪਾਰਟੀ ਵਿਰੋਧੀ ਧਿਰ ਵਿੱਚ ਸੀ, ਤਦ ਪਾਰਟੀ ਨੇ ਇੱਕ ਐਮਰਜੈਂਸੀ ਮਤਾ ਪਾਸ ਕਰਦਿਆਂ ਕਿਹਾ ਸੀ ਕਿ ਉਸ ਸਮੇਂ ਦੇ ਪਾਰਟੀ ਦੇ ਨੇਤਾ ਜੇਰੇਮੀ ਕੋਰਬੀਨ ਅਤੇ ਅੰਤਰਰਾਸ਼ਟਰੀ ਨਿਗਰਾਨ ਕਸ਼ਮੀਰ ਵਿੱਚ ਭੇਜੇ ਜਾਣ ਅਤੇ ਉਹ ਉਥੇ ਜਾ ਕੇ ਕਸ਼ਮੀਰ ਦੇ ਲੋਕਾਂ ਨੂੰ ਆਪਣੀ ਕਿਸਮਤ ਦਾ ਫੈਸਲਾ ਕਰਨ ਦਾ ਅਧਿਕਾਰ ਦਿਵਾਉਣ ਦੀ ਕੋਸ਼ਿਸ਼ ਕਰਨਗੇ।

ਲੇਕਿਨ ਰਿਸ਼ੀ ਸੁਨਕ ਇਨ੍ਹਾਂ ਸਵਾਲਾਂ ਬਾਰੇ ਸਾਫ਼ ਕੀਤਾ ਸੀ ਕਿ ਕਸ਼ਮੀਰ ਦੁਵੱਲਾ ਮਸਲਾ ਹੈ ਅਤੇ ਇਸ ਮਾਮਲੇ ਵਿੱਚ ਇੰਗਲੈਂਡ ਸਰਕਾਰ ਦਾ ਦਖ਼ਲ ਸਹੀ ਨਹੀਂ ਹੈ।

ਭਾਰਤ ਨੇ ਇਸ ਪ੍ਰਸਤਾਵ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਸੀ ਅਤੇ ਇਸ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਹ ਇਸ ਵਿਸ਼ੇ 'ਤੇ ਲੇਬਰ ਪਾਰਟੀ ਨਾਲ ਗੱਲ ਵੀ ਨਹੀਂ ਕਰਨਾ ਚਾਹੁੰਦਾ। ਭਾਰਤ ਨੇ ਹਮੇਸ਼ਾ ਕਿਹਾ ਹੈ ਕਿ ਕਸ਼ਮੀਰ ਉਸ ਦਾ ਅਨਿੱਖੜਵਾਂ ਅੰਗ ਹੈ ਅਤੇ ਕਸ਼ਮੀਰ ਦਾ ਵਿਵਾਦ ਉਸ ਅਤੇ ਪਾਕਿਸਤਾਨ ਵਿਚਾਲੇ ਦੁਵੱਲੀ ਸਮੱਸਿਆ ਹੈ।

ਯਾਦ ਰਹੇ ਕਿ ਯਾਦ ਰਹੇ ਕਿ ਭਾਰਤ ਨਾਲ ਰਿਸ਼ਤਿਆਂ ਬਾਰੇ ਲੇਬਰ ਪਾਰਟੀ ਦਾ ਸਟੈਂਡ ਕੁਝ ਸਮਾਂ ਪਹਿਲਾਂ ਤੱਕ ਵੱਖਰਾ ਰਿਹਾ ਸੀ। ਇਸਦੀ ਮਿਸਾਲ 1997 ਵਿੱਚ ਦੇਖਣ ਨੂੰ ਮਿਲੀ ਜਦੋਂ ਭਾਰਤ ਆਪਣੀ ਅਜ਼ਾਦੀ ਦੀ 50ਵੀਂ ਵਰ੍ਹੇਗੰਢ ਮਨਾ ਰਿਹਾ ਸੀ।ਉਸ ਸਮੇਂ ਮਹਾਰਾਣੀ ਐਲਿਜ਼ਾਬੇਥ ਅਤੇ ਰਾਜਕੁਮਾਰ ਫਿਲਿਪ ਦੇ ਭਾਰਤ ਆਉਣ ਦਾ ਪ੍ਰੋਗਰਾਮ ਤੈਅ ਕੀਤਾ ਗਿਆ ਸੀ। ਬ੍ਰਿਟੇਨ ਵਿੱਚ ਉਸ ਸਮੇਂ ਪ੍ਰਧਾਨ ਮੰਤਰੀ ਟੋਨੀ ਬਲੇਅਰ ਦੀ ਅਗਵਾਈ ਵਿੱਚ ਲੇਬਰ ਪਾਰਟੀ ਦੀ ਸਰਕਾਰ ਸੀ।

ਬਾਕੀ ਹਿਸਾ ਸਫਾ 18 ਤੇ ਪੜ੍ਹੋ



ਕੌਮਾਂਤਰੀ ਮਾਹਿਰਾਂ ਦਾ ਮੰਨਣਾ ਹੈ ਕਿ ਇੰਗਲੈਂਡ ਭਾਰਤ ਪ੍ਰਤੀ ਅਮਰੀਕਾ ਦੇ ਪੈਂਤੜੇ ਤੋਂ ਨੀਤੀ ਆਪਨਾਏਗਾ। ਖਾਲਿਸਤਾਨ ਪ੍ਰਤੀ ਨੀਤੀ ਅਮਰੀਕਾ ਤੇ ਕੈਨੇਡਾ ਵਾਲੀ ਰਹੇਗੀ। ਇੰਗਲੈਂਡ ਵਿਚ ਸਿਖਾਂ ਦਾ ਲੇਬਰ ਪਾਰਟੀ ਉਪਰ ਭਾਰੀ ਪ੍ਰਭਾਵ ਸਮਝਿਆ ਜਾ ਰਿਹਾ ਹੈ। ਕਸ਼ਮੀਰ ਬਾਰੇ ਬਾਕੀ ਮੁਸਲਮਾਨ ਦੇਸ ਚੁਪ ਹਨ। ਅਮਰੀਕਾ ਵੀ ਦਖਲ ਅੰਦਾਜ਼ੀ ਨਹੀ ਦੇ ਰਿਹਾ। ਜਾਪਦਾ ਹੈ ਕਿ ਇੰਗਲੈਂਡ ਵੀ ਇਸ ਮੁਦੇ ਉਪਰ ਸਰਗਰਮ ਨਹੀਂ ਰਹੇਗਾ।

# ਖਾਲਿਸਤਾਨ ਤੇ ਮਨੁੱਖੀ ਹੱਕਾਂ ਦੇ ਮੁੱਦੇ ਬਾਰੇ ਲੇਬਰ ਪਾਰਟੀ ਅਮਰੀਕਨ ਨੀਤੀ ਅਪਨਾਉਣ ਦੀ ਸੰਭਾਵਨਾ

## ✪ ਇੰਗਲੈਂਡ ਵਿਚ ਸਿਖ ਭਾਈਚਾਰੇ ਉਪਰ ਲੇਬਰ ਪਾਰਟੀ ਦਾ ਪ੍ਰਭਾਵ

ਬ੍ਰਿਟੇਨ ਵਿੱਚ ਖਾਲਿਸਤਾਨ ਦਾ ਮੁੱਦਾ ਉਸ ਸਮੇਂ ਸਾਹਮਣੇ ਆਇਆ ਜਦੋਂ ਪਿਛਲੇ ਸਾਲ ਮਾਰਚ ਵਿੱਚ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਸਾਹਮਣੇ ਮੁਜ਼ਾਹਰਾਕਾਰੀਆਂ ਨੇ ਇੱਕ ਵੱਡੇ ਜਥੇ ਨੇ ਮੁਜ਼ਾਹਰਾ ਕੀਤਾ ਸੀ। ਇਸ ਵਿੱਚ ਬ੍ਰਿਟੇਨ ਦੇ ਸਿੱਖ ਭਾਈਚਾਰੇ ਦੇ ਲੋਕ ਸ਼ਾਮਲ ਸਨ। ਇਨ੍ਹਾਂ ਵਿੱਚੋਂ ਕਈ ਜਣਿਆਂ ਨੇ ਹੱਥਾਂ ਵਿੱਚ ਖਾਲਿਸਤਾਨ ਪੱਖੀ ਝੰਡੇ ਚੁੱਕੇ ਹੋਏ ਸਨ। ਕਈ ਲੋਕ ਵਾਰਿਸ ਪੰਜਾਬ ਦੇ ਸੰਗਠਨ ਦੇ ਹਮਾਇਤੀ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਹੋ ਰਹੀ ਕਨੂੰਨੀ ਕਾਰਵਾਈ ਨੂੰ ਰੋਕਣ ਦੀ ਮੰਗ ਕਰ ਰਹੇ ਸਨ। ਭਾਰਤ ਸਰਕਾਰ ਵਲੋਂ ਲੇਬਰ ਪਾਰਟੀ ਦੇ ਕੁਝ ਆਗੂਆਂ ਉੱਤੇ ਖਾਲਿਸਤਾਨ ਦੀ ਹਮਾਇਤ ਦਾ ਇਲਜ਼ਾਮ ਵੀ ਲਾਇਆ ਜਾਂਦਾ ਰਿਹਾ ਹੈ। ਬਕਿੰਘਮ ਅਜਬੈਸਟਨ ਤੋਂ ਜਿੱਤ ਕੇ ਹਾਊਸ ਆਫ ਕਾਮਨਜ਼ ਪਹੁੰਚੇ ਪ੍ਰੀਤ ਕੌਰ ਗਿੱਲ ਨੂੰ ਖਾਲਿਸਤਾਨ ਦੀ ਹਮਾਇਤੀ ਮੰਨਿਆ ਜਾਂਦਾ ਹੈ। ਇਸ ਸਾਲ ਮਾਰਚ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ ਦੇ ਨਾਲ ਉਨ੍ਹਾਂ ਦੀ ਤਸਵੀਰ ਸਾਹਮਣੇ ਆਉਣ ਤੋਂ ਬਾਅਦ ਭਾਜਪਾ ਨੇ ਆਪ ਪਾਰਟੀ ਨੂੰ ਘੇਰਿਆ ਸੀ।

ਇੰਗਲੈਂਡ ਦੇ ਸਿਖਾਂ ਵਿਚ ਅਣਖੀਲੀ ਨੇਤਾ ਮੰਨੀ ਜਾਂਦੀ ਪ੍ਰੀਤ ਕੌਰ ਗਿੱਲ ਨੇ ਇਸ ਤੋਂ ਪਹਿਲਾਂ ਇਸੇ ਸਾਲ ਫਰਵਰੀ ਵਿੱਚ ਹਾਊਸ ਆਫ ਕਾਮਨਜ਼ ਵਿੱਚ ਇਲਜ਼ਾਮ ਲਾਇਆ ਸੀ ਕਿ ਭਾਰਤ ਨਾਲ ਸੰਬੰਧਿਤ ਏਜੰਟ ਯੂਕੇ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ ਨੇ ਇਸ ਸਿਲਸਿਲੇ ਵਿੱਚ ਬ੍ਰਿਟੇਨ ਦੇ ਰੱਖਿਆ ਮੰਤਰੀ ਤੋਂ ਜਵਾਬ ਮੰਗਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ (ਜੱਗੀ ਜੌਹਲ) ਦੀ ਰਿਹਾਈ ਦੀ ਮੰਗ ਕੀਤੀ ਸੀ। ਕਤਲ ਦੇ ਕਥਿਤ ਮਾਮਲਿਆਂ ਵਿੱਚ ਸ਼ਮੂਲੀਅਤ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਜਗਤਾਰ ਸਿੰਘ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹਨ।

ਲੇਬਰ ਪਾਰਟੀ ਦੀ ਇੱਕ ਹੋਰ ਕਾਊਂਸਲਰ ਪਰਬਿੰਦਰ ਕੌਰ ਨੇ ਖ਼ਾਲਿਸਤਾਨ ਦੀ ਹਮਾਇਤ ਕਰ ਰਹੇ ਬੱਬਰ ਖ਼ਾਲਸਾ ਕਾਰਕੁਨ ਨੂੰ ਸੋਸ਼ਲ ਮੀਡੀਆ ਉੱਤੇ ਸ਼ਰਧਾਂਜਲੀ ਦਿੱਤੀ ਸੀ ਜਿਸ ਲਈ ਪਾਰਟੀ ਨੇ ਉਨ੍ਹਾਂ ਖਿਲਾਫ਼ ਜਾਂਚ ਸ਼ੁਰੂ ਕੀਤੀ ਸੀ। ਇਸ ਤੋਂ ਪਹਿਲਾਂ 2022 ਵਿੱਚ ਉਨ੍ਹਾਂ ਨੇ ਦਿਲਾਵਰ ਸਿੰਘ ਬੱਬਰ ਨਾਮ ਦੇ ਇੱਕ ਪੁਲਿਸ ਅਫ਼ਸਰ ਨੂੰ ਸ਼ਹੀਦ ਕਿਹਾ ਸੀ ਜਿਸਨੇ ਪੰਜਾਬ ਦੇ ਮੁਖ ਮੰਤਰੀ ਬੇਅੰਤ ਸਿੰਘ ਨੂੰ ਆਤਮਘਾਤੀ ਬੰਬ ਬਣਕੇ ਉਡਾਇਆ ਸੀ।

ਉੱਥੇ ਹੀ ਸਲੋਹ ਤੋਂ ਲੇਬਰ ਸਾਂਸਦ ਤਨਮਨਜੀਤ ਸਿੰਘ ਢੇਸੀ ਨੇ ਵੀ ਜੰਮੂ-ਕਸ਼ਮੀਰ ਤੋਂ 370 ਹਟਾਏ ਜਾਣ ਦੇ ਭਾਰਤ ਸਰਕਾਰ ਦੇ ਫੈਸਲੇ ਨੂੰ ਗਲਤ ਦੱਸਿਆ ਸੀ। ਉਹ ਕਈ ਵਾਰ ਬ੍ਰਿਟੇਨ ਦੀ ਸੰਸਦ ਵਿੱਚ ਭਾਰਤ ਵਿੱਚ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਮੁੱਦਾ ਚੁੱਕਦੇ ਰਹੇ ਹਨ। ਭਾਰਤ ਵਿੱਚ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਹੋਏ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਵਾਲਿਆਂ ਵਿੱਚ ਤਨਮਨਜੀਤ ਸਿੰਘ ਢੇਸੀ ਦਾ ਨਾਂ ਮੋਹਰੀ ਸੀ। ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਦੇ ਸਮਰਥਕਾਂ ਦੀ ਸੋਸ਼ਲ ਮੀਡੀਆ ਟਰੋਲਿੰਗ ਦਾ ਸਾਹਮਣਾ ਵੀ ਕਰਨਾ ਪਿਆ ਸੀ। ਇੱਥੋਂ ਤੱਕ ਕਿ ਜਦੋਂ ਉਹ ਭਾਰਤ ਆਏ ਤਾਂ ਉਨ੍ਹਾਂ ਨੂੰ ਏਅਰ ਪੋਰਟ ਉੱਤੇ ਕਈ ਘੰਟੇ ਰੋਕੀ ਰੱਖਿਆ ਗਿਆ ਸੀ। ਇਸੇ ਤਰ੍ਹਾਂ ਕੁਝ ਲੇਬਰ ਆਗੂਆਂ 'ਤੇ ਵੀ ਖਾਲਿਸਤਾਨ ਦੇ ਸਮਰਥਕ ਹੋਣ ਦੇ ਦੋਸ਼ ਲੱਗੇ ਹਨ। ਪਰ ਪਾਰਟੀ ਹੁਣ ਇਨ੍ਹਾਂ ਵਿਵਾਦਾਂ ਨੂੰ ਪਿੱਛੇ ਛੱਡਣਾ ਚਾਹੁੰਦੀ ਹੈ। ਪਾਰਟੀ ਦੇ ਮੌਜੂਦਾ ਪ੍ਰਧਾਨ ਐਨੇਲੇਸ ਡੌਡਜ਼ ਨੇ ਕਿਹਾ ਹੈ ਕਿ ਸਟਾਰਮਰ ਦੀ ਅਗਵਾਈ ਹੇਠ ਪਾਰਟੀ ਨੂੰ ਭਰੋਸਾ ਹੈ ਕਿ ਹੁਣ ਇਸ ਦੇ ਮੈਂਬਰਾਂ ਵਿੱਚੋਂ ਕੋਈ ਵੀ ਅਜਿਹਾ ਨਹੀਂ ਹੋਵੇਗਾ ਜੋ ਭਾਰਤ ਬਾਰੇ 'ਕੱਟੜਪੰਥੀ ਵਿਚਾਰ' ਰੱਖਦਾ ਹੋਵੇ।

ਇਸੇ ਤਰ੍ਹਾਂ ਐਫਟੀਏ ਬਾਰੇ ਲੇਬਰ ਪਾਰਟੀ ਨੇ ਵੀ ਸਵਾਲ ਖੜ੍ਹੇ ਕੀਤੇ ਹਨ ਕਿ ਕੰਜ਼ਰਵੇਟਿਵ ਪਾਰਟੀ ਨੇ ਐਫਟੀਏ 'ਤੇ ਦਸਤਖਤ ਕਰਨ ਵਿੱਚ ਦੇਰੀ ਕਿਉਂ ਕੀਤੀ ? ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਇਹ ਵੀ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਜੇਕਰ ਉਸ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲਦਾ ਹੈ, ਤਾਂ ਉਹ ਭਾਰਤ ਨਾਲ "ਇੱਕ ਨਵੀਂ ਰਣਨੀਤਕ ਭਾਈਵਾਲੀ" ਬਣਾਏਗੀ, ਜਿਸ ਵਿੱਚ ਇੱਕ ਐਫਟੀਏ ਵੀ ਸ਼ਾਮਲ ਹੋਵੇਗਾ।

## 17 ਸਫ਼ੇ ਦੀ ਬਾਕੀ

ਉਸ ਸਮੇਂ ਭਾਰਤ ਪਹੁੰਚਣ ਤੋਂ ਪਹਿਲਾਂ ਮਹਾਰਾਣੀ ਪਾਕਿਸਤਾਨ ਵਿੱਚ ਉੱਤਰੇ ਅਤੇ ਉੱਥੇ ਕਸ਼ਮੀਰ ਮੁੱਦੇ ਉੱਤੇ ਬਿਆਨ ਦਿੱਤਾ ਸੀ।ਉਨ੍ਹਾਂ ਨੇ ਕਿਹਾ ਸੀ ਕਿ ਦੋਵਾਂ ਮੁਲਕਾਂ ਨੂੰ ਆਪਸੀ ਗੱਲਬਾਤ ਰਾਹੀਂ ਇਹ ਮੁੱਦਾ ਸੁਲਝਾਉਣਾ ਚਾਹੀਦਾ ਹੈ। ਉਨ੍ਹਾਂ ਦੇ ਨਾਲ ਗਏ ਵਿਦੇਸ਼ ਮੰਤਰੀ ਰਾਬਿਨ ਕੁੱਕ ਨੇ ਸਾਲਸੀ ਦੀ ਤਜਵੀਜ਼ ਵੀ ਦੇ ਦਿੱਤੀਸੀ।

ਭਾਰਤ ਨੇ ਇਸ ਉੱਤੇ ਤਿੱਖੀ ਟਿੱਪਣੀ ਕੀਤੀ ਸੀ ਅਤੇ ਕਿਹਾ ਸੀ ਕਿ ਲਗਦਾ ਹੈ ਕਿ ਬ੍ਰਿਟੇਨ ਆਪਣੇ ਸਾਮਰਾਜਵਾਦੀ ਇਤਿਹਾਸ ਨੂੰ ਭੁੱਲ ਨਹੀਂ ਸਕਿਆ। ਬਾਅਦ ਵਿੱਚ ਟੋਨੀ ਬਲੇਅਰ ਨੇ ਭਰੋਸਾ ਦਿੱਤਾ ਸੀ ਕਸ਼ਮੀਰ ਬਾਰੇ ਬ੍ਰਿਟੇਨ ਦੀ ਨੀਤੀ ਦਾ ਸਾਰ ਇਹੀ ਹੈ ਕਿ ਇਹ ਮੁੱਦਾ ਭਾਰਤ-ਪਾਕਿਸਤਾਨ ਦੇ 'ਚ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ।"

### ਕਸ਼ਮੀਰ ਮੁੱਦੇ ਬਾਰੇ ਲੇਬਰ ਪਾਰਟੀ ਦੀ ਨੀਤੀ

11 ਅਗਸਤ 2019 ਨੂੰ ਲੇਬਰ ਪਾਰਟੀ ਦੇ ਪ੍ਰਧਾਨ ਰਹੇ ਜੇਰਿਮੀ ਕੌਰਬਿਨ ਨੇ ਇੱਕ ਟਵੀਟ ਕਰਕੇ ਕਿਹਾ ਕਿ ਕਸ਼ਮੀਰ ਵਿੱਚ ਸਥਿਤੀ "ਪਰੇਸ਼ਾਨ ਕਰਨ ਵਾਲੀ ਹੈ"। ਉਨ੍ਹਾਂ ਨੇ ਭਾਰਤ ਨੂੰ ਅਪੀਲ ਕੀਤੀ ਸੀ ਕਿ ਇੱਥੇ ਹੋ ਰਹੀ ਮਨੁੱਖੀ ਹੱਕਾਂ ਦੀ ਉਲੰਘਣਾ ਖ਼ਤਮ ਹੋਵੇ ਅਤੇ ਸੰਯੁਕਤ ਰਾਸ਼ਟਰ ਦੇ ਮਤਿਆਂ ਦੇ ਤਹਿਤ ਮਾਮਲੇ ਦਾ ਹੱਲ ਲੱਭਿਆ ਜਾਵੇ। ਉਨ੍ਹਾਂ ਦਾ ਇਹ ਟਵੀਟ ਭਾਰਤ ਵੱਲੋਂ ਜੰਮੂ-ਕਸ਼ਮੀਰ ਨੂੰ ਖਾਸ ਦਰਜਾ ਦੇਣ ਵਾਲੇ ਸੰਵਿਧਾਨ ਦੇ ਆਰਟੀਕਲ 370 ਨੂੰ ਹਟਾਏ ਜਾਣ ਦੇ ਫੈਸਲੇ ਤੋਂ ਬਾਅਦ ਆਇਆ ਸੀ। ਭਾਰਤ ਨੇ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾ ਦਿੱਤੀ ਸੀ।

ਕੌਰਬਿਨ ਦਾ ਟਵੀਟ ਕਸ਼ਮੀਰ ਮੁੱਦੇ ਉੱਤੇ ਲੇਬਰ ਪਾਰਟੀ ਦੇ ਮੁਤਾਬਕ ਹੀ ਸੀ, ਜਿਸਦੇ ਅਨੁਸਾਰ ਜੰਮੂ-ਕਸ਼ਮੀਰ ਦੇ ਮੁੱਦੇ ਦਾ ਹੱਲ ਸੰਯੁਕਤ ਰਾਸ਼ਟਰ ਦੇ ਮਾਮਲੇ ਦਾ ਹੱਲ ਮਤਿਆਂ ਦੇ ਤਹਿਤ ਹੋ ਸਕਦਾ ਹੈ। ਇਸ ਤੋਂ ਬਾਅਦ ਕਰੀਬ 100 ਭਾਰਤੀ ਮੂਲ ਦੇ ਬ੍ਰਿਟਿਸ਼ ਲੋਕਾਂ ਨੇ ਕੌਰਬਿਨ ਨੂੰ ਚਿੱਠੀ ਲਿਖ ਕੇ ਇਸ ਉੱਤੇ ਇਤਰਾਜ਼ ਜ਼ਾਹਰ ਕੀਤਾ ਸੀ।

ਇਸ ਤੋਂ ਬਾਅਦ 25 ਸਤੰਬਰ ਨੂੰ ਲੇਬਰ ਪਾਰਟੀ ਦੇ ਸਲਾਨਾ ਸਮਾਗਮ ਹੋਇਆ, ਜਿਸ ਵਿੱਚ ਇੱਕ ਹੰਗਾਮੀ ਮਤਾ ਪਾਸ ਕੀਤਾ ਗਿਆ ਸੀ ਕਿ ਕਸ਼ਮੀਰ ਵਿੱਚ ਮਨੁੱਖੀ ਹੱਕਾਂ ਦੀ ਉਲੰਘਣਾ ਹੋ ਰਹੀ ਹੈ। ਇਸਦੇ ਨਾਲ ਹੀ ਮੰਗ ਕੀਤੀ ਗਈ ਕਿ ਕੌਮਾਂਤਰੀ ਅਬਜ਼ਰਵਰਾਂ ਨੂੰ "ਕਸ਼ਮੀਰ ਜਾਣ ਦੀ ਇਜਾਜ਼ਤ" ਦਿੱਤੀ ਜਾਵੇ। ਕਸ਼ਮੀਰ ਦੇ ਲੋਕਾਂ ਨੂੰ ਆਪਣੇ ਲਈ ਫੈਸਲਾ ਲੈਣ ਦਾ ਹੱਕ ਦਿੱਤਾ ਜਾਵੇ। ਪਾਰਟੀ ਦੇ ਸਾਲਾਨਾ ਸਮਾਗਮ ਵਿੱਚ ਇਹ ਮਤਾ ਪਾਸ ਹੋ ਗਿਆ ਸੀ ਲੇਕਿਨ ਮਾਮਲਾ ਇੱਥੋਂ ਹੀ ਹੱਥ ਵਿੱਚੋਂ ਤਿਲਕਣ ਲੱਗਿਆ। ਲੇਬਰ ਪਾਰਟੀ ਦੇ ਮਤੇ ਬਾਰੇ ਭਾਰਤੀ ਮੂਲ ਦੇ ਬ੍ਰਿਟਿਸ਼ ਨਾਗਰਿਕਾਂ ਨੇ ਪਾਰਟੀ ਦੇ ਵਿਰੋਧ ਵਿੱਚ ਅਵਾਜ਼ ਚੁੱਕੀ ਸੀ।ਉਨ੍ਹਾਂ ਨੇ ਕੌਰਬਿਨ ਨੂੰ ਚਿੱਠੀ ਲਿਖੀ ਅਤੇ ਕਿਹਾ ਕਿ ਲੇਬਰ ਪਾਰਟੀ ਦਾ ਵਤੀਰਾ ਭਾਰਤ ਵਿਰੋਧੀ ਹੈ ਅਤੇ ਉਹ ਇਸ ਤੋਂ ਨਰਾਜ਼ ਹਨ।ਵਧਦੇ ਵਿਰੋਧ ਕਾਰਨ ਲੇਬਰ ਪਾਰਟੀ ਦੀ ਚਿੰਤਾ ਵਧਣ ਲੱਗੀ, ਕਿਉਂਕਿ ਇਸਦੇ ਸਮਰਥਕਾਂ ਵਿੱਚ ਭਾਰਤੀ ਮੂਲ ਦੇ ਲੋਕ ਵੱਡੀ ਸੰਖਿਆ ਵਿੱਚ ਸ਼ਾਮਲ ਹਨ।

ਲੇਬਰ ਪਾਰਟੀ ਦੇ ਚੇਅਰਮੈਨ ਇਆਨ ਲੇਵਰੀ ਨੇ ਭਾਰਤੀ ਮੂਲ ਦੇ ਨਾਗਰਿਕਾਂ ਨੂੰ ਚਿੱਠੀ ਲਿਖ ਕੇ ਕਿਹਾ ਕਿ ਲੇਬਰ ਪਾਰਟੀ ਕਿਸੇ ਵੀ ਦੇਸ ਦੇ ਸਿਆਸੀ ਮਾਮਲਿਆਂ ਵਿੱਚ ਬਾਹਰੀ ਮੁਲਕ ਦੇ ਦਖ਼ਲ ਦਾ ਵਿਰੋਧ ਕਰਦੀ ਹੈ। ਉਨ੍ਹਾਂ ਨੇ ਲਿਖਿਆ, "ਅਸੀਂ ਮੰਨਦੇ ਹਾਂ ਕਿ ਆਪਣੇ ਭਵਿੱਖ ਲਈ ਕਸ਼ਮੀਰੀਆਂ ਦੇ ਆਪਣੇ ਹੱਕ ਹਨ, ਪਰ ਕਸ਼ਮੀਰ ਇੱਕ ਦੁਵੱਲਾ ਮਸਲਾ ਹੈ ਜਿਸ ਨੂੰ ਭਾਰਤ ਅਤੇ ਪਾਕਿਸਤਾਨ ਨੂੰ ਮਿਲ ਕੇ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਾਫ਼ ਕੀਤਾ ਕਿ ਕਸ਼ਮੀਰ ਮਸਲੇ ਉੱਤੇ ਲੇਬਰ ਪਾਰਟੀ ਨਾ ਤਾਂ ਭਾਰਤ ਅਤੇ ਨਾ ਹੀ ਪਾਕਿਸਤਾਨ ਦਾ ਸਮਰਥਨ ਕਰਦੀ ਹੈ।" ਹਾਲਾਂਕਿ ਮੰਨਿਆ ਜਾਂਦਾ ਹੈ ਕਿ 2019 ਦੀ ਘਟਨਾ ਤੋਂ ਬਾਅਦ ਲੇਬਰ ਪਾਰਟੀ ਨੂੰ ਭਾਰਤ ਵਿਰੋਧੀ ਦੇ ਰੂਪ ਵਿੱਚ ਦੇਖਿਆ ਜਾਣ ਲੱਗਿਆ।

ਜੇਰਿਮੀ ਕੌਰਬਿਨ ਦੀ ਅਗਵਾਈ ਵਿੱਚ ਪਾਸ ਹੋਏ ਕਸ਼ਮੀਰ ਮਤੇ ਦੇ ਕਾਰਨ ਲੇਬਰ ਪਾਰਟੀ ਨੂੰ ਉੱਥੇ ਰਹਿਣ ਵਾਲੇ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਲੋਕਾਂ ਦਾ ਉਨਾਂ ਸਮਰਥਨ ਨਹੀਂ ਮਿਲ ਸਕਿਆ ਅਤੇ ਪਾਰਟੀ ਨੂੰ ਚੋਣਾਂ ਵਿੱਚ 59 ਸੀਟਾਂ ਦਾ ਨੁਕਸਾਨ ਹੋਇਆ। 2019 ਦੀਆਂ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਨੂੰ 365 ਸੀਟਾਂ ਮਿਲੀਆਂ ਸਨ ਜਦਕਿ ਲੇਬਰ ਪਾਰਟੀ ਦੇ ਖਾਤੇ ਵਿੱਚ 203 ਸੀਟਾਂ ਆਈਆਂ। ਕੰਜ਼ਰਵੇਟਿਵ ਪਾਰਟੀ ਨੂੰ 47 ਸੀਟਾਂ ਦਾ ਫਾਇਦਾ ਹੋਇਆ ਸੀ। ਇਸ ਤੋਂ ਕੁਝ ਮਹੀਨੇ ਬਾਅਦ 30 ਅਪ੍ਰੈਲ 2020 ਨੂੰ ਕੀਅਰ ਸਮਾਰਟਰ ਨੇ ਲੇਬਰ ਫਰੈਂਡਸ ਆਫ ਇੰਡੀਆ ਗਰੁੱਪ ਵਾਲਿਆਂ ਨਾਲ ਮੁਲਾਕਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਸੀ ਕਿ ਭਾਰਤ ਨਾਲ ਜੁੜੇ ਸਾਰੇ ਸੰਵਿਧਾਨਕ ਮਸਲੇ, ਭਾਰਤੀ ਸੰਸਦ ਦੇ ਮਸਲੇ ਹਨ ਅਤੇ ਕਸ਼ਮੀਰ ਦੁਵੱਲਾ ਮਸਲਾ ਹੈ, ਜਿਸ ਨੂੰ ਭਾਰਤ ਅਤੇ ਪਾਕਿਸਤਾਨ ਨੂੰ ਮਿਲ ਕੇ ਪੁਰ ਅਮਨ ਤਰੀਕੇ ਨਾਲ ਹੱਲ ਕਰੇ। ਲੇਬਰ ਪਾਰਟੀ ਇੱਕ ਇੰਟਰਨੈਸ਼ਨਲਿਸਟ ਪਾਰਟੀ ਹੈ ਅਤੇ ਮਨੁੱਖੀ ਹੱਕਾਂ ਲਈ ਹਮੇਸ਼ਾ ਖੜ੍ਹੀ ਹੈ।ਉਨ੍ਹਾਂ ਨੇ ਇਸ ਦੌਰਾਨ ਕਿਹਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ ਸੱਤਾ ਵਿੱਚ ਆਈ ਤਾਂ ਭਾਰਤ ਦੇ ਨਾਲ ਹੋਰ ਵੀ ਮਜ਼ਬੂਤ ਵਪਾਰਕ ਰਿਸ਼ਤੇ ਬਣਾਉਣਗੇ ਅਤੇ ਪੌਣ-ਪਾਣੀ ਦੀ ਤਬਦੀਲੀ ਵਰਗੇ ਮਸਲਿਆਂ ਉੱਤੇ ਕੌਮਾਂਤਰੀ ਮੰਚਾਂ ਉੱਤੇ ਮਿਲ ਕੇ ਕੰਮ ਕਰਨਗੇ।

ਲੇਕਿਨ ਇਸ ਬਿਆਨ ਨਾਲ ਵਿਵਾਦ ਰੁਕਿਆ ਨਹੀਂ। ਮੁਸਲਿਮ ਕਾਊਂਸਲ ਆਫ ਬ੍ਰਿਟੇਨ ਨੇ ਉਨ੍ਹਾਂ ਦੇ ਇਸ ਬਿਆਨ ਦੇ ਬਾਰੇ ਸਪੱਸ਼ਟੀਕਰਨ ਮੰਗਿਆ ਸੀ।

ਜਵਾਬ ਵਿੱਚ ਕੀਅਰ ਸਟਾਰਮਰ ਨੇ ਲਿਖਿਆ, "ਕਸ਼ਮੀਰ ਵਿੱਚ ਸਾਡਾ ਵਤੀਰਾ ਨਹੀਂ ਬਦਲਿਆ ਹੈ। ਅਸੀਂ ਕਸ਼ਮੀਰੀ ਲੋਕਾਂ ਦੇ ਹੱਕਾਂ ਉੱਤੇ ਸੰਯੁਕਤ ਰਾਸ਼ਟਰ ਦੇ ਪਿਛਲੇ ਮਤਿਆਂ ਦੀ ਹਮਾਇਤ ਕਰਦੇ ਹਾਂ ਅਤੇ ਉਨ੍ਹਾਂ ਨੂੰ ਮਾਨਤਾ ਦਿੰਦੇ ਹਾਂ। ਲੇਕਿਨ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਇਸ ਸੰਘਰਸ਼ ਦੇ ਅੰਤ ਲਈ ਸਥਾਈ ਹੱਲ ਵੀ ਤਾਂ ਹੀ ਮਿਲ ਸਕੇਗਾ ਜਦੋਂ ਭਾਰਤ ਅਤੇ ਪਾਕਿਸਤਾਨ ਅਤੇ ਕਸ਼ਮੀਰ ਦੇ ਲੋਕ ਇਕੱਠੇ ਮਿਲ ਕੇ ਕੰਮ ਕਰ ਸਕਣ।"

# THE POWER IN SPEECHES





I believe in the power of words, I believe in the power of words a conviction that underpins the essence of human connection and progress. Words are not merely symbols or sounds they are vessels of meaning and catalysts of change. They have a profound ability to inspire heal and transform. Throughout history speeches and writings have ignited revolutions, bringing peace and articulated the aspirations of a entire generation. Consider the speeches of Martin Luther the king jnr whose words resonated with the pain and hope of millions galvanising the civil right movement. His " I HAVE A DREAM " speech is a testament to how words can dismantle barriers fighting racial discrimination and transforming seeds of equality. Similarly literature has the power to transport empthy and understanding. How could we forget obama words " WE ARE THE CHANGE WE SEEK" and Mahatma Gandhi " YOU MUST BE THE CHANGE, YOU MUST SEE IN THE WORLD" In personal interaction words shape our relationships and self perception, encouraging words can boost someone confidence and self- worth, while harsh words can leave lasting scars. The edge " the pen is mightier than the sword" underscores this notion, emphasising that words can achieve what force cannot. The power of speeches has only amplified platforms and allows ideas to spread rapidly, influencing public perception and opinions mobilising collective actions. However this also calls for responsibile use of language, recognising that misinformation and harmful rhetoric can have significant consequences. Ultimately believing in the power of words means acknowledging their potential to craft reality and shape our world. It's a call to use language thoughfully, applying its power for postive and constructive purposes.

" I leave you with these beautiful words "I believe in the power of words and speeches, many people speak before they think, but I know the value of words. Words can make you they can break you they can heal your soul, they can damage you forever so always use postive words in life.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

From : LAMBARDAR DHARMVEER SINGH CLAIRE COVENTRY

# ਪ੍ਰਦੂਸ਼ਿਤ ਵਾਤਾਵਰਣ ਕਈ ਬਿਮਾਰੀਆਂ ਦਾ ਕਾਰਨ ਬਣਿਆ

**ਵਿਸ਼ੇਸ਼ ਰਿਪੋਟ**

## ✪ ਹਵਾ ਪ੍ਰਦੂਸ਼ਣ ਕਾਰਨ ਸਭ ਤੋਂ ਵੱਧ ਮੌਤਾਂ ਦਿੱਲੀ ਵਿਚ ਹੋਈਆਂ ਮੌਤਾਂ ✪ ਹਵਾ ਪ੍ਰਦੂਸ਼ਣ ਕਾਰਨ 2021 ਦੌਰਾਨ ਭਾਰਤ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ 1,69,400 ਬੱਚਿਆਂ ਦੀ ਮੌਤ ਹੋਈ





ਪ੍ਰਦੂਸਿਤ ਵਾਤਾਵਰਣ ਕਈ ਬਿਮਰੀਆਂ ਦਾ ਕਾਰਨ ਬਣਦਾ ਹੈ ਅਤੇ ਸਾਡੀ ਉਮਰ ਨੂੰ ਘਟਾਉਂਦਾ ਹੈ । ਇਕ ਨਵੇਂ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਹਰ ਸਾਲ ਦਿੱਲੀ ਸਮੇਤ ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਹਜ਼ਾਰਾਂ ਲੋਕ ਹਵਾ ਪ੍ਰਦੂਸ਼ਣ ਕਾਰਨ ਆਪਣੀ ਜਾਨ ਗੁਆ ਰਹੇ ਹਨ। ਦੱਸ ਦਈਏ ਕਿ ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨਈ ਸਮੇਤ ਕਈ ਸ਼ਹਿਰ ਪ੍ਰਦੂਸ਼ਣ ਤੋਂ ਪ੍ਰਭਾਵਿਤ ਹੋ ਰਹੇ ਹਨ। ਦੇਸ਼ ਦੇ ਰਾਜਧਾਨੀ ਦਿੱਲੀ ਵਿਚ ਪ੍ਰਦੂਸ਼ਣ ਦੀ ਸਮੱਸਿਆ ਸਭ ਤੋਂ ਵਧੇਰੇ ਹੈ। ਭਾਰਤ ਵਿਚ ਹਵਾ ਪ੍ਰਦੂਸ਼ਣ ਕਾਰਨ ਸਭ ਤੋਂ ਵੱਧ ਮੌਤਾਂ ਦਿੱਲੀ ਵਿਚ ਹੋ ਰਹੀਆਂ ਹਨ। ਲੈਂਸੇਟ ਦੇ ਇਕ ਨਵੇਂ ਅਧਿਐਨ ਵਿਚ ਹਵਾ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੇ ਸਾਹਮਣੇ ਆਏ ਅੰਕੜੇ ਹੈਰਾਨ ਕਰਨ ਵਾਲੇ ਹਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਲੈਂਸੇਟ ਵਿਚ ਪ੍ਰਕਾਸ਼ਿਤ ਇਹ ਭਾਰਤ ਵਿਚ ਹੋਣ ਵਾਲਾ ਆਪਣੀ ਕਿਸਮ ਦਾ ਪਹਿਲਾ ਮਲਟੀ-ਸਿਟੀ ਅਧਿਐਨ ਹੈ।

ਇਸ ਵਿਚ ਪਾਇਆ ਗਿਆ ਹੈ ਕਿ ਦਿੱਲੀ ਵਿਚ ਹਰ ਸਾਲ ਹੋਣ ਵਾਲੀਆਂ ਮੌਤਾਂ ਵਿਚੋਂ ਲਗਭਗ 11.5 ਫੀਸਦੀ ਮੌਤਾਂ ਹਵਾ ਪ੍ਰਦੂਸ਼ਣ ਕਾਰਨ ਹੁੰਦੀਆਂ ਹਨ। ਭਾਵ ਕਿ ਦਿੱਲੀ ਵਿਚ ਹਰ ਸਾਲ ਕਰੀਬ 12,000 ਲੋਕ ਜ਼ਹਿਰੀਲੀ ਹਵਾ ਕਾਰਨ ਮਰ ਰਹੇ ਹਨ। ਇਹ ਅਧਿਐਨ ਦੇਸ਼ ਦੇ 10 ਵੱਡੇ ਸ਼ਹਿਰਾਂ ਵਿੱਚ ਕੀਤਾ ਗਿਆ। ਇਹ ਪਾਇਆ ਗਿਆ ਹੈ ਕਿ ਅਹਿਮਦਾਬਾਦ, ਬੈਂਗਲੁਰੂ, ਚੇਨਈ, ਦਿੱਲੀ, ਹੈਦਰਾਬਾਦ, ਕੋਲਕਾਤਾ, ਮੁੰਬਈ, ਪੁਣੇ, ਸ਼ਿਮਲਾ ਅਤੇ ਵਾਰਾਣਸੀ ਵਿਚ ਹਵਾ ਪ੍ਰਦੂਸ਼ਣ ਕਾਰਨ ਔਸਤਨ ਹਰ ਸਾਲ 33,000 ਤੋਂ ਵੱਧ ਮੌਤਾਂ ਹੁੰਦੀਆਂ ਹਨ। ਸ਼ਿਮਲਾ ਵਿਚ ਹਵਾ ਪ੍ਰਦੂਸ਼ਣ ਕਾਰਨ ਸਭ ਤੋਂ ਘੱਟ ਮੌਤਾਂ ਹੁੰਦੀਆਂ ਹਨ। ਅੰਕੜਿਆਂ ਅਨੁਸਾਰ ਸ਼ਿਮਲਾ ਵਿਚ ਹਰ ਸਾਲ ਸਿਰਫ 59 ਮੌਤਾਂ ਹੁੰਦੀਆਂ ਹਨ, ਜੋ ਕੁੱਲ ਮੌਤਾਂ ਦਾ ਲਗਭਗ 3.7 ਫੀਸਦੀ ਹੈ।

ਦੱਸ ਦਈਏ ਕਿ ਇਸ ਅਧਿਐਨ ਲਈ, ਖੋਜਕਰਤਾਵਾਂ ਨੇ 2008 ਤੋਂ 2019 ਦਰਮਿਆਨ ਇਨ੍ਹਾਂ 10 ਸ਼ਹਿਰਾਂ ਵਿੱਚ ਸਿਵਲ ਰਜਿਸਟਰੀਆਂ ਤੋਂ ਰੋਜ਼ਾਨਾ ਮੌਤ ਦੇ ਅੰਕੜੇ ਇਕੱਠੇ ਕੀਤੇ। ਹਰ ਸ਼ਹਿਰ ਲਈ ਇਸ ਸਮੇਂ ਦੌਰਾਨ ਸਿਰਫ 3 ਤੋਂ 7 ਸਾਲਾਂ ਦੇ ਰੋਜ਼ਾਨਾ ਮੌਤ ਦੇ ਅੰਕੜੇ ਉਪਲਬਧ ਕਰਵਾਏ ਗਏ ਸਨ।

## ਕੀ ਕਹਿੰਦੇ ਹਨ ਅਰਥਸ਼ਾਸਤਰੀ ਘੁੰਮਣ



ਡਾ. ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਪੰਜਾਬੀਆਂ ਨੂੰ ਅਜੇ ਵੀ ਸਮੇਂ ਸਿਰ ਸੰਭਲ ਜਾਣਾ ਚਾਹੀਦਾ ਹੈ ਨਹੀਂ ਤਾਂ ਕੁਦਰਤ ਵਾਰ-ਵਾਰ ਮੌਕਾ ਨਹੀਂ ਦਿੰਦੀ। ਮੁਫ਼ਤ ਵਿਚ ਜੀਵਨ ਦਾਨ ਦੇਣ ਵਾਲੀ ਕੁਦਰਤ ਦੀ ਪ੍ਰਕਿਰਤੀ ਦਾ ਸਤਿਕਾਰ ਅਤੇ ਸੰਭਾਲ ਕਰੀਏ। ਪੰਜਾਬ ਵਿਚ ਪ੍ਰਦੂਸ਼ਣ ਨੂੰ ਖ਼ਤਮ ਕਰਕੇ ਸ਼ੁੱਧ ਹਵਾ ਦੇਣ ਵਾਲੇ ਰੁੱਖ ਵੱਧ ਤੋਂ ਵੱਧ ਲਗਾਏ ਜਾਣੇ ਚਾਹੀਦੇ ਹਨ। ਪੰਜਾਬੀਆਂ ਦਾ ਜੀਵਨ ਕੇਵਲ ਵੱਡੇ-ਵੱਡੇ ਉਸਾਰੇ ਜਾ ਰਹੇ ਕੰਕਰੀਟ ਦੇ ਜੰਗਲਾਂ ਵਿਚ ਨਹੀਂ ਹੈ, ਪੰਜਾਬ ਦਾ ਜੀਵਨ ਰੁੱਖਾਂ, ਦਰਿਆਵਾਂ, ਸ਼ੁੱਧ ਹਵਾ, ਸਵੱਛ ਪਾਣੀ ਅਤੇ ਸੋਹਣੀ ਤੇ ਸਾਫ਼-ਸੁਥਰੀ ਧਰਤੀ ਵਿਚ ਹੈ। ਇਨ੍ਹਾਂ ਨੂੰ ਨਾ ਸੰਭਾਲਿਆ ਤਾਂ ਇਤਿਹਾਸ ਦੇ ਵਰਕਿਆਂ 'ਤੇ ਪੰਜਾਬ ਦੀ ਸੱਭਿਅਤਾ ਵੀ ਹੜੱਪਾ ਤੇ ਮੋਹੰਜੋਦੜੋ ਵਾਂਗ ਇਕ ਅਧਿਆਇ ਬਣ ਕੇ ਰਹਿ ਜਾਵੇਗੀ। ਧਰਤੀ ਰੇਤ ਦਾ ਮਾਰੂਥਲ ਹੋਣ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਮੈਦਾਨੀ ਇਲਾਕਿਆਂ ਦੀ ਧਰਤੀ 100 ਵਿਚੋਂ 21 ਹਿੱਸੇ ਦੇ ਹਿਸਾਬ ਨਾਲ ਰੁੱਖਾਂ ਨਾਲ ਕੱਜੀ ਰਹੇ ਤੇ ਪਹਾੜਾਂ ਦੀ ਧਰਤੀ 100 ਵਿਚੋਂ 66 ਹਿੱਸੇ ਦੇ ਹਿਸਾਬ ਨਾਲ ਰੁੱਖਾਂ ਨਾਲ ਕੱਜੀ ਰਹੇ। ਮਨੁੱਖ ਅਪਰਾਧ ਕਰਕੇ ਮਨੁੱਖਾਂ ਦੀ ਸਜ਼ਾ ਤੋਂ ਬਚ ਸਕਦਾ ਹੈ ਪਰ ਕੁਦਰਤ ਦੀ ਸਜ਼ਾ ਤੋਂ ਨਹੀਂ ਬਚ ਸਕਦਾ। ਟਰੱਕਾਂ ਤੇ ਰੇਲ ਗੱਡੀਆਂ ਬਣਾਉਣ ਵਾਲੇ ਮਸ਼ੀਨੀ ਯੁੱਗ ਦੀ ਉਮਰ ਢਾਈ ਸੌ ਸਾਲ ਤੋਂ ਘੱਟ ਹੈ।"

ਇਨ੍ਹਾਂ ਸ਼ਹਿਰਾਂ ਵਿੱਚ ਕੁੱਲ ਮਿਲਾ ਕੇ 36 ਲੱਖ ਤੋਂ ਵੱਧ ਮੌਤਾਂ ਦੀ ਜਾਂਚ ਕੀਤੀ ਗਈ। ਖੋਜਕਰਤਾਵਾਂ ਨੇ ਕਈ ਸ਼ਹਿਰਾਂ ਦੇ ਹਵਾ ਪ੍ਰਦੂਸ਼ਣ ਡੇਟਾ 'ਤੇ ਪਹਿਲਾਂ ਵਿਕਸਤ ਮਸ਼ੀਨ-ਲਰਨਿੰਗ ਅਧਾਰਤ ਐਕਸਪੋਜ਼ਰ ਮਾਡਲ ਦੀ ਵਰਤੋਂ ਕੀਤੀ।

ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੇ ਅੰਕੜੇ ਦਿੱਲੀ ਵਿਚ ਸਭ ਤੋਂ ਵੱਧ ਹਨ ਅਤੇ ਸ਼ਿਮਲਾ ਵਿਚ ਸਭ ਤੋਂ ਘੱਟ। ਅਧਿਐਨ ਦੇ ਅਨੁਸਾਰ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੇ ਅੰਕੜੇ ਦਿੱਲੀ ਵਿਚ 11964, ਮੁੰਬਈ ਵਿਚ 5091, ਕੋਲਕਾਤਾ ਵਿਚ 4678, ਚੇਨਈ ਵਿਚ 2870, ਅਹਿਮਦਾਬਾਦ ਵਿਚ 2495, ਬੈਂਗਲੁਰੂ ਵਿਚ 2102, ਹੈਦਰਾਬਾਦ ਵਿਚ 1597, ਪੁਣੇ ਵਿਚ 1367, ਵਾਰਾਣਸੀ ਵਿਚ 831 ਅਤੇ ਸ਼ਿਮਲਾ ਵਿਚ 59 ਹਨ।

### ਦਿੱਲੀ ਤੇ ਮੁੰਬਈ ਵਰਗੇ ਸ਼ਹਿਰਾਂ ਵਿੱਚ ਪ੍ਰਦੂਸ਼ਣ ਬਣਿਆ ਜਾਨਲੇਵਾ

ਖੋਜਕਰਤਾਵਾਂ ਨੇ ਕਿਹਾ ਕਿ ਭਾਰਤੀ ਸ਼ਹਿਰਾਂ ਵਿੱਚ ਪੀਐਮ 2.5 ਪ੍ਰਦੂਸ਼ਣ ਦੇ ਰੋਜ਼ਾਨਾ ਸੰਪਰਕ ਵਿੱਚ ਆਉਣ ਦਾ ਮਾਮਲਾ ਮੌਤ ਦੇ ਉੱਚ ਜੋਖਮ ਨਾਲ ਜੁੜਿਆ ਹੋਇਆ ਹੈ ਅਤੇ ਸਥਾਨਕ ਪ੍ਰਦੂਸ਼ਣ ਸੰਭਵ ਤੌਰ 'ਤੇ ਇਨ੍ਹਾਂ ਮੌਤਾਂ ਦਾ ਕਾਰਨ ਬਣ ਸਕਦਾ ਹੈ। ਇਸ ਕੌਮਾਂਤਰੀ ਟੀਮ ਵਿੱਚ ਵਾਰਾਣਸੀ ਦੀ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਸੈਂਟਰ ਫਾਰ ਕਰੋਨਿਕ ਡਿਜ਼ੀਜ਼ ਕੰਟਰੋਲ, ਨਵੀਂ ਦਿੱਲੀ ਦੇ ਖੋਜਕਰਤਾ ਸ਼ਾਮਲ ਸਨ।

ਕਾਂਗਰਸ ਦੇ ਦੇਸ਼ ਵਿਚ ਹਵਾ ਪ੍ਰਦੂਸ਼ਣ ਵਧਣ 'ਤੇ ਚਿੰਤਾ ਜ਼ਾਹਰ ਕੀਤੀ ਹੈ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਦੇਸ਼ ਵਿਚ ਪ੍ਰਦੂਸ਼ਣ ਕਾਰਨ ਮਨੁੱਖੀ ਜਾਨਾਂ ਜਾ ਰਹੀਆਂ ਹਨ ਤੇ ਲੋਕਾਂ ਦੀ ਸਿਹਤ ਵਿਗੜ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਦੇ ਦੋਸਤਾਂ ਦੇ ਮੁਨਾਫੇ ਨੂੰ ਤਰਜੀਹ ਦਿੰਦਿਆਂ ਵਾਤਾਵਰਨ ਪੱਖੀ ਨਿਯਮਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਵੱਕਾਰੀ ਗਲੋਬਲ ਮੈਡੀਕਲ ਜਰਨਲ 'ਦਿ ਲੈਂਸੇਟ ਪਲੈਨੇਟਰੀ ਹੈਲਥ ਵਿੱਚ ਪ੍ਰਕਾਸ਼ਿਤ ਨਵਾਂ ਅਧਿਐਨ ਦਰਸਾਉਂਦਾ ਹੈ ਕਿ ਭਾਰਤ ਵਿੱਚ ਹੋਣ ਵਾਲੀਆਂ ਮੌਤਾਂ ਵਿੱਚੋਂ 7.2 ਫੀਸਦੀ ਹਵਾ ਪ੍ਰਦੂਸ਼ਣ ਨਾਲ ਜੁੜੀਆਂ ਹੋਈਆਂ ਹਨ। ਹਵਾ ਪ੍ਰਦੂਸ਼ਣ ਕਾਰਨ ਦਿੱਲੀ ਵਿੱਚ ਹਰ ਸਾਲ 12,000 ਮੌਤਾਂ ਹੋ ਰਹੀਆਂ ਹਨ

## ਪੂਰੀ ਦੁਨੀਆਂ ਵਿਚ 81 ਲੱਖ ਹੋਈਆਂ ਮੌਤਾਂ

ਹਵਾ ਪ੍ਰਦੂਸ਼ਣ ਕਾਰਨ ਸਾਲ 2021 ਵਿਚ ਪੂਰੀ ਦੁਨੀਆ ਵਿਚ 81 ਲੱਖ ਲੋਕਾਂ ਦੀ ਮੌਤ ਹੋਈ ਸੀ। ਇਹ ਦਾਅਵਾ ਇੱਕ ਰਿਪੋਰਟ ਵਿਚ ਕੀਤਾ ਗਿਆ.ਸੀ , ਜਿਸ ਵਿੱਚ ਕਿਹਾ ਗਿਆ ਕਿ ਉਕਤ ਸਮੇਂ ਦੌਰਾਨ ਹਵਾ ਪ੍ਰਦੂਸ਼ਣ ਕਾਰਨ ਭਾਰਤ ਵਿਚ 21 ਲੱਖ ਤੇ ਚੀਨ ਵਿੱਚ 23 ਲੱਖ ਲੋਕਾਂ ਦੀ ਜਾਨ ਗਈ ਸੀ। ਯੂਨੀਸੈੱਫ ਨਾਲ ਭਾਈਵਾਲੀ ਵਾਲੇ ਅਮਰੀਕਾ ਅਧਾਰਿਤ ਆਜ਼ਾਦਾਨਾ ਤੌਰ 'ਤੇ ਖੋਜ ਕਰਨ ਵਾਲੇ ਸੰਗਠਨ ਹੈਲਥ ਇਫੈਕਟਸ ਇੰਸਟੀਚਿਊਟ ਦੀ ਰਿਪੋਰਟ ਵਿਚ ਕਿਹਾ ਗਿਆ ਕਿ ਹਵਾ ਪ੍ਰਦੂਸ਼ਣ ਕਾਰਨ 2021 ਵਿੱਚ ਭਾਰਤ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ 1,69,400 ਬੱਚਿਆਂ ਦੀ ਮੌਤ ਹੋਈ। ਇਸ ਤੋਂ ਬਾਅਦ ਨਾਇਜੀਰੀਆ ਵਿਚ 1,14,100, ਪਾਕਿਸਤਾਨ ਵਿਚ 68,100, ਇਥੋਪੀਆ ਵਿਚ 31,100 ਅਤੇ ਬੰਗਲਾਦੇਸ਼ ਵਿਚ 19,100 ਬੱਚਿਆਂ ਦੀ ਮੌਤ ਹਵਾ ਪ੍ਰਦੂਸ਼ਣ ਕਾਰਨ ਹੋਈ। ਰਿਪੋਰਟ ਵਿਚ ਇਹ ਵੀ ਕਿਹਾ ਕਿ ਦੱਖਣੀ ਏਸ਼ੀਆ ਵਿਚ ਹਵਾ ਪ੍ਰਦੂਸ਼ਣ ਮੌਤ ਦਾ ਸਭ ਤੋਂ ਵੱਡਾ ਕਾਰਨ ਹੈ, ਜਿਸ ਤੋਂ ਬਾਅਦ ਖੂਨ ਦੇ ਉੱਚ ਦਬਾਅ, ਖੁਰਾਕ ਤੇ ਤੰਬਾਕੂ ਦਾ ਸੇਵਨ ਮੌਤ ਦੇ ਮੁੱਖ ਕਾਰਨ ਹਨ। ਰਿਪੋਰਟ ਮੁਤਾਬਕ 2021 ਵਿੱਚ ਹੋਈਆਂ ਮੌਤਾਂ ਦੀ ਗਿਣਤੀ ਕਿਸੇ ਵੀ ਪਿਛਲੇ ਸਾਲ ਦੇ ਅਨੁਮਾਨ ਨਾਲੋਂ ਵੱਧ ਸੀ। ਭਾਰਤ (21 ਲੱਖ ਮੌਤਾਂ) ਅਤੇ ਚੀਨ (23 ਲੱਖ ਮੌਤਾਂ) ਵਿੱਚ ਮੌਤ ਦੇ ਮਾਮਲੇ ਪੂਰੀ ਦੁਨੀਆਂ ਦੇ ਮੁਕਾਬਲੇ 54 ਫ਼ੀਸਦ ਵੱਧ ਸਨ। ਰਿਪੋਰਟ ਅਨੁਸਾਰ ਦੱਖਣੀ ਏਸ਼ੀਆ 'ਚ ਹਵਾ ਪ੍ਰਦੂਸ਼ਣ ਦੇ ਵੱਧ ਪ੍ਰਭਾਵ ਵਾਲੇ ਮੁਲਕਾਂ 'ਚ ਪਾਕਿਸਤਾਨ (2,56,000 ਮੌਤਾਂ), ਬੰਗਲਾਦੇਸ਼ (2,36,300) ਅਤੇ ਮਿਆਂਮਾਰ (1,01,600 ਮੌਤਾਂ), ਜਦਕਿ ਦੱਖਣ-ਪੂਰਬੀ ਏਸ਼ੀਆ 'ਚੋਂ ਇੰਡੋਨੇਸ਼ੀਆ (2,21,600 ਮੌਤਾਂ), ਵੀਅਤਨਾਮ (99,700 ਮੌਤਾਂ) ਅਤੇ ਫਿਲਪੀਨਜ਼ (98,209 ਮੌਤਾਂ) ਤੋਂ ਇਲਾਵਾ ਅਫਰੀਕਾ ਵਿੱਚ ਨਾਇਜੀਰੀਆ (2,06,700 ਮੌਤਾਂ) ਅਤੇ ਮਿਸਰ (1,16,500 ਮੌਤਾਂ) ਸ਼ਾਮਲ ਹਨ।

# 25 ਸਾਲ ਪਹਿਲਾਂ ਅਕਾਲੀ ਦਲ 'ਚ ਫੁੱਟ : ਬਾਦਲ-ਟੌਹੜਾ ਵਿਵਾਦ ਵਿਚ ਬੀ.ਜੇ.ਪੀ

## ✪ ਟੌਹੜਾ ਬਾਦਲ ਤੋਂ ਕਿਉਂ ਨਿਰਾਸ਼ ਸਨ ? ਕਿਉਂ ਚਾਹੁੰਦੇ ਸਨ ਕਿ ਬਾਦਲ ਭਾਜਪਾ ਦੀ ਬਿਨਾਂ ਸ਼ਰਤ ਹਮਾਇਤ

*ਆਈਪੀ ਸਿੰਘ ਪੰਜਾਬ ਦੇ ਉਘੇ ਪੱਤਰਕਾਰਾਂ ਵਿਚੋਂ ਇਕ ਹਨ। ਬੇਬਾਕ ਹੋ ਕੇ, ਬਿਨਾਂ ਭਾਵੁਕਤਾ ਦੇ ਆਪਣਾ ਸਿਧਾਂਤਕ ਨਜ਼ਰੀਆ ਪੇਸ਼ ਕਰਦੇ ਹਨ। ਇਹ ਚੰਗੇ ਪੱਤਰਕਾਰ ਦਾ ਹਾਂਦਰੂ ਪਖ ਹੁੰਦਾ ਹੈ। ਹੁਣੇ ਜਿਹੇ ਉਹਨਾਂ ਦੀ ਖਾਸ ਖਬਰ ਟਾਈਮਜ਼ ਆਫ ਇੰਡੀਆ ਵਿਚ ਛਪੀ ਹੈ ਜੋ ਪੰਜਾਬ ਤੇ ਪੰਥ ਦੀ ਸਿਆਸਤ ਵਿਚ ਦਿਲਚਸਪੀ ਲੈਣ ਵਾਲਿਆਂ ਲਈ ਪੜ੍ਹਨੀ ਜਰੂਰੀ ਹੈ। -ਸੰਪਾਦਕ*

### ਖਾਸ ਖਬਰ

**ਆਈ ਪੀ ਸਿੰਘ**



ਜਲੰਧਰ-25 ਸਾਲ ਪਹਿਲਾਂ ਵੀ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਕਾਰਕ ਨੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੂੰ ਵੰਡਿਆ ਸੀ ਅਤੇ ਬਾਦਲ-ਟੌਹੜਾ ਵਿਵਾਦ ਕਾਰਣ ਦੋ ਸਿੱਖ ਸੰਸਥਾਵਾਂ ਦੇ ਮੁਖੀਆਂ-ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਮੁਖੀ ਦਾ ਤਖਤਾ ਪਲਟ ਦਿੱਤਾ ਸੀ। ਅਤੇ ਅੱਜ ਸੁਖਬੀਰ ਸਿੰਘ ਬਾਦਲ ਦਾ ਖੇਮਾ ਭਾਜਪਾ 'ਤੇ ਆਪਣੀ ਪਾਰਟੀ 'ਚ ਨਵੀਂ ਬਗਾਵਤ ਨੂੰ ਸਪਾਂਸਰ ਕਰਨ ਦਾ ਦੋਸ਼ ਲਾਉਂਦਾ ਹੈ।

ਜਦੋਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਾਲ ਝਗੜਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਵਿੱਚ ਬਾਦਲ ਦੇ ਵਫ਼ਾਦਾਰ ਕਾਰਜਕਾਰਨੀ ਮੈਂਬਰਾਂ ਨੇ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਬਰਖਾਸਤ ਕਰ ਦਿੱਤਾ ਅਤੇ ਜਦੋਂ ਉਨ੍ਹਾਂ ਨੇ ਟੌਹੜਾ ਨੂੰ ਬਰਖਾਸਤ ਕੀਤਾ ਤਾਂ ਟੌਹੜਾ ਦੇ ਵਫ਼ਾਦਾਰ ਮੰਤਰੀਆਂ ਨੇ ਬਾਦਲ ਮੰਤਰੀ ਮੰਡਲ ਨੂੰ ਛੱਡ ਦਿੱਤਾ।

### ਝਗੜੇ ਦੇ ਬੀਜ

ਟੌਹੜਾ ਨੇ ਫਿਰ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਬਣਾਇਆ ਅਤੇ 2002 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ, ਜਿਸ ਵਿਚ ਬਾਦਲ ਦਾ ਅਕਾਲੀ ਦਲ ਹਾਰ ਗਿਆ।

ਵਿਵਾਦ ਇਹ ਸੀ ਕਿ 1998ਦੇ ਅੰਧ ਵਿਚ ਟੌਹੜਾ ਨੇ ਅਹਿਮ ਮੁੱਦਿਆਂ 'ਤੇ ਪੰਜਾਬ ਪ੍ਰਤੀ ਭਾਜਪਾ ਦੇ 'ਕਾਂਗਰਸ' ਰਵੱਈਏ 'ਤੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਕਿਹਾ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਵਾਲੇ ਐਨਡੀਏ ਦੇ ਦਿਨ ਖਤਮ ਹੋ ਗਏ ਹਨ। ਦਸੰਬਰ 1998 ਵਿੱਚ ਜਥੇਦਾਰ ਟੌਹੜਾ ਵੱਲੋਂ ਅਕਾਲੀ ਦਲ ਵਿਚ ਇੱਕ ਕਾਰਜਕਾਰੀ ਪਾਰਟੀ ਪ੍ਰਧਾਨ ਨਿਯੁਕਤ ਕਰਨ ਦੇ ਸੁਝਾਅ ਨੇ ਇੱਕ ਵਿਆਪਕ ਜੰਗ ਛੇੜ ਦਿੱਤੀ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਉਨ੍ਹਾਂ ਅਤੇ ਬਾਦਲ ਨਾਲ ਮੀਟਿੰਗ ਕੀਤੀ। ਇਸ ਮੁਲਾਕਾਤ ਦਾ ਜ਼ਿਕਰ ਕਰਦਿਆਂ ਸੀਨੀਅਰ ਪੱਤਰਕਾਰ ਅਤੇ ਸਿਆਸੀ ਟਿੱਪਣੀਕਾਰ ਜਗਤਾਰ ਸਿੰਘ ਨੇ ਆਪਣੀ ਕਿਤਾਬ 'ਖਾਲਿਸਤਾਨ ਸਟ੍ਰਗਲ ਐਜ਼ ਏ ਨਾਨ ਮੂਵਮੈਂਟ' ਵਿਚ ਲਿਖਿਆ: "ਕੁਝ ਹਫ਼ਤਿਆਂ ਬਾਅਦ ਟੌਹੜਾ ਨੇ ਮੁੜ ਪਾਰਟੀ (ਭਾਜਪਾ) ਦੀ ਤੁਲਨਾ ਕਾਂਗਰਸ ਨਾਲ ਕਰਦਿਆਂ ਕਿਹਾ: ਅਕਾਲੀ-ਭਾਜਪਾ ਗਠਜੋੜ ਪੰਜਾਬ ਵਿੱਚ ਵਧੀਆ ਕੰਮ ਕਰ ਰਿਹਾ ਹੈ, ਪਰ ਮੈਂ ਭਾਜਪਾ ਹਾਈ ਕਮਾਂਡ ਦੇ ਰਵੱਈਏ ਤੋਂ ਸੰਤੁਸ਼ਟ ਨਹੀਂ ਹਾਂ। ਜਦੋਂ ਰਾਜ ਨਾਲ ਸਬੰਧਤ ਮੰਗਾਂ ਦੀ ਗੱਲ ਆਉਂਦੀ ਹੈ, ਤਾਂ ਭਾਜਪਾ ਕਾਂਗਰਸ ਤੋਂ ਵੱਖਰੀ ਨਹੀਂ ਹੈ।



ਭਾਜਪਾ ਨੂੰ ਆਤਮ ਚਿੰਤਨ ਕਰਨ ਦੀ ਲੋੜ ਹੈ। ਅਸੀਂ ਸਮਝਦੇ ਹਾਂ ਕਿ ਬਹੁਮਤ ਵਿੱਚ ਨਾ ਹੋਣ ਦੀਆਂ ਆਪਣੀਆਂ ਸੀਮਾਵਾਂ ਹਨ, ਪਰ ਇਹ ਰਵੱਈਏ ਦਾ ਸਵਾਲ ਹੈ। ਅਕਾਲੀ ਆਗੂ ਟੌਹੜਾ ਨੇ ਪੰਜਾਬ ਦੇ ਦਰਿਆਈ ਪਾਣੀ ਵਰਗੇ ਮੁੱਦੇ ਉਠਾਏ ਸਨ।

ਇਸ ਪਿਛੋਕੜ ਵਿਚ ਸੁਖਬੀਰ ਵਾਜਪਾਈ ਸਰਕਾਰ ਵਿਚ ਰਾਜ ਮੰਤਰੀ ਸਨ। ਦਸੰਬਰ 1998 ਦੇ ਦੂਜੇ ਹਫ਼ਤੇ, ਟੌਹੜਾ ਨੇ ਬਾਦਲ ਨੂੰ ਸਲਾਹ ਦਿੱਤੀ, ਅਕਾਲੀ ਦਲ ਵਿਚ ਇੱਕ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ। ਆਦਮਪੁਰ ਉਪ ਚੋਣ ਵਿੱਚ ਅਕਾਲੀ ਦਲ ਦੀ ਹਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਦਲੀਲ ਦਿੱਤੀ ਕਿ ਪਾਰਟੀ ਨੂੰ ਹੋਰ ਸਮਾਂ ਚਾਹੀਦਾ ਹੈ। ਬਾਦਲ ਨੇ ਕਥਿਤ ਤੌਰ 'ਤੇ ਟੌਹੜਾ ਦੇ ਬਿਆਨ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਹੰਗਾਮਾ ਮਚ ਗਿਆ। ਐਸਜੀਪੀਸੀ ਮੁਖੀ ਖ਼ਿਲਾਫ਼ ਮੁਹਿੰਮ ਸ਼ੁਰੂ ਹੋ ਗਈ ਅਤੇ ਉਨ੍ਹਾਂ ਤੋਂ ਬਹੁਤ ਹੀ ਜੂਨੀਅਰ ਲੋਕਾਂ ਨੂੰ ਟੌਹੜਾ ਖ਼ਿਲਾਫ਼ ਬਿਆਨ ਦੇਣ ਲਈ ਮਜਬੂਰ ਹੋਣਾ ਪਿਆ।

ਭਾਜਪਾ ਨੇ ਫਿਰ ਬਾਦਲ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਬਾਦਲ ਨੇ ਵਾਜਪਾਈ ਅਤੇ ਗ੍ਰਹਿ ਮੰਤਰੀ ਐਲ.ਕੇ. ਅਡਵਾਨੀ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਸੀ ਅਤੇ ਉਨ੍ਹਾਂ ਤੋਂ ਭਰੋਸਾ ਦਿੱਤਾ ਗਿਆ ਸੀ ਕਿ ਜੇਕਰ ਟੌਹੜਾ ਗਰੁੱਪ ਆਪਣਾ ਸਮਰਥਨ ਵਾਪਸ ਲੈ ਲੈਂਦਾ ਹੈ ਤਾਂ ਭਾਜਪਾ ਦੇ ਵਿਧਾਇਕ ਉਨ੍ਹਾਂ ਦੇ ਬਚਾਅ ਲਈ ਆਉਣਗੇ। ਅੱਠ ਸਾਲਾਂ ਤੋਂ ਵੱਧ ਸਮੇਂ ਬਾਅਦ, ਮਾਰਚ 2007 ਵਿੱਚ, ਬਾਦਲ ਦੇ ਚੌਥੀ ਵਾਰ ਮੁੱਖ ਮੰਤਰੀ ਵਜੋਂ ਵਾਪਸ ਆਉਣ ਤੋਂ ਲਗਭਗ ਇੱਕ ਮਹੀਨੇ ਬਾਅਦ, ਆਗੂਆਂ ਦੇ ਉਸੇ ਸਮੂਹ ਨੇ ਸੁਖਬੀਰ ਦੀ ਕਾਰਜਕਾਰੀ ਪ੍ਰਧਾਨ ਵਜੋਂ ਨਿਯੁਕਤੀ ਦਾ ਸਵਾਗਤ ਕੀਤਾ। ਜਨਵਰੀ 2009 ਵਿੱਚ ਸੁਖਬੀਰ ਨੂੰ ਉਪ ਮੁੱਖ ਮੰਤਰੀ ਵਜੋਂ ਤਰੱਕੀ ਦਿੱਤੀ ਗਈ ਸੀ।

ਟੌਹੜਾ ਦੇ ਵਿਸ਼ਵਾਸਪਾਤਰ ਅਤੇ ਸਿਆਸੀ ਟਿੱਪਣੀਕਾਰ ਮਾਲਵਿੰਦਰ ਸਿੰਘ ਮਾਲੀ ਨੇ ਕਿਹਾ: "ਜਦੋਂ ਬਾਦਲ ਸੀਨੀਅਰ ਨੇ 1996 ਦੀਆਂ ਸੰਸਦੀ ਚੋਣਾਂ ਤੋਂ ਤੁਰੰਤ ਬਾਅਦ ਭਾਜਪਾ ਨੂੰ ਆਪਣੀ ਇਕਤਰਫਾ ਬਿਨਾਂ ਸ਼ਰਤ ਹਮਾਇਤ ਦਿੱਤੀ ਤਾਂ ਮੈਂ ਦਿੱਲੀ ਵਿਚ ਉਨ੍ਹਾਂ ਦੇ ਨਾਲ ਸੀ। ਟੌਹੜਾ ਨੇ ਆਪਣੀ ਨਾਰਾਜ਼ਗੀ ਜਨਤਕ ਨਹੀਂ ਕੀਤੀ, ਫਿਰ ਵੀ ਉਹ ਸਪੱਸ਼ਟ ਸਨ ਕਿ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਨਾਲ ਪੰਥ ਅਤੇ ਪੰਜਾਬ ਦਾ ਨੁਕਸਾਨ ਹੋਵੇਗਾ।

### 1970 : ਅਕਾਲੀ ਉਥਲ-ਪੁਥਲ ਵਿੱਚ ਜਨ ਸੰਘ

ਇਹ 1970 ਦੀ ਗੱਲ ਹੈ ਜਦੋਂ ਭਾਜਪਾ ਦੇ ਪਹਿਲੇ ਅਵਤਾਰ, ਭਾਰਤੀ ਜਨਸੰਘ, ਨੂੰ ਅਕਾਲੀ ਫੁਟ ਵਿੱਚ ਦਿਲਚਸਪੀ ਰੱਖਣ ਵਾਲੀ ਪਾਰਟੀ ਵਜੋਂ ਪਹਿਲੀ ਵਾਰ ਨਕਾਰਾਤਮਕ ਤੌਰ 'ਤੇ ਸਾਹਮਣੇ ਆਈ ਸੀ। ਮਾਰਚ 1970 ਵਿਚ ਜਦੋਂ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਨੇ ਰਾਜ ਸਭਾ ਚੋਣ ਵਿਵਾਦ ਕਾਰਨ ਜਸਟਿਸ ਗੁਰਨਾਮ ਸਿੰਘ ਦੀ ਅਕਾਲੀ-ਸੰਘ ਗੱਠਜੋੜ ਸਰਕਾਰ ਨੂੰ ਹਟਾ ਦਿੱਤਾ ਸੀ ਅਤੇ ਉਸਦੀ ਥਾਂ ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ, ਤਾਂ ਬੇਦਖਲ ਕੀਤੇ ਮੁੱਖ ਮੰਤਰੀ ਨੇ ਪੰਜਾਬ ਵਿਧਾਨ ਸਭਾ ਵਿੱਚ ਕਿਹਾ ਸੀ : "ਉਹ ਇੱਕ ਅਜਿਹਾ ਮੁੱਖ ਮੰਤਰੀ ਚਾਹੁੰਦੇ ਸਨ ਜੋ ਉਨ੍ਹਾਂ ਦੀ ਖੇਡ ਖੇਡੇ। ਉਨ੍ਹਾਂ ਦਾ ਟੀਚਾ ਅਕਾਲੀ ਲੀਡਰਸ਼ਿਪ ਦੇ ਇੱਕ ਅਜਿਹੇ ਹਿੱਸੇ ਨਾਲ ਜੁੜਨਾ ਸੀ ਜੋ ਇੱਕ ਸੰਯੁਕਤ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੀ ਬਜਾਏ ਸੱਤਾ ਨੂੰ ਸਮਰਪਿਤ ਸੀ।"

# ਕਰੀਨਾ ਕਪੂਰ ਦੀ ਫਿਲਮ 'ਦਿ ਬਕਿੰਘਮ ਮਰਡਰਜ਼' 13 ਸਤੰਬਰ ਨੂੰ ਹੋਵੇਗੀ ਰਿਲੀਜ਼




ਮੁੰਬਈ-ਬੌਲੀਵੁੱਡ ਅਦਾਕਾਰਾ ਕਰੀਨਾ ਕਪੂਰ ਖਾਨ ਦੀ ਆਉਣ ਵਾਲੀ ਫਿਲਮ 'ਦਿ ਬਕਿੰਘਮ ਮਰਡਰਜ਼' ਸਿਨੇਮਾਘਰਾਂ ਵਿੱਚ 13 ਸਤੰਬਰ ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਵਿੱਚ ਐਸ਼ ਟੰਡਨ, ਰਣਵੀਰ ਬਰਾੜ ਅਤੇ ਕੇਥ ਐਲਨ ਵੀ ਨਜ਼ਰ ਆਉਣਗੇ। ਇਹ ਫਿਲਮ 'ਅਲੀਗੜ੍ਹ', 'ਸ਼ਾਹਿਦ', 'ਸਕੈਮ 1992: ਦਿ ਹਰਸ਼ਦ ਮਹਿਤਾ ਸਟੋਰੀ' ਵਰਗੀਆਂ ਫਿਲਮਾਂ ਲਈ ਜਾਣੇ ਜਾਂਦੇ ਹੰਸਲ ਮਹਿਤਾ ਦੇ ਨਿਰਦੇਸ਼ਨ ਹੇਠ ਬਣੀ ਹੈ। ਫਿਲਮ ਨਾਲ ਕਰੀਨਾ ਬਤੌਰ ਸਹਿ-ਨਿਰਮਾਤਾ ਵੀ ਜੁੜੀ ਹੈ। ਕਰੀਨਾ 'ਵੀਰੇ ਦੀ ਵੈਡਿੰਗ' ਅਤੇ 'ਕਰਿਊ' ਤੋਂ ਬਾਅਦ ਏਕਤਾ ਕਪੂਰ ਨਾਲ ਮੁੜ ਕੰਮ ਕਰ ਰਹੀ ਹੈ। ਫਿਲਮ ਦੇ ਨਿਰਮਾਤਾਵਾਂ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੇ ਇੱਕ ਪੋਸਟਰ ਨੂੰ ਸਾਂਝਾ ਕਰਦਿਆਂ ਰਿਲੀਜ਼ ਮਿਤੀ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਕੈਪਸ਼ਨ 'ਚ ਲਿਖਿਆ, "ਅਸੀਂ ਇਹ ਐਲਾਨ ਕਰਦਿਆਂ ਬਹੁਤ ਖੁਸ਼ ਹਾਂ ਕਿ 'ਦਿ ਬਕਿੰਘਮ ਮਰਡਰਜ਼' 13 ਸਤੰਬਰ 2024 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਹੈ।" ਇਸ ਤੋਂ ਪਹਿਲਾਂ ਫਿਲਮ ਨੂੰ ਬੀਐੱਫਆਈ ਲੰਡਨ ਫਿਲਮ ਫੈਸਟੀਫਲ 2023 ਵਿੱਚ ਵੀ ਦਿਖਾਇਆ ਗਿਆ ਸੀ ਤੇ ਇਸ ਨੂੰ ਜੀਓ ਐੱਮਏਐੱਮਆਈ ਫਿਲਮ ਫੈਸਟੀਵਲ 2023 ਵਿੱਚ ਵੀ ਭਰਵਾਂ ਹੁੰਗਾਰਾ ਮਿਲਿਆ ਸੀ।

# ਚੀਨ ਨਾਲ ਸਰਹੱਦੀ ਰੇੜਕਾ ਖਤਮ ਕਰਨ ਵਿਚ ਕਿਉਂ ਰੁਝਿਆ ਭਾਰਤ ?

## ✪ ਚੀਨ ਨਾਲ ਮੀਟਿੰਗ ਕਰਕੇ ਭਾਰਤ ਨੇ ਅਮਰੀਕਾ ਨੂੰ ਦਿੱਤੀ ਚੁਣੌਤੀ



ਬੀਤੀ ਦਿਨੀਂ ਭਾਰਤ ਅਤੇ ਚੀਨ ਨੇ ਪੂਰਬੀ ਲੱਦਾਖ ਵਿਚ ਬਕਾਇਆ ਪਏ ਮੁੱਦਿਆਂ ਦੇ ਫੌਰੀ ਹੱਲ ਲਈ ਕੋਸ਼ਿਸ਼ਾਂ ਦੁੱਗਣੀਆਂ ਕਰਨ ਦਾ ਅਹਿਦ ਲਿਆ ਸੀ। ਦੋਵੇਂ ਮੁਲਕਾਂ ਨੇ ਆਪਸੀ ਸਬੰਧਾਂ ਨੂੰ ਸਥਿਰ ਕਰਨ ਅਤੇ ਨਵੇਂ ਸਿਰੇ ਤੋਂ ਅਗਾਂਹ ਵਧਣ ਬਾਰੇ ਵੀ ਗੱਲਬਾਤ ਕੀਤੀ ਸੀ। ਉਂਜ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਚੀਨੀ ਹਮਰੁਤਬਾ ਵਾਂਗ ਯੀ ਨਾਲ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਸੀ ਕਿ ਅਸਲ ਕੰਟਰੋਲ ਰੇਖਾ (ਐੱਲਏਸੀ) ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਜੈਸ਼ੰਕਰ ਅਤੇ ਵਾਂਗ ਵਿਚਕਾਰ ਗੱਲਬਾਤ ਉਸ ਸਮੇਂ ਹੋਈ ਹੈ ਜਦੋਂ ਪੂਰਬੀ ਲੱਦਾਖ 'ਚ ਸਰਹੱਦੀ ਵਿਵਾਦ ਨੂੰ ਪੰਜ ਸਾਲ ਹੋ ਗਏ ਹਨ।

ਸਮਝਿਆ ਜਾਂਦਾ ਹੈ ਕਿ ਅਮਰੀਕਾ ਵਲੋਂ ਖਾਲਿਸਤਾਨੀ ਪੰਨੂੰ ਦੇ ਕਤਲ ਦੀ ਸਾਜਿਸ਼ ਰਚਨ ਕਾਰਣ ਭਾਰਤ ਨੂੰ ਘੇਰਿਆ ਹੋਇਆ ਹੈ, ਜਿਸ ਕਰਕੇ ਭਾਰਤ ਨੇ ਚੀਨ ਨਾਲ ਨੇੜਤਾ ਦਿਖਾਉਣ ਦੀ ਅਮਰੀਕਾ ਨੂੰ ਕੋਸ਼ਿਸ਼ ਕੀਤੀ।ਕੌਮਾਂਤਰੀ ਸਿਆਸੀ ਮਾਹਿਰ ਅਜਿਹਾ ਸੋਚ ਰਹੇ ਹਨ।

ਸਮਝਿਆ ਜਾ ਰਿਹਾ ਹੈ ਕਿ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ. ਜੈਸ਼ੰਕਰ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਵੈਂਗ ਯੀ ਨੇ ਦੋਵਾਂ ਦੇਸ਼ਾਂ ਵਿਚਕਾਰ ਪੈਂਦੀ ਅਸਲ ਕੰਟਰੋਲ ਰੇਖਾ (ਐੱਲਏਸੀ) ਦੇ ਬਕਾਇਆ ਮੁੱਦਿਆਂ ਨੂੰ ਛੇਤੀ ਹੱਲ ਕਰਨ ਲਈ ਕੂਟਨੀਤਕ ਅਤੇ ਫ਼ੌਜੀ ਚੈਨਲਾਂ ਰਾਹੀਂ ਆਪਣੀਆਂ ਕੋਸ਼ਿਸ਼ਾਂ ਵਿਚ ਭਰਵਾਂ ਵਾਧਾ ਕਰਨ ਲਈ ਸਹਿਮਤੀ ਪ੍ਰਗਟਾਈ ਹੈ। ਜੈਸ਼ੰਕਰ ਨੇ 'ਐਕਸ' 'ਤੇ ਕਿਹਾ ਸੀ ਕਿ ਸਰਹੱਦੀ ਇਲਾਕਿਆਂ ਦੇ ਬਕਾਇਆ ਮੁੱਦਿਆਂ ਦੇ ਫੌਰੀ ਹੱਲ ਲਈ ਦੋਵੇਂ ਮੁਲਕਾਂ ਵੱਲੋਂ ਕੂਟਨੀਤਕ ਅਤੇ ਫ਼ੌਜੀ ਪੱਧਰ 'ਤੇ ਕੋਸ਼ਿਸ਼ਾਂ ਦੁੱਗਣੀਆਂ ਕਰਨ 'ਤੇ ਸਹਿਮਤੀ ਬਣੀ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕਿਆਂ ਅਤੇ ਐੱਲਏਸੀ 'ਤੇ ਸ਼ਾਂਤੀ ਬਹਾਲੀ ਦਾ ਸਨਮਾਨ ਕਰਨਾ ਜ਼ਰੂਰੀ ਹੈ। ਭਾਰਤ ਆਖਦਾ ਆ ਰਿਹਾ ਹੈ ਕਿ ਚੀਨ ਨਾਲ ਉਦੋਂ ਤੱਕ ਸਬੰਧ ਸੁਖਾਵੇਂ ਨਹੀਂ ਹੋ ਸਕਦੇ ਜਦੋਂ ਤੱਕ ਕਿ ਸਰਹੱਦੀ ਇਲਾਕਿਆਂ ਵਿਚ ਸ਼ਾਂਤੀ ਨਹੀਂ ਹੋ ਜਾਂਦੀ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਵੇਂ ਮੰਤਰੀ ਇਸ ਗੱਲ 'ਤੇ ਸਹਿਮਤ ਸਨ ਕਿ ਸਰਹੱਦੀ ਇਲਾਕਿਆਂ 'ਚ ਮੌਜੂਦਾ ਹਾਲਾਤ ਦੋਵੇਂ ਮੁਲਕਾਂ ਦੇ ਹਿੱਤ ਵਿਚ ਨਹੀਂ ਹਨ।


ਹਾਲਾਂਕਿ ਕਈ ਹਲਕੇ ਇਸ ਐਲਾਨ ਨੂੰ ਇਕ ਵੱਡੀ ਪ੍ਰਾਪਤੀ ਵਜੋਂ ਦੇਖ ਰਹੇ ਹਨ ਪਰ ਸਮੱਸਿਆ ਇਹ ਹੈ ਕਿ ਹਾਲੀਆ ਸਾਲਾਂ ਵਿਚ ਇਸ ਤਰ੍ਹਾਂ ਦੇ ਐਲਾਨਨਾਮੇ ਕਈ ਵਾਰ ਕੀਤੇ ਜਾ ਚੁੱਕੇ ਹਨ ਪਰ ਪੂਰਬੀ ਲੱਦਾਖ ਵਿਚ ਟਕਰਾਅ ਦਾ ਪਰਨਾਲਾ ਉੱਥੇ ਦਾ ਉੱਥੇ ਹੈ। ਦੋਵੇਂ ਆਗੂਆਂ ਨੇ ਕਜ਼ਾਖਸਤਾਨ ਵਿਚ ਸ਼ੰਘਾਈ ਸਹਿਯੋਗ ਸੰਘ (ਐੱਸਸੀਓ) ਦੇ ਸਿਖਰ ਸੰਮੇਲਨ ਮੌਕੇ ਗੱਲਬਾਤ ਕੀਤੀ ਸੀ ਅਤੇ ਜ਼ਾਹਰਾ ਤੌਰ 'ਤੇ ਉਹ ਦੁਵੱਲੇ ਸਬੰਧਾਂ ਦੀ ਮੁੜ ਉਸਾਰੀ ਕਰਨ ਦੇ ਇੱਛੁਕ ਜਾਪਦੇ ਸਨ ਪਰ ਫਿਰ ਵੀ ਅਮਨ ਅਤੇ ਸਥਿਰਤਾ ਦੀਆਂ ਗੱਲਾਂ ਤਾਂ ਹੁੰਦੀਆਂ ਆ ਰਹੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਗੱਲਬਾਤ ਅੱਗੇ ਨਹੀਂ ਵਧ ਰਹੀ ਅਤੇ ਕੋਈ ਠੋਸ ਨਤੀਜੇ ਸਾਹਮਣੇ ਨਹੀਂ ਆ ਰਹੇ।

ਸਰਹੱਦੀ ਖੇਤਰਾਂ ਵਿਚ ਪਿੰਡਾਂ ਦਾ ਵਿਕਾਸ ਕਰਨ ਲਈ ਚੱਲ ਰਹੀ ਹੋੜ ਤੋਂ ਪਤਾ ਲਗਦਾ ਹੈ ਕਿ ਦੋਵੇਂ ਦੇਸ਼ਾਂ ਅੰਦਰ ਇਕ ਦੂਜੇ ਪ੍ਰਤੀ ਵਿਸ਼ਵਾਸ ਦੀ ਕਮੀ ਬਣੀ ਹੋਈ ਹੈ। ਇਸ ਦਿਸ਼ਾ ਵਿਚ ਚੀਨ ਦੀਆਂ ਕੋਸ਼ਿਸ਼ਾਂ ਦੇ ਪ੍ਰਤੀਕਰਮ ਵਜੋਂ ਭਾਰਤ ਨੇ ਵੀ ਅਰੁਣਾਚਲ ਪ੍ਰਦੇਸ਼ ਵਿਚ ਐੱਲਏਸੀ ਦੇ ਨੇੜੇ ਪਿੰਡ ਜਾਂ ਰਿਹਾਇਸ਼ੀ ਪੱਟੀਆਂ ਦਾ ਨਿਰਮਾਣ ਕਰਨ ਦਾ ਫ਼ੈਸਲਾ ਕੀਤਾ ਹੈ। ਚੀਨ ਨੇ ਆਪਣੇ ਇਲਾਕਾਈ ਦਾਅਵਿਆਂ ਨੂੰ ਪੁਖ਼ਤਾ ਕਰਨ ਲਈ ਅਤੇ ਆਪਣੀਆਂ ਫ਼ੌਜੀ ਤਿਆਰੀਆਂ ਵਜੋਂ ਐੱਲਏਸੀ (ਸ਼ਿਆਓਕਾਂਗ) ਦੇ ਨੇੜੇ ਕਰੀਬ 600 ਖੁਸ਼ਹਾਲ ਪਿੰਡ ਵਸਾ ਦਿੱਤੇ ਹਨ। ਇਸ ਦੇ ਜਵਾਬ ਵਿਚ ਭਾਰਤ ਨੇ ਵਾਇਬ੍ਰੈਂਟ ਵਿਲੇਜ ਪ੍ਰੋਗਰਾਮ ਤਿਆਰ ਕੀਤਾ ਹੈ ਜਿਸ ਤਹਿਤ ਅਰੁਣਾਚਲ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਲੱਦਾਖ ਅਤੇ ਸਿੱਕਮ ਦੇ ਕਰੀਬ 3000 ਪਿੰਡ ਲਿਆਂਦੇ ਜਾਣਗੇ। ਇਸ ਪ੍ਰੋਗਰਾਮ ਦਾ ਫੋਕਸ ਸੜਕੀ ਅਤੇ ਦੂਰਸੰਚਾਰ ਕੁਨੈਕਟੀਵਿਟੀ ਵਿਚ ਸੁਧਾਰ ਲਿਆਉਣ, ਰਿਹਾਇਸ਼ੀ ਅਤੇ ਸੈਰ ਸਪਾਟਾ ਸੁਵਿਧਾਵਾਂ ਮੁਹੱਈਆ ਕਰਾਉਣ 'ਤੇ ਰਹੇਗਾ। ਇਸ ਦੇ ਨਾਲ ਹੀ ਹੋਰ ਪਿੰਡ ਵੀ ਇਸ ਦੇ ਦਾਇਰੇ ਹੇਠ ਲਿਆਂਦੇ ਜਾਣਗੇ ਤਾਂ ਕਿ ਉਹ ਸਰਹੱਦੀ ਖੇਤਰਾਂ ਵਿਚ ਫ਼ੌਜੀਆਂ ਲਈ ਅੱਖਾਂ ਤੇ ਕੰਨਾਂ ਦਾ ਕੰਮ ਕਰ ਸਕਣ। ਬੁਨਿਆਦੀ ਢਾਂਚਾ ਉਸਾਰੀ ਤੇ ਫੌਜੀ ਤਾਇਨਾਤੀ 'ਤੇ ਦਿੱਤੇ ਜਾ ਰਹੇ ਇਸ ਵਿਸ਼ੇਸ਼ ਧਿਆਨ ਵਿਚਾਲੇ ਕੂਟਨੀਤਕ ਤੇ ਸੈਨਿਕ ਪੱਧਰਾਂ ਉਤੇ ਸਮੇਂ-ਸਮੇਂ ਹੁੰਦੀ ਰਹੀ ਵਾਰਤਾ ਅਕਸਰ ਬੇਸਿੱਟਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਇਕ-ਦੂਜੇ ਨੂੰ ਮਿਲਣ ਲਈ ਕਥਿਤ ਤੌਰ 'ਤੇ ਇੱਛਾ ਨਾ ਜ਼ਾਹਿਰ ਕਰਨਾ ਵੀ ਇਕ ਬਹੁਤ ਵੱਡਾ ਅੜਿੱਕਾ ਹੈ।

ਪੰਜਾਬ ਟਾਈਮਜ਼ ਅਨੁਸਾਰ ਅਕਤੂਬਰ 2019 ਵਿਚ ਸ਼ੀ ਜਿਨਪਿੰਗ ਵੱਲੋਂ ਮਾਮੱਲਾਪੁਰਮ ਸੰਮੇਲਨ ਲਈ ਭਾਰਤ ਆਉਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਕੋਈ ਵੀ ਦੁਵੱਲਾ ਦੌਰਾ ਸਿਰੇ ਨਹੀਂ ਚੜ੍ਹ ਸਕਿਆ ਸੀ। ਹੁਣ ਜਾਪਦਾ ਹੈ ਕਿ ਭਾਰਤ ਚੀਨ ਨਾਲ ਮਸਲਾ ਨਿਪਟਾਉਣ ਦਾ ਇਛਕ ਹੈ ਭਾਰਤ ਦਾ ਅਹਿਮ ਸਾਥੀ ਰੂਸ ਇਸ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

# ਕੇਰਲ ਵਿਚ ਦਿਮਾਗ ਖਾਣ ਵਾਲੇ ਅਮੀਬੇ ਨੇ ਲਈ ਇੱਕ ਹੋਰ ਜਾਨ

## ✪ ਡਾਕਟਰਾਂ ਨੂੰ ਨਹੀਂ ਮਿਲਿਆ ਇਸ ਬਿਮਾਰੀ ਦਾ ਇਲਾਜ਼



ਕੇਰਲ-ਕੇਰਲ ਦੇ ਕੋਜ਼ਿਕੋਡ ਵਿੱਚ ਇੱਕ 14 ਸਾਲ ਦੇ ਲੜਕੇ ਦੀ ਬਰੇਨ ਇਨਫੈਕਸ਼ਨ ਨਾਲ ਮੌਤ ਹੋ ਗਈ। ਦੂਸ਼ਿਤ ਛੱਪੜ ਵਿਚ ਤੈਰਾਕੀ ਕਰਨ ਤੋਂ ਬਾਅਦ ਉਸ ਨੂੰ 'ਨੈਗਲੇਰੀਆ ਫਾਉਲੇਰੀ ਇਨਫੈਕਸ਼ਨ' ਹੋ ਗਿਆ ਹੋਣਾ, ਜੋ 'ਬ੍ਰੇਨ ਈਟਿੰਗ ਅਮੀਬਾ' ਕਾਰਨ ਹੁੰਦਾ ਹੈ।

1 ਮਈ ਤੋਂ ਬਾਅਦ ਕੇਰਲ ਵਿੱਚ ਇਹ ਤੀਜੀ ਅਜਿਹੀ ਸਥਿਤੀ ਹੈ। ਇਸ ਤੋਂ ਪਹਿਲਾਂ ਮਲਪੁਰਮ ਵਿੱਚ ਇੱਕ 5 ਸਾਲ ਦੀ ਬੱਚੀ ਅਤੇ ਕੰਨੂਰ ਵਿੱਚ ਇੱਕ 13 ਸਾਲ ਦੀ ਬੱਚੀ ਦੀ ਜਾਨ ਚਲੀ ਗਈ ਸੀ।

ਨੈਗਲੇਰੀਆ ਫੋਲੇਰੀ ਅਮੀਬਾ ਇੱਕ ਛੋਟਾ ਜਿਹਾ ਜੀਵ ਹੈ ਜੋ ਕਿ ਝੀਲਾਂ, ਤਾਲਾਬਾਂ, ਨਦੀਆਂ ਅਤੇ ਗਰਮ ਝਰਨੇ ਦੀਆਂ ਨਦੀਆਂ ਜਿਵੇਂ ਮਿੱਠੇ ਪਾਣੀ ਦੇ ਨਾਲ-ਨਾਲ ਮਿੱਟੀ ਅਤੇ ਪ੍ਰਦੂਸ਼ਿਤ ਪਾਣੀ ਵਿੱਚ ਪਾਇਆ ਜਾਂਦਾ ਹੈ। ਦੂਸ਼ਿਤ ਪਾਣੀ ਵਿੱਚ ਤੈਰਾਕੀ ਜਾਂ ਗੋਤਾਖੋਰੀ ਕਰਨ ਨਾਲ ਇਹ ਅਮੀਬਾ ਨੱਕ ਰਾਹੀਂ ਦਾਖਲ ਹੋ ਕੇ ਦਿਮਾਗ ਤੱਕ ਪਹੁੰਚ ਜਾਂਦਾ ਹੈ। ਇਹ ਇੱਕ ਗੰਭੀਰ ਅਤੇ ਅਕਸਰ ਘਾਤਕ ਲਾਗ ਦਾ ਕਾਰਨ ਬਣਦਾ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਮੁਤਾਬਕ ਜੇਕਰ ਅਸੀਂ ਤੈਰਾਕੀ ਕਰਦੇ ਸਮੇਂ 'ਬ੍ਰੇਨ ਈਟਿੰਗ ਅਮੀਬਾ' ਦੇ ਖਤਰੇ 'ਚ ਨਹੀਂ ਰਹਿਣਾ ਚਾਹੁੰਦੇ ਤਾਂ ਤੈਰਦੇ ਸਮੇਂ ਨੱਕ ਕਲਿੱਪ ਦੀ ਵਰਤੋਂ ਕਰੋ ਜਾਂ ਆਪਣਾ ਨੱਕ ਢੱਕ ਕੇ ਰੱਖੋ।

### ਦਿਮਾਗ ਨੂੰ ਖਾਣ ਵਾਲੇ ਅਮੀਬਾ ਦੀ ਲਾਗ ਦਾ ਇਲਾਜ ਕੀ ਹੈ ?

ਪ੍ਰਾਇਮਰੀ ਅਮੇਬਿਕ ਮੇਨਿਨਗੋਏਨਸੇਫਲਾਈਟਿਸ ਲਈ ਅਜੇ ਤੱਕ ਕੋਈ ਪ੍ਰਭਾਵੀ ਇਲਾਜ ਨਹੀਂ ਲੱਭਿਆ ਗਿਆ ਹੈ। ਵਰਤਮਾਨ ਵਿੱਚ, ਡਾਕਟਰ ਬਿਮਾਰੀ ਦੇ ਪ੍ਰਬੰਧਨ ਲਈ ਐਮਫੋਟੇਰੀਸਿਨ ਬੀ, ਅਜ਼ੀਥਰੋਮਾਈਸਿਨ, ਫਲੂਕੋਨਾਜ਼ੋਲ, ਰਿਫਾਮਪਿਨ, ਮਿਲਟੇਫੋਸਾਈਨ ਅਤੇ ਡੇਕਸਮੇਥਾਸੋਨ ਵਰਗੀਆਂ ਦਵਾਈਆਂ ਦੇ ਸੁਮੇਲ ਦੀ ਵਰਤੋਂ ਕਰਦੇ ਹਨ।

# ਕੀ ਟਰੂਡੋ ਕੈਨੇਡਾ ਵਿਚ ਸੱਤਾ ਤੋਂ 'ਬਾਹਰ' ਹੋ ਜਾਣਗੇ, ਕੀ ਜਗਮੀਤ ਸਮਰਥਨ ਵਾਪਸ ਲੈ ਲੈਣਗੇ ?

## ✪ ਲੇਜਰ ਪੋਲ ਦੇ ਸਮੁੱਚੇ ਅੰਕੜਿਆਂ ਮੁਤਾਬਕ ਕੰਜ਼ਰਵੇਟਿਵ ਪਾਰਟੀ ਨੂੰ 41 ਫੀਸਦੀ ਸਮਰਥਨ ਹਾਸਲ ✪ ਕੈਨੇਡਾ ਵਿਚ ਰਿਹਾਇਸ਼ੀ ਸੰਕਟ ਡੂੰਘਾ, ਭਾਰਤੀ ਵਾਪਸੀ ਦੀ ਤਿਆਰੀ 'ਚ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬੁਰੇ ਦਿਨ ਸ਼ੁਰੂ ਹੋਣ ਵਾਲੇ ਹਨ। ਇੱਕ ਤਾਜ਼ਾ ਸਰਵੇਖਣ ਅਨੁਸਾਰ ਟਰੂਡੋ ਦੀ ਲਿਬਰਲ ਪਾਰਟੀ ਵੋਟਰਾਂ ਦਾ ਭਰੋਸਾ ਗੁਆ ਰਹੀ ਹੈ। ਇੰਨਾ ਹੀ ਨਹੀਂ, ਲੋਕਾਂ ਦਾ ਟਰੂਡੋ ਦੇ ਅਹਿਮ ਸਹਿਯੋਗੀ, ਖਾਲਿਸਤਾਨ ਸਮਰਥਕ ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕ੍ਰੇਟਿਕ ਪਾਰਟੀ ਤੋਂ ਵੀ ਲੋਕਾਂ ਦਾ ਵਿਸ਼ਵਾਸ ਉੱਠ ਗਿਆ ਹੈ। ਇਸ ਨਾਲ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਟਰੂਡੋ ਦੀ ਲੀਡਰਸ਼ਿਪ ਬਾਰੇ ਸ਼ੰਕੇ ਖੜ੍ਹੇ ਹੋ ਰਹੇ ਹਨ।

ਦੇਸ਼ ਵਿੱਚ ਕੋਵਿਡ ਮਹਾਂਮਾਰੀ, ਵਧਦੀ ਮਹਿੰਗਾਈ ਅਤੇ ਮਕਾਨਾਂ ਦੇ ਸੰਕਟ ਦੌਰਾਨ ਲਿਬਰਲ ਪਾਰਟੀ ਵੱਲੋਂ ਇਸ ਦਾ ਸਹੀ ਢੰਗ ਨਾਲ ਪ੍ਰਬੰਧ ਨਾ ਕਰਨ ਕਾਰਨ ਲੋਕਾਂ ਵਿੱਚ ਡੂੰਘਾ ਰੋਸ ਹੈ। ਕੈਨੇਡੀਅਨ ਇਸ ਗੱਲ ਤੋਂ ਵੀ ਨਾਰਾਜ਼ ਹਨ ਕਿ ਉਨ੍ਹਾਂ ਦੀ ਸਰਕਾਰ ਨੇ ਰੂਸ-ਯੂਕਰੇਨ ਯੁੱਧ ਅਤੇ ਗਾਜ਼ਾ ਪੱਟੀ 'ਤੇ ਇਜ਼ਰਾਈਲ ਦੇ ਹਮਲੇ ਵਿਚ ਮਜ਼ਬੂਤ ਸਟੈਂਡ ਨਹੀਂ ਲਿਆ। ਇਜਰਾਈਲ ਦਾ ਵਿਰੋਧ ਹੋਣਾ ਚਾਹੀਦਾ ਸੀ।

ਨੈਸ਼ਨਲ ਪੋਸਟ ਲਈ ਕਰਵਾਏ ਗਏ ਲੇਜਰ ਪੋਲਿੰਗ ਦੇ ਅਨੁਸਾਰ, ਜੇਕਰ ਅੱਜ ਕੋਈ ਚੋਣ ਹੁੰਦੀ ਹੈ, ਤਾਂ ਐਨਡੀਪੀ ਸਮਰਥਨ ਵਿਚ ਇੱਕ ਪ੍ਰਤੀਸ਼ਤ ਅੰਕ ਤੱਕ ਗਿਰਾਵਟ ਆਵੇਗੀ ਜੋ 2021 ਦੀਆਂ ਸੰਘੀ ਚੋਣਾਂ ਦੌਰਾਨ 18 ਪ੍ਰਤੀਸ਼ਤ ਤੋਂ ਘਟ ਕੇ 17 ਪ੍ਰਤੀਸ਼ਤ ਰਹਿ ਜਾਵੇਗਾ। ਮਹੱਤਵਪੂਰਨ ਤੌਰ 'ਤੇ, ਸਰਵੇਖਣ ਕੀਤੇ ਗਏ ਜ਼ਿਆਦਾਤਰ ਲੋਕਾਂ ਨੇ ਮਹਿਸੂਸ ਕੀਤਾ ਕਿ ਐਨਡੀਪੀ ਅਤੇ ਜਗਮੀਤ ਸਿੰਘ ਬਾਰੇ ਉਨ੍ਹਾਂ ਦੀ ਧਾਰਨਾ 'ਬਦਤਰ' ਹੋ ਗਈ ਹੈ, ਸਿਰਫ 20 ਪ੍ਰਤੀਸ਼ਤ ਨੇ ਉਸਨੂੰ ਵਧੇਰੇ ਯੋਗ ਸਮਝਿਆ , ਜਦੋਂ ਕਿ ਪਹਿਲਾਂ ਇਹ 32 ਪ੍ਰਤੀਸ਼ਤ ਸੀ। ਇਸ ਦਾ ਮਤਲਬ ਜਗਮੀਤ ਦਾ ਲੋਕ ਸਮਰਥਨ ਘਟਿਆ ਹੈ।

ਟੋਰਾਂਟੋ-ਸੈਂਟ ਪੀ. ਵਿਚ ਜੂਨ ਦੇ ਫੈਡਰਲ ਜ਼ਿਮਨੀ ਚੋਣ ਦੌਰਾਨ ਐਨਡੀਪੀ ਨੂੰ ਪਰੇਸ਼ਾਨੀ ਭਰੇ ਸੰਕੇਤਾਂ ਦਾ ਸਾਹਮਣਾ ਕਰਨਾ ਪਿਆ ਸੀ। ਪਾਲ ਦੀ ਅਗਵਾਈ ਹੇਠ, ਇਸਦਾ ਵੋਟ ਸ਼ੇਅਰ 17 ਪ੍ਰਤੀਸ਼ਤ ਤੋਂ ਘਟ ਕੇ 11 ਪ੍ਰਤੀਸ਼ਤ ਰਹਿ ਗਿਆ ਸੀ, ਜੋ ਕਿ ਟਰੂਡੋ ਦੀ ਪਾਰਟੀ ਲਈ ਇੱਕ ਘਾਤਕ ਨਤੀਜਾ ਹੈ, ਜਿਸ ਨੇ 1993 ਤੋਂ ਬਾਅਦ ਆਪਣੇ ਕੋਲ ਰਖੀ ਸੀਟ ਗੁਆ ਦਿੱਤੀ ਸੀ।

ਜਗਮੀਤ ਸਿੰਘ ਨੇ ਅਕਤੂਬਰ 2017 ਵਿੱਚ ਐਨਡੀਪੀ ਦੀ ਕਮਾਨ ਸੰਭਾਲੀ ਸੀ। ਉਸ ਦੀ ਅਗਵਾਈ ਤੋਂ ਪਹਿਲਾਂ, ਐਨਡੀਪੀ ਕੋਲ ਹਾਊਸ ਆਫ਼ ਕਾਮਨਜ਼ ਵਿੱਚ 44 ਸੀਟਾਂ ਸਨ ਅਤੇ ਪਿਛਲੀਆਂ ਫੈਡਰਲ ਚੋਣਾਂ ਵਿੱਚ ਲਗਭਗ 20 ਪ੍ਰਤੀਸ਼ਤ ਵੋਟ ਸ਼ੇਅਰ ਸੀ। 2021 ਤੱਕ, ਇਹ ਗਿਣਤੀ ਕਾਫ਼ੀ ਘੱਟ ਗਈ ਸੀ। ਇਸ ਵਿਚ ਐਨਡੀਪੀ ਨੇ 25 ਸੰਸਦ ਮੈਂਬਰਾਂ ਦੀ ਚੋਣ ਕੀਤੀ ਸੀ ਅਤੇ ਲਗਭਗ 18 ਪ੍ਰਤੀਸ਼ਤ ਵੋਟ ਸ਼ੇਅਰ ਹਾਸਲ ਕੀਤਾ ਸੀ।

ਜਗਮੀਤ ਸਿੰਘ ਨੇ ਪਿਛਲੇ ਹਫਤੇ ਕਿਹਾ ਸੀ ਕਿ ਅਸੀਂ ਇਸਨੂੰ ਇੱਕ ਸੰਦੇਸ਼ ਦੇ ਰੂਪ ਵਜੋਂ ਦੇਖਦੇ ਹਾਂ ਜੋ ਲੋਕ ਭੇਜ ਰਹੇ ਹਨ। ਉਹ ਟਰੂਡੋ ਤੋਂ ਨਿਰਾਸ਼ ਹਨ। ਪਰ ਜਗਮੀਤ ਸਿੰਘ ਇਸ



ਬਾਰੇ ਚੁੱਪ ਹਨ ਕਿ ਕੀ ਉਹ ਟਰੂਡੋ ਦਾ ਸਮਰਥਨ ਕਰਨਾ ਜਾਰੀ ਰੱਖਣਗੇ,ਪਰ ਉਨ੍ਹਾਂ ਕਿਹਾ ਸੀ ਕਿ ਸਰਕਾਰ ਲਈ ਚੀਜ਼ਾਂ ਵਿਗੜ ਰਹੀਆਂ ਹਨ।

ਲੇਜਰ ਪੋਲ ਦੇ ਸਮੁੱਚੇ ਅੰਕੜਿਆਂ ਮੁਤਾਬਕ ਕੰਜ਼ਰਵੇਟਿਵ ਪਾਰਟੀ ਨੂੰ 41 ਫੀਸਦੀ ਸਮਰਥਨ ਹਾਸਲ ਹੈ, ਜੋ ਲਿਬਰਲਾਂ ਤੋਂ ਕਾਫੀ ਅੱਗੇ ਹੈ। ਲਿਬਰਲਾਂ ਨੂੰ ਸਿਰਫ 27 ਫੀਸਦੀ ਸਮਰਥਨ ਮਿਲਦਾ ਨਜ਼ਰ ਆ ਰਿਹਾ ਹੈ। ਜੇਕਰ ਹੁਣ ਚੋਣਾਂ ਹੁੰਦੀਆਂ ਤਾਂ ਕੰਜ਼ਰਵੇਟਿਵਾਂ ਨੂੰ 218 ਸੀਟਾਂ ਮਿਲ ਸਕਦੀਆਂ ਹਨ, ਜਦੋਂ ਕਿ ਟਰੂਡੋ ਦੀ ਲਿਬਰਲ ਪਾਰਟੀ, ਜੋ ਮੌਜੂਦਾ ਸਮੇਂ ਵਿੱਚ ਸੱਤਾ ਵਿੱਚ ਹੈ, ਸਿਰਫ਼ 67 ਸੀਟਾਂ ਹੀ ਹਾਸਲ ਕਰ ਸਕਦੀ ਸੀ।

ਟਰੂਡੋ ਦੀ ਪਾਰਟੀ ਨੂੰ ਹਾਲ ਹੀ ਵਿੱਚ ਟੋਰਾਂਟੋ ਜ਼ਿਲ੍ਹੇ ਲਈ ਤਿੰਨ ਦਹਾਕਿਆਂ ਤੋਂ ਹੋਈਆਂ ਵਿਸ਼ੇਸ਼ ਚੋਣ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਵਿਰੋਧੀ ਧਿਰ ਦੇ ਕੰਜ਼ਰਵੇਟਿਵ ਉਮੀਦਵਾਰ ਡੌਨ ਸਟੀਵਰਟ ਨੇ ਟੋਰਾਂਟੋ-ਸੇਂਟ ਪੌਲ ਜ਼ਿਲ੍ਹੇ ਨੂੰ ਲਗਭਗ 600 ਵੋਟਾਂ ਨਾਲ ਜਿੱਤਿਆ, ਜੋ ਲਿਬਰਲ ਉਮੀਦਵਾਰ ਦੇ 40.5 ਫੀਸਦੀ ਤੋਂ 42.1 ਫੀਸਦੀ ਵੱਧ ਹੈ।

ਟਰੂਡੋ ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਪ੍ਰਵਾਸੀਆਂ ਦਾ ਕੈਨੇਡਾ ਵਿੱਚ ਰਹਿਣਾ ਮੁਸ਼ਕਲ ਹੋ ਗਿਆ ਹੈ।ਕੈਨੇਡਾ ਵਿੱਚ ਪ੍ਰਵਾਸੀਆਂ ਦੀ ਆਮਦ ਕਾਰਨ ਮਕਾਨਾਂ ਦੀ ਮੰਗ ਵਧੀ ਹੈ ਅਤੇ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਪਰ ਟਰੂਡੋ ਸਰਕਾਰ ਇਸ ਮਾਮਲੇ ਨੂੰ ਕੰਟਰੋਲ ਨਹੀਂ ਕਰ ਸਕੀ, ਜਿਸ ਕਰਕੇ ਕੈਨੇਡਾ ਦੀ ਜਨਤਾ ਟਰੂਡੋ ਸਰਕਾਰ ਤੋਂ ਨਰਾਜ਼ ਹੈ।

ਤਕਰੀਬਨ 4 ਕਰੋੜ ਦੀ ਆਬਾਦੀ ਵਾਲੇ ਕੈਨੇਡਾ ਵਿੱਚ ਇਸ ਸਮੇਂ 9 ਲੱਖ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਹਨ। ਭਾਰਤ ਤੋਂ ਵੀ ਵੱਡੀ ਗਿਣਤੀ ਲੋਕ ਪੜ੍ਹਾਈ ਅਤੇ ਰੁਜ਼ਗਾਰ ਲਈ ਕੈਨੇਡਾ ਜਾਂਦੇ ਹਨ। ਕੈਨੇਡਾ ਵਿੱਚ ਕੁੱਲ ਪ੍ਰਵਾਸੀ ਵਿਦਿਆਰਥੀਆਂ ਵਿੱਚ ਭਾਰਤ ਦੀ ਹਿੱਸੇਦਾਰੀ ਲਗਭਗ 37 ਫੀਸਦੀ ਹੈ।

ਦੂਜੇ ਪਾਸੇ ਅਜੋਕੇ ਸਮੇਂ ਵਿੱਚ ਰੁਜ਼ਗਾਰ ਦੇ ਮੌਕੇ ਤੇਜ਼ੀ ਨਾਲ ਘਟੇ ਹਨ। ਇਸ ਨਾਲ ਇਸ ਕਾਰਨ ਬਹੁਤ ਸਾਰੇ ਭਾਰਤੀਆਂ ਨੇ ਆਪਣੇ ਦੇਸ਼ ਵਾਪਸ ਜਾਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਕੈਨੇਡਾ ਵਿਚ ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਦਾ ਪ੍ਰਵਾਸੀਆਂ 'ਤੇ ਬੁਰਾ ਅਸਰ ਪੈ ਰਿਹਾ ਹੈ।

ਪੰਜਾਬ ਟਾਈਮਜ਼ ਅਨੁਸਾਰ 2013 ਤੋਂ 2023 ਤੱਕ ਹਰ ਸਾਲ ਕੈਨੇਡਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ 326 ਫੀਸਦੀ (32,828 ਤੋਂ 139,715) ਦਾ ਵਾਧਾ ਹੋਇਆ ਹੈ, ਪਰ ਹੁਣ ਉੱਥੇ ਰਿਹਾਇਸ਼ੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਐਂਗਸ ਰੀਡ ਇੰਸਟੀਚਿਊਟ ਵੱਲੋਂ ਇਸ ਹਫਤੇ ਜਾਰੀ ਕੀਤੇ ਗਏ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਮਹਿੰਗਾਈ ਅਤੇ ਰਿਹਾਇਸ਼ੀ ਮੁੱਦਿਆਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ।

ਇਸ ਸਾਲ ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਇਸ ਸੰਕਟ ਨੂੰ ਉਜਾਗਰ ਕਰਦੀ ਹੈ। ਇਕ ਰਿਪੋਰਟ ਮੁਤਾਬਕ 2023 ਵਿਚ 3,19,000 ਭਾਰਤੀ ਵਿਦਿਆਰਥੀ ਕੈਨੇਡਾ ਗਏ ਸਨ ਪਰ ਇਸ ਸਾਲ ਯਾਨੀ 2024 ਵਿਚ ਇਹ ਗਿਣਤੀ ਘਟੀ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਰੀਬ 35 ਫੀਸਦੀ ਘੱਟ ਵਿਦਿਆਰਥੀ ਕੈਨੇਡਾ ਜਾ ਰਹੇ ਹਨ।

# ਦਿਲ ਦਾ ਦੌਰਾ ਪੈਣ ਕਾਰਨ ਕੈਨੇਡਾ ਗਈ ਕੁੜੀ ਦੀ ਹੋਈ ਮੌਤ

## ✪ ਕਿਸਾਨ ਪਿਤਾ ਨੇ ਜ਼ਮੀਨ ਵੇਚ ਕੇ ਭੇਜੀ ਸੀ ਵਿਦੇਸ਼

ਬੁਢਲਾਡਾ-ਇੱਥੋ ਨੇੜਲੇ ਪਿੰਡ ਬਰ੍ਹੇ ਦੇ ਕਿਸਾਨ ਮਿੱਠੂ ਸਿੰਘ ਨੇ ਆਪਣੀ 2 ਏਕੜ ਜ਼ਮੀਨ 'ਚੋਂ 1 ਏਕੜ ਜ਼ਮੀਨ ਵੇਚ ਕੇ 24 ਲੱਖ ਦੀ ਲਾਗਤ ਨਾਲ ਆਪਣੀ ਧੀ ਬੇਅੰਤ ਕੌਰ (25) ਨੂੰ 31 ਮਾਰਚ 2024 ਨੂੰ ਵਰਕ ਪਰਮਿਟ 'ਤੇ ਕੈਨੇਡਾ ਭੇਜਿਆ ਸੀ। ਜਿੱਥੇ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਜਿਸ ਦੀ ਪੁਸ਼ਟੀ ਉਸ ਨਾਲ ਪੜ੍ਹਦੀਆਂ ਲੜਕੀਆਂ ਵੱਲੋਂ ਕੀਤੀ ਗਈ ਅਤੇ ਪਰਿਵਾਰ ਨੂੰ ਸੂਚਿਤ ਕੀਤਾ ਗਿਆ ਕਿ ਉਸਦੀ ਧੀ ਦੀ ਲਾਸ਼ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਲਈ ਕਰੀਬ 25 ਲੱਖ ਰੁਪਏ ਖਰਚ ਆਉਣਗੇ ਪਰ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ। ਮ੍ਰਿਤਕ ਦੇ ਭਰਾ ਹਰਪ੍ਰੀਤ ਸਿੰਘ 30 ਸਾਲਾ ਨੇ ਦੱਸਿਆ ਕਿ ਮੇਰੀ ਭੈਣ ਨੂੰ ਕੈਨੇਡਾ ਭੇਜਣ ਵੇਲੇ ਉਨ੍ਹਾਂ ਸੋਚਿਆ ਸੀ ਕਿ ਉਹ ਕੈਨੇਡਾ ਜਾ ਕੇ ਘਰ ਦੀ ਗਰੀਬੀ ਦੂਰ ਕਰੇਗੀ ਅਤੇ ਆਪਣੇ ਭੈਣ ਅਤੇ ਭਰਾ ਦਾ ਭਵਿੱਖ ਬਣਾਏਗੀ ਪਰ ਸਾਡੇ ਸਾਰੇ ਸੁਪਨੇ ਅਧੂਰੇ ਰਹਿ ਗਏ।



ਉਨ੍ਹਾਂ ਕਿਹਾ ਕਿ ਹੁਣ ਚਿੰਤਾ ਸਤਾ ਰਹੀ ਹੈ ਕਿ ਉਸਦੀ ਲਾਸ਼ ਭਾਰਤ ਕਿਵੇਂ ਲਿਆਉਣ। ਮਾਤਾ ਜਸਵਿੰਦਰ ਕੌਰ ਅਤੇ ਛੋਟੀ ਭੈਣ ਅੱਕੀ ਕੌਰ ਨੇ ਦੱਸਿਆ ਕਿ ਪਰਿਵਾਰ ਵੱਲੋਂ ਇਸ ਸਬੰਧੀ ਉਨ੍ਹਾਂ ਕਈ ਸਿਆਸੀ ਨੇਤਾਵਾਂ ਤੱਕ ਵੀ ਪਹੁੰਚ ਕਰ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ, ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਧੀ ਦੀ ਲਾਸ਼ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਉਹ ਆਪਣੇ ਧੀ ਦਾ ਆਖਰੀ ਵਾਰ ਮੂੰਹ ਦੇਖ ਕੇ ਰਸਮਾਂ ਅਨੁਸਾਰ ਅੰਤਿਮ ਸਸਕਾਰ ਕਰ ਸਕਣ। ਹਲਕਾ ਵਿਧਾਇਕ ਪ੍ਰਿੰਸੀਪਲ ਪ੍ਰਿੰਸੀਪਲ ਬੁੱਧ ਰਾਮ ਨੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇ ਇਸ ਸੰਬੰਧੀ ਉਹ ਮੁੱਖ ਮੰਤਰੀ ਪੰਜਾਬ ਨੂੰ ਜਾਣੂ ਕਰਵਾ ਦਿੱਤਾ ਹੈ।

ਵਿਦੇਸ਼ ਮੰਤਰਾਲਿਆ ਤੱਕ ਪਹੁੰਚ ਕਰਕੇ ਲਾਸ਼ ਭਾਰਤ ਲਿਆਂਦੀ ਜਾਵੇਗੀ : ਹਰਸਿਮਰਤ ਬਾਦਲ-ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਘਟਨਾ ਹੈ। ਉਨ੍ਹਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਵਿਦੇਸ਼ ਮੰਤਰਾਲਿਆ ਨਾਲ ਪਹੁੰਚ ਕਰ ਕੇ ਬੇਅੰਤ ਕੌਰ ਦੀ ਲਾਸ਼ ਭਾਰਤ ਲਿਆਂਦੀ ਜਾਵੇਗੀ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਅਕਾਲੀ ਦਲ ਦਾ ਸੰਕਟ ਸੁਖਬੀਰ ਬਾਦਲ ਲਈ ਵੱਡੀ ਚੁਣੌਤੀ ਬਣਿਆ

## ✪ ਸੌਦਾ ਸਾਧ ਨੂੰ ਮਾਫ ਕਰਨ ਪਿਛੇ ਕਿਸ ਦਾ ਰੌਲ ਸੀ ? ✪ ਕੀ ਅਕਾਲ ਤਖਤ ਇਸ ਬਾਰੇ ਇਨਸਾਫ ਕਰੇਗਾ ?

ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਗੰਭੀਰ ਸੰਕਟ ਦੇ ਦੌਰ ਵਿਚੋਂ ਲੰਘ ਰਿਹਾ ਹੈ। ਪਾਰਟੀ ਦੇ ਨੇਤਾ ਸੁਖਬੀਰ ਸਿੰਘ ਬਾਦਲ ਦੇ ਖ਼ਿਲਾਫ਼ ਕਈ ਸੀਨੀਅਰ ਆਗੂਆਂ ਨੇ ਮੋਰਚਾ ਖੋਲ੍ਹਿਆ ਹੈ। ਪਾਰਟੀ ਟੁੱਟਦੀ ਦਿਖਾਈ ਦੇ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਇਸ ਬਗ਼ਾਵਤ ਨੂੰ ਹਵਾ ਦੇਣ ਦਾ ਕੰਮ ਅਕਾਲੀ ਦਲ ਦੀ ਪੁਰਾਣੀ ਭਾਈਵਾਲ ਭਾਜਪਾ ਕਰ ਰਹੀ ਹੈ। ਸੁਖਦੇਵ ਸਿੰਘ ਢੀਂਡਸਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਜਿਹੇ ਵੱਡੇ ਆਗੂ ਅਕਾਲੀ ਦਲ ਵਿਚ ਬਗ਼ਾਵਤ ਦੀ ਅਗਵਾਈ ਕਰ ਰਹੇ ਹਨ। ਬਾਗ਼ੀ ਆਗੂਆਂ ਨੇ ਸਿੱਖਾਂ ਦੇ ਸਰਬਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ’ਤੇ ਪੇਸ਼ ਹੋ ਕੇ ਪਾਰਟੀ ਆਗੂਆਂ ਵਲੋਂ ਕੀਤੀਆਂ ਭੁੱਲਾਂ ਬਖਸ਼ਾਉਣ ਲਈ ਮੁਆਫ਼ੀ ਪੱਤਰ ਦਿੱਤਾ, ਜਿਸ ਵਿਚ ਕਿਹਾ ਗਿਆ ਹੈ ਕਿ ਡੇਰਾ ਸੱਚਾ ਸੌਦਾ ਮੁਖੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਕਲ ਕੀਤੀ ਸੀ ਪਰ ਬਾਦਲ ਸਰਕਾਰ ਨੇ ਉਸ ਨੂੰ ਮੁਆਫ਼ੀ ਦਿੱਤੀ। ਇਸੇ ਤਰ੍ਹਾਂ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਯਾਦ ਰਹੇ ਕਿ ਡੇਰਾ ਸੌਦਾ ਸਾਧ ਕਈ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਸਾਲ 2007 ਵਿੱਚ ਉਸ ਦੀ ਇੱਕ ਤਸਵੀਰ ਸਾਹਮਣੇ ਆਈ ਸੀ। ਇਸ ਵਿੱਚ ਉਸਨੇ 10ਵੇਂ ਸਿੱਖ ਗੁਰੂ ਗੋਬਿੰਦ ਸਿੰਘ ਦੇ ਰੂਪ ਵਿੱਚ ਪਹਿਰਾਵਾ ਪਾਇਆ ਹੋਇਆ ਸੀ। ਸਿੱਖਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਸੀ। ਫਿਰ ਸਿੱਖਾਂ ਅਤੇ ਡੇਰਾ ਸੱਚਾ ਸੌਦਾ ਦੇ ਸਮਰਥਕਾਂ ਵਿਚਕਾਰ ਹਿੰਸਕ ਝੜਪਾਂ ਹੋਈਆਂ। ਇਸ ਦੌਰਾਨ ਕਈ ਸਿਖ ਜ਼ਖਮੀ ਹੋ ਗਏ ਅਤੇ ਇਕ ਸਿਖ ਦੀ ਜਾਨ ਵੀ ਚਲੀ ਗਈ ਸੀ।

ਹੁਣੇ ਜਿਹੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨਾਲ ਸਬੰਧਿਤ ਸੀਨੀਅਰ ਆਗੂਆਂ ਦੀ ਇਕ ਅਹਿਮ ਮੀਟਿੰਗ ਜਲੰਧਰ ਵਿਖੇ ਹੋਈ ਸੀ,ਜਿਸ ਵਿਚ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ,



**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਲਗਾਤਾਰ ਦੋ ਚੋਣਾਂ ਵਿਚ ਪਾਰਟੀ ਦਾ ਪ੍ਰਦਰਸ਼ਨ ਬਹੁਤ ਖ਼ਰਾਬ ਰਿਹਾ ਹੈ। ਇਸ ਨਾਲ ਵੀ ਸੁਖਬੀਰ ਸਿੰਘ ਬਾਦਲ ਬਚਾਓ ਦੀ ਸਥਿਤੀ ਵਿਚ ਹਨ। ਅਕਾਲੀ ਦਲ ਵਿਚ ਟੁੱਟ-ਭੱਜ ਕਾਰਣ ਅੰਮ੍ਰਿਤਪਾਲ ਸਿੰਘ ਦਾ ਉਭਾਰ ਹੋ ਰਿਹਾ ਹੈ। ਇਸ ਕਰਕੇ ਕੇਂਦਰ ਚਿੰਤਾ ਵਿਚ ਹੈ। ਅੰਮ੍ਰਿਤ ਪਾਲ ਸਿੰਘ ਦੇ ਸਮਰਥਕ ਇਹ ਕਹਿ ਰਹੇ ਹਨ। ਇਸ ਕਾਰਣ ਭਾਈ ਅੰਮ੍ਰਿਤ ਪਾਲ ਸਿੰਘ ਦੀ ਰਿਹਾਈ ਨਹੀਂ ਹੋ ਰਹੀ। ਪਰ ਅਕਾਲੀ ਦਲ ਦਾ ਕਮਜ਼ੋਰ ਹੋਣਾ ਪੰਜਾਬ ਤੇ ਸਿਖ ਪੰਥ ਲਈ ਖਤਰਨਾਕ ਹੈ। ਸੋ ਅਕਾਲੀ ਦਲ ਨੂੰ ਇਮਾਨਦਾਰ ਤੇ ਅਣਖੀ ਨਵੇਂ ਫੇਸ, ਨਵੀ ਲੀਡਰਸ਼ਿਪ, ਪੰਥਕ ਤੇ ਪੰਜਾਬ ਏਜੰਡੇ ਦੀ ਲੋੜ ਹੈ।**

ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਗਗਨਦੀਪ ਸਿੰਘ ਬਰਨਾਲਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾ, ਬਲਦੇਵ ਸਿੰਘ ਮਾਨ, ਸਰਵਣ ਸਿੰਘ ਫਿਲੌਰ, ਜਸਟਿਸ ਨਿਰਮਲ ਸਿੰਘ, ਕਰਨੈਲ ਸਿੰਘ ਪੰਜੋਲੀ, ਸੁਖਵਿੰਦਰ ਸਿੰਘ ਔਲਖ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਬੀਬੀ ਪਰਮਜੀਤ ਕੌਰ ਲਾਂਡਰਾ, ਸਤਵਿੰਦਰ ਸਿੰਘ ਟੌਹੜਾ ਆਦਿ ਆਗੂ ਸ਼ਾਮਲ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨੇ ਦੋਸ਼ ਲਾਇਆ ਹੈ ਕਿ ਡੇਰਾ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦਿਵਾਉਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਡਾ: ਦਲਜੀਤ ਸਿੰਘ ਸ਼ਾਮਲ ਸਨ। ਡਾਕਟਰ ਚੀਮਾ ਨੇ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਹੀ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਵਿਚ ਅਹਿਮ ਰੌਲ ਨਿਭਾਇਆ ਸੀ। ਜਸਟਿਸ ਰਣਜੀਤ ਸਿੰਘ ਦੀ ਕਿਤਾਬ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਿੰਘ ਸਾਹਿਬਾਨ ਨੂੰ ਚੰਡੀਗੜ੍ਹ ਬੁਲਾ ਕੇ ਦਬਾਅ ਪਾਇਆ ਗਿਆ ਸੀ। ਇਸ ਤੋਂ ਬਾਅਦ ਡੇਰਾ ਮੁਖੀ ਨੂੰ ਮੁਆਫੀ ਦਿੱਤੀ ਗਈ ਸੀ। ਨਾਲ ਹੀ ਸਿੱਖ ਪਰੰਪਰਾਵਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ। ਅਕਾਲ ਤਖ਼ਤ ਸਾਹਿਬ ਦੀ ਥਾਂ ਚੰਡੀਗੜ੍ਹ ਨੂੰ ਮੁਖ ਸਥਾਨ ਬਣਾ ਦਿਤਾ ਗਿਆ। ਸਿਖ ਪੰਥ ਦੀ ਸਦੀਆਂ ਤੋਂ ਚਲੀ ਆ ਰਹੀ ਮਹਾਨ ਪਰੰਪਰਾ ਨੂੰ ਢਾਹ ਲਗਾਈ ਗਈ। ਬੀਬੀ ਜਾਗੀਰ ਕੌਰ ,ਜਥੇਦਾਰ ਵਡਾਲਾ ਨੂੰ ਇਹ ਵੀ ਭੇਦ ਖੋਲਣਾ ਚਾਹੀਦਾ ਸੀ ਕਿ ਉਸ ਸਮੇਂ ਬਲਵਿੰਦਰ ਸਿੰਘ ਭੂੰਦੜ, ਤਿਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਤੇ ਅਕਾਲੀ ਦਲ ਦੇ ਸਲਾਹਕਾਰ ਹਰਚਰਨ ਬੈਂਸ ਦਾ ਕੀ ਰੌਲ ਸੀ ? ਉਸ ਸਮੇਂ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮੀਡੀਆ ਵਿਚ ਕਿਹਾ ਸੀ ਕਿ ਸੱਚ ਦੇ ਤਖਤ ਉਪਰ ਕੂੜ ਦੇ ਫੈਸਲੇ ਨਹੀਂ ਹੁੰਦੇ। ਬਲਾਤਕਾਰੀ ਬਾਬੇ ਨੂੰ ਮਾਫ ਕਿਵੇਂ ਕੀਤਾ ਜਾ ਸਕਦਾ ਹੈ ?

ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਸੂਬਾ ਪ੍ਰਧਾਨ ਨੇ ਕਿਹਾ ਸੀ ਕਿ ਅਸੀਂ ਇਸ ਫੈਸਲੇ ਦਾ ਵਿਰੋਧ ਕਰਦੇ ਹਾਂ। ਦਲਜੀਤ ਸਿੰਘ ਚੀਮਾ ਨੇ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰ ਪਾਲ ਸਿੰਘ ਖਾਲਸਾ ਨੂੰ ਮੋਬਾਈਲ ਉਪਰ ਪੱਤਰ ਭੇਜਿਆ, ਦਸੋ ਇਸ ਵਿਚ ਗਲਤ ਕੀ ਹੈ ? ਉਸ ਲੈਟਰ ਉਪਰ ਸੌਦਾ ਸਾਧ ਦੇ ਸਾਈਨ ਨਹੀਂ ਸਨ। ਪੱਤਰ ਵਿਚ ਮਾਫੀ ਦਾ ਕੋਈ ਜਿਕਰ ਨਹੀਂ ਸੀ। ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਚੀਮਾ ਨੂੰ ਫੋਨ ਉਪਰ ਕਿਹਾ ਕਿ ਮਾਫੀ ਦੇਕੇ ਤੁਸੀਂ ਕਟਹਿਰੇ ਵਿਚ ਖੜੇ ਹੋਵੋਗੇ। ਅਕਾਲੀ ਦਲ ਨੂੰ ਵੀ ਢਾਹ ਲਗੇਗੀ। ਖਾਲਸਾ ਦਸਦੇ ਹਨ ਕਿ ਡਾਕਟਰ ਚੀਮਾ ਵਲੋਂ ਮੈਨੂੰ ਸਖਤੀ ਨਾਲ ਕਿਹਾ ਗਿਆ ਕਿ ਅਕਾਲੀ ਦਲ ਖਿਲਾਫ ਬਿਆਨ ਦੇਣੇ ਬੰਦ ਕਰੋ। ਦੂਸਰੇ ਦਿਨ ਜਥੇਦਾਰ ਖਾਲਸਾ ਦੇ ਘਰ ਪੁਲੀਸ ਭੇਜ ਦਿਤੀ ਤਾਂ ਜੋ ਸੌਦਾ ਸਾਧ ਦਾ ਵਿਰੋਧ ਖਤਮ ਕੀਤਾ ਜਾ ਸਕੇ ਜ਼ਥੇਦਾਰ ਖਾਲਸਾ ਨੇ ਦਸਿਆ ਕਿ ਉਹ ਦੋ ਹਫਤੇ ਰੂਪੋਸ਼ ਰਹੇ।

ਯਾਦ ਰਹੇ ਕਿ ਮੁਆਫੀਨਾਮੇ ਵਿਚ ਸੌਦਾ ਸਾਧ ਨੇ ਇਹ ਵੀ ਲਿਖਿਆ ਸੀ ਕਿ ਉਸ ਨੇ ਆਪਣੇ ‘ਤੇ ਲੱਗੇ ਦੋਸ਼ਾਂ ਨੂੰ ਅੰਜਾਮ ਨਹੀਂ ਦਿੱਤਾ ਅਤੇ ਭਵਿੱਖ ਵਿਚ ਅਜਿਹਾ ਕਰਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਇਸ ਤੋਂ ਬਾਅਦ ਉਸ ਨੂੰ ਮੁਆਫ ਕਰ ਦਿੱਤਾ ਗਿਆ ਸੀ। ਪਰ ਇਸ ਦਾ ਸਿਖ ਪੰਥ ਧਲੋਂ ਡਟਕੇ ਵਿਰੋਧ ਹੋਇਆ। ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਸੀ।

ਸਪਸ਼ਟ ਹੈ ਕਿ ਅਕਾਲੀ ਦਲ ਦੀ ਬਰਬਾਦੀ ਦਾ ਕਾਰਣ ਡਾਕਟਰ ਦਲਜੀਤ ਸਿੰਘ ਚੀਮਾ ਹੈ। ਅਜੇ ਹੋਰ ਭੇਦ ਖੁਲਣੇ ਹਨ ਭਾਵੇਂ ਚੀਮਾ ਇਹ ਕਹਿੰਦੇ ਰਹੇ ਹਨ ਕਿ ਬੇਅਦਬੀ ਪਿਛੇ ਬਾਦਲ ਦਲ ਦੇ ਆਗੂਆਂ ਦਾ ਹਥ ਨਹੀਂ।

ਸੁਆਲ ਅਕਾਲ ਤਖਤ ਸਾਹਿਬ ਅਗੇ ਖੜਾ ਹੈ ਕਿ ਜਥੇਦਾਰ ਉਪਰ ਉਸ ਸਮੇਂ ਦਬਾਅ ਕਿਸ ਦਾ ਸੀ ? ਕੀ ਜਥੇਦਾਰ ਅਕਾਲ ਤਖਤ ਸਾਹਿਬ ਇਸ ਬਾਰੇ ਇਨਸਾਫ ਕਰਾਉਣਗੇ ? ਜੋ ਬਾਗੀ ਅਕਾਲੀਆਂ ਨੇ ਅਕਾਲ ਤਖਤ ਸਾਹਿਬ ਅਗੇ ਬੇਅਦਬੀਆਂ, ਸੌਦਾ ਸਾਧ ਬਾਰੇ ਦੋਸ਼ ਪੱਤਰ ਪੇਸ਼ ਕੀਤਾ ਹੈ, ਉਸ ਬਾਰੇ ਜਥੇਦਾਰ ਅਕਾਲ ਤਖਤ ਫੈਸਲਾ ਕਰਨਗੇ ? ਕੀ ਉਹ ਇਨ੍ਹਾਂ ਦੋਸ਼ੀਆਂ ਨੂੰ ਕਹਿ ਸਕਣਗੇ ਅਕਾਲੀ ਦਲ ਛਡ ਜਾਵੋ ਇਹ ਪੰਥ ਦੀ ਪਾਵਨ ਜਮਾਤ ਹੈ।

# ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦੇ ਸਾਹਮਣੇ ਰਾਜਨੀਤਕ ਹੋਂਦ ਦਾ ਸੰਕਟ ਖੜ੍ਹਾ ਹੋਇਆ

## ✪ ਸਾਰੇ ਰਾਜਾਂ ਵਿਚੋਂ ਖੇਤਰੀ ਪਾਰਟੀ ਦਾ ਦਰਜਾ ਗੁਆਇਆ



ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦੇ ਸਾਹਮਣੇ ਰਾਜਨੀਤਕ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਉਨ੍ਹਾਂ ਦੀ ਪਾਰਟੀ ਨੂੰ ਇਸ ਵਾਰ ਇਕ ਵੀ ਲੋਕ ਸਭਾ ਸੀਟ ਨਹੀਂ ਮਿਲੀ ਹੈ। ਉੱਤਰ ਪ੍ਰਦੇਸ਼ ਦੀ ਵਿਧਾਨ ਸਭਾ ’ਚ ਵੀ ਉਨ੍ਹਾਂ ਦਾ ਸਿਰਫ਼ ਇਕ ਵਿਧਾਇਕ ਹੈ। ਲੋਕ ਸਭਾ ’ਚ ਉੱਤਰ ਪ੍ਰਦੇਸ਼ ’ਚ ਬਸਪਾ ਨੂੰ 10 ਫ਼ੀਸਦੀ ਤੋਂ ਘੱਟ ਵੋਟਾਂ ਮਿਲੀਆਂ ਹਨ ਅਤੇ ਵਿਧਾਨ ਸਭਾ ਚੋਣਾਂ ’ਚ ਵੀ ਉਸ ਦਾ ਵੋਟ ਫ਼ੀਸਦੀ 12.88 ਫ਼ੀਸਦ ਰਹਿ ਗਿਆ। ਇਸ ਦੌਰਾਨ ਉੱਤਰ ਪ੍ਰਦੇਸ਼ ’ਚ ਚੰਦਰਸ਼ੇਖਰ ਆਜ਼ਾਦ ਦੇ ਰੂਪ ’ਚ ਇਕ ਵੱਡੀ ਚੁਣੌਤੀ ਉੱਭਰ ਕੇ ਸਾਹਮਣੇ ਆ ਗਈ ਹੈ। ਹੁਣ ਨਵਾਂ ਸੰਕਟ ਬਸਪਾ ਦੇ ਕੌਮੀ ਪਾਰਟੀ ਦੇ ਦਰਜੇ ’ਤੇ ਮੰਡਰਾ ਰਿਹਾ ਹੈ। ਕਿਸੇ ਵੀ ਦਲ ਦੇ ਕੌਮੀ ਪਾਰਟੀ ਦੇ ਹੋਣ ਲਈ ਜੋ ਤਿੰਨ ਸ਼ਰਤਾਂ ਹਨ, ਉਨ੍ਹਾਂ ’ਚ ਉਨ੍ਹਾਂ ਦੀ ਪਾਰਟੀ ਕੋਈ ਵੀ ਸ਼ਰਤ ਪੂਰੀ ਨਹੀਂ ਕਰ ਰਹੀ ਹੈ। ਅਜੇ ਭਾਜਪਾ, ਕਾਂਗਰਸ, ਸੀ.ਪੀ.ਐਮ., ਆਮ ਆਦਮੀ ਪਾਰਟੀ, ਐਨ.ਪੀ.ਪੀ. ਅਤੇ ਬਸਪਾ ਨੂੰ ਕੌਮੀ ਪਾਰਟੀ ਦਾ ਦਰਜਾ ਹਾਸਿਲ ਹੈ। ਕੌਮੀ ਪਾਰਟੀ ਹੋਣ ਦੀ ਪਹਿਲੀ ਸ਼ਰਤ ਹੈ ਕਿ ਉਸ ਨੂੰ ਪੂਰੇ ਦੇਸ਼ ’ਚ ਕੌਮੀ ਪੱਧਰ ’ਤੇ 6 ਫ਼ੀਸਦੀ ਵੋਟਾਂ ਮਿਲਣ ਪਰ ਬਸਪਾ ਨੂੰ ਸਿਰਫ਼ 2.04 ਫ਼ੀਸਦੀ ਵੋਟਾਂ ਮਿਲੀਆਂ ਹਨ। ਦੂਜੀ ਸ਼ਰਤ ਹੈ ਕਿ ਘੱਟ ਤੋਂ ਘੱਟ ਤਿੰਨ ਰਾਜਾਂ ’ਚ ਚਾਰ ਸੰਸਦ ਮੈਂਬਰ ਜਿੱਤਣ ਪਰ ਬਸਪਾ ਦਾ ਇਕ ਵੀ ਸੰਸਦ ਮੈਂਬਰ ਨਹੀਂ ਹੈ। ਤੀਜੀ ਸ਼ਰਤ ਹੈ ਕਿ ਤਿੰਨ ਰਾਜਾਂ ’ਚ ਖੇਤਰੀ ਪਾਰਟੀ ਦਾ ਦਰਜਾ ਮਿਲੇ ਪਰ ਬਸਪਾ ਨੂੰ ਸਿਰਫ਼ ਉੱਤਰ ਪ੍ਰਦੇਸ਼ ’ਚ ਹੀ ਖੇਤਰੀ ਪਾਰਟੀ ਦਾ ਦਰਜਾ ਹੈ। ਪਹਿਲਾਂ ਕਈ ਰਾਜਾਂ ’ਚ ਬਸਪਾ ਦਾ ਆਧਾਰ ਸੀ ਅਤੇ ਉਸ ਨੂੰ ਖੇਤਰੀ ਪਾਰਟੀ ਦਾ ਦਰਜਾ ਮਿਲਿਆ ਹੋਇਆ ਸੀ, ਪਰ ਪਿਛਲੇ ਪੰਜ ਸਾਲ ’ਚ ਉਸ ਨੇ ਸਾਰੇ ਰਾਜਾਂ ’ਚ ਇਹ ਦਰਜਾ ਗੁਆ ਦਿੱਤਾ ਹੈ।

## ਕਰਾਈਮ ਨਿਊਜ਼

## ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਫ਼ਾਜ਼ਿਲਕਾ ਵਲੋਂ ਮੁਲਜ਼ਮ ਨਾਜਾਇਜ਼ ਹਥਿਆਰਾਂ ਸਣੇ ਗ੍ਰਿਫ਼ਤਾਰ

**✪ ਬਾਹਰਲੇ ਰਾਜਾਂ ਤੋਂ ਹਥਿਆਰ ਲਿਆ ਕੇ ਇਲਾਕੇ ਵਿੱਚ ਸਪਲਾਈ ਕਰਦਾ ਸੀ**

**ਫਾਜ਼ਿਲਕਾ**-ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਇਕ ਵਿਅਕਤੀ ਨੂੰ ਨਾਜਾਇਜ ਹਥਿਆਰਾਂ ਸਣੇ ਕਾਬੂ ਕੀਤਾ। ਸੂਤਰਾਂ ਦੇ ਹਵਾਲੇ ਤੋਂ ਜਾਣਕਾਰੀ ਮਿਲੀ ਹੈ ਕਿ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਫ਼ਾਜ਼ਿਲਕਾ ਦੀ ਟੀਮ ਨੇ ਪਿੰਡ ਸੰਧਵਾਂ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਰਹੇ ਜਲੰਧਰ ਦੇ ਰਹਿਣ ਵਾਲੇ ਇਕ ਵਿਅਕਤੀ ਨੂੰ ਨਾਜਾਇਜ਼ ਹਥਿਆਰਾਂ ਸਣੇ ਕਾਬੂ ਕੀਤਾ ਹੈ। ਜਿੱਥੇ ਇਹ ਵਿਅਕਤੀ ਬਾਹਰਲੇ ਰਾਜਾਂ ਤੋਂ ਹਥਿਆਰ ਲਿਆ ਕੇ ਇਲਾਕੇ ਵਿੱਚ ਸਪਲਾਈ ਕਰ ਰਿਹਾ ਸੀ। ਇਸ ਤੋਂ ਇਲਾਵਾ ਉਹ ਇੱਕ ਮਸ਼ਹੂਰ ਡਾਕਟਰ ਨੂੰ ਅਗਵਾ ਕਰਕੇ ਫਿਰੌਤੀ ਮੰਗਣ ਜਾਂ ਕੋਈ ਵੱਡਾ ਅਪਰਾਧ ਕਰਨ ਦੀ ਵੀ ਯੋਜਨਾ ਬਣਾ ਰਿਹਾ ਸੀ। ਜਿਸ ਕਾਰਨ ਪੁਲਿਸ ਟੀਮ ਨੇ ਪਿੰਡ ਸੰਧਵਾਂ ਵਿੱਚ ਕਿਰਾਏ ਦੇ ਮਕਾਨ 'ਤੇ ਛਾਪਾ ਮਾਰ ਕੇ ਉਕਤ ਮੁਲਜ਼ਮ ਨੂੰ ਕਾਬੂ ਕਰ ਲਿਆ। ਉਸ ਦੀ ਪਛਾਣ ਹਨੀ ਕੁਮਾਰ ਹਨੀ ਪਿੰਡ ਔਜਲਾ ਜ਼ਿਲ੍ਹਾ ਜਲੰਧਰ ਵਜੋਂ ਹੋਈ ਹੈ। ਪੁਲੀਸ ਨੇ ਉਸ ਕੋਲੋਂ ਇੱਕ 32 ਬੋਰ ਦਾ ਪਿਸਟਲ, ਇੱਕ 32 ਬੋਰ ਦਾ ਰਿਵਾਲਵਰ ਅਤੇ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ।

## -ਮਾਮਲਾ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ-

# ਦੋਸ਼ੀ ਟੀਨੂ ਦੀ ਭੱਜਣ ਵਿੱਚ ਮਦਦ ਕਰਨ ਵਾਲਾ ਦੋਸ਼ੀ ਦੋ ਸਾਥੀਆਂ ਸਣੇ ਗ੍ਰਿਫ਼ਤਾਰ

**ਲੁਧਿਆਣਾ**-ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਕਤਲਕਾਂਡ ਵਿੱਚ ਪੰਜਾਬ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰ ਟੀਨੂ ਨੂੰ ਪੁਲੀਸ ਹਿਰਾਸਤ ਵਿਚੋਂ ਭਜਾਉਣ ਵਿੱਚ ਮਦਦ ਕਰਨ ਵਾਲੇ ਮੁਲਜ਼ਮ ਨੂੰ ਉਸ ਦੇ ਦੋ ਸਾਥੀਆਂ ਸਣੇ ਸੀਆਈਏ ਸਟਾਫ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਟੀਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਸਾਥੀ ਹੈ। ਤਿੰਨੇ ਮੁਲਜ਼ਮਾਂ ਨੂੰ ਸੀਆਈਏ ਦੀ ਟੀਮ ਨੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 300 ਗ੍ਰਾਮ ਹੈਰੋਇਨ 1.97 ਲੱਖ ਦੀ ਡਰੱਗ ਮਨੀ



ਦੇ ਨਾਲ ਮੈਗਜ਼ੀਨ ਅਤੇ 10 ਕਾਰਤੂਸ ਵੀ ਬਰਾਮਦ ਹੋਏ ਹਨ। ਪੁਲੀਸ ਨੇ ਥਾਣਾ ਜਮਾਲਪੁਰ ਦੇ ਬਾਜ਼ੀਗਰ ਬਸਤੀ ਸਥਿਤ ਪ੍ਰੀਤ ਨਗਰ ਵਾਸੀ ਈਸ਼ਰ ਸਿੰਘ, ਗਗਨ ਨਗਰ ਵਾਸੀ ਰਾਜਵੀਰ ਸਿੰਘ ਤੇ ਪਿੰਡ ਖਾਸੀ ਕਲਾਂ ਵਾਸੀ ਰਾਜਵੀਰ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲੀਸ ਪੁੱਛਗਿੱਛ ਦੌਰਾਨ ਪਤਾ ਲੱਗਿਆ ਕਿ ਮੁਲਜ਼ਮ ਰਾਜਵੀਰ ਨੇ ਟੀਨੂ ਨੂੰ ਪੰਜਾਬ ਪੁਲੀਸ ਦੀ ਹਿਰਾਸਤ ਵਿੱਚੋਂ ਭਜਾਉਣ ਵਿੱਚ ਮਦਦ ਕੀਤੀ ਸੀ।

ਮੁਲਜ਼ਮ ਟੀਨੂ ਸਿੱਧੂ ਮੂਸੇਵਾਲਾ ਕਤਲਕਾਂਡ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਉਹ ਪੁਲੀਸ ਹਿਰਾਸਤ 'ਚੋਂ ਫ਼ਰਾਰ ਹੋਇਆ ਸੀ ਤਾਂ ਜਿਸ ਗੱਡੀ 'ਚ ਮੁਲਜ਼ਮ ਗਿਆ ਸੀ, ਉਸ ਗੱਡੀ ਦਾ ਪ੍ਰਬੰਧ ਮੁਲਜ਼ਮ ਰਾਜਵੀਰ ਨੇ ਕੀਤਾ ਸੀ।

# ਮਲੋਟ ਵਿਚ ਸਪਾ ਵਿਚ ਚੱਲ ਰਹੇ ਸੈਕਸ ਰੈਕੇਟ ਦਾ ਭਾਂਡਾ ਭੱਜਿਆ

**✪ ਅੱਠ ਲੜਕੀਆਂ ਤੇ ਛੇ ਲੜਕਿਆਂ ਸਮੇਤ 14 ਵਿਅਕਤੀ ਗ੍ਰਿਫ਼ਤਾਰ, ਦੋ ਫਰਾਰ**

**ਮਲੋਟ**-ਮੁਕਤਸਰ ਅਤੇ ਮਲੋਟ ਪੁਲਿਸ ਨੇ ਸਾਂਝੇ ਤੌਰ 'ਤੇ ਮਲੋਟ ਦੇ ਸਕਾਈ ਮਾਲ 'ਤੇ ਛਾਪਾ ਮਾਰ ਕੇ ਸਪਾ ਕੇਂਦਰ ਦੀ ਆੜ ਵਿਚ ਦੋ ਕੇਂਦਰਾਂ 'ਤੇ ਚੱਲ ਰਹੇ ਸੈਕਸ ਰੈਕੇਟ ਦੇ ਧੰਦੇ ਦਾ ਪਰਦਾਫਾਸ਼ ਕੀਤਾ ਹੈ। ਥਾਣਾ ਸਿਟੀ ਮਲੋਟ ਦੀ ਇੰਚਾਰਜ ਸਬ ਇੰਸਪੈਕਟਰ ਕਰਮਜੀਤ ਕੌਰ ਨੇ ਦੱਸਿਆ ਕਿ ਪੁਲਿਸ ਟੀਮ ਨੇ ਮੌਕੇ ਤੋਂ ਅੱਠ ਲੜਕੀਆਂ ਅਤੇ ਛੇ ਲੜਕਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਪਾ ਸੈਂਟਰ ਦੇ ਸੰਚਾਲਕਾਂ ਨੂੰ ਦਸਤਾਵੇਜ਼ ਦਿਖਾਉਣ ਲਈ ਕਿਹਾ ਗਿਆ ਜੋ ਉਹ ਨਹੀਂ ਦਿਖਾ ਸਕੇ। ਦੋ ਮੁਲਜ਼ਮ ਫਰਾਰ ਹਨ। ਇਸ ਮਾਮਲੇ ਵਿੱਚ 16 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।



# ਘਰਵਾਲੀ ਨੂੰ ਪ੍ਰੇਮੀ ਨਾਲ ਇਤਰਾਜ਼ਯੋਗ ਹਾਲਤ ਵਿਚ ਦੇਖ ਕੇ ਪਤੀ ਵਲੋਂ ਬੇਰਹਿਮੀ ਨਾਲ ਕਤਲ



**ਮਾਨਸਾ**-ਮਾਨਸਾ ਜ਼ਿਲ੍ਹੇ ਦੇ ਪਿੰਡ ਕੋਟਲੀ ਵਿਚ ਇਕ ਨੌਜਵਾਨ ਬਿੱਕਰ ਸਿੰਘ ਨੇ ਆਪਣੀ ਪਤਨੀ ਵੀਰਪਾਲ ਕੌਰ (36) ਨੂੰ ਆਪਣੇ ਪ੍ਰੇਮੀ ਨਾਲ ਇਤਰਾਜ਼ਯੋਗ ਹਾਲਤ ਵਿਚ ਦੇਖਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪੁਲਸ ਨੇ ਮੁੱਖ ਦੋਸ਼ੀ ਸਮੇਤ ਪਰਿਵਾਰ ਦੇ 2 ਹੋਰ ਲੋਕਾਂ 'ਤੇ ਮਾਮਲਾ ਦਰਜ ਕੀਤਾ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਪੁਲਸ ਨੇ ਦੋਸ਼ੀ ਦੀ ਮਾਂ ਅਤੇ ਭਰਾ ਖ਼ਿਲਾਫ਼ ਵੀ ਮਾਮਲਾ ਦਰਜ ਕੀਤਾ ਹੈ, ਜਦੋਂ ਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ ਅਤੇ ਉਨ੍ਹਾਂ ਨੂੰ ਇਸ ਕੇਸ 'ਚੋਂ ਬਾਹਰ ਕੀਤਾ ਜਾਵੇ।

## ਜ਼ਮੀਨੀ ਵਿਵਾਦ ਦੇ ਕਾਰਣ ਭਤੀਜਿਆਂ ਵੱਲੋਂ ਚਾਚੇ ਦਾ ਕਤਲ

**ਸ਼ਾਹਕੋਟ**-ਨਜ਼ਦੀਕੀ ਪਿੰਡ ਪਰਜੀਆਂ ਖੁਰਦ ਵਿਚ ਜ਼ਮੀਨੀ ਵਿਵਾਦ ਦੇ ਚੱਲਦਿਆਂ ਭਤੀਜਿਆਂ ਵੱਲੋਂ ਚਾਚੇ ਦਾ ਕਤਲ ਕਰ ਦਿੱਤਾ ਗਿਆ। ਜਾਣਕਾਰੀ ਮੁਤਾਬਿਕ ਲਖਵੀਰ ਸਿੰਘ ਲੱਖਾ (65) ਦਾ ਆਪਣੇ ਭਤੀਜਿਆਂ ਨਾਲ ਜ਼ਮੀਨੀ ਵਿਵਾਦ ਕਾਰਨ ਅਦਾਲਤ ਵਿਚ ਕੇਸ ਚੱਲ ਰਿਹਾ ਸੀ। ਲਖਵੀਰ ਸਿੰਘ ਜਿਸ ਸਮੇਂ ਖੇਤਾਂ ਵਿਚੋਂ ਗੇੜਾ ਮਾਰ ਕੇ ਵਾਪਸ ਆ ਰਿਹਾ ਸੀ ਤਾਂ ਮੱਕੀ ਦੇ ਖੇਤਾਂ ਵਿਚ ਛੁਪ ਕੇ ਬੈਠੇ ਉਸ ਦੇ ਭਤੀਜਿਆਂ ਨੇ ਕਹੀ ਨਾਲ ਉਸ ਉੱਪਰ ਹਮਲਾ ਕਰਕੇ ਉਸ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ। ਜ਼ਖਮੀ ਨੂੰ ਜਦੋਂ ਇਲਾਜ ਲਈ ਸੀਐਚਸੀ ਸ਼ਾਹਕੋਟ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲੀਸ ਨੇ ਮ੍ਰਿਤਕ ਦੇ ਭਤੀਜੇ ਤੀਰਥ ਰਾਮ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ।

## ਸਾਮਾਨ ਦੀ ਡਿਲੀਵਰੀ ਕਰਨ ਜਾ ਰਹੇ ਨੌਜਵਾਨ ਦਾ ਕਤਲ ਤੇ ਲੁੱਟਮਾਰ

**ਲੁਧਿਆਣਾ**-ਪੰਜਾਬ ਦੇ ਲੁਧਿਆਣਾ ਵਿੱਚ ਜੋਮਾਟੋ ਡਿਲੀਵਰੀ ਬੁਆਏ ਰਾਜੇਸ਼ ਕੁਮਾਰ ਦਾ ਕਤਲ ਕਰਨ ਦਾ ਮਾਮਲੇ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ 4 ਜੁਲਾਈ ਦੀ ਰਾਤ ਨੂੰ ਜਦੋਂ ਜ਼ੋਮੈਟੋ ਕੰਪਨੀ ਦਾ ਡਿਲੀਵਰੀ ਬੁਆਏ ਡਿਲੀਵਰੀ ਕਰਨ ਜਾ ਰਿਹਾ ਸੀ ਤਾਂ ਰਸਤੇ ਵਿਚ ਕੁਝ ਬਦਮਾਸ਼ਾਂ ਨੇ ਉਸ ਨੂੰ ਰੋਕ ਕੇ ਉਸ ਦੀ ਬਾਈਕ ਖੋਹ ਲਈ ਅਤੇ ਫਿਰ ਲੁੱਟਮਾਰ ਸ਼ੁਰੂ ਕਰ ਦਿੱਤੀ। ਬਦਮਾਸ਼ਾਂ ਨੇ ਉਸ ਦੇ ਸਿਰ ਉਪਰ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਦਿੱਤਾ, ਜਿਸ ਕਾਰਨ ਉਹ ਲਹੂ-ਲੁਹਾਨ ਹੋ ਕੇ ਸੜਕ 'ਤੇ ਡਿੱਗ ਪਿਆ। ਰਾਹਗੀਰਾਂ ਨੇ ਉਸ ਨੂੰ ਚੁੱਕ ਕੇ ਸਿਵਲ ਹਸਪਤਾਲ ਪਹੁੰਚਾਇਆ। ਜਿਥੇ ਉਸ ਦੀ ਮੌਤ ਹੋ ਗਈ।

# ਕੈਨੇਡਾ ਫਿਰੌਤੀਆਂ ਮੰਗਣ ਵਾਲੇ ਕਥਿਤ ਪੰਜ ਗੈਂਗਸਟਰ ਗ੍ਰਿਫ਼ਤਾਰ

**✪ ਕੁਝ ਕਾਰੋਬਾਰੀਆਂ ਨੂੰ ਡਰਾਉਣ ਲਈ ਉਨ੍ਹਾਂ ਦੇ ਸਟੋਰਾਂ 'ਤੇ ਗੋਲੀਬਾਰੀ ਵੀ ਕੀਤੀ**



**ਵੈਨਕੂਵਰ**-ਪੀਲ ਪੁਲੀਸ ਨੇ ਪਿਛਲੇ ਮਹੀਨਿਆਂ ਵਿੱਚ ਪੰਜਾਬੀ ਵਪਾਰੀਆਂ ਕੋਲੋਂ ਫਿਰੌਤੀਆਂ ਵਜੋਂ ਵੱਡੀਆਂ ਰਕਮਾਂ ਮੰਗਣ ਅਤੇ ਗੋਲੀਬਾਰੀ ਕਰਨ ਦੇ ਦੋਸ਼ਾਂ ਹੇਠ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਤਿੰਨ ਪੰਜਾਬੀ ਵੀ ਸ਼ਾਮਲ ਹਨ।

ਇਸ ਬਾਰੇ ਪੀਲ ਪੁਲੀਸ ਦੇ ਉਪ ਮੁਖੀ ਮਾਰਕ ਐਂਡਰਿਊ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਕਈ ਵਪਾਰਕ ਅਦਾਰਿਆਂ ਦੇ ਮਾਲਕਾਂ ਨੂੰ ਅਣਪਛਾਤੇ ਨੰਬਰਾਂ ਤੋਂ ਫੋਨ ਕਰ ਕੇ ਵੱਡੀਆਂ ਰਕਮਾਂ ਦੀ ਮੰਗ ਕੀਤੀ ਜਾਂਦੀ ਸੀ ਅਤੇ ਕੁਝ ਕਾਰੋਬਾਰੀਆਂ ਨੂੰ ਡਰਾਉਣ ਲਈ ਉਨ੍ਹਾਂ ਦੇ ਸਟੋਰਾਂ 'ਤੇ ਗੋਲੀਬਾਰੀ ਵੀ ਹੋਈ। ਪੁਲੀਸ ਉਦੋਂ ਤੋਂ ਕਥਿਤ ਦੋਸ਼ੀਆਂ ਦਾ ਪਤਾ ਲਗਾ ਰਹੀ ਸੀ। ਆਖ਼ਰਕਾਰ ਸਬੂਤ ਇਕੱਠੇ ਕਰ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਦੁਪਿੰਦਰਦੀਪ ਚੀਮਾ (36), ਬੇਅੰਤ ਢਿੱਲੋਂ (51) ਦੋਵੇਂ ਵਾਸੀਆਨ ਬਰੈਂਪਟਨ ਅਤੇ ਅਰੁਣਦੀਪ ਥਿੰਦ (39) ਬੇਘਰਾ ਸਮੇਤ ਦੋ ਹੋਰਾਂ ਨੂੰ 14 ਵੱਖ-ਵੱਖ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਕੋਲੋਂ ਹੋਰ ਪੁੱਛ-ਪੜਤਾਲ ਕਰ ਕੇ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ।

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਹ ਮੁਲਜ਼ਮ ਦੱਖਣ ਏਸ਼ਿਆਈ ਭਾਈਚਾਰੇ ਨਾਲ ਸਬੰਧਤ ਕਾਰੋਬਾਰੀਆਂ ਨੂੰ ਫੋਨ ਕਰ ਕੇ ਫਿਰੌਤੀ ਦੀ ਮੰਗ ਕਰਦੇ ਸਨ ਅਤੇ ਕਈਆਂ ਨੂੰ ਡਰਾਉਣ ਲਈ ਉਨ੍ਹਾਂ ਦੀਆਂ ਕਾਰੋਬਾਰੀ ਥਾਵਾਂ 'ਤੇ ਗੋਲੀਬਾਰੀ ਵੀ ਕਰਦੇ ਸਨ ਤਾਂ ਜੋ ਉਹ ਦਹਿਸ਼ਤ ਕਾਰਨ ਪੁਲੀਸ ਨੂੰ ਸੂਚਿਤ ਕਰਨ ਦੀ ਥਾਂ ਫਿਰੌਤੀ ਦੀ ਰਕਮ ਦੇਣਾ ਠੀਕ ਸਮਝਣ। ਪੁਲੀਸ ਅਫ਼ਸਰ ਨੇ ਹੋਰ ਪੀੜਤ ਕਾਰੋਬਾਰੀਆਂ ਨੂੰ ਵੀ ਸਾਹਮਣੇ ਆਉਣ ਦੀ ਅਪੀਲ ਕੀਤੀ ਹੈ ਜੋ ਕਿ ਪਹਿਲਾਂ ਕਿਸੇ ਕਾਰਨ ਪੁਲੀਸ ਕੋਲ ਸ਼ਿਕਾਇਤ ਨਹੀਂ ਕਰ ਸਕੇ।

# ਸਭ ਤੋਂ ਵੱਧ ਸੋਨਾ ਰੱਖਣ ਵਾਲੇ ਚੋਟੀ ਦੇ 10 ਦੇਸ਼ਾਂ ਦੀ ਸੂਚੀ ਵਿਚ ਹੈ ਭਾਰਤ ਦਾ ਨੌਵਾਂ ਰੈਂਕ

**ਦਿੱਲੀ**-ਸੋਨੇ ਦਾ ਭੰਡਾਰ ਕਿਸੇ ਵੀ ਦੇਸ਼ ਲਈ ਮਹੱਤਵਪੂਰਨ ਜਾਇਦਾਦ ਹੁੰਦਾ ਹੈ ਕਿਉਂਕਿ ਇਹ ਆਰਥਿਕ ਸੰਕਟ ਦੌਰਾਨ ਆਰਥਿਕ ਸਥਿਤੀ ਬਚਾਉਣ ਵਿੱਚ ਮਦਦ ਕਰਦਾ ਹੈ। ਹਾਲ ਹੀ ਵਿੱਚ, ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਬ੍ਰਿਟੇਨ ਤੋਂ 100 ਟਨ ਤੋਂ ਵੱਧ ਸੋਨਾ ਵਾਪਸ ਦੇਸ਼ ਲਿਆਂਦਾ ਹੈ।



ਵਰਲਡ ਆਫ ਸਟੈਟਿਸਟਿਕਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ'ਤੇ ਦੁਨੀਆ ਦੇ ਉਨ੍ਹਾਂ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਕੋਲ ਸਭ ਤੋਂ ਵੱਧ ਸੋਨੇ ਦਾ ਭੰਡਾਰ ਹੈ। ਇਸ ਸੂਚੀ ਵਿੱਚ ਟਾਪ-10 ਦੇਸ਼ਾਂ ਵਿੱਚ ਅਮਰੀਕਾ, ਜਰਮਨੀ, ਇਟਲੀ, ਫਰਾਂਸ, ਰੂਸ, ਚੀਨ, ਸਵਿਟਜ਼ਰਲੈਂਡ, ਜਾਪਾਨ, ਭਾਰਤ ਅਤੇ ਨੀਦਰਲੈਂਡ ਸ਼ਾਮਲ ਹਨ।

ਅੰਕੜਿਆਂ ਦੀ ਵਿਸ਼ਵ ਸੂਚੀ ਵਿੱਚ, ਅਮਰੀਕਾ 8,133 ਟਨ ਦੇ ਸੋਨੇ ਦੇ ਭੰਡਾਰ ਨਾਲ ਪਹਿਲੇ ਸਥਾਨ 'ਤੇ ਹੈ ਜਦੋਂ ਕਿ ਜਰਮਨੀ ਕੋਲ 3,353 ਟਨ ਸੋਨਾ ਭੰਡਾਰ ਹੈ। ਇਸ ਤਰ੍ਹਾਂ ਜਰਮਨੀ ਸੋਨੇ ਦੇ ਭੰਡਾਰ ਦੇ ਮਾਮਲੇ ਵਿਚ ਦੂਜੇ ਸਥਾਨ 'ਤੇ ਹੈ। ਇਸ ਸੂਚੀ ਵਿਚ ਇਟਲੀ 2,452 ਟਨ ਸੋਨੇ ਦੇ ਭੰਡਾਰ ਨਾਲ ਤੀਜੇ ਸਥਾਨ 'ਤੇ ਹੈ ਅਤੇ ਫਰਾਂਸ 2,437 ਟਨ ਸੋਨੇ ਦੇ ਭੰਡਾਰ ਨਾਲ ਚੌਥੇ ਸਥਾਨ 'ਤੇ ਹੈ। ਵਰਤਮਾਨ ਵਿੱਚ, ਰੂਸ ਸੋਨੇ ਦੇ ਭੰਡਾਰ ਦੇ ਮਾਮਲੇ ਵਿੱਚ ਪੰਜਵੇਂ ਸਥਾਨ 'ਤੇ ਹੈ ਅਤੇ ਉਸ ਕੋਲ 2,333 ਟਨ ਸੋਨਾ ਭੰਡਾਰ ਹੈ, ਇਸ ਸੂਚੀ ਵਿੱਚ ਭਾਰਤ ਦਾ ਨਾਮ 9ਵੇਂ ਸਥਾਨ 'ਤੇ ਹੈ, ਜਦਕਿ ਨੀਦਰਲੈਂਡ 10ਵੇਂ ਸਥਾਨ 'ਤੇ ਹੈ।

# ਕੈਨੇਡਾ ਵਿਚ ਪਟਿਆਲੇ ਦਾ ਸਿੰਘ ਬਣਿਆ ਟੋਰਾਂਟੋ ਪੁਲਿਸ ਪਾਰਕਿੰਗ ਐਨਫੋਰਸਮੈਂਟ ਅਫ਼ਸਰ

**ਪਟਿਆਲਾ**-ਕੈਨੇਡਾ ਵਿਚ ਪੰਜਾਬੀ ਮੂਲ ਦੇ ਨੌਜਵਾਨ ਰਣਿੰਦਰਜੀਤ ਸਿੰਘ ਨੇ 'ਟੋਰਾਂਟੋ ਪੁਲਿਸ ਪਾਰਕਿੰਗ ਇਨਫੋਰਸਮੈਂਟ ਅਫ਼ਸਰ' ਦਾ ਅਹੁਦਾ ਹਾਸਲ ਕਰ ਕੇ ਆਪਣੇ ਮਾਪਿਆਂ ਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਪਟਿਆਲਾ ਦਾ ਵਸਨੀਕ ਰਣਿੰਦਰਜੀਤ ਸਿੰਘ 2019 ਵਿਚ ਕੈਨੇਡਾ ਗਿਆ ਸੀ। ਉਸ ਦੇ ਪਿਤਾ ਇੰਦਰਜੀਤ ਸਿੰਘ ਤੇ ਮਾਤਾ ਕੁਲਵਿੰਦਰ ਕੌਰ ਵੀ 2023 ਤੋਂ ਕੈਨੇਡਾ ਵਿਚ ਹੀ ਹਨ। ਦੋਵਾਂ ਨੇ ਆਪਣਾ ਚਾਅ ਸਾਂਝਾ ਕਰਦਿਆਂ ਦੱਸਿਆ ਕਿ ਇਸ ਅਹੁਦੇ ਦੀ ਛੇ ਹਫ਼ਤੇ ਦੀ ਸਿਖਲਾਈ ਉਪਰੰਤ ਹੁਣ ਜਦੋਂ ਉਨ੍ਹਾਂ ਦਾ ਪੁੱਤਰ ਰਣਿੰਦਰਜੀਤ ਸਿੰਘ ਡਿਊਟੀ ਸੰਭਾਲਣ ਜਾ ਰਿਹਾ ਹੈ ਤਾਂ ਉਹ ਬਹੁਤ ਖ਼ੁਸ਼ ਹਨ।



ਰਣਿੰਦਰਜੀਤ ਸਿੰਘ ਨੇ ਸਿਖਲਾਈ ਪ੍ਰੋਗਰਾਮ ਦੌਰਾਨ ਅਕਾਦਮਿਕ ਪੇਪਰ ਵਿਚ 150 ਵਿਚੋਂ 149 ਨੰਬਰ ਲੈ ਕੇ ਸਰਬੋਤਮ ਸਥਾਨ ਹਾਸਲ ਕੀਤਾ ਹੈ, ਜਿਸ ਕਾਰਨ ਉਨ੍ਹਾਂ ਨੂੰ ਡਿਪਟੀ ਚੀਫ਼ ਆਫ ਟੋਰਾਂਟੋ ਪੁਲਿਸ ਲੌਰੈਨ ਪੌਗ ਵੱਲੋਂ ਇਹ ਐਵਾਰਡ ਪ੍ਰਦਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪਹਿਲੀ ਵਾਰ ਕਿਸੇ ਪੰਜਾਬੀ ਮੂਲ ਦੇ ਵਿਅਕਤੀ ਨੂੰ ਇਹ ਐਵਾਰਡ ਮਿਲਿਆ ਹੈ। ਰਣਿੰਦਰਜੀਤ ਸਿੰਘ ਨੇ ਆਪਣੀ ਇਸ ਪ੍ਰਾਪਤੀ ਲਈ ਮਾਪਿਆਂ ਤੋਂ ਇਲਾਵਾ ਆਪਣੇ ਦੋਸਤ ਹਰਦੀਪ ਸਿੰਘ ਬੈਂਸ ਨੂੰ ਆਪਣਾ ਪ੍ਰੇਰਣਾ ਸਰੋਤ ਦੱਸਿਆ ਜੋ ਖ਼ੁਦ ਇਸੇ ਅਹੁਦੇ 'ਤੇ ਕਾਰਜਸ਼ੀਲ ਹੈ। ਜ਼ਿਕਰਯੋਗ ਹੈ ਕਿ ਸਿਖਲਾਈ ਪ੍ਰੋਗਰਾਮ ਦੌਰਾਨ 25 ਵਿਅਕਤੀਆਂ ਦੇ ਸਮੂਹ ਵਿਚ ਉਹ ਸਭ ਤੋਂ ਛੋਟੀ ਉਮਰ ਦਾ ਸੀ।

# ਚੜੂਨੀ ਹਰਿਆਣਾ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨਗੇ



**ਅੰਮ੍ਰਿਤਸਰ**-ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਕਿਹਾ ਕਿ ਕਿਸਾਨਾਂ ਵੱਲੋਂ ਗਠਿਤ ਸਿਆਸੀ ਜਥੇਬੰਦੀ ਅਗਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਨੇ ਹਾਲ ਹੀ ਵਿੱਚ ਸੰਯੁਕਤ ਸੰਘਰਸ਼ ਪਾਰਟੀ ਦਾ ਗਠਨ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲੇਗੀ ਅਤੇ ਹਰ ਕਿਸੇ ਨੂੰ ਇਨਸਾਫ਼ ਮਿਲਣਾ ਯਕੀਨੀ ਬਣਾਏਗੀ।

# ਗੁਰੂ ਘਰ ਵਿਚ ਬੇਅਦਬੀ ਕਰਨ ਦੀ ਕੋਸ਼ਿਸ਼ ਕਰਦਾ ਨੌਜਵਾਨ ਗ੍ਰੰਥੀ ਨੇ ਦਬੋਚਿਆ



**ਫਿਲੌਰ**-ਪਿੰਡ ਅੱਟੀ ਵਿਚ ਗੁਰਦੁਆਰਾ ਸਿੰਘ ਸਭਾ ਅੱਟੀ ਵਿਚ ਗੁਰਦੁਆਰਾ ਸਾਹਿਬ ਵਿਚ ਬੇਅਦਬੀ ਕਰਨ ਦੀ ਕੋਸ਼ਿਸ਼ ਕਰਨਵਾਲੇ ਨੂੰ ਪਿੰਡ ਵਾਸੀਆਂ ਨੇ ਪੁਲਿਸ ਹਵਾਲੇ ਕੀਤਾ। ਇਸ ਦੀ ਜਾਣਕਾਰੀ ਦਿੰਦਿਆਂ ਪਿੰਡ ਦੇ ਗ੍ਰੰਥੀ ਸਿੰਘ ਗੋਬਿੰਦ ਸਿੰਘ ਨੇ ਦੱਸਿਆ ਕਿ ਸਵੇਰੇ ਜਦੋਂ ਉਹ ਨਿਤਨੇਮ ਦੀ ਅਰਦਾਸ ਕਰ ਰਹੇ ਸਨ ਤਾਂ ਇਕ ਵਿਅਕਤੀ ਦਰਬਾਰ ਸਾਹਿਬ ਅੰਦਰ ਆਇਆ ਅਤੇ ਉਥੇ ਪਏ ਹੋਏ ਜਿੰਦਰੇ ਨੂੰ ਚੁੱਕ ਕੇ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਦਰਬਾਰ ਸਾਹਿਬ ਵਿਚ ਪਿਆ ਕਾਰਪਟ ਚੁੱਕ ਕੇ ਗਲਤ ਹਰਕਤਾਂ ਕਰਨ ਲੱਗਾ। ਮੌਕੇ 'ਤੇ ਹਾਜ਼ਰ ਸੰਗਤ ਵਲੋਂ ਸੁਚੇਤ ਹੋਣ 'ਤੇ ਬਾਹਰ ਨੂੰ ਭੱਜ ਗਿਆ, ਜਿਸ ਨਾਲ ਗੁਰੂ ਸਾਹਿਬ ਦੀ ਬੇਅਦਬੀ ਹੋਣ ਤੋਂ ਬਚਾਅ ਹੋ ਗਿਆ। ਇਸ ਨੂੰ ਬਾਅਦ ਵਿਚ ਨਰਿੰਦਰ ਸਿੰਘ ਅਤੇ ਗ੍ਰੰਥੀ ਸਿੰਘ ਨੇ ਕਾਬੂ ਕੀਤਾ।

# ਫਾਜ਼ਿਲਕਾ ਦੇ ਨੌਜਵਾਨ ਨੇ ਪ੍ਰੇਮਿਕਾ ਦੇ ਧੋਖੇ ਕਾਰਣ ਜ਼ਹਿਰ ਖਾਕੇ ਕੀਤੀ ਆਤਮ-ਹੱਤਿਆ

## ✪ ਪਰਿਵਾਰ ਵਿਚ ਛਾਇਆ ਮਾਤਮ

**ਫਾਜਿਲਕਾ**-ਜ਼ਿਲ੍ਹਾ ਫਾਜ਼ਿਲਕਾ ਵਿੱਚ ਪ੍ਰੇਮ ਸਬੰਧਾਂ ਕਾਰਨ ਇੱਕ ਵਿਆਹੁਤਾ ਨੌਜਵਾਨ ਵੱਲੋਂ ਜ਼ਹਿਰੀਲਾ ਪਦਾਰਥ ਨਿਗਲਿਆ ਗਿਆ ਹੈ। ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਜਾਨ ਬਚਾਈ ਨਹੀਂ ਜਾ ਸਕੀ। ਉਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਅਤੇ ਪੁਲਿਸ ਨੂੰ ਸੂਚਨਾ ਦੇ ਦਿੱਤੀ ਗਈ।




ਇਸ ਸਬੰਧੀ ਮ੍ਰਿਤਕ ਰਿੰਕੂ ਸਿੰਘ ਦੇ ਪਿਤਾ ਮਾਹਲਾ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਦਾ ਦੋ ਸਾਲ ਪਹਿਲਾ ਵਿਆਹ ਹੋਇਆ ਸੀ ਅਤੇ ਉਸ ਦੀ ਪਤਨੀ ਉਸ ਨੂੰ ਕੁਝ ਮਹੀਨੇ ਬਾਅਦ ਹੀ ਛੱਡ ਕੇ ਚਲੀ ਗਈ ਸੀ। ਉਸ ਤੋਂ ਬਾਅਦ ਉਸ ਦਾ ਲੜਕਾ ਕਿਸੇ ਹੋਰ ਲੜਕੀ ਦੇ ਸੰਪਰਕ ਵਿਚ ਆ ਗਿਆ। ਦੋਵਾਂ ਵਿਚਾਲੇ ਕਰੀਬ ਇਕ ਸਾਲ ਤੋਂ ਗੱਲਬਾਤ ਚੱਲ ਰਹੀ ਸੀ। ਲੜਕੀ ਉਸਨੂੰ ਧੋਖਾ ਦੇ ਗਈ।

ਉਸ ਨੇ ਦੋਸ਼ ਲਾਇਆ ਕਿ ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਉਸ ਦੇ ਲੜਕੇ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਾਰਨ ਉਸ ਨੇ 3 ਜੁਲਾਈ ਨੂੰ ਜ਼ਹਿਰੀਲੀ ਚੀਜ਼ ਖਾ ਲਈ। ਹੁਣ ਉਸ ਦੀ ਮੌਤ ਹੋ ਗਈ ਹੈ, ਜਿਸ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਗਈ

# 6 ਸਾਲਾ ਬੱਚੀ ਨਾਲ ਚਚੇਰੇ ਭਰਾ ਵੱਲੋਂ ਬਲਾਤਕਾਰ, ਦੋਸ਼ੀ ਗ੍ਰਿਫ਼ਤਾਰ



**ਲਹਿਰਾਗਾਗਾ**-ਸਥਾਨਕ ਸ਼ਹਿਰ ਦੇ ਇੱਕ ਨੌਜਵਾਨ ਵੱਲੋਂ ਆਪਣੀ ਚਚੇਰੀ 6 ਸਾਲਾ ਭੈਣ ਨਾਲ ਜਬਰ ਜਨਾਹ ਕਰ ਕੇ ਭੈਣ ਭਰਾ ਦੇ ਰਿਸ਼ਤੇ ਨੂੰ ਤਾਰ-ਤਾਰ ਕਰ ਦਿੱਤਾ ਹੈ। ਇਸ ਸਬੰਧੀ ਥਾਣਾ ਮੁਖੀ ਲਹਿਰਾ ਇੰਸਪੈਕਟਰ ਰਣਬੀਰ ਸਿੰਘ ਨੇ ਦੱਸਿਆ, ਕਿ ਸਥਾਨਕ ਸ਼ਹਿਰ ਦੀ ਰਹਿਣ ਵਾਲੀ ਇੱਕ ਔਰਤ ਨੇ ਬਿਆਨ ਦਰਜ ਕਰਵਾਏ ਕਿ ਮੇਰੀ ਲੜਕੀ ਦੀ ਉਮਰ ਮਹਿਜ਼ ਛੇ ਸਾਲ ਹੈ, ਜੋ ਪਹਿਲੀ ਕਲਾਸ ਦੀ ਵਿਦਿਆਰਥਣ ਹੈ। ਉਨ੍ਹਾਂ ਦੱਸਿਆ ਕਿ ਮੇਰੇ ਸਕੇ ਚਾਚੇ ਸਹੁਰੇ ਦਾ ਪੋਤਾ ਸ਼ੰਕਰ ਸਿੰਘ ਉਰਫ ਮਨੀ ਜੋ ਲੜਕੀ ਦਾ ਚਚੇਰਾ ਭਾਈ ਲੱਗਦਾ ਹੈ। ਘਰ ਕੋਲ-ਕੋਲ ਹੋਣ ਕਾਰਨ ਅਕਸਰ ਸਾਡੇ ਘਰ ਆਉਂਦਾ ਜਾਂਦਾ ਰਹਿੰਦਾ ਸੀ। ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਪਿਛਲੇ ਦਿਨੀਂ 22 ਜੂਨ ਨੂੰ ਮੇਰੀ ਛੇ ਸਾਲਾ ਲੜਕੀ ਸ਼ੰਕਰ ਉਰਫ ਮਨੀ ਦੇ ਘਰ ਖੇਡਣ ਚਲੀ ਗਈ। ਜਦੋਂ ਮੈਂ ਉਸ ਨੂੰ ਰੋਟੀ ਖਵਾਉਣ ਲਈ ਬੁਲਾਉਣ ਗਈ ਤਾਂ ਸ਼ੰਕਰ ਉਰਫ ਮਨੀ ਮੇਰੀ ਲੜਕੀ ਨਾਲ ਗਲਤ ਕੰਮ ਕਰ ਰਿਹਾ ਸੀ। ਥਾਣਾ ਮੁਖੀ ਇੰਸਪੈਕਟਰ ਰਣਬੀਰ ਸਿੰਘ ਨੇ ਦੱਸਿਆ ਕਿ ਸ਼ੰਕਰ ਮਨੀ ਖਿਲਾਫ ਪਰਚਾ ਦਰਜ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।



# ਡਰੱਗ ਕਾਰਨ 27 ਸਾਲਾ ਨੌਜਵਾਨ ਦੀ ਮੌਤ

## ✪ ਪਰਿਵਾਰ ਵਲੋਂ ਦੋਸਤਾਂ 'ਤੇ ਲਗਾਏ ਨਸ਼ੇ ਦਾ ਟੀਕਾ ਲਾਉਣ ਦੇ ਦੋਸ਼

**ਗੁਰਦਾਸਪੁਰ**-ਬੀਤੇ ਦਿਨੀਂ ਨਸ਼ੇ ਦੀ ਓਵਰਡੋਜ਼ ਕਾਰਨ 27 ਸਾਲਾ ਨੌਜਵਾਨ ਅਮਿਤ ਮਸੀਹ ਪਿੰਡ ਬਾਬੋਵਾਲ ਦੀ ਮੌਤ ਹੋ ਗਈ। ਮ੍ਰਿਤਕ ਦੀ ਮਾਂ ਸੁਨੀਤਾ ਤੇ ਪਤਨੀ ਸ਼ਿਵਾਲੀ ਨੇ ਦੱਸਿਆ ਕਿ ਅਮਿਤ ਪਹਿਲਾਂ ਵੀ ਨਸ਼ਾ ਕਰਦਾ ਸੀ ਜਿਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਸੀ। ਪਿਛਲੇ ਸੱਤ ਮਹੀਨਿਆਂ ਤੋਂ ਨਸ਼ਾ ਛੁਡਾਊ ਕੇਂਦਰ ਵਿੱਚ ਰਹਿਣ ਤੋਂ ਬਾਅਦ ਉਸ ਨੇ ਨਸ਼ਾ ਛੱਡ ਦਿੱਤਾ ਸੀ। ਸ਼ਿਵਾਲੀ ਨੇ ਦੱਸਿਆ ਕਿ ਬੀਤੇ ਦਿਨੀਂ ਉਸ ਦਾ ਪਤੀ ਉਸ ਨੂੰ ਸੈਲੂਨ 'ਚ ਛੱਡਣ ਆਇਆ ਸੀ। ਜਿੱਥੋਂ ਉਸਦੇ ਪਤੀ ਨੂੰ ਉਸਦੇ ਦੋਸਤ ਉਸ ਨੂੰ ਆਪਣੇ ਨਾਲ ਲੈ ਗਏ। ਉਨ੍ਹਾਂ ਨੇ ਜ਼ਬਰਦਸਤੀ ਉਸ ਨੂੰ ਨਸ਼ੇ ਦਾ ਟੀਕਾ ਲਗਾ ਦਿੱਤਾ। ਜਿਸ ਕਾਰਨ ਉਸ ਦੇ ਪਤੀ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਉਸਦੇ ਦੋਸਤ ਉਸਨੂੰ ਈ-ਰਿਕਸ਼ਾ ਵਿੱਚ ਛੱਡ ਕੇ ਭੱਜ ਗਏ।

-ਮਾਮਲਾ ਰਤਨਦੀਪ ਸਿੰਘ ਕਤਲ ਕਾਂਡ ਦਾ-

# ਹਮਲਾਵਰ ਬਬਲੂ ਨੇ ਗ੍ਰਿਫ਼ਤਾਰੀ ਤੋਂ ਕੁਝ ਘੰਟੇ ਬਾਅਦ ਪੁਲੀਸ ਹਿਰਾਸਤ 'ਚੋਂ ਫਰਾਰ ਹੁੰਦਾ ਜ਼ਖਮੀ ਹਾਲਤ ਵਿਚ ਫੜਿਆ

**ਜਲੰਧਰ**-ਕਾਊਂਟਰ ਇੰਟੈਲੀਜੈਂਸ ਵਿੰਗ ਜਲੰਧਰ ਵੱਲੋਂ ਇੱਕ ਵੱਡੀ ਕਾਰਵਾਈ ਕਰਦਿਆਂ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਮੈਂਬਰ ਸਿਮਰਨਜੀਤ ਸਿੰਘ ਉਰਫ਼ ਬਬਲੂ ਜੋ ਕਿ ਸਾਬਕਾ ਖਾੜਕੂ ਰਤਨਦੀਪ ਸਿੰਘ ਦੇ ਕਤਲ ਕੇਸ ਵਿੱਚ ਮੁੱਖ ਹਮਲਾਵਰ ਹੈ, ਨੇ ਗ੍ਰਿਫ਼ਤਾਰੀ ਤੋਂ ਕੁਝ ਹੀ ਘੰਟੇ ਬਾਅਦ ਭੱਜਣ ਦੀ ਕੋਸ਼ਿਸ਼ ਕੀਤੀ। ਜਲੰਧਰ ਸ਼ਹਿਰ ਦੇ ਬਾਹਰਵਾਰ ਪੁਲੀਸ ਹਿਰਾਸਤ 'ਚੋਂ ਭੱਜਣ ਦੀ ਕੋਸ਼ਿਸ਼ ਦੌਰਾਨ ਦੋਵੇਂ ਲੱਤਾਂ 'ਤੇ ਗੋਲੀਆਂ ਲੱਗਣ ਕਾਰਨ ਸਿਮਰਨਜੀਤ ਸਿੰਘ ਫੱਟੜ ਹੋ ਗਿਆ।



ਜਾਣਕਾਰੀ ਅਨੁਸਾਰ ਸਾਬਕਾ ਅਤਿਵਾਦੀ ਰਤਨਦੀਪ ਸਿੰਘ ਦੀ 3 ਅਪਰੈਲ 2024 ਨੂੰ ਐੱਸਬੀਐੱਸ ਨਗਰ ਵਿੱਚ ਦੋ ਬਾਈਕ ਸਵਾਰ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਡੀਜੀਪੀ ਪੰਜਾਬ ਗੌਰਵ ਯਾਦਵ ਨੇ ਇੱਥੇ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ ਜਲੰਧਰ ਦੀ ਟੀਮ ਮੁਲਜ਼ਮ ਸਿਮਰਨਜੀਤ ਬਬਲੂ ਨੂੰ ਉਸ ਦੇ ਖੁਲਾਸੇ ਮੁਤਾਬਕ ਦੱਸੇ ਟਿਕਾਣੇ 'ਤੇ ਉਸ ਵੱਲੋਂ ਰਤਨਦੀਪ ਕਤਲ ਕੇਸ ਵਿੱਚ ਵਰਤੀ ਗਈ ਪਿਸਤੌਲ ਬਰਾਮਦ ਕਰਨ ਲਈ ਲਿਜਾ ਰਹੀ ਸੀ ਤਾਂ ਉਸ ਨੇ ਪੁਲੀਸ 'ਤੇ ਹਮਲਾ ਕਰ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਕਥਿਤ ਦੋਸ਼ੀ ਨੂੰ ਰੋਕਣ ਲਈ ਪੁਲੀਸ ਦੀਆਂ ਟੀਮਾਂ ਨੂੰ ਗੋਲੀ ਚਲਾਉਣੀ ਪਈ। ਇਸ ਦੌਰਾਨ ਸਿਮਰਨਜੀਤ ਸਿੰਘ ਉਰਫ਼ ਬਬਲੂ ਫੱਟੜ ਹੋ ਗਿਆ ਅਤੇ ਨਜ਼ਦੀਕੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਪੁਲੀਸ ਟੀਮਾਂ ਨੇ ਮੁਲਜ਼ਮ ਪਾਸੋਂ ਦੋ ਆਧੁਨਿਕ ਹਥਿਆਰ ਇੱਕ .32 ਵੈਬਲੇ ਰਿਵਾਲਵਰ ਅਤੇ ਇੱਕ .32 ਪਿਸਤੌਲ ਸਮੇਤ ਇੱਕ ਮੈਗਜ਼ੀਨ ਅਤੇ 19 ਕਾਰਤੂਸ ਵੀ ਬਰਾਮਦ ਕੀਤੇ ਹਨ।

# ਗੁਰਦਾਸਪੁਰ ਜਿਹਾਦੀ ਹਮਲੇ ਦਾ ਮਾਸਟਰਮਾਈਂਡ ਨੂੰ ਪਾਕਿਸਤਾਨ ਵਿਚ ਗੋਲੀਆਂ ਮਾਰਕੇ ਕੀਤਾ ਕਤਲ



**ਕਰਾਚੀ**-ਪੰਜਾਬ ਦੇ ਗੁਰਦਾਸਪੁਰ ਵਿੱਚ ਸਾਲ 2015 ਵਿਚ ਹੋਏ ਜਿਹਾਦੀ ਹਮਲੇ ਦੇ ਮਾਸਟਰਮਾਈਂਡ ਅਲੀ ਰਜ਼ਾ ਦਾ ਪਾਕਿਸਤਾਨ ਵਿੱਚ ਬੀਤੇ ਦਿਨ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਘਟਨਾ ਕਰਾਚੀ ਦੇ ਕਰੀਮਾਬਾਦ ਵਿੱਚ ਵਾਪਰੀ ਹੈ। ਗੋਲੀਆ ਲੱਗਣ ਕਾਰਨ ਅਲੀ ਰਜ਼ਾ ਦਾ ਦੋਸਤ ਮੱਕਾਰ ਵੀ ਗੰਭੀਰ ਜ਼ਖਮੀ ਹੋ ਗਿਆ ਹੈ। ਜਿਸ ਦਾ ਇਲਾਜ ਜਾਰੀ ਹੈ। ਸਿਰ ਵਿੱਚ ਗੋਲੀਆਂ ਲੱਗਣ ਕਾਰਨ ਅਲੀ ਰਜ਼ਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਲੀ ਰਜ਼ਾ ਆਪਣੀ ਗੱਡੀ ਵਿੱਚ ਸਵਾਰ ਹੋ ਕੇ ਕਰੀਮਾਬਾਦ ਇੱਕ ਮੀਟਿੰਗ ਵਿੱਚ ਹਿੱਸਾ ਲੈਣ ਲਈ ਪਹੁੰਚਿਆ ਸੀ। ਇਸ ਦੌਰਾਨ ਮੋਟਰਸਾਈਕਲ 'ਤੇ ਆਏ ਹਮਲਾਵਰਾਂ ਨੇ ਘਾਤ ਲਗਾ ਕੇ ਉਸ 'ਤੇ ਹਮਲਾ ਕਰ ਦਿੱਤਾ। ਅਲੀ ਰਜ਼ਾ ਕਰਾਚੀ ਪੁਲਿਸ ਵਿੱਚ ਬਤੌਰ ਡੀਐਸਪੀ ਸੀ। ਇਸ ਤੋਂ ਇਲਾਵਾ ਇਸ ਦੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐਸਆਈ ਨਾਲ ਵੀ ਸਬੰਧ ਸਨ। ਅਲੀ ਰਜ਼ਾ ਮੌਜੂਦਾ ਸਮੇਂ ਕਾਊਂਟਰ ਟੈਰੋਇਜ਼ਮ ਡੀਪਾਰਟਮੈਂਟ ਸਿੰਧ ਵਿੱਚ ਤਾਇਨਾਤ ਸੀ।

# ਨਥਾਣਾ ਥਾਣੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ

### ✪ ਪੁਲਿਸ ਜਾਂਚ 'ਚ ਜੁਟੀ, ਨਹੀਂ ਮਿਲੇ ਹਾਲੇ ਤਕ ਧਮਕੀਬਾਜ਼ ✪ ਪੁਲਿਸ ਨੇ ਇਕ ਦੋ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿਚ ਲਏ

**ਨਥਾਣਾ**-ਬੀਤੇ ਦਿਨੀਂ ਕਿਸੇ ਅਗਿਆਤ ਵਿਅਕਤੀ ਨੇ ਫੋਨ ਕਰ ਕੇ ਨਥਾਣਾ ਥਾਣੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ। ਇਸ ਤੋਂ ਇਲਾਵਾ ਨਥਾਣਾ ਵਿਚ ਹੋਰ ਥਾਵਾਂ 'ਤੇ ਵੀ ਅਜਿਹੇ ਫੋਨ ਆਏ ਹਨ, ਜਿਸ ਵਿਚ ਉਨ੍ਹਾਂ ਦੇ ਟਿਕਾਣਿਆਂ ਨੂੰ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਧਮਕੀ ਤੋਂ ਬਾਅਦ ਪੁਲਿਸ ਚੌਕਸ ਹੋ ਗਈ ਹੈ। ਪੁਲਿਸ ਸਵੇਰ ਤੋਂ ਸ਼ਾਮ ਤਕ ਇਸ ਮਾਮਲੇ ਦੀ ਜਾਂਚ ਵਿਚ ਜੁਟੀ ਰਹੀ। ਹਾਲਾਂਕਿ ਹੁਣ ਤਕ ਨਥਾਣਾ ਪੁਲਿਸ ਇਸ ਮਾਮਲੇ ਦੇ ਅੰਜਾਮ ਤਕ ਨਹੀਂ ਪਹੁੰਚ ਸਕੀ, ਪਰ ਪੁਲਿਸ ਨੇ ਇਕ ਦੋ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿਚ ਜਰੂਰ ਲਿਆ ਹੈ। ਬਠਿੰਡਾ ਦੇ ਐਸਐਸਪੀ ਦੀਪਕ ਪਾਰੀਕ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ। ਜਾਂਚ ਪੂਰੀ ਹੋਣ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

# ਕਸਬਾ ਰਾਜਾਸਾਂਸੀ ਵਿਖੇ ਔਰਤ ਦਾ ਗੋਲ਼ੀਆਂ ਮਾਰ ਕੇ ਕੀਤਾ ਕਤਲ

**ਗੁਰੂ ਕਾ ਬਾਗ**-ਕਸਬਾ ਰਾਜਾਸਾਂਸੀ ਵਿਖੇ ਇਕ ਕਾਲੋਨੀ ਵਿਚ ਦਿਨ-ਦਿਹਾੜੇ ਕੁਝ ਵਿਅਕਤੀਆਂ ਵੱਲੋਂ ਔਰਤ ਦਾ ਗੋਲ਼ੀਆਂ ਮਾਰ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਿਕ ਪੁਰਾਣੇ ਰੰਜਿਸ਼ ਨੂੰ ਲੈ ਕੇ ਇਨ੍ਹਾਂ ਦਾ ਆਪਸੀ ਝਗੜਾ ਚੱਲ ਰਿਹਾ ਸੀ ਜਿਸ ਕਾਰਨ ਅੱਜ ਦਿਨ-ਦਿਹਾੜੇ ਕੁਝ ਲੋਕ ਘਰ ਵਿਚ ਆਏ। ਇਸ ਦੌਰਾਨ ਇਹ ਔਰਤ ਤੇ ਉਸ ਦੇ ਦੋ ਛੋਟੇ ਬੱਚੇ ਇਕੱਲੇ ਸੀ ਜਿਸ ਦੌਰਾਨ ਉਨ੍ਹਾਂ ਵੱਲੋਂ ਆਉਂਦੇ ਹੀ ਇਸ ਔਰਤ ਨੂੰ ਧਮਕੀਆਂ ਦਿੱਤੀਆਂ ਤੇ ਉਸ ਦੇ ਘਰਵਾਲੇ ਬਾਰੇ ਪੁੱਛਿਆ। ਇਸ ਤੋਂ ਬਾਅਦ ਉਸ ਔਰਤ ਵੱਲੋਂ ਆਪਣੇ ਪਤੀ ਨੂੰ ਫੋਨ ਕਰ ਕੇ ਜਾਣਕਾਰੀ ਦਿੱਤੀ ਗਈ ਕਿ ਕੁਝ ਲੋਕ ਘਰ ਵਿਚ ਆਏ ਹਨ ਤੇ ਗਾਲੀ-ਗਲੋਚ ਕਰ ਰਹੇ ਹਨ ਤੇ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ। ਇਨ੍ਹਾਂ ਵਿਅਕਤੀਆਂ ਵੱਲੋਂ ਕੰਧ ਟੱਪ ਕੇ ਅੰਦਰ ਦਾਖਲ ਹੋ ਕੇ ਔਰਤ ਨੂੰ ਸ਼ਰੇਆਮ ਦੋ ਗੋਲ਼ੀਆਂ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਉੱਥੇ ਹੀ ਇਸ ਘਟਨਾ ਸਬੰਧੀ ਪਤਾ ਲੱਗਦੇ ਹੀ ਥਾਣਾ ਰਾਜਾਸਾਂਸੀ ਦੇ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ ਜਿਨ੍ਹਾਂ ਵੱਲੋਂ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ।



# ਸਿਰਫਿਰੇ ਬੁੱਢ ਆਸ਼ਿਕ ਤੋਂ ਤੰਗ ਆ ਕੇ ਮੁਟਿਆਰ ਨੇ ਕੀਤੀ ਆਤਮ ਹੱਤਿਆ

### ✪ ਦੋਸ਼ੀ ਪੀੜਤਾ ਨੂੰ ਕਈ ਦਿਨਾਂ ਤੋਂ ਕਰ ਰਿਹਾ ਸੀ ਪਰੇਸ਼ਾਨ

**ਅੰਮ੍ਰਿਤਸਰ**-ਬੀਤੇ ਦਿਨੀਂ ਥਾਣਾ ਮਹਿਤਾ ਅਧੀਨ ਪੈਂਦੇ ਪਿੰਡ ਖੱਬੇ ਰਾਜਪੂਤਾਂ ਦੀ ਪਵਨਪ੍ਰੀਤ ਕੌਰ ਨੇ ਸਿਰਫਿਰੇ ਨੌਜਵਾਨ ਤੋਂ ਦੁਖੀ ਹੋ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪਿੰਡ ਖੱਬੇ ਰਾਜਪੂਤਾਂ ਦੇ ਵਸਨੀਕ ਕੇਵਲ ਸਿੰਘ ਨੇ ਦੱਸਿਆ ਕਿ ਉਹ ਮਿਹਨਤ -ਮਜ਼ਦੂਰੀ ਕਰਕੇ ਆਪਣਾ ਪਰਿਵਾਰ ਚਲਾਉਂਦਾ ਹੈ। ਉਸ ਦੀ ਧੀ ਪਵਨਪ੍ਰੀਤ ਕੌਰ (19) ਪਿੰਡ ਦੇ ਸਰਕਾਰੀ ਸਕੂਲ ਵਿਚ ਪੜ੍ਹਦੀ ਹੈ। ਕੁਝ ਮਹੀਨਿਆਂ ਤੋਂ ਮਹਿਤਾ ਰੋਡ 'ਤੇ ਪੈਂਦੇ ਪਿੰਡ ਘੁਮਾਣ ਦਾ ਰਹਿਣ ਵਾਲਾ ਜਸ਼ਨਦੀਪ ਸਿੰਘ ਉਸ ਨੂੰ ਤੰਗ-ਪਰੇਸ਼ਾਨ ਕਰ ਰਿਹਾ ਸੀ। ਮੁਲਜ਼ਮ ਅਕਸਰ ਉਸ ਨੂੰ ਰਸਤੇ ਵਿਚ ਰੋਕ ਕੇ ਵਿਆਹ ਕਰਵਾਉਣ ਲਈ ਕਹਿੰਦਾ ਸੀ। ਉਨ੍ਹਾਂ ਦੀ ਧੀ ਪਵਨਪ੍ਰੀਤ ਕੌਰ ਨੇ ਉਸ ਨੂੰ ਸਾਫ਼ ਇਨਕਾਰ ਕਰ ਦਿੱਤਾ ਸੀ ਪਰ ਮੁਲਜ਼ਮ ਉਸ ਨੂੰ ਲਗਾਤਾਰ ਤੰਗ-ਪਰੇਸ਼ਾਨ ਕਰ ਰਿਹਾ ਸੀ ਅਤੇ ਉਸ ਨਾਲ ਵਿਆਹ ਕਰਵਾਉਣ ਲਈ ਮਜਬੂਰ ਕਰਨ ਲੱਗਾ। ਕੇਵਲ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਧੀ ਨੇ ਸਾਰੀ ਘਟਨਾ ਬਾਰੇ ਪਰਿਵਾਰ ਨਾਲ ਗੱਲਬਾਤ ਕੀਤੀ ਸੀ। ਉਨ੍ਹਾਂ ਆਪਣੇ ਪੱਧਰ 'ਤੇ ਮੁਲਜ਼ਮ ਨੂੰ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਨਾ ਮੰਨਿਆ। ਪਿਛਲੇ ਹਫਤੇ ਮੁਲਜ਼ਮ ਜਸ਼ਨਦੀਪ ਸਿੰਘ ਨੇ ਪਵਨਪ੍ਰੀਤ ਕੌਰ ਨੂੰ ਇੰਨਾ ਪਰੇਸ਼ਾਨ ਕੀਤਾ ਕਿ ਸ਼ਨਿਚਰਵਾਰ ਨੂੰ ਉਸ ਨੇ ਜ਼ਹਿਰੀਲੀ ਦਵਾਈ ਪੀ ਲਈ। ਧੀ ਨੂੰ ਤੜਫਦਾ ਦੇਖਿਆ ਤਾਂ ਉਸ ਨੂੰ ਕਿਸੇ ਤਰ੍ਹਾਂ ਗੁਰੂ ਨਾਨਕ ਦੇਵ ਹਸਪਤਾਲ ਦਾਖਲ ਕਰਵਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤਾ ਹੈ। ਸਬ-ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਖ਼ੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਛਾਪੇਮਾਰੀ ਜਾਰੀ ਹੈ। ਉਸ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਫਰਾਂਸ ਸੰਸਦੀ ਚੋਣਾਂ ਦੌਰਾਨ ਖੱਬੇਪੱਖੀ ਗੱਠਜੋੜ ਦੀ ਹੋਈ ਜਿੱਤ, ਲੇ ਪੇਨ ਅਤੇ ਮੈਕਰੋਨ ਨੂੰ ਝਟਕਾ

### ✪ ਤਿਕੋਣੀ ਸੰਸਦ ਬਣੀ, ਮਤਦਾਨ ਦੁਆਰਾ ਖੱਬੇਪੱਖੀ ਗਠਜੋੜ 198 ਸੀਟਾਂ ਨਾਲ ਪਹਿਲੇ ਸਥਾਨ 'ਤੇ

**ਲੰਡਨ**-ਐਤਵਾਰ ਦੀਆਂ ਫਰਾਂਸੀਸੀ ਸੰਸਦੀ ਚੋਣਾਂ ਤੋਂ ਬਾਅਦ ਫਰਾਂਸ ਨੂੰ ਸੰਭਾਵੀ ਸਿਆਸੀ ਡੈੱਡਲਾਕ ਦਾ ਸਾਹਮਣਾ ਕਰਨਾ ਪਿਆ, ਜਿਸ ਵਿਚ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਹੀਂ ਮਿਲਿਆ, ਜਿਸ ਦੇ ਨਤੀਜੇ ਵਜੋਂ ਤਿਕੋਣੀ ਸੰਸਦ ਬਣੀ, ਹਾਲਾਂਕਿ ਮਤਦਾਨ ਦੁਆਰਾ ਖੱਬੇਪੱਖੀ ਗਠਜੋੜ 198 ਸੀਟਾਂ ਨਾਲ ਪਹਿਲੇ ਸਥਾਨ 'ਤੇ ਰਿਹਾ ਪਰ ਕਿਸੇ ਵੀ ਧੜੇ ਨੂੰ ਬਹੁਮਤ ਨਹੀਂ ਮਿਲਿਆ। ਫਰਾਂਸ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਖੱਬੇਪੱਖੀ ਨਿਊ ਪਾਪੂਲਰ ਫਰੰਟ ਗੱਠਜੋੜ ਨੇ ਫਰਾਂਸ ਵਿੱਚ ਸੰਸਦੀ ਚੋਣਾਂ ਜਿੱਤ ਲਈਆਂ ਹਨ, 577 ਮੈਂਬਰੀ ਨੈਸ਼ਨਲ ਅਸੈਂਬਲੀ ਵਿੱਚ 198 ਸੀਟਾਂ ਹਾਸਲ ਕੀਤੀਆਂ ਹਨ। ਦੂਜੇ ਸਥਾਨ 'ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦਾ ਕੇਂਦਰਵਾਦੀ ਗਠਜੋੜ ਰਿਹਾ, ਜਿਸ ਨੂੰ 168 ਸੀਟਾਂ ਮਿਲੀਆਂ। ਸੱਜੇ-ਪੱਖੀ ਨੈਸ਼ਨਲ ਰੈਲੀ ਪਾਰਟੀ ਨੇ ਸੰਸਦੀ ਚੋਣਾਂ ਵਿੱਚ ਤੀਜੇ ਸਥਾਨ 'ਤੇ ਰਿਹਾ ਅਤੇ ਦੇਸ਼ ਦੀ ਸੰਸਦ ਦੇ ਹੇਠਲੇ ਸਦਨ ਵਿੱਚ 143 ਸੀਟਾਂ ਜਿੱਤੀਆਂ। ਰਿਪਬਲਿਕਨ ਪਾਰਟੀ ਨੂੰ 45 ਸੀਟਾਂ ਮਿਲੀਆਂ ਜਦਕਿ ਬਾਕੀ ਪਾਰਟੀਆਂ ਨੂੰ 39 ਸੀਟਾਂ ਮਿਲੀਆਂ। ਨਤੀਜੇ ਮੱਧਵਾਦੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਲਈ ਵੀ ਇੱਕ ਝਟਕਾ ਸਨ।



# ਕਿਸਮਤ ਦੇ ਸਿਤਾਰੇ

## ਵੀਰਵਾਰ 11 ਜੁਲਾਈ ਬੁੱਧਵਾਰ 17 ਜੁਲਾਈ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਵਪਾਰ ਦੇ ਖੇਤਰ ਵਿੱਚ ਚੁਣੌਤੀਆਂ ਅਤੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ। ਵੱਧਦੇ ਹੌਸਲੇ ਨਾਲ ਮਨ ਨੂੰ ਸ਼ਕਤੀ ਮਿਲੇਗੀ। ਸਿਹਤ ਢਿੱਲੀ ਤੇ ਧਨ ਦਾ ਖਰਚ ਜਿਆਦਾ ਹੋਵੇਗਾ। ਕਈ ਜ਼ਰੂਰੀ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਸੰਘਰਸ਼ ਭਰੇ ਹਾਲਾਤਾਂ ਦੇ ਬਾਵਜੂਦ ਗੁਜ਼ਾਰੇਯੋਗ ਧਨ ਪ੍ਰਾਪਤੀ ਹੋਵੇਗੀ, ਪਰ ਖਰਚ ਆਮਦਨ ਤੋਂ ਵੱਧ ਹੋਣਗੇ। ਹਰ ਕੰਮ ਵਿੱਚ ਰੁਕਾਵਟਾਂ, ਪਰ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਰਹੇਗਾ। ਜ਼ਮੀਨ ਸਵਾਰੀ ਆਦਿ ਨੂੰ ਖਰੀਦਣ ਵੇਚਣ ਦੀ ਯੋਜਨਾ ਵੀ ਬਣੇਗੀ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਭੋਜਨ ਜਰੂਰ ਕਰਵਾਉ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਵਪਾਰ ਵਿੱਚ ਸੰਘਰਸ਼ਪੂਰਨ ਹਾਲਾਤ ਰਹਿਣਗੇ। ਦਿਮਾਗੀ ਪ੍ਰੇਸ਼ਾਨੀਆਂ ਤੇ ਫਜ਼ੂਲ ਖਰਚ ਹੋਵੇਗਾ। ਗੁਜ਼ਾਰੇਯੋਗ ਆਮਦਨ ਵੀ ਮੁਸ਼ਕਿਲ ਨਾਲ ਪ੍ਰਾਪਤ ਹੋਵੇਗੀ। ਸਮਾਜਿਕ ਕੰਮਾਂ ਵਿੱਚ ਦਿਲਚਸਪੀ ਵਧੇਗੀ। ਹਮੇਸ਼ਾ ਆਪਣੀ ਚਾਦਰ ਵੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਆਯਾਤ-ਨਿਰਯਾਤ ਸਬੰਧੀ ਕੰਮਾਂ ਦੀ ਯੋਜਨਾ ਬਣੇਗੀ। ਆਮਦਨ ਦੇ ਸਾਧਨ ਬਣਦੇ ਰਹਿਣਗੇ, ਪਰ ਦਿਮਾਗੀ ਤਣਾਅ ਤੇ ਉਤੇਜਨਾ ਵਧੇਰੇ ਰਹੇਗੀ। ਵਧੇਰੇ ਸੰਘਰਸ਼ ਦੇ ਬਾਅਦ ਹੀ ਆਰਥਿਕ ਖੇਤਰ ਵਿੱਚ ਕੁਝ ਸੁਧਾਰ ਹੋਵੇਗਾ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ, ਮਨ ਨੂੰ ਸ਼ਾਂਤੀ ਮਿਲੇਗੀ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਆਮਦਨ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ-ਨਾਲ ਖਰਚ ਵੀ ਵਧੇਗਾ। ਸਥਾਨ ਬਦਲਾਵ, ਦੂਰ-ਦਰਾਜ ਦੀ ਯਾਤਰਾ ਅਤੇ ਸੰਤਾਨ ਸਬੰਧੀ ਚਿੰਤਾ ਬਣੀ ਰਹੇਗੀ। ਹਫਤੇ ਦੇ ਅਖੀਰ ਵਿੱਚ ਪਰਿਵਾਰ ਵਿੱਚ ਸ਼ੁਭ ਮੰਗਲ ਕੰਮ ਵੀ ਹੋਣਗੇ। ਧਰਮ-ਕਰਮ ਵਿੱਚ ਰੁਝਾਨ ਵਧੇਗਾ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਸ਼ਾਂਤੀ ਆਵੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਸ਼ੁਰੂ ਵਿੱਚ ਧਨ ਲਾਭ ਥੋੜ੍ਹਾ ਹੋਵੇਗਾ। ਆਲਸ ਵਿੱਚ ਵਾਧਾ ਅਤੇ ਯਾਤਰਾ ਦੌਰਾਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਸਿਹਤ ਢਿੱਲੀ ਤੇ ਵਧੇਰੇ ਮਿਹਨਤ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਹੋਵੇਗੀ। ਲੈਣ-ਦੇਣ ਕਰਦੇ ਸਮੇਂ ਸਾਵਧਾਨੀ ਵਰਤੋ, ਧੋਖਾ ਹੋ ਸਕਦਾ ਹੈ। ਮਾਤਾ-ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਮਿਹਨਤ ਅਤੇ ਕੋਸ਼ਿਸ਼ ਕਰਨ ਨਾਲ ਕੋਈ ਰੁਕਿਆ ਕੰਮ ਬਣੇਗਾ। ਧਰਮ-ਕਰਮ ਦੇ ਕੰਮ ਵਿੱਚ ਰੁਝਾਨ ਬਣੇਗਾ। ਕਿਸੇ ਪਿਆਰੇ ਬੰਧੂ ਨਾਲ ਮੁਲਾਕਾਤ ਫਾਇਦੇਮੰਦ ਰਹੇਗੀ। ਇਸਤਰੀ ਤੇ ਸੰਤਾਨ ਸੁੱਖ ਮਿਲਣ ਦੇ ਯੋਗ ਹਨ। ਮਾਤਾ-ਪਿਤਾ ਨਾਲ ਮੱਤਭੇਦਤੇ ਖਰਚ ਜ਼ਿਆਦਾ ਹੋਵੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਲਾਭਕਾਰੀ ਹੋਵੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਧਨ ਲਾਭ ਥੋੜ੍ਹਾ, ਪਰ ਖਰਚ ਜ਼ਿਆਦਾ ਹੋਵੇਗਾ। ਆਮਦਨ ਦੇ ਸਾਧਨ ਬਣਦੇ ਰਹਿਣਗੇ। ਧਰਮ-ਕਰਮ ਵਿੱਚ ਰੁਝਾਨ ਹੋਵੇਗਾ। ਕੋਸ਼ਿਸ਼ ਕਰਨ 'ਤੇ ਆਰਥਿਕ ਖੇਤਰ ਵਿੱਚ ਲਾਭ ਮਿਲੇਗਾ। ਕੁਝ ਬਣਦੇ ਕੰਮਾਂ ਵਿੱਚ ਰੁਕਾਵਟਾਂ ਦੇ ਯੋਗ ਹਨ। ਇਸ ਹਫਤੇ ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਕਿਤਾਬਾਂ ਖਰੀਦ ਕੇ ਦਿਉ, ਕਮਾਈ ਵਿੱਚ ਬਰਕਤ ਹੋਵੇਗੀ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਗੁੱਸਾ ਤੇ ਉਤੇਜਨਾ ਕਾਰਨ ਜ਼ਰੂਰੀ ਕੰਮਾਂ ਲਈ ਭੱਜ-ਦੌੜ ਜ਼ਿਆਦਾ ਰਹੇਗੀ। ਬਣਦੇ ਕੰਮਾਂ ਵਿੱਚ ਦੇਰੀ ਦੇ ਯੋਗ ਹਨ। ਆਪਣੀ ਆਮਦਨ ਦੇ ਮੁਤਾਬਕ ਹੀ ਖਰਚ ਕਰਨ ਦੀ ਕੋਸ਼ਿਸ਼ ਕਰੋ, ਨਹੀਂ ਤਾਂ ਕਰਜ ਲੈਣ ਦੀ ਨੌਬਤ ਆ ਸਕਦੀ ਹੈ। ਇਸ ਹਫਤੇ ਇਕ ਦਿਨ ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਦਿਮਾਗੀ ਤਣਾਅ, ਗੁੱਸਾ ਜ਼ਿਆਦਾ ਅਤੇ ਜਲਦੀ ਹੀ ਉਤੇਜਿਤ ਹੋਣ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਖਰਚਾ ਜ਼ਿਆਦਾ ਹੋਣ ਕਰਕੇ ਉਧਾਰ ਲੈਣ ਦੀ ਨੌਬਤ ਆ ਸਕਦੀ ਹੈ। ਆਪਣਾ ਕੰਮ ਖੁਦ ਕਰਨਾ ਹੀ ਬਿਹਤਰ ਰਹੇਗਾ, ਕਿਸੇ 'ਤੇ ਭਰੋਸਾ ਨਾ ਕਰੋ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਹਫਤੇ ਦੇ ਸ਼ੁਰੂ ਵਿੱਚ ਹਾਲਾਤ ਡਾਵਾਂਡੋਲ ਰਹਿਣਗੇ। ਖਰਚ ਆਮਦਨ ਨਾਲੋਂ ਜ਼ਿਆਦਾ ਹੋਣਗੇ। ਕਾਰੋਬਾਰ ਵਿੱਚ ਵਧੇਰੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਹਰ ਕੰਮ ਵਿੱਚ ਰੁਕਾਵਟਾਂ ਤੇ ਆਲਸ ਵਿੱਚ ਵਾਧਾ ਹੋਵੇਗਾ। ਇਸ ਹਫ਼ਤੇ ਤਰੱਕੀ ਦੇ ਖਾਸ ਮੌਕੇ ਮਿਲਣਗੇ, ਕੋਸ਼ਿਸ਼ ਤੇ ਭੱਜ-ਦੌੜ ਜਾਰੀ ਰੱਖੋ। ਆਪਣੇ ਦੁਸ਼ਮਣ ਤੋਂ ਪਰੇ ਰਹੋ, ਕੋਈ ਨੁਕਸਾਨ ਕਰ ਸਕਦਾ ਹੈ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਪਰਿਵਾਰ ਵਿੱਚ ਮਨ-ਮੁਟਾਵ ਦਾ ਮਾਹੌਲ ਰਹੇਗਾ। ਕਾਰੋਬਾਰ ਵਿੱਚ ਕਈ ਤਰ੍ਹਾਂ ਦੇ ਉਤਾਰ-ਚੜ੍ਹਾਵ ਅਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਜ਼ਮੀਨ-ਜਾਇਦਾਦ ਸਬੰਧੀ ਕਈ ਪ੍ਰੇਸ਼ਾਨੀ ਰਹਿਣਗੀਆਂ। ਹਫ਼ਤੇ ਵਿੱਚ ਪੰਜ ਦਿਨ ਪਰਿਵਾਰ ਸਮੇਤ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

-----------------

## ਹਾਸੇ ਦੀ ਪਟਾਰੀ

**ਸੁਭਾਸ਼** (ਸੁਰਜੀਤ ਨੂੰ), ਤੂੰ ਸ਼ੀਸ਼ੇ ਅੱਗੇ ਬੈਠ ਕੇ ਕਿਉਂ ਪੜ੍ਹਦਾ ਏਂ?

ਸੁਰਜੀਤ, ਇਸ ਦੇ ਤਿੰਨ ਫਾਇਦੇ ਹਨ।

ਸੁਭਾਸ਼, ਕਿਹੜੇ-ਕਿਹੜੇ?

ਸੁਰਜੀਤ, ਖੁਦ 'ਤੇ ਨਜ਼ਰ ਰਹਿੰਦੀ ਹੈ, ਨਾਲ ਹੀ ਰਿਵੀਜਨ ਵੀ ਹੋ ਜਾਂਦੀ ਹੈ ਅਤੇ ਤੀਜਾ, ਪੜ੍ਹਨ ਲਈ ਕੰਪਨੀ ਵੀ ਮਿਲ ਜਾਂਦੀ ਹੈ।

*---*---*

**ਅਤੁਲ,** ਸਾਹਿਬ ਜੀ, ਤੁਸੀਂ ਹਮੇਸ਼ਾ ਦਫਤਰ ਵਿੱਚ ਵਿਆਹੇ ਹੋਏ ਆਦਮੀਆਂ ਨੂੰ ਹੀ ਕਿਉਂ ਰੱਖਦੇ ਹੋ?

ਸਾਹਿਬ, ਕਿਉਂਕਿ ਉਨ੍ਹਾਂ ਨੂੰ ਬੇਇੱਜ਼ਤੀ ਸਹਿਣ ਕਰਨ ਦੀ ਆਦਤ ਹੁੰਦੀ ਹੈ ਅਤੇ ਘਰ ਜਾਣ ਦੀ ਵੀ ਜਲਦੀ ਨਹੀਂ ਹੁੰਦੀ।

*---*---*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਉਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................
ADDRESS.......................................................................
.......................................POST CODE.......................
TEL.......................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਅਕਾਲ ਤਖਤ ਸਾਹਿਬ ਤੋਂ ਜਲਾਵਤਨੀ ਜੋਧੇ ਦੀ ਉਪਾਧੀ ਪਾਉਣ ਵਾਲਾ ਖਾਲਿਸਤਾਨੀ ਆਗੂ ਸੀ ਭਾਈ ਗਜਿੰਦਰ ਸਿੰਘ

**ਬਘੇਲ ਸਿੰਘ ਧਾਲੀਵਾਲ**
99142-58142



ਭਾਈ ਗਜਿੰਦਰ ਸਿੰਘ ਕਿਸੇ ਆਮ ਵਿਅਕਤੀ ਦਾ ਨਾਮ ਨਹੀਂ, ਬਲਕਿ ਅਜਾਦ ਸਿੱਖ ਰਾਜ ਦੇ ਪਵਿੱਤਰ ਕੌਮੀ ਕਾਰਜ ਲਈ ਦ੍ਰਿੜ੍ਹ ਸੰਕਲਪ,ਸਾਰੀ-ਉਮਰ ਅਡੋਲ ਰਹਿਣ ਵਾਲੀ ਨਿੱਡਰ ਜਲਾ-ਵਤਨੀ ਸਤਿਕਾਰਿਤ ਸਖਸ਼ੀਅਤ ਹੈ ਗਜਿੰਦਰ ਸਿੰਘ ਹਾਈਜੈਕਰ। ਭਾਈ ਸਾਹਿਬ ਸ਼ਾਇਦ ਇੱਕੋ ਇੱਕ ਅਜਿਹੇ ਸਿੱਖ ਜੋਧੇ ਜਰਨੈਲ ਸਨ, ਜਿੰਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਬੜੀ ਦ੍ਰਿੜਤਾ, ਅਡੋਲਤਾ ਅਤੇ ਬੇਗਰਜ਼ੀ ਨਾਲ ਬਗੈਰ ਕੌਮ ਨੂੰ ਨਿਹੋਰੇ ਦਿੱਤਿਆਂ ਅਜ਼ਾਦ ਸਿੱਖ ਰਾਜ ਦੀ ਪ੍ਰਾਪਤੀ ਦੀ ਜਦੋ ਜਹਿਦ ਦੇ ਲੇਖੇ ਲਾ ਦਿੱਤੀ। ਤਿੰਨ ਜੀਆਂ ਦੇ ਪਰਿਵਾਰ ਦੇ ਤਿੰਨ ਜਗ੍ਹਾ ਹੋ ਕੇ ਬਿਖਰ ਜਾਣ ਵਰਗਾ ਦੁੱਖ ਵੀ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਤੋਂ ਡੁਲਾ ਨਾ ਸਕਿਆ। ਉਨ੍ਹਾਂ ਦਾ ਜੀਵਨ ਭਾਵੇਂ ਮੁੱਢੋਂ ਹੀ ਸੰਘਰਸ਼ੀ ਰਿਹਾ, ਪਰ ਉਨ੍ਹਾਂ ਦਾ ਨਾਮ ਅੰਤਰਰਾਸ਼ਟਰੀ ਪੱਧਰ ਤੇ ਉੱਦੋਂ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਵੱਲੋਂ ਆਪਣੇ ਚਾਰ ਸਾਥੀਆਂ ਸਿਰਦਾਰ ਸਤਨਾਮ ਸਿੰਘ ਪਾਉਂਟਾ ਸਾਹਿਬ, ਮਾਸਟਰ ਕਰਨ ਸਿੰਘ, ਸਿਰਦਾਰ ਜਸਬੀਰ ਸਿੰਘ ਤੇ ਸਿਰਦਾਰ ਤੇਜਿੰਦਰਪਾਲ ਸਿੰਘ ਸਮੇਤ 29 ਸਤੰਬਰ 1981 ਨੂੰ ਦਿੱਲੀ ਤੋ ਏਅਰ ਇੰਡੀਆ ਦਾ ਜਹਾਜ ਅਗਵਾ ਕਰਕੇ ਲਹੌਰ (ਪਾਕਿਸਤਾਨ) ਲਿਜਾਇਆ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਬਿਨ੍ਹਾਂ ਸ਼ਰਤ ਰਿਹਾਈ ਦੇ ਨਾਲ ਕੁਝ ਹੋਰ ਸ਼ਰਤਾਂ ਵੀ ਰੱਖੀਆਂ ਗਈਆਂ। ਇਸ ਕਾਰਵਾਈ ਨਾਲ ਜਿੱਥੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੀ ਚਰਚਾ ਕੌਮਾਂਤਰੀ ਪੱਧਰ 'ਤੇ ਹੋਈ,ਉਥੇ ਭਾਈ ਗਜਿੰਦਰ ਸਿੰਘ ਹੋਰਾਂ ਦਾ ਨਾਮ ਵੀ ਦੁਨੀਆ ਪੱਧਰ ਤੇ ਜਾਣਿਆ ਜਾਣ ਲੱਗਾ। ਯਾਦ ਰਹੇ ਕਿ 20 ਸਤੰਬਰ 1981 ਵਾਲੇ ਦਿਨ ਲਾਲਾ ਜਗਤ ਨਰਾਇਣ ਦੇ ਕਤਲ ਦੇ ਸਬੰਧ ਵਿੱਚ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਮਹਿਤਾ ਚੌਂਕ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਦੌਰਾਨ ਸੰਗਤਾਂ ਤੇ ਪੁਲਿਸ ਦਰਮਿਆਨ ਹੋਈ ਗੋਲੀਬਾਰੀ ਵਿੱਚ ਗਿਆਰਾਂ ਵਿਅਕਤੀਆਂ ਦੀ ਸ਼ਹਾਦਤ ਹੋ ਗਈ ਸੀ । ਭਾਈ ਗਜਿੰਦਰ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸੰਤ ਭਿੰਡਰਾਂ ਵਾਲਿਆਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਹੀ ਜਹਾਜ ਅਗਵਾ ਕੀਤਾ ਗਿਆ ਸੀ, ਜਿਸ ਵਿੱਚ ਜਹਾਜ ਦੇ ਅਮਲੇ ਦੇ ਛੇ ਵਿਅਕਤੀਆਂ ਸਮੇਤ 117 ਵਿਅਕਤੀ ਸਵਾਰ ਸਨ,ਪਰ ਸਿੱਖ ਅਗਵਾਕਾਰਾਂ ਦੇ ਇਸ ਖਤਰਨਾਕ ਕੰਮ ਦੀ ਖੂਬਸੂਰਤੀ ਇਹ ਸੀ ਕਿ ਉਨ੍ਹਾਂ ਨੇ ਖਾਲਸਈ ਪਰੰਪਰਾਵਾਂ ਤੇ ਪਹਿਰਾ ਦਿੰਦਿਆਂ ਜਹਾਜ ਵਿੱਚ ਸਵਾਰ ਔਰਤਾਂ ਅਤੇ ਬੱਚਿਆਂ ਨੂੰ ਤੁਰੰਤ ਛੱਡ ਦਿੱਤਾ ਸੀ।



ਭਾਈ ਗਜਿੰਦਰ ਸਿੰਘ ਦਾ ਜਨਮ 19 ਨਵੰਬਰ 1951 ਨੂੰ ਪਟਿਆਲਾ ਵਿਖੇ ਹੋਇਆ। ਉਹ ਪੰਜ ਭੈਣ ਭਰਾਵਾਂ ਵਿੱਚੋਂ ਚੌਥੇ ਨੰਬਰ 'ਤੇ ਸਨ। ਸਭ ਤੋਂ ਵੱਡੀ ਭੈਣ, ਬੀਬੀ ਹਰਪਾਲ ਕੌਰ, ਜੋ ਭਾਈ ਸਾਹਿਬ ਤੋਂ ਦੱਸ ਸਾਲ ਵੱਡੀ ਹੈ, ਬੀਬੀ ਹਰਪਾਲ ਕੌਰ ਤੋਂ ਛੋਟਾ ਭਰਾ, ਸਰਦਾਰ ਅਵਤਾਰ ਸਿੰਘ, ਜੋ ਭਾਈ ਸਾਹਿਬ ਤੋਂ ਪੰਜ ਸਾਲ ਵੱਡਾ ਸੀ। ਇਸ ਤੋਂ ਛੋਟੀ ਭੈਣ ਇੰਦਰਮੋਹਣ ਕੌਰ ਹੈ, ਜੋ ਭਾਈ ਸਾਹਿਬ, ਤੋਂ ਡੇਢ ਕੁ ਸਾਲ ਵੱਡੀ ਹੈ। ਭਾਈ ਸਾਹਿਬ ਤੋਂ ਛੋਟਾ ਭਰਾ, ਸਰਦਾਰ ਦਰਸ਼ਨ ਸਿੰਘ ਹੈ, ਜੋ ਗਜਿੰਦਰ ਸਿੰਘ ਤੋਂ ਤਕਰੀਬਨ ਸਤ ਕੁ ਸਾਲ ਛੋਟਾ ਹੈ। ਸੰਤਾਲੀ ਦੀ ਵੰਡ ਤੋਂ ਮਗਰੋਂ ਇਹ ਪਰਿਵਾਰ, ਭਾਰਤ ਵਾਲੇ ਪਾਸੇ ਦੇ ਪੰਜਾਬ ਦੇ ਪਟਿਆਲਾ ਸ਼ਹਿਰ ਆ ਕੇ ਵੱਸ ਗਿਆ ਸੀ। ਭਾਈ ਸਾਹਿਬ ਦਾ ਪਿਛੋਕੜ ਖਾਲਸਾ ਰਾਜ ਦੇ ਅਜੇਤੂ ਜਰਨੈਲ ਸ੍ਰ ਹਰੀ ਸਿੰਘ ਨਲੂਆ ਵੱਲੋਂ ਵਸਾਏ ਨਗਰ ਹਰੀਪੁਰ ਹਜਾਰਾ (ਪਾਕਿਸਤਾਨ) ਨਾਲ ਜੁੜਦਾ ਹੈ। ਇਹ ਪਿੰਡ ਉਨ੍ਹਾਂ ਦਾ ਪਿਛਲਾ ਪਿੰਡ ਸੀ, ਸ਼ਾਇਦ ਇਹੋ ਕਾਰਨ ਹੋਵੇਗਾ ਕਿ ਭਾਈ ਗਜਿੰਦਰ ਸਿੰਘ ਵੀ ਸਾਰੀ ਉਮਰ ਸਿੱਖ ਰਾਜ ਦੇ ਸੁਪਨਿਆਂ ਵਿਚ ਗੁਆਚਿਆ ਜਲਾਵਤਨੀ ਹੰਢਾਉਂਦਾ ਰਿਹਾ। ਉਨ੍ਹਾਂ ਦੇ ਮਨ ਅੰਦਰ ਅਜ਼ਾਦੀ ਦੀ ਤਾਂਘ ਦੇ ਭਾਂਬੜ ਬਲ਼ਦੇ ਰਹੇ। ਭਾਈ ਸਾਹਿਬ ਦੇ ਅੰਦਰਲੀ ਤਾਂਘ ਦਾ ਕਾਰਨ ਉਨ੍ਹਾਂ ਅੰਦਰ ਆਪਣੇ ਪੁਰਖਿਆਂ ਦੇ ਪਿੰਡ ਹਰੀਪੁਰ ਹਜਾਰਾ ਦੀ ਜਰਖੇਜ ਅਤੇ ਸਖਤ ਮਿੱਟੀ ਦਾ ਕ੍ਰਿਸ਼ਮਾ ਵੀ ਤਾਂ ਹੈ, ਜਿਹੜਾ ਉਨ੍ਹਾਂ ਦੇ ਅੰਦਰ ਆਪਣੇ ਗੁਆਚੇ ਸਿੱਖ ਰਾਜ ਦੀ ਲਟ-ਲਟ ਬਲ਼ਦੀ ਜੋਤ ਨੂੰ ਪਰਚੰਡ ਰੱਖਦਾ ਰਿਹਾ ਹੈ, ਉਨ੍ਹਾਂ ਦੇ ਅੰਦਰ ਕੌਮੀ ਜਜ਼ਬੇ ਦੇ ਠਾਠਾਂ ਮਾਰਦੇ ਸਮੁੰਦਰ ਦੀਆਂ ਲਹਿਰਾਂ ਨੂੰ ਉਨ੍ਹਾਂ ਦੇ ਦਗ ਦਗ ਕਰਦੇ ਚਿਹਰੇ ਤੋਂ ਤੈਰਦੀਆਂ ਮਹਿਸੂਸ ਕੀਤਾ ਜਾ ਸਕਦਾ ਸੀ। ਭਾਈ ਗਜਿੰਦਰ ਸਿੰਘ ਜਿੱਥੇ ਦਲ ਖਾਲਸਾ ਜਥੇਬੰਦੀ ਦਾ ਬਾਨੀ ਆਗੂ ਸੀ,ਉਥੇ ਉਹ ਇੱਕ ਉੱਚ ਕੋਟੀ ਦਾ ਕਵੀ ਸੀ,ਜਿਨ੍ਹਾਂ ਦੀਆਂ ਲਿਖਤਾਂ ਨੇ ਦਿੱਲੀ ਦਰਬਾਰ ਨੂੰ ਕੰਬਣੀ ਛੇੜ ਦਿੱਤੀ ਸੀ। ਲਿਹਾਜ਼ਾ ਉਨ੍ਹਾਂ ਦੀਆਂ ਦੋ ਪੁਸਤਕਾਂ "ਪੰਜ ਤੀਰ ਹੋਰ" ਅਤੇ "ਗੰਗੂ ਦੀ ਰੂਹ" ਤੇ ਸਮੇ ਦੀ ਸਰਕਾਰ ਨੇ ਪਾਬੰਦੀ ਲਗਾ ਦਿੱਤੀ। ਉਨ੍ਹਾਂ ਵੱਲੋਂ ਆਪਣੇ ਸੰਘਰਸ਼ੀ ਜੀਵਨ ਤੋ ਪਹਿਲਾਂ ਅਤੇ ਦਰਮਿਆਨ ਕੁੱਲ ਨੌਂ ਪੁਸਤਕਾਂ ਲਿਖੀਆਂ ਗਈਆਂ, ਜਿਨ੍ਹਾਂ ਵਿੱਚ ਪੰਜ ਤੀਰ ਹੋਰ, ਗੰਗੂ ਦੀ ਰੂਹ, ਵਸੀਅਤਨਾਮਾ, ਸੂਰਜ ਤੇ ਖਾਲਿਸਤਾਨ, ਸਲਾਖਾਂ ਪਿੱਛੇ, ਸਮੇਂ ਦਾ ਸੱਚ, ਲਕੀਰ ਅਤੇ ਸੰਘਰਸ਼ ਸਲਾਖਾਂ ਤੇ ਸੱਜਣੀ ਸ਼ਾਮਿਲ ਹਨ। ਇਸ ਤੋਂ ਇਲਾਵਾ ਬਹੁਤ ਕੁੱਝ ਅਣਛਪਿਆ ਵੀ ਹੋਵੇਗਾ, ਜਿਹੜਾ ਉਨ੍ਹਾਂ ਨੂੰ ਚਾਹੁਣ ਵਾਲੇ ਪਾਠਕ ਅਕਸਰ ਹੀ ਫੇਸਬੁੱਕ ਤੇ ਲਗਾਤਾਰ ਪੜ੍ਹਦੇ ਆ ਰਹੇ ਹਨ। ਉਨ੍ਹਾਂ ਆਪਣੀ ਜ਼ਿੰਦਗੀ ਦੇ 41 ਸਾਲ ਜਲਾਵਤਨੀ ਹੰਢਾਉਂਦਿਆਂ ਗੁਜ਼ਾਰੇ ਹਨ ਇਸ ਵਿੱਚ 13 ਸਾਲ ਅਤੇ ਕੁੱਝ ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਵੀ ਸਾਮਲ ਹੈ।

ਇਸ ਸਮੇ ਦੌਰਾਨ ਇਸ ਅਡੋਲ ਜਰਨੈਲ ਦੀ ਧਰਮ ਪਤਨੀ ਅਤੇ ਸਪੁੱਤਰੀ ਨੂੰ ਵੀ ਵੱਖ ਵੱਖ ਮੁਲਕਾਂ ਵਿੱਚ ਧੱਕੇ ਖਾਣ ਲਈ ਮਜਬੂਰ ਹੋਣਾ ਪਿਆ। ਬੇਟੀ ਇੰਗਲੈਂਡ ਵਿੱਚ,ਪਤਨੀ ਜਰਮਨ ਵਿੱਚ ਅਤੇ ਭਾਈ ਸਾਹਿਬ ਖੁਦ ਪਾਕਿਸਤਾਨ ਵਿੱਚ ਜਲਾਵਤਨ ਰਹਿ ਕੇ ਅਜ਼ਾਦ ਖਾਲਸਾ ਰਾਜ ਲਈ ਚਾਰਾਜੋਈ ਕਰਦੇ ਹੋਏ ਕੌਮੀ ਜਜ਼ਬਿਆਂ ਦੀ ਤਰਜਮਾਨੀ ਕਰਦੇ ਰਹੇ। ਡਾ ਗੁਰਦੀਪ ਸਿੰਘ ਜਗਵੀਰ ਲਿਖਦੇ ਹਨ ਕਿ ਸ੍ਰ ਗਜਿੰਦਰ ਸਿੰਘ ਦੀ ਬੇਟੀ ਬਿਕਰਮਜੀਤ ਕੌਰ ਇਸ ਵਕਤ ਇੰਗਲੈਂਡ ਵਿਚ ਹੈ ਜੋ ਆਪਣੇ ਸਰਦਾਰ ਗੁਰਪਰੀਤ ਸਿੰਘ ਜੀ ਦੇ ਨਾਲ ਆਪਣਾ ਗ੍ਰਹਿਸਥ ਜੀਵਨ ਬਿਤਾ ਰਹੀ ਹੈ। ਬੱਚੀ ਬਬਿਕਰਮਜੀਤ ਜੀਤ ਕੌਰ ਦਾ ਅਨੰਦ ਕਾਰਜ ਸਰਦਾਰ ਮੰਗਲ ਸਿੰਘ ਅਤੇ ਬੀਬੀ ਰਣਜੀਤ ਕੌਰ ਦੇ ਬੇਟੇ ਸਰਦਾਰ



ਗੁਰਪ੍ਰੀਤ ਸਿੰਘ ਦੇ ਨਾਲ 29 ਜੁਲਾਈ 2006 ਵਾਲੇ ਦਿਨ, ਸਾਊਥਾਲ ਦੀ ਮਿਸ਼ਨਰੀ ਸੁਸਾਇਟੀ ਦੇ ਮਾਤਾ ਸੁੰਦਰੀ ਦੀਵਾਨ ਹਾਲ ਵਿੱਚ ਸੰਪੂਰਨ ਹੋਇਆ ਸੀ। ਪੱਲੇ ਦੀ ਰਸਮ ਉਸ ਵੇਲੇ ਸਾਰੀ ਕੌਮ ਵੱਲੋਂ ਹੀ ਅਦਾ ਹੋ ਗਈ ਜਦੋਂ ਉਸ ਦਿਨ ਦੇਸ਼ ਵਿਦੇਸ਼ ਤੋਂ ਆਈ ਸੰਗਤ ਨੇ ਇਸ ਬੱਚੀ ਨੂੰ ਪੰਥ ਦੀ ਬੇਟੀ ਹੋਣ ਦਾ ਮਾਣ ਬਖਸ਼ਿਆ। ਬੱਚੀ ਬਿਕਰਮ ਜੀਤ ਕੌਰ ਅਤੇ ਬੱਚੇ ਗੁਰਪਰੀਤ ਸਿੰਘ ਦੇ ਗ੍ਰਹਿ ਸਤਿਗੁਰੂ ਜੀ ਨੇ, ਬੱਚੀ ਅਵਨੀਤ ਕੌਰ ਅਤੇ ਪੁੱਤਰ ਸੁਖਰਾਜ ਸਿੰਘ ਦੀ ਦਾਤ ਬਖਸ਼ੀ ਹੈ। ਉਨ੍ਹਾਂ ਅਨੁਸਾਰ ਸਿੱਖਾਂ ਦੀ ਸਰਵਉੱਚ ਸੰਸਥਾ, ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿਰਦਾਰ ਗਜਿੰਦਰ ਸਿੰਘ ਨੂੰ 'ਜਲਾਵਨੀ ਸਿੱਖ ਯੋਧੇ' ਦੀ ਉਪਾਧੀ ਦੇਣ ਦਾ ਫ਼ੈਸਲਾ ਲਿਆ ਗਿਆ ਅਤੇ ਇਸ ਸੰਬੰਧੀ ਇਕ ਖ਼ਤ ਸਿਰਦਾਰ ਗਜਿੰਦਰ ਸਿੰਘ ਨੂੰ ਭੇਜਿਆ ਗਿਆ ਕਿ 'ਗੁਰੂ ਪੰਥ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਤੀ 3 ਅੱਸੂ ਸੰਮਤ ਨਾਨਕਸ਼ਾਹੀ 552 ਮੁਤਾਬਕ 18 ਸਤੰਬਰ 2020 ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਆਪ ਜੀ ਨੂੰ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਲਈ 'ਜਲਾਵਤਨੀ ਸਿੱਖ ਯੋਧਾ' ਦੀ ਉਪਾਧੀ ਨਾਲ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਹੋਏ ਆਦੇਸ਼ ਅਨੁਸਾਰ ਆਪ ਜੀ ਨੂੰ ਸਨਮਾਨ ਦੇਣ ਦੀ ਮਿਤੀ ਨਿਯਤ ਕਰਕੇ ਸੂਚਿਤ ਕੀਤਾ ਜਾਵੇਗਾ। ਸ੍ਰੀ ਅਕਾਲ ਤਖਤ ਸਾਹਿਬ ਤੋਂ ਫੈਸਲਾ ਲੈ ਲਏ ਜਾਣ ਦੇ ਬਾਅਦ ਵੀ ਉਹਨਾਂ ਨੂੰ ਸਨਮਾਨ ਨਾ ਦੇਣਾ ਭਾਈ ਗਜਿੰਦਰ ਸਿੰਘ ਵਰਗੀ ਸੱਚੀ ਸੁੱਚੀ ਸਖਸ਼ੀਅਤ ਦੇ ਨਾਲ ਭਾਰੀ ਅਨਿਆਂ ਹੈ। ਉਹ ਸੱਚਮੁੱਚ ਜਿਉਂਦਾ ਸ਼ਹੀਦ ਸੀ,ਜਿਸਨੇ ਪਰਿਵਾਰ ਨੂੰ ਖੇਰੂੰ ਖੇਰੂੰ ਹੋਣ ਦੀ ਸ਼ਰਤ ਤੇ ਵੀ ਆਖਰੀ ਸਾਹ ਤੱਕ ਕੌਮ ਦੀ ਅਜ਼ਾਦੀ ਦੀ ਜੋਤ ਨੂੰ ਬਲਦੇ ਰੱਖਿਆ ਅਤੇ ਜਿਉਂਦੇ ਜੀਅ ਨਾਂ ਹੀ ਦਿੱਲੀ ਦਰਬਾਰ ਤੋਂ ਕੋਈ ਰਹਿਮ ਦੀ ਭੀਖ ਮੰਗੀ ਅਤੇ ਨਾ ਹੀ ਕੌਮ ਨੂੰ ਆਪਣੇ ਦੁੱਖਾਂ ਦਰਦਾਂ ਦਾ ਵਾਸਤਾ ਪਾਕੇ ਪਰਿਵਾਰ ਲਈ ਕੋਈ ਸਵਾਲ ਹੀ ਪਾਇਆ,ਬਲਕਿ ਉਹਨਾਂ ਦੀਆਂ ਲਿਖਤਾਂ ਡੋਲਣ ਵਾਲਿਆਂ ਨੂੰ ਵੀ ਹੌਸਲਾ ਅਤੇ ਹਿੰਮਤ ਦਿੰਦੀਆਂ ਰਹੀਆਂ। ਉਹਨਾਂ ਦੇ ਵਿਛੋੜੇ ਦਾ ਕੌਮ ਨੂੰ ਪਿਆ ਘਾਟਾ ਕਦੇ ਵੀ ਪੂਰਿਆ ਨਹੀ ਜਾ ਸਕੇਗਾ।

**ਹਾਸ ਵਿਅੰਗ**

ਸਵਾਮੀ ਸਰਬਜੀਤ

# ਸਾਹਿਤ ਸਭਾ ਦਾ ਘੜਮੱਸ

ਸੋ ਰਸਮੀ ਤੌਰ 'ਤੇ ਸਾਹਿਤ ਸਭਾ ਸ਼ੁਰੂ ਹੋ ਜਾਂਦੀ ਹੈ। ਸਭਾ ਦਾ ਸਟੇਜ ਸੰਚਾਲਨ ਕਰਨ ਵਾਲ਼ੇ ਸ਼੍ਰੀ ਪੀਪਟ ਜੀ ਹੌਲ਼ੀ ਤੇ ਉਹ ਵੀ ਹੌਲ਼ੀ ਹੌਲ਼ੀ ਬੋਲਦੇ ਨੇ। ਸਾਰਿਆਂ ਨੂੰ ਕੰਨ ਲਾ ਕੇ ਸੁਣਨਾ ਪੈਂਦਾ ਏ ਕਿ ਕੀ ਬੋਲ ਰਹੇ ਨੇ, ਫੇਰ ਵੀ ਕੁਝ ਸਮਝ ਨਹੀਂ ਆਉਂਦਾ। ਪਿੱਛੋਂ ਕੋਈ ਸਾਹਿਤਕਾਰ ਮੂੰਹ ਜਿਹਾ ਲੁਕੋ ਕੇ ਚੀਕਦਾ ਹੈ,

"ਓਏ ਉੱਚੀ..."


ਸ਼੍ਰੀ ਪੀਪਟ ਗੁੱਸਾ ਨਹੀਂ ਕਰਦੇ ਸੋ ਪਿੱਛੋਂ ਆਈ ਲੁਕਵੀਂ ਜਿਹੀ ਹਿਦਾਇਤ ਦਾ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੁੰਦਾ। ਉਨ੍ਹਾਂ ਦੀ ਆਵਾਜ਼ ਪਹਿਲਾਂ ਵਾਂਗ ਹੀ ਹੌਲ਼ੀ ਤੇ ਹੌਲ਼ੀ ਹੌਲ਼ੀ ਆ ਰਹੀ ਹੈ। ਉਹ ਬੋਲ ਹਟੇ ਨੇ, ਪਤਾ ਨਹੀਂ ਲੱਗਿਆ ਕਿ ਕਿਸ ਨੂੰ ਸਟੇਜ 'ਤੇ ਰਚਨਾ ਪੜ੍ਹਨ ਲਈ ਬੁਲਾਇਆ ਹੈ। ਸਾਰਿਆਂ ਨੇ ਕਮਰਕਸੇ ਕਸ ਲਏ ਨੇ। ਮੰਚ ਵੱਲ ਦੌੜਨ ਦੀ ਤਿਆਰੀ ਹੈ।

ਸ਼੍ਰੀ ਪੀਪਟ ਨੇ ਕਵੀ ਬੁੜਬਕ ਬਿਹਾਰੀ ਨੂੰ ਇਸ਼ਾਰਾ ਕਰਕੇ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ ਹੈ। ਬੁੜਬਕ ਬਿਹਾਰੀ, ਹਰੀ ਬੱਤੀ ਮਿਲਦਿਆਂ ਹੀ ਸਾਰਿਆਂ ਵੱਲ ਜੇਤੂ ਅੰਦਾਜ਼ ਨਾਲ਼ ਵੇਖਦਾ ਮੰਚ ਵੱਲ ਵਧਿਆ ਹੈ। ਮੰਚ 'ਤੇ ਜਾ ਕੇ ਉਹ ਨੇ ਗਲ਼ਾ ਸਾਫ਼ ਕੀਤਾ ਹੈ (ਜਿਹੜਾ ਕਿ ਪਹਿਲਾਂ ਹੀ ਸਾਫ਼ ਹੈ)। ਮਾਈਕ ਨਹੀਂ ਹੈ ਫਿਰ ਵੀ ਉਸ ਨੇ ਮਾਈਕ ਸੈੱਟ ਕਰਨ ਦਾ ਅਭਿਨੈ ਕੀਤਾ ਹੈ।

"ਪੇਸ਼ ਹੈ ਨਈਂ ਕਵਿਤਾ..." ਬੁੜਬਕ ਜੀ ਦਾ ਇਹ ਵਾਕ ਕਿਸੇ ਨੂੰ ਪ੍ਰਭਾਵਿਤ ਨਹੀਂ ਕਰਦਾ।

"ਪਿਛਲੇ ਕਿੰਨੇ ਸਾਲ ਤੋਂ ਨਈਂ ਹੈ... ?" ਪਿੱਛੋਂ ਕੋਈ ਸਾਹਿਤਕਾਰ ਮੂੰਹ ਜਿਹਾ ਲੁਕੋ ਕੇ ਚੀਕਦਾ ਹੈ।

ਸਾਰੀ ਸਭਾ ਵਿੱਚ ਹਾਸਾ ਗੂੰਜਦਾ ਹੈ। ਪ੍ਰਧਾਨ ਜੀ ਸਣੇ ਸਾਰੇ ਇਸ ਹਾਸੇ ਵਿੱਚ ਸ਼ਾਮਿਲ ਹੋਣ ਦਾ ਅਭਿਨੈ ਕਰਦੇ ਹਨ। ਸ਼੍ਰੀ ਬੁੜਬਕ ਬਿਹਾਰੀ ਜੀ ਨੂੰ ਲਗਦਾ ਹੈ ਕਿ ਸੱਚੀਂ ਕੋਈ ਹੱਸਣ ਵਾਲ਼ੀ ਗੱਲ ਹੈ ਸੋ ਉਹ ਵੀ ਹੱਸਣ ਲੱਗ ਪੈਂਦੇ ਹਨ। ਫਿਰ ਕਵਿਤਾ ਦਾ ਸ਼ੀਰਸ਼ਕ ਦੱਸ ਕੇ ਕਵਿਤਾ ਸੁਣਾਉਣੀ ਸ਼ੁਰੂ ਕਰਦੇ ਹਨ। ਸਭਾ ਵਿੱਚ ਬੈਠੇ 2-3 ਸਾਹਿਤਕਾਰ ਦੋਸਤ ਮਿੱਤਰ ਕਵੀ ਬੁੜਬਕ ਜੀ ਦੇ ਨਾਲ਼ ਮੂੰਹ ਜ਼ੁਬਾਨੀ ਕਵਿਤਾ ਦੁਹਰਾ ਰਹੇ ਹਨ। ਬਿਹਾਰੀ ਸਾਹਿਬ ਕਵਿਤਾ ਲਿਖ ਕੇ ਲਿਆਏ ਹਨ, ਸ਼ਾਇਦ ਉਨ੍ਹਾਂ ਨੂੰ ਕਵਿਤਾ ਯਾਦ ਨਹੀਂ। ਇੱਕ ਥਾਂ 'ਤੇ ਜਾ ਕੇ ਬਿਹਾਰੀ ਜੀ ਉੱਕਦੇ ਹਨ ਤਾਂ ਇੱਕ ਸੱਜਣ ਉਨ੍ਹਾਂ ਨੂੰ ਭੁੱਲੀ ਲਾਈਨ ਚੇਤੇ ਕਰਵਾ ਦਿੰਦਾ ਹੈ। ਸਾਰੇ ਸਾਹਿਤਕਾਰ ਉਸ ਯਾਦ ਕਰਾਉਣ ਵਾਲ਼ੇ ਸੱਜਣ ਨੂੰ ਦਾਦ ਦਿੰਦੇ ਹਨ। ਬਿਹਾਰੀ ਜੀ ਕਵਿਤਾ ਸਮਾਪਤ ਕਰਦੇ ਹਨ। ਸ਼੍ਰੀ ਪੀਪਟ ਫੇਰ ਮੰਚ ਸੰਭਾਲ ਲੈਂਦੇ ਹਨ। ਸਾਰਿਆਂ ਦੇ ਕੰਨ ਮੰਚ ਵੱਲ ਲੱਗੇ ਹੋਏ ਹਨ ਕਿ ਅਗਲਾ ਕੌਣ ? ਲਾਟਰੀ ਫੇਰ ਖੁਲ੍ਹਦੀ ਹੈ। ਨਾਮ ਇਸ ਵਾਰ ਵੀ ਸਮਝ ਨਹੀਂ ਆਇਆ। ਮਹਿਬੂਬ ਘੋੜਾ ਜੀ ਅੰਦਾਜ਼ਾ ਜਿਹਾ ਲਾ ਕੇ ਆਪ ਹੀ ਮੰਚ ਵੱਲ ਸਰਪਟ ਦੌੜ ਪੈਂਦੇ ਹਨ ਪਰ ਅੱਗੇ ਬੈਰੀਅਰ ਬਣੇ ਖੜ੍ਹੇ ਪੀਪਟ ਜੀ ਉਨ੍ਹਾਂ ਨੂੰ ਬੇਰੰਗ ਚਿੱਠੀ ਵਾਂਗ ਵਾਪਸ ਮੋੜ ਦਿੰਦੇ ਹਨ, "ਘੋੜਾ ਸਾਹਬ ਅਜੇ ਆਪਣੀਆਂ ਲਗਾਮਾਂ ਕਸੋ, ਮੈਂ ਤਾਂ ਜੌੜਾ



ਸਾਹਬ ਨੂੰ ਬੇਨਤੀ ਕੀਤੀ ਹੈ।"

ਘੋੜਾ ਸਾਹਬ ਮਾਯੂਸੀ ਜਿਹੀ ਨਾਲ਼ ਜੌੜਾ ਸਾਹਬ ਦਾ ਨਾਮ ਪੁਕਾਰਦੇ ਹਨ ਤਾਂ ਜੌੜਾ ਸਾਹਿਬ ਦੀਆਂ ਵਾਛਾਂ ਖਿੜ ਜਾਂਦੀਆਂ ਹਨ। ਮੈਨੂੰ ਇੱਕ ਗੱਲ ਅੱਜ ਤੱਕ ਸਮਝ ਨਹੀਂ ਆਈ ਕਿ ਜਦੋਂ ਜੌੜਾ ਸਾਹਬ ਨੇ ਇਕੱਲੇ ਈ ਆਉਣਾ ਹੁੰਦਾ ਹੈ ਤਾਂ ਜੌੜੇ ਦਾ ਕੀ ਮਤਲਬ ਹੋਇਆ। ਵੀਹ ਵਾਰੀ ਸੋਚਿਆ ਹੈ ਕਿ ਇਹ 'ਜੌੜੇ' ਦਾ ਰਾਜ਼ ਪੁੱਛਾਂ ਪਰ ਫੇਰ ਸੋਚੀਦੈ, "ਢੱਠੇ ਖੂਹ ਵਿੱਚ ਪਏ ਜੌੜਾ ਨਾਲੇ ਘੋੜਾ, ਸਾਨੂੰ ਕੀ ਹੋਰ ਕੰਮਾਂ ਦਾ ਤੋੜੈ... ?"

ਜੌੜਾ ਸਾਹਬ ਦਾ ਆਪਣਾ ਵਿਲੱਖਣ ਅੰਦਾਜ਼ ਹੈ। ਉਹ ਗੀਤ ਲਿਖਦੇ ਹਨ ਤੇ ਵੱਡੀ ਗੱਲ ਇਹ ਹੈ ਕਿ ਆਪ ਗਾਉਂਦੇ ਵੀ ਹਨ। ਫੇਰ ਮੂੰਹ ਨਾਲ਼ ਢੋਲਕੀਆਂ ਛੈਣੇ ਵੀ ਵਜਾਉਂਦੇ ਹਨ। ਉਹ ਦੋਗਾਣੇ ਹੀ ਲਿਖਦੇ ਹਨ। ਦੋਗਾਣੇ ਵਿਚਲੇ ਮੁੰਡੇ ਦੀ ਆਵਾਜ਼ ਤਾਂ ਉਨ੍ਹਾਂ ਦੀ ਆਪਣੀ ਹੀ ਹੁੰਦੀ ਹੈ ਤੇ ਆਪਣੀ ਆਵਾਜ਼ ਨੂੰ ਤਿੱਖੀ ਬਾਰੀਕ ਜਿਹੀ ਕਰਕੇ ਉਹ ਕੁੜੀ ਦੀ ਆਵਾਜ਼ ਵੀ ਆਪੇ ਹੀ ਕੱਢ ਲੈਂਦੇ ਹਨ।

"ਕਿਤੇ ਦੋ ਆਵਾਜ਼ਾਂ ਕੱਢਣ ਕਰਕੇ ਹੀ ਤਾਂ ਨਹੀਂ ਇਨ੍ਹਾਂ ਦਾ ਨਾਮ ਜੌੜਾ ਪਿਆ..." ਚਲੋ ਛੱਡੋ ਆਪਾਂ ਕੀ ਲੈਣਾ।

ਸੋ ਜੌੜਾ ਸਾਹਬ ਨੇ ਅੱਜ ਫੇਰ ਦੋਗਾਣਾ ਪੇਸ਼ ਕੀਤਾ। ਗੀਤ ਮੁਕਾ ਕੇ, ਮੂੰਹ ਨਾਲ਼ ਤੂੰਬੀ ਵਜਾ ਕੇ ਸਮਾਪਤੀ ਟਿੰਗ ਟਿੰਗ ਟਿੰਗ ਕੀਤੀ। ਸਾਰਿਆਂ ਨੇ ਤਾੜੀਆਂ ਵਜਾਈਆਂ। ਹਰੇਕ ਦੀ ਰਚਨਾ ਸਮਾਪਤ ਹੋਣ ਉਪਰੰਤ ਸਾਰਿਆਂ ਨੇ ਤਾੜੀ ਜ਼ਰੂਰ ਮਾਰਨੀ ਹੁੰਦੀ ਹੈ, ਇਹ ਇੱਕ ਚੁੱਪ ਚੁਪੀਤਾ ਜਿਹਾ ਨਿਯਮ ਹੈ। ਜਿਸ ਵਿੱਚ ਹਮੇਸ਼ਾਂ ਇੱਕ ਧਮਕੀ ਵੀ ਲਟਕਦੀ ਰਹਿੰਦੀ ਹੈ, 'ਫੇਰ ਤੇਰੀ ਵਾਰੀ ਵੀ ਤਾਂ ਆਉਣੀ ਐ...।'

ਸ਼੍ਰੀ ਪੀਪਟ ਨੇ ਫੇਰ ਆਪਣੀ ਪੀਪਣੀ ਵਜਾਉਣੀ ਸ਼ੁਰੂ ਕਰ ਦਿੱਤੀ ਹੈ। ਲਾਟਰੀ ਬੰਪਰ ਫੇਰ ਖੁਲ੍ਹਣ ਵਾਲ਼ਾ ਹੈ।

"ਉੱਚੀ ਬੋਲ" ਪਿੱਛੋਂ ਫੇਰ ਮੂੰਹ ਜਿਹਾ ਲੁਕੋ ਕੇ ਕੋਈ ਕੂਕਿਆ ਹੈ।

ਸ਼੍ਰੀ ਪੀਪਟ ਇਨ੍ਹਾਂ ਸਭ ਫ਼ਿਕਰਿਆਂ ਤੇ ਫ਼ਿਕਰਾਂ ਤੋਂ ਬੇਲਾਗ ਹਨ ਪਰ ਪ੍ਰਧਾਨ ਜੀ ਨੂੰ ਗੁੱਸਾ ਆ ਗਿਆ ਹੈ। ਸ਼੍ਰੀ ਪੀਪਟ ਦੀ ਥਾਏਂ ਪ੍ਰਧਾਨ ਜੀ ਕੂਕੇ, "ਇਨ੍ਹਾਂ ਦਾ ਗਲ਼ਾ ਹੈ, ਕੋਈ ਭੋਂਪੂ ਤਾਂ ਨਹੀਂ। ਮੰਨਿਆ ਪੀਪਟ ਜੀ ਹੌਲ਼ੀ ਬੋਲਦੇ ਨੇ..."

"ਤੇ ਹੌਲ਼ੀ ਹੌਲ਼ੀ ਵੀ..." ਪਿਛੋਂ ਫੇਰ ਕਿਸੇ ਨੇ ਫ਼ਿਕਰਾ ਕਸਿਆ ਹੈ।

"ਯਾਰ ਹਰੇਕ ਬੰਦੇ ਦੀ ਆਪਣੀ ਸਹਿਜਤਾ ਹੁੰਦੀ ਐ, ਆਪਣੀ ਸਪੀਡ ਹੁੰਦੀ ਐ। ਨਾਲ਼ੇ ਸਾਹਿਤ ਤਾਂ ਸਹਿਜਤਾ ਨਾਲ਼ ਜੁੜਿਆ ਹੋਇਆ ਹੈ।"

"ਅਗਲੇ ਨੂੰ 'ਵਾਜ ਮਾਰੋ ਜੀ..." ਪਿੱਛੋਂ ਫੇਰ ਤਲਖ਼ ਜਿਹੀ ਆਵਾਜ਼ ਸੁਣਦੀ ਹੈ।

"ਤੂੰ ਹੀ ਆਜਾ ਫੇਰ..." ਪ੍ਰਧਾਨ ਜੀ ਵੀ ਤਲਖ਼ੀ ਨਾਲ਼ ਬੋਲੇ ਹਨ। ਉਹ ਜਾਣਦੇ ਹਨ ਇਹ ਕੌਣ ਹੈ।

ਇਹ ਢਾਡੀ ਖੜਕ ਸਿੰਘ ਖੜਕ ਹਨ। ਪਿਛਲੀ ਸਾਹਿਤ ਸਭਾ ਦੀ ਪ੍ਰਧਾਨ ਦੀ ਚੋਣ ਕਰਨ ਸਮੇਂ ਖੜਕ ਸਿੰਘ ਖੜਕ ਨੇ ਸਰਵਸੰਮਤੀ ਨਾਲ਼ ਚੁਣੇ ਗਏ ਪ੍ਰਧਾਨ ਜੀ ਦੇ ਨਾਮ 'ਤੇ ਅਸਹਿਮਤੀ ਜਤਾਈ ਸੀ। ਉਹ ਅਸਹਿਮਤੀ ਪ੍ਰਗਟਾਉਣ ਵਾਲ਼ਾ ਕੱਲਾ ਸੀ ਫੇਰ ਪ੍ਰਧਾਨ ਜੀ ਨੂੰ ਸਰਵਸੰਮਤੀ (ਇੱਕ ਜਣੇ ਦੀ ਸਹਿਮਤੀ ਤੋਂ ਬਿਨਾਂ) ਨਾਲ਼ ਮੁੜ ਪ੍ਰਧਾਨ ਚੁਣ ਲਿਆ ਗਿਆ। ਸੋ ਉਦੋਂ ਦੀ ਪ੍ਰਧਾਨ ਜੀ ਤੇ ਖੜਕ ਸਿੰਘ ਦੀ ਅੰਦਰਖਾਤੇ ਖੜਕਦੀ ਹੀ ਰਹਿੰਦੀ ਹੈ। ਸਿੱਧਾ ਭਾਵੇਂ ਇੱਕ-ਦੂਜੇ ਨੂੰ ਕੁਝ ਨਹੀਂ ਕਹਿੰਦੇ ਪਰ ਪੁੱਠਾ ਬੋਲਣੋਂ ਵੀ ਟਲ਼ਦੇ ਨਹੀਂ।

ਖੜਕ ਸਿੰਘ ਵੀ ਵਿੱਚ ਵਿੱਚ ਆਰ ਲਾਉਂਦਾ ਹੀ ਰਹਿੰਦਾ ਹੈ। ਸੋ ਹੁਣ ਪ੍ਰਧਾਨ ਜੀ ਦੇ ਸਿੱਧੇ ਚੈਲੰਜ ਨੂੰ ਸਵੀਕਾਰ ਕਰਕੇ ਖੜਕ ਸਿੰਘ ਉੱਠ ਖੜ੍ਹੋਂਦਾ ਹੈ ਤੇ ਆਪਣੀ ਕੜਕਦੀ ਆਵਾਜ਼ ਵਿੱਚ ਬੋਲਦਾ ਹੈ, "ਪ੍ਰਧਾਨ, ਆਹ ਜਿੰਨਾ ਸਮਾਂ ਤੇਰਾ ਮੰਚ ਸੰਚਾਲਕ ਨਾਮ ਬੋਲਣ 'ਚ ਲਾਉਂਦੈ, ਓਨੇ ਟੈਮ 'ਚ 4 ਬੰਦੇ ਭੁਗਤ ਜਾਣ..."

ਸ਼੍ਰੀ ਪੀਪਟ ਮੋਨੀ ਬਾਬੇ ਵਾਂਗ ਮੌਨ ਧਾਰ ਕੇ ਰਖਦੇ ਹਨ, ਪ੍ਰਧਾਨ ਜੀ ਹੀ ਬੋਲਦੇ ਹਨ, "ਖੜਕ ਸਿੰਘ ਇਹ ਸਾਹਿਤ ਸਭਾ ਹੈ, ਆਪਾਂ ਇੱਥੇ ਬੰਦੇ ਭੁਗਤਾਣ ਥੋੜ੍ਹਾ ਆਏ ਆਂ..."

"ਕੁਛ ਬੀ ਕਹੋ, ਇਹਦੀ ਢਿੰਬਰੀ ਟੈਟ ਕਰਨ ਆਲ਼ੀ ਐ। ਆਪ ਤਾਂ ਇਹ ਪਤੰਦਰ ਕੀੜੀ 'ਤੇ ਚੜ੍ਹਿਐ ਹੋਇਐ ਤੇ ਸਾਨੂੰ ਕੀੜਿਆਂ ਆਲ਼ੇ ਭੌਣ'ਤੇ ਬਿਠਾ ਰੱਖਿਐ..." ਖੜਕ ਸਿੰਘ ਦੀ ਕੀੜੀ-ਕੀੜਿਆਂ ਵਾਲ਼ੀ ਗੱਲ ਸੁਣ ਕੇ ਪ੍ਰਧਾਨ ਜੀ ਦਾ ਪਾਰਾ ਚੜ੍ਹ ਗਿਆ ਹੈ, "ਇਹ ਤਾਂ ਐਂਈ ਬੋਲੂ, ਜਿਹਨੇ ਸੁਣਨਾ ਹੈ ਸੁਣੇ ਨਹੀਂ ਤਾਂ ਤੁਰਦਾ ਬਣੇ..."

ਖੜਕ ਸਿੰਘ ਨੇ ਵੀ ਖੜਕਾ ਕਰ ਦਿੱਤਾ, "ਤੁਰਦਾ ਕਿਉਂ ਬਣੇ ਇਹ ਸਾਹਿਤ ਸਭਾ ਇਹਦੇ ਪਿਓ ਦੀ ਐ ?"

ਖੜਕਾਟ ਹੋਰ ਵੀ ਪੈ ਜਾਣਾ ਸੀ ਜੇ ਸਾਹਿਤਕਾਰ ਮਿੱਤਰ ਵਿੱਚ ਪੈ ਕੇ ਮਾਮਲੇ ਨੂੰ ਠੰਢਾ ਨਾ ਕਰਦੇ। ਲੜਾਈ, ਰੌਲ਼ੇ ਦਾ ਕਿਸੇ ਨੂੰ ਫ਼ਿਕਰ ਨਹੀਂ ਸੀ, ਫ਼ਿਕਰ ਸੀ ਤਾਂ ਬੱਸ ਇਹੋ ਕਿ ਅਜੇ ਉਨ੍ਹਾਂ ਦਾ ਨਾਮ ਬੋਲਿਆ ਜਾਣਾ ਬਾਕੀ ਹੈ। ਅੰਤ ਨੂੰ ਗੱਲ ਇੱਥੇ ਨਿਬੜੀ ਕਿ 'ਕਲਾਸ ਰੂਮ ਵਿੱਚ ਲੱਗੇ ਬਲੈਕ ਬੋਰਡ 'ਤੇ ਸ਼੍ਰੀ ਪੀਪਟ ਨਾਮ ਲਿਖਣ (ਮੂੰਹੋਂ ਨਾ ਬੋਲਣ) ਜਿਸ ਸਾਹਿਤਕਾਰ ਦਾ ਨਾਮ ਬਲੈਕ ਬੋਰਡ ਬੋਲੇ, ਉਹੀ ਆ ਕੇ ਮੰਚ 'ਤੇ ਬੋਲੇ'। ਇਸ ਫੈਸਲੇ ਦਾ ਭਰਵਾਂ ਸੁਆਗਤ ਹੋਇਆ।

ਸ਼੍ਰੀ ਪੀਪਟ ਚਾੱਕ ਲੈ ਕੇ ਬਲੈਕ ਬੋਰਡ'ਤੇ ਲਿਖਣ ਲੱਗੇ ਐਨ ਟਿਕਾ ਟਿਕਾ ਕੇ। ਖੜਕ ਸਿੰਘ ਫੇਰ ਬੋਲ ਪਿਆ, "ਉਹ ਯਾਰ ਇਹ ਦੇ ਤਾਂ ਹੱਥ ਨਾਲ਼ ਵੀ ਰਾਕੇਟ ਬੰਨ੍ਹਣਾ ਪਊ।"

ਭਾਵੇਂ ਸਾਰੇ ਹੀ ਸ਼੍ਰੀ ਪੀਪਟ ਦੀ ਇੱਕ ਕੀੜੀ ਚਾਲ ਤੋਂ ਪਰੇਸ਼ਾਨ ਸਨ ਪਰ ਖੜਕ ਸਿੰਘ ਨਾਲ਼ ਸਹਿਮਤੀ ਕਿਸੇ ਨੇ ਨਾ ਪ੍ਰਗਟਾਈ। ਸ਼੍ਰੀ ਪੀਪਟ ਨੇ ਬਲੈਕ ਬੋਰਡ 'ਤੇ ਨਾਮ ਲਿਖਣਾ ਸ਼ੁਰੂ ਕੀਤਾ, 'ਪਹਾੜ...'

ਤਾਂ ਪਹਾੜਾ ਸਿੰਘ ਚੱਕਧਰ ਹੋਰ ਅੱਗੇ ਆਪਣਾ ਪੂਰਾ ਨਾਮ ਲਿਖੇ ਜਾਣ ਦੀ ਉਡੀਕ ਨਾ ਕਰਦਾ ਹੋਇਆ ਫਟਾਫਟ ਮੰਚ 'ਤੇ ਪਹੁੰਚ ਗਿਆ। ਜਿੰਨੀ ਦੇਰ ਵਿੱਚ ਸ਼੍ਰੀ ਪੀਪਟ ਨੇ ਬਲੈਕ ਬੋਰਡ 'ਤੇ 'ਪਹਾੜਾ ਸਿੰਘ ਚੱਕਧਰ' ਦਾ ਨਾਮ ਲਿਖਿਆ ਓਨੀ ਦੇਰ ਵਿੱਚ ਪਹਾੜਾ ਸਿੰਘ ਆਪਣੀ ਮਿੰਨੀ ਕਹਾਣੀ ਪੜ੍ਹ ਕੇ ਮੁੜ ਆਪਣੀ ਥਾਂ 'ਤੇ ਜਾ ਬੈਠਾ।

ਸ਼੍ਰੀ ਪੀਪਟ ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਡੁੱਬਿਆ 'ਪਹਾੜਾ ਸਿੰਘ ਚੱਕਧਰ' ਦਾ ਨਾਮ ਬਲੈਕ ਬੋਰਡ 'ਤੇ ਵਾਹ ਰਿਹਾ ਸੀ ਕਿ ਉਹਨੂੰ ਪਤਾ ਹੀ ਨਾ ਲੱਗਿਆ ਕਿ ਬੰਦਾ ਤਾਂ ਭੁਗਤ ਵੀ ਗਿਆ ਹੈ। ਉਹ ਨੇ ਪੂਰਾ ਨਾਮ ਲਿਖਣ ਤੋਂ ਬਾਦ ਪਹਾੜਾ ਸਿੰਘ ਨੂੰ ਮੰਚ 'ਤੇ ਆਉਣ ਦਾ ਇਸ਼ਾਰਾ ਕੀਤਾ ਤਾਂ ਖੜਕ ਸਿੰਘ ਬੋਲ ਪਿਆ, "ਪਹਾੜਾ ਸਿੰਘ ਤਾਂ ਪੂਰੀ ਕਰੂਏ ਦੀ ਕਥਾ ਸੁਣਾ ਕੇ ਬਗ ਵੀ ਗਿਆ, ਹੁਣ ਕਿਹਨੂੰ ਡੀਕੀ ਜਾਨੈ, ਅਗਲਾ ਨਾਮ ਲਿਖ ਛੇਤੀ..."।

* * * * * * * *

# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

**ਕਿਸ਼ਤ ਪਹਿਲੀ**


- ਲੇਖਕ -

ਗਿ: ਗੁਰਬਖਸ਼ ਸਿੰਘ ਗੁਲਸ਼ਨ



ਸੰਪਰਕ ਲਈ:

+44 7956 302743


**ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਸ਼ਖ਼ਸੀਅਤ ਨੇ ਆਮ ਪਰਜਾ ਦੇ ਨਾਲ ਇਨ੍ਹਾਂ ਰਾਜਸੀ ਘਰਾਨਿਆਂ ਅਤੇ ਇਨ੍ਹਾਂ ਦੇ ਨਿਕਟਵਰਤੀ ਆਗੂਆਂ ਨੂੰ ਵੀ ਆਪਣੇ ਵੱਲ ਖਿੱਚਿਆ। ਭੱਟਾਂ ਦੇ ਇਨ੍ਹਾਂ ਜਜਮਾਨ ਘਰਾਨਿਆਂ ਦੀ ਗੁਰੂ ਘਰ ਵੱਲ ਖਿੱਚ ਵੇਖ ਕੇ ਭੱਟਾਂ ਦਾ ਗੁਰੂ ਸ਼ਖ਼ਸੀਅਤ ਵੱਲ ਪ੍ਰੇਰੇ ਜਾਣਾ ਸੁਭਾਵਕ ਸੀ ਨਾਲੇ ਉਹ ਵੀ ਤਾਂ ਸਮਾਜ ਵਿਚ ਵਿਚਰਦੇ ਹੀ ਸਨ। ਭਾਈ ਗੁਰਦਾਸ ਜੀ ਦੇ ਅਨੁਸਾਰ ਸਿੱਖੀ ਮੰਡਲ ਵਿਚ ਇਨ੍ਹਾਂ ਦਾ ਪ੍ਰਵੇਸ਼ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭੱਟ ਭਿੱਖਾ ਜੀ ਰਾਹੀਂ ਹੋਇਆ ਜੋ ਗੁਰੂ ਸ਼ਖ਼ਸੀਅਤ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਇਨ੍ਹਾਂ ਦੇ ਸਾਹਮਣੇ ਬਾਕੀ ਭੇਖੀਆਂ ਦਾ ਸਭ ਤਾਣਾ-ਬਾਣਾ ਫ਼ਿੱਕਾ ਲਗਿਆ।**

ਅਸੀਂ ਇਸ ਲੇਖ-ਲੜੀ ਵਿਚ ਸੰਖੇਪਤਾ ਨਾਲ ਕੇਵਲ ਛੇਵੇਂ ਪਾਤਸ਼ਾਹ ਜੀ ਦੇ ਜੀਵਨ ਕਾਲ ਦੀਆਂ ਕੁਝ ਖ਼ਾਸ ਘਟਨਾਵਾਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਦਾ ਵਰਨਣ ਭੱਟਾਂ ਦੀਆਂ ਵਹੀਆਂ ਅਤੇ ਉਨ੍ਹਾਂ ਦੀਆਂ ਹੋਰ ਲਿਖਤਾਂ ਵਿਚ ਵੀ ਮਿਲਦਾ ਹੈ। ਭੱਟ ਅੱਖਰੀ ਵਿਚ ਇਨ੍ਹਾਂ ਲਿਖਤਾਂ ਨੂੰ ਲੱਭ ਕੇ ਸਿੱਖੀ ਮੰਡਲ ਦੇ ਸਾਹਮਣੇ ਗਿਆਨੀ ਗਰਜਾ ਸਿੰਘ ਜੀ (੧੯੦੪ ਈ.-੧੯੭੭ ਈ.) ਸੰਗਰੂਰ ਲਿਆਏ ਹਨ ਅਰ ਆਪਣੀ ਇਸ ਖੋਜ 'ਤੇ ਆਧਾਰਿਤ ਉਨ੍ਹਾਂ ਆਪ ਅਰ ਹੋਰ ਇਤਿਹਾਸਕਾਰਾਂ ਪ੍ਰੋ. ਪਿਆਰਾ ਸਿੰਘ ਪਦਮ ਅਤੇ ਡਾ. ਗੁਰਮੁਖ ਸਿੰਘ ਆਦਿ ਨੇ ਪੁਸਤਕਾਂ ਲਿਖੀਆਂ ਹਨ।

## ਭੱਟ ਕੌਣ ਸਨ

ਇਨ੍ਹਾਂ ਦਾ ਪਿਛੋਕੜ ਬ੍ਰਾਹਮਣ ਵਰਨ ਵਿਚੋਂ ਮੰਨਿਆ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਕੀਤੀ ਜਾਂਦੀ ਹੈ: ਸਾਰਸੁਤ ਅਤੇ ਗੌੜ। ਅਸੀਂ ਜਿਨ੍ਹਾਂ ਬਾਰੇ ਜਾਨਣਾ ਚਾਹੁੰਦੇ ਹਾਂ ਉਹ ਗੌੜ ਵਰਗ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਪ੍ਰਸਿਧ ਭਾਰਤੀ ਤੀਰਥ ਸਥਾਨਾਂ ਪਿਹੋਵਾ ਅਤੇ ਕੰਨਖਲ ਆਦਿ ਥਾਵਾਂ 'ਤੇ ਆਪਣੇ ਆਏ ਜਜਮਾਨਾਂ ਦੀ ਗਤੀ ਆਦਿ ਕਿਰਿਆਵਾਂ ਕਰਾਉਣ ਲਗੇ ਅਰ ਆਏ ਹੋਇਆਂ ਦਾ ਨਾਂ ਤੇ ਵੇਰਵਾ ਆਪਣੀਆਂ ਵਹੀਆਂ ਵਿਚ ਦਰਜ ਕਰਨ ਲਗੇ। ਇਸ ਸ਼੍ਰੇਣੀ ਦੇ ਬ੍ਰਾਹਮਣਾਂ ਨੂੰ ਪੰਡਾ ਕਿਹਾ ਜਾਣ ਲੱਗਾ। ਦੂਜੇ ਸ਼੍ਰੇਣੀ ਦੇ ਬ੍ਰਾਹਮਣ ਦੂਰ ਦੁਰਾਡੇ ਇਲਾਕਿਆਂ ਵਿਚ ਰਾਜਿਆਂ, ਸੂਰਮਿਆਂ ਅਰ ਧਨੀਆਂ ਤੱਕ ਪਹੁੰਚ ਕਰਨ ਲੱਗੇ। ਜਿਉਂ ਜਿਉਂ ਫ਼ੈਲਾਅ ਹੁੰਦਾ ਗਿਆ ਤਿਉਂ ਤਿਉਂ ਇਨ੍ਹਾਂ ਨੇ ਆਪਸ ਵਿਚ ਖ਼ਾਨਦਾਨਾਂ ਅਤੇ ਇਲਾਕਿਆਂ ਦੀ ਵੰਡ ਕਰ ਲਈ। ਆਪਣੇ ਜਜਮਾਨ ਨੂੰ ਪ੍ਰਸੰਨ ਕਰਨ ਵਾਸਤੇ ਉਸ ਦੇ ਵਡੇਰਿਆਂ ਦੇ ਕਾਰਨਾਮੇ ਸੁਣਾਉਣੇ, ਇਨ੍ਹਾਂ ਦਾ ਕਰਮ ਹੁੰਦਾ ਸੀ ਜਿਸ 'ਤੇ ਜਜਮਾਨ ਪ੍ਰਸੰਨ ਹੋ ਕੇ ਇਨ੍ਹਾਂ ਦੀਆਂ ਪਦਾਰਥਾਂ ਨਾਲ ਝੋਲੀਆਂ ਭਰ ਦੇਂਦੇ। ਇਸ ਸ਼੍ਰੇਣੀ ਦੇ ਬ੍ਰਾਹਮਣਾਂ ਨੂੰ ਭੱਟ ਕਿਹਾ ਜਾਣ ਲੱਗਾ। ਆਪਣੇ ਮੰਤਵ ਲਈ ਇਨ੍ਹਾਂ ਨੂੰ ਵਹੀਆਂ (Note Books) ਰੱਖਣੀਆਂ ਜ਼ਰੂਰੀ ਹੋ ਗਈਆਂ ਜਿਨ੍ਹਾਂ ਵਿਚ ਇਹ ਰਾਜ ਘਰਾਨਿਆਂ ਜਾਂ ਪਰਵਾਰਾਂ ਦੇ ਨਾਂਵਾਂ 'ਤੇ ਵੱਖਰੇ-ਵੱਖਰੇ ਖਾਤੇ ਬਣਾ ਕੇ ਉਨ੍ਹਾਂ ਸਬੰਧੀ ਸਮੱਗਰੀ ਦਰਜ ਕਰਨ ਲੱਗੇ। ਸਮੱਗਰੀ ਤੋਂ ਮੰਤਵ ਇਤਿਹਾਸ ਨਹੀਂ ਸੀ ਇਹ ਤਾਂ ਕੇਵਲ ਉਨ੍ਹਾਂ ਖ਼ਾਸ ਘਟਨਾਵਾਂ ਦੀਆਂ ਕੁਝ ਯਾਦਾਂ (Notes) ਹੁੰਦੀਆਂ ਸਨ ਜਿਨ੍ਹਾਂ ਨੂੰ ਉਹ ਆਪਣੇ ਜਜਮਾਨਾਂ ਨੂੰ ਸੁਣਾ ਕੇ ਉਨ੍ਹਾਂ ਦੇ ਜਜ਼ਬਾਤ ਟੁੰਬ ਸੱਕਣ ਅਤੇ ਕੇਵਲ ਹਵਾਲੇ ਲਈ ਸਮੇਂ ਸਿਰ ਝਟਾਪਟ ਪੜ੍ਹ ਕੇ ਵਰਤ ਸੱਕਣ। ਇਹ ਯਾਦਾਂ ਕਿਸੇ ਵਡੇਰੇ ਦੀ ਸੂਰਬੀਰਤਾ ਦਾ ਜੱਸ ਕਰਨ ਦਾ ਆਧਾਰ ਬਣਦੀਆਂ ਸਨ। ਇਸ ਦੇ ਨਾਲ ਹੀ ਉਹ ਪਰਵਾਰ ਵਿਚ ਜਨਮ ਲੈਣ ਵਾਲੇ ਬੱਚੇ ਦਾ ਮੁੱਢਲਾ ਹਾਲ ਵੀ ਬੰਸਾਵਲੀ ਵਿਚ ਲਿਖ ਲੈਂਦੇ ਅਰ ਵਧਾਈਆਂ ਲੈਂਦੇ।

ਇਥੇ ਇਹ ਧਿਆਨ ਰੱਖਣ ਯੋਗ ਹੈ ਕਿ ਮੁਸਲਮਾਨ ਸ਼ਾਹਾਂ ਅਤੇ ਅਮੀਰਾਂ ਆਦਿ ਦੇ ਪਾਸ ਅਜਿਹਾ ਹੀ ਕੰਮ ਕਰਨ ਵਾਲੇ ਮੁਸਲਮਾਨ ਮੀਰਾਸੀ ਹੋਇਆ ਕਰਦੇ ਸਨ ਜੋ ਦਰਬਾਰਾਂ ਵਿਚ ਉਨ੍ਹਾਂ ਦੇ ਖ਼ਾਨਦਾਨਾਂ ਦਾ ਸ਼ਜਰਾ ਅਰ ਸੋਭਾ ਸੁਣਾ ਕੇ ਵਧਾਈਆਂ ਲਿਆ ਕਰਦੇ ਸਨ ਪਰ, ਇਸਲਾਮੀ ਸਰਕਾਰਾਂ ਆ ਜਾਣ ਦੇ ਬਾਵਜੂਦ ਵੀ ਇਨ੍ਹਾਂ ਬ੍ਰਾਹਮਣ ਭੱਟਾਂ ਦਾ ਕਾਰਜ ਖੇਤਰ ਹਿੰਦੂ ਰਾਜੇ-ਰਾਣਿਆਂ ਅਤੇ ਪਰਜਾ ਤੱਕ ਹੀ ਸੀਮਤ ਰਿਹਾ। ਉਸ ਸਮੇਂ ਉੱਤਰੀ ਭਾਰਤ ਵਿਚ ਰਾਜਪੂਤਾਂ ਦੀਆਂ ਪੰਜ ਮੂੰਹੀਆਂ ਸਨ: ਚੌਹਾਨ, ਪੰਵਾਰ, ਰਾਠੌਰ, ਤੂਮਰ ਅਤੇ ਜਾਦੋ। ਭੱਟ ਵਧੇਰੇ ਇਨ੍ਹਾਂ ਦੇ ਹੀ ਪਰੋਹਤ ਸਨ ਅਰ ਇਨ੍ਹਾਂ ਦਾ ਹੀ ਜੱਸ ਗਾਉਂਦੇ ਮਿਲਦੇ ਹਨ।

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਸ਼ਖ਼ਸੀਅਤ ਨੇ ਆਮ ਪਰਜਾ ਦੇ ਨਾਲ ਇਨ੍ਹਾਂ ਰਾਜਸੀ ਘਰਾਨਿਆਂ ਅਤੇ ਇਨ੍ਹਾਂ ਦੇ ਨਿਕਟਵਰਤੀ ਆਗੂਆਂ ਨੂੰ ਵੀ ਆਪਣੇ ਵੱਲ ਖਿੱਚਿਆ। ਭੱਟਾਂ ਦੇ ਇਨ੍ਹਾਂ ਜਜਮਾਨ ਘਰਾਨਿਆਂ ਦੀ ਗੁਰੂ ਘਰ ਵੱਲ ਖਿੱਚ ਵੇਖ ਕੇ ਭੱਟਾਂ ਦਾ ਗੁਰੂ ਸ਼ਖ਼ਸੀਅਤ ਵੱਲ ਪ੍ਰੇਰੇ ਜਾਣਾ ਸੁਭਾਵਕ ਸੀ ਨਾਲੇ ਉਹ ਵੀ ਤਾਂ ਸਮਾਜ ਵਿਚ ਵਿਚਰਦੇ ਹੀ ਸਨ। ਭਾਈ ਗੁਰਦਾਸ ਜੀ ਦੇ ਅਨੁਸਾਰ ਸਿੱਖੀ ਮੰਡਲ ਵਿਚ ਇਨ੍ਹਾਂ ਦਾ ਪ੍ਰਵੇਸ਼ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਭੱਟ ਭਿੱਖਾ ਜੀ ਰਾਹੀਂ ਹੋਇਆ ਜੋ ਗੁਰੂ ਸ਼ਖ਼ਸੀਅਤ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਇਨ੍ਹਾਂ ਦੇ ਸਾਹਮਣੇ ਬਾਕੀ ਭੇਖੀਆਂ ਦਾ ਸਭ ਤਾਣਾ-ਬਾਣਾ ਫ਼ਿੱਕਾ ਲਗਿਆ।

**ਦਰਸਨ ਦੇਖਤ ਹੀ, ਸੁਧ ਕੀ ਨ ਸੁਧ ਰਹੀ,**
**ਬੁਧਿ ਕੀ ਨ ਬੁਧਿ ਰਹੀ, ਮਤਿ ਮੈਂ ਨ ਮਤਿ ਹੈ॥**
**ਕਬਿੱਤ ੨੫ਵਾਂ ਭਾਈ ਗੁਰਦਾਸ**

ਕੁਝ ਸਮੇਂ ਬਾਦ ਪੰਚਮ ਪਾਤਸ਼ਾਹ ਜੀ ਦੇ ਸਮੇਂ ਇਸੇ ਭੱਟ ਭਿੱਖਾ ਨੇ ਗੁਰੂ ਹਜ਼ੂਰੀ ਵਿਚ ਪ੍ਰਾਪਤ ਹੋਈ ਆਪਣੀ ਤ੍ਰਿਪਤੀ ਬਾਰੇ ਇਉਂ ਆਖਿਆ:

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥**
**ਬਰਸੁ ਏਕੁ ਹਉ ਫਿਰਿਓ**
**ਕਿਨੈ ਨਹੁ ਪਰਚਉ ਲਾਯਉ॥**
**ਕਹਤਿਅਹ ਕਹਤੀ ਸੁਣੀ**
**ਰਹਤ ਕੋ ਖੁਸੀ ਨ ਆਯਉ॥**
**ਹਰਿ ਨਾਮੁ ਛੋਡਿ ਦੂਜੈ ਲਗੇ**
**ਤਿਨ੍ ਕੇ ਗੁਣ ਹਉ ਕਿਆ ਕਹਉ॥**
**ਗੁਰੁ ਦਯਿ ਮਿਲਾਯਉ ਭਿਖਿਆ**
**ਜਿਵ ਤੂ ਰਖਹਿ ਤਿਵ ਰਹਉ॥੨॥੨੦॥**

ਗੁ. ਗ੍ਰੰ. ਸਾ. ਪੰਨਾ ੧੩੯੫

ਪਿੰਡ ਸੁਲਤਾਨਪੁਰ, ਤਹਿਸੀਲ ਲਾਡਵਾ ਜ਼ਿਲਾ ਕੁਰਕਸ਼ੇਤਰ ਦੇ ਨਿਵਾਸੀ ਭੱਟ ਭਗੀਰਥ ਦੀ ਬੰਸ ਵਿਚੋਂ ਭੱਟ ਰਈਆ ਦੇ ਛੇ ਪੁੱਤਰਾਂ (ਭਿੱਖਾ, ਸੇਖਾ, ਤੋਖਾ, ਗੋਖਾ, ਚੋਖਾ ਤੇ ਟੋਡਾ) ਵਿਚੋਂ ਆਪ ਸਭ ਤੋਂ ਵੱਡੇ ਸਨ। ਜਿਹੜੇ ਭੱਟ ਪੰਚਮ ਪਾਤਸ਼ਾਹ ਜੀ ਦੇ ਸਮੇਂ ਗੋਇੰਦਵਾਲ ਵਿਖੇ ੧੬੩੮ ਬਿਕਰਮੀ/੧੫੮੧ ਈਸਵੀ ਨੂੰ ਆਪ ਜੀ ਦੀ ਜਥੇਦਾਰੀ ਹੇਠ ਇੱਕਠੇ ਹੋ ਕੇ ਹਾਜ਼ਰ ਹੋਏ, ਉਨ੍ਹਾਂ ਵਿਚ ਤਿੰਨ (ਮਥਰਾ, ਜਾਲਪ ਅਤੇ ਕੀਰਤ) ਆਪ ਦੇ ਅਰ ਬਾਕੀ ਆਪ ਦੇ ਭਰਾਵਾਂ ਦੇ ਸਪੁੱਤਰ ਸਨ ਜਿਨ੍ਹਾਂ ਦੀ ਗੁਰੂ ਸ਼ਖ਼ਸੀਅਤ ਦੀ ਉਸਤਤਿ ਵਿਚ ਬਾਣੀ ਨੂੰ ਸਵਈਆਂ ਸਿਰਲੇਖ ਹੇਠ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਪੋਥੀ ਸਾਹਿਬ (ਗ੍ਰੰਥ ਸਾਹਿਬ) ਜੀ ਵਿਚ ਦਰਜ ਕੀਤਾ। ਮਥਰਾ ਜੀ ਅਰ ਜਾਲਪ ਜੀ ਦੇ ਸਵਈਆਂ ਤੋਂ ਇਲਾਵਾ ਭੱਟ ਕੀਰਤ ਜੀ ਦਾ ਇਹ ਸਵਈਆ ਸ਼ਾਇਦ ਹਰ ਸਿੱਖ ਨੂੰ ਜ਼ਬਾਨੀ ਯਾਦ ਹੋਵੇ:

**ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥**
**ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥**
**ਮਾਯਾ ਮੋਹ ਭਰਮ ਪੈ ਭੂਲੇ**
**ਸੁਤ ਦਾਰਾ ਸਿਉ ਪ੍ਰੀਤਿ ਲਗਾਈ॥**
**ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ**
**ਤਿਹ ਮਿਲੰਤ ਜਮ ਤ੍ਰਾਸ ਮਿਟਾਈ॥**
**ਇਕ ਅਰਦਾਸਿ ਭਾਟ ਕੀਰਤਿ ਕੀ**
**ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥**

ਗੁ.ਗ੍ਰੰ.ਸਾ. ਪੰਨਾ ੧੪੦੬

ਭੱਟ ਸਾਹਿਬਾਨ ਨੇ ਕਰਤਾਰ ਨੂੰ ਗੁਰੂ ਰੂਪ ਵਿਚ ਆਪ ਜਿਵੇਂ ਨੇੜੇ ਹੋ ਕੇ ਜਾਣਿਆ ਅਰ ਆਪਣੇ ਇਸ ਅਨੁਭਵ ਨੂੰ ਸਰਬ-ਸਾਂਝਾ ਕੀਤਾ ਹੈ, ਇਹ ਅਦੁੱਤੀ ਹੈ। ਗੁਰੂ ਦਰਬਾਰ ਵਿਚ ਆਇਆਂ ਉਨ੍ਹਾਂ ਦਾ ਪੀੜ੍ਹੀਆਂ ਤੋਂ ਬਣਿਆ ਹੋਇਆ ਮਨ ਅਜਿਹਾ ਗੁਰੂ ਸਮਰਪਤ ਹੋਇਆ ਕਿ ਭੱਟ ਮਥਰਾ ਅਤੇ ਭੱਟ ਕੀਰਤ ਜੀ ਨੇ ਛੇਵੇਂ ਪਾਤਸ਼ਾਹ ਜੀ ਦੀ ਫ਼ੌਜ ਵਿਚ ਅਗੇ ਹੋ ਕੇ ਸਮੇਂ ਦੇ ਜਾਬਰ ਹਾਕਮਾਂ ਵਿਰੁਧ ਜੂਝੇ ਅਰ ਸ਼ਹਾਦਤਾਂ ਪਾਈਆਂ। ਇਥੇ ਹੀ ਬੱਸ ਨਹੀਂ ਉਨ੍ਹਾਂ ਦੇ ਪੁੱਤਰ ਪੋਤਰਿਆਂ ਵੀ ਆਉਣ ਵਾਲੇ ਸਮੇਂ ਵਿਚ ਦ੍ਰਿੜਤਾ ਸਹਿਤ ਖਿੜੇ ਮੱਥੇ ਮੌਤ ਨੂੰ ਪ੍ਰਵਾਣ ਕੀਤਾ। ਇਹ ਸੀ ਗੁਰੂ ਮਿਲਾਪ ਦਾ ਜਲਾਲ ਜਿਸ ਨੇ ਅਮੀਰ ਲੋਕਾਂ ਦੀ ਉਸਤਤਿ ਕਰ ਕੇ ਜੀਵਨ ਨਿਰਬਾਹ ਤੋਰਨ ਵਾਲੇ ਸਾਧਾਰਨ ਬ੍ਰਾਹਮਣ ਭੱਟਾਂ ਨੂੰ ਇੰਨਾ ਅਣਖੀ ਬਣਾ ਦਿੱਤਾ ਕਿ ਉਹਨਾਂ ਸਮੇਂ ਦੀਆਂ ਸਰਕਾਰਾਂ ਨਾਲ ਟਕਰ ਲੈਂਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ ਅਰ ਸਿੱਖ ਹਿਰਦਿਆਂ ਦੇ ਰੌਸ਼ਨ ਮੁਨਾਰੇ ਬਣ ਗਏ। ਗੁਰੂ ਦਰਬਾਰ ਵਿਚ ਆ ਕੇ ਇਨ੍ਹਾਂ ਨੇ ਪੰਜਵੇਂ



ਗੁਰੂ ਪਾਤਸ਼ਾਹ ਤੋਂ ਲੇ ਕੇ ਦਸਵੇਂ ਗੁਰੂ ਪਾਤਸ਼ਾਹ ਤੱਕ ਹੀ ਕਲਮੀ ਸੇਵਾ ਨਹੀਂ ਨਿਭਾਈ ਸਗੋਂ ਦਸਮ ਪਾਤਸ਼ਾਹ ਜੀ ਦੇ ਚਲੇ ਜਾਣ ਦੇ ਬਾਦ ਵੀ ਅਠਾਰਵੀਂ ਸਦੀ ਦੇ ਬਹੁਤ ਭੀੜਾਂ ਵਾਲੇ ਸਮੇਂ ਵਿਚ ਵੀ ਇਹ ਸਿਖ ਸੂਰਬੀਰਾਂ ਘਰਾਣਿਆਂ ਦੇ ਨਾਲ ਜੁੜੇ ਰਹੇ। ਇਹ ਗੱਲ ਵੱਖ ਹੈ ਕਿ ਇਨ੍ਹਾਂ ਦੀ ਕਲਮੀ ਸੇਵਾ ਪਹਿਲਾਂ ਵਾਂਗ ਲੰਡਿਆਂ ਜਾਂ ਭਟ-ਅਖਰੀ ਵਿਚ ਹੋਣ ਕਰ ਕੇ ਅਜੋਕੀ ਸਿੱਖ ਦ੍ਰਿਸ਼ਟੀ ਤੋਂ ਓਹਲੇ ਰਹੀ। ਗੁਰੂ ਘਰ ਵਿਚ ਆਉਣ ਵਾਲਿਆਂ ਤੋਂ ਇਲਾਵਾ ਵੀ ਹੋਰ ਭੱਟ ਸਨ ਜਿਨ੍ਹਾਂ ਨੇ ਜੀਵਨ ਨਿਰਬਾਹ ਲਈ ਆਪਣਾ ਪਿਤਾ-ਪੁਰਖੀ ਕੰਮ ਜਾਰੀ ਰੱਖਿਆ। ਭੱਟ ਵਹੀ ਮੁਲਤਾਨੀ ਸਿੰਧੀ, ਭੱਟ ਵਹੀ ਤਲਉਂਢਾ, ਭੱਟ ਵਹੀ ਕਰਸਿੰਧੂ, ਭੱਟ ਵਹੀ ਭਾਦਸੋਂ, ਭੱਟ ਵਹੀ ਪੂਰਬੀ ਦੱਖਣੀ, ਭੱਟ ਵਹੀ ਜਾਦੋ ਬੰਸੀਆਂ ਕੀ। ਪਦਮ ਜੀ ਲਿਖਦੇ ਹਨ:

ਕਰਸਿੰਧੁ ਪਰਗਣਾ ਸਫ਼ੈਦੋਂ (ਜ਼ਿਲਾ ਜੀਂਦ) ਨਿਵਾਸੀ ਭਾਈ ਸੰਤ ਸਿੰਘ ਦੱਸਦਾ ਸੀ ਕਿ ਸਾਡੇ ਪਾਸ ੨੦ ਮਣ ਤੋਂ ਉੱਤੇ ਵਹੀਆਂ ਹਨ। ਇਕ ਮੋਹਰਾਂ ਵਾਲੀ ਵਹੀ ਐਸੀ ਹੈ, ਜਿਸ ਵਿਚ ਪੰਜਾਬ ਬਾਰੇ ਬੜੀ ਅਮੋਲਕ ਸਮੱਗਰੀ ਸੰਚਿਤ ਹੈ। ਇਸੇ ਤਰ੍ਹਾਂ ਦੀ ਭੱਟ ਵਹੀ ਮੁਲਤਾਨੀ ਸਿੰਧੀ ਹੈ'। (ਗੁਰੂ ਕੀਆਂ ਸਾਖੀਆਂ ਪੰਨਾ ੧੩)


ਇਨ੍ਹਾਂ ਸਾਰੀਆਂ ਵਹੀਆਂ ਵਿਚ ਜਿਵੇਂ ਅਸੀਂ ਪਹਿਲਾਂ ਲਿਖ ਆਏ ਹਾਂ, ਭੱਟਾਂ ਦੇ ਸੰਪਰਕ ਵਾਲੇ ਪੰਜਾਬ ਦੇ ਘਰਾਣਿਆਂ ਤੋਂ ਇਲਾਵਾ ਗੁਰੂ-ਘਰ ਦੀਆਂ ਕੁਝ ਖ਼ਾਸ ਘਟਨਾਵਾਂ ਦੀਆਂ ਯਾਦਾਂ ਅਤੇ ਉਨ੍ਹਾਂ ਦੇ ਵੇਰਵੇ ਦਰਜ ਸਨ ਪਰ, ਇਹ ਸਭ ਭੱਟ-ਅੱਖਰੀ ਵਿਚ ਸਨ। ਕਰਤਾਰ ਨੇ ਕਿਰਪਾ ਕੀਤੀ ਕਿ ਭੱਟ ਭਿਖਾ ਜੀ ਜਿਨ੍ਹਾਂ ਦਾ ਜ਼ਿਕਰ ਅਸੀਂ ਉੱਪਰ ਕਰ ਚੁੱਕੇ ਹਾਂ, ਉਨ੍ਹਾਂ ਦੇ ਕੌਸ਼ਿਸ਼ ਪ੍ਰਵਾਰ ਵਿਚ ਪਿੰਡ ਭਾਦਸੋਂ ਜ਼ਿਲਾ ਕੁਰਕਸ਼ੇਤਰ ਵਿਚ ਭੱਟ ਕੇਸਰ ਸਿੰਘ ਜੀ ਦੇ ਘਰ ਸਵਰੂਪ/ਸਰੂਪ ਸਿੰਘ ਅਰ ਸੇਵਾ ਸਿੰਘ ਸਪੁੱਤਰਾਂ ਜਨਮ ਲਿਆ। ਭਾਈ ਸਰੂਪ ਸਿੰਘ ਨੇ ਆਪਣੇ ਵਡੇਰਿਆਂ ਦੀਆਂ ਵਹੀਆਂ ਵਿਚੋਂ ਭਾਰੀ ਮਿਹਨਤ ਨਾਲ ਗੁਰੂ ਘਰ ਨਾਲ ਸਬੰਧਤ ਇੰਦਰਾਜਾਂ ਨੂੰ ਤਰਤੀਬ ਦੇ ਕੇ 'ਗੁਰੂ ਕੀਆਂ ਸਾਖੀਆਂ' ਨਾਂ ਦੀ ਇਤਿਹਾਸਕ ਪੁਸਤਕ ੧੭੯੦ ਈਸਵੀ ਨੂੰ ਲਿਖੀ ਅਰ ਛੋਟੇ ਭਰਾ ਭਾਈ ਸੇਵਾ ਸਿੰਘ ਨੇ ੧੮੦੩ ਈਸਵੀ ਦੇ ਨੇੜੇ ਭੱਟ ਵਹੀਆਂ ਦੇ ਆਧਾਰ 'ਤੇ ਹੀ ਭਾਈ ਮਨੀ ਸਿੰਘ ਜੀ ਦੀ ਜੀਵਨੀ 'ਤੇ ਸ਼ਹੀਦ ਬਿਲਾਸ ਲਿਖਿਆ। ਦੋਵੇਂ ਭਰਾਵਾਂ ਨੇ ਇਹ ਦੋਵੇਂ ਪੁਸਤਕਾਂ ਖ਼ਾਨਦਾਨੀ ਰਵਾਇਤ ਅਨੁਸਾਰ ਭੱਟ-ਅਖਰੀ ਲਿਪੀ ਵਿਚ ਹੀ ਲਿਖੀਆਂ।

ਬਾਕੀ ਹਿਸਾ ਸਫਾ 32 'ਤੇ ਪੜ੍ਹੋ

# ਖਾਲਸਾ ਰਾਜ ਲਈ ਪ੍ਰੀਤ ਰਖਣ ਵਾਲੇ ਦਲ ਖਾਲਸਾ ਦੇ ਬਾਨੀ ਗਜਿੰਦਰ ਸਿੰਘ ਦਾ ਲਾਹੌਰ ਵਿਚ ਦਿਹਾਂਤ

## ਗੁਰੂ ਗ੍ਰੰਥ ਸਾਹਿਬ, ਖਾਲਸਾ ਰਾਜ,ਖਾਲਸਾ ਪੰਥ ਨਾਲ ਆਪਣੀ ਪ੍ਰੀਤ ਨਿਭਾ ਗਏ ਭਾਈ ਸਾਹਿਬ-ਰਜਿੰਦਰ ਸਿੰਘ ਪੁਰੇਵਾਲ

ਦਲ ਖ਼ਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਬੀਤੇ ਵੀਰਵਾਰ ਲਾਹੌਰ ਦੇ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਦਿਲ ਦਾ ਦੌਰਾ ਪੈਣ ਕਾਰਨ ਇਲਾਜ ਲਈ ਲਾਹੌਰ ਦੇ ਹਸਪਤਾਲ ਵਿੱਚ ਦਾਖਲ ਕੀਤਾ ਸੀ। ਭਾਈ ਗਜਿੰਦਰ ਸਿੰਘ ਤੰਦਰੁਸਤ ਹੋ ਰਹੇ ਸਨ ਕਿ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋਣ ਬਾਅਦ ਹਸਪਤਾਲ ਵਿੱਚ ਉਨ੍ਹਾਂ ਨੂੰ ਵੈਨਟੀਲੇਟਰ ਤੇ ਰੱਖਿਆ ਗਿਆ ਸੀ। ਜਿਸ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਲਾਹੌਰ ਵਿਚ ਉਨ੍ਹਾਂ ਦਾ ਸਸਕਾਰ ਹੋਇਆ ਜਿਥੇ ਉਨ੍ਹਾਂ ਦੀ ਬੇਟੀ ਬਿਕਰਮਜੀਤ ਕੌਰ ਤੇ ਜਵਾਈ ਗੁਰਪ੍ਰੀਤ ਸਿੰਘ ਪਹੁੰਚੇ ਸਨ।ਅੰਤਮ ਅਰਦਾਸ ਨਨਕਾਣਾ ਸਾਹਿਬ ਹੋਵੇਗੀ।



ਜ਼ਿਕਰਯੋਗ ਹੈ ਕਿ ਭਾਈ ਗਜਿੰਦਰ ਸਿੰਘ 29 ਸਤੰਬਰ 1981 ਵਿੱਚ ਦਲ ਖ਼ਾਲਸਾ ਦੇ ਮੈਂਬਰਾਂ ਨਾਲ ਗਿਆਨੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਰੋਸ ਵਿੱਚ ਏਅਰ ਇੰਡੀਆ ਦਾ ਜਹਾਜ਼ ਅਗਵਾ ਕਰ ਕੇ ਲਾਹੌਰ ਲੈ ਗਏ ਸਨ, ਜਿੱਥੇ ਉਨ੍ਹਾਂ ਅਤੇ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।ਦਲ ਖਾਲਸਾ ਦੇ ਦਾਅਵੇ ਮੁਤਾਬਕ ਗਜਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਵਾਰਦਾਤ ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਪੰਜਾਬ ਪੁਲਿਸ ਦੀ ਹਿਰਾਸਤ ਵਿੱਚੋਂ ਰਿਹਾਅ ਕਰਵਾਉਣ ਅਤੇ ਖਾਲਿਸਤਾਨ ਲਹਿਰ ਨੂੰ ਕੌਮਾਂਤਰੀ ਪੱਧਰ ਉੱਤੇ ਉਭਾਰਨ ਲਈ ਅੰਜਾਮ ਦਿੱਤੀ ਸੀ।ਉਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ 20 ਸਤੰਬਰ 1982 ਨੂੰ ਮੀਡੀਆ ਅਦਾਰੇ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਲਾਲ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਦਲ ਖਾਲਸਾ ਮੁਤਾਬਕ ਭਾਈ ਗਜਿੰਦਰ ਸਿੰਘ ਨਾਲ ਜਹਾਜ਼ ਅਗਵਾ ਕਰਨ ਵਾਲੇ ਦੂਜੇ ਵਿਅਕਤੀਆਂ ਵਿੱਚ ਭਾਈ ਸਤਿਨਾਮ ਸਿੰਘ,ਭਾਈ ਤੇਜਿੰਦਰ ਪਾਲ ਸਿੰਘ, ਭਾਈ ਜਸਬੀਰ ਸਿੰਘ, ਭਾਈ ਕਰਨ ਸਿੰਘ ਸ਼ਾਮਲ ਸਨ।ਉਹ ਅਗਵਾ ਕਰਕੇ ਇਸ ਨੂੰ ਪਾਕਿਸਤਾਨ ਲੈ ਗਏ ਸਨ, ਜਿੱਥੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।ਇਨ੍ਹਾਂ ਨੂੰ ਇੱਥੇ 14 ਸਾਲ ਕੈਦ ਦੀ ਸਜ਼ਾ ਹੋਈ ਸੀ ਅਤੇ ਇਨ੍ਹਾਂ ਪੰਜਾਂ ਨੇ ਪੂਰੀ ਕੈਦ ਕੱਟੀ ਅਤੇ ਨਵੰਬਰ 1994 ਵਿੱਚ ਰਿਹਾਅ ਹੋਏ ਸਨ।ਸਤਿਨਾਮ ਸਿੰਘ ਅਤੇ ਤੇਜਇੰਦਰਪਾਲ ਸਿੰਘ ਦੋਵੇਂ 1999 ਵਿੱਚ ਕ੍ਰਮਵਾਰ ਅਮਰੀਕਾ ਅਤੇ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਭਾਰਤ ਆ ਗਏ ਸਨ।ਜਸਬੀਰ ਸਿੰਘ ਅਤੇ ਕਰਨ ਸਿੰਘ ਦੋਵੇਂ ਸਵਿੱਟਜਰਲੈਂਡ ਚਲੇ ਗਏ ਸਨ, ਜਿੱਥੇ ਉਨ੍ਹਾਂ ਨੂੰ ਸਿਆਸੀ ਸ਼ਰਨ ਮਿਲ ਚੁੱਕੀ ਹੈ।

13 ਸਾਲ 4 ਮਹੀਨੇ ਦੀ ਕੈਦ ਤੋਂ ਬਾਅਦ, ਭਾਈ ਗਜਿੰਦਰ ਸਿੰਘ ਨੇ ਪਾਕਿਸਤਾਨ ਵਿੱਚ ਹੀ ਰਹਿਣ ਦਾ ਮਨ ਬਣਾ ਲਿਆ ਸੀ।

ਗਜਿੰਦਰ ਸਿੰਘ ਨੇ ਸਜ਼ਾ ਪੂਰੀ ਕਰਨ ਤੋਂ ਬਾਅਦ 1996 ਵਿੱਚ ਜਰਮਨੀ ਜਾਣ ਦੀ ਕੋਸ਼ਿਸ਼ ਕੀਤੀ, ਪਰ ਭਾਰਤ ਸਰਕਾਰ ਦੇ ਇਤਰਾਜ਼ ਕਾਰਨ ਜਰਮਨ ਸਰਕਾਰ ਨੇ ਉਨ੍ਹਾਂ ਨੂੰ ਮੁਲਕ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਜਰਮਨੀ ਦੇ ਹਵਾਈ ਅੱਡੇ ਤੋਂ ਉਨ੍ਹਾਂ ਨੂੰ ਵਾਪਸ ਪਾਕਿਸਤਾਨ ਭੇਜ ਦਿੱਤਾ ਗਿਆ ਸੀ। ਹਾਲਾਂਕਿ ਇਸ ਦੀ ਅਧਿਕਾਰਤ ਪੁਸ਼ਟੀ ਨਾ ਹੀ ਦਲ ਖਾਲਸਾ ਨੇ ਅਤੇ ਨਾ ਹੀ ਪਾਕਿਸਤਾਨ ਸਰਕਾਰ ਨੇ ਕੀਤੀ ਸੀ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਦੱਸਦੇ ਹਨ ਕਿ ਭਾਰਤੀ ਸੰਸਦ ਉੱਤੇ ਜਿਹਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਜਨਵਰੀ 2002 ਵਿੱਚ ਜਦੋਂ ਭਾਈ ਗਜਿੰਦਰ ਸਿੰਘ ਦਾ ਨਾਮ ਮੋਸਟ ਵਾਂਟਡ ਲਿਸਟ ਵਿੱਚ ਪਾਇਆ ਸੀ ਤਾਂ ਦਲ ਖਾਲਸਾ ਵੱਲੋਂ ਸਖ਼ਤ ਇਤਰਾਜ਼ ਜਿਤਾਇਆ ਗਿਆ।''

ਦਲ ਖ਼ਾਲਸਾ ਨੇ ਭਾਰਤ ਸਰਕਾਰ ਦੇ ਤਤਕਾਲੀ ਗ੍ਰਿਹ ਮੰਤਰੀ ਲਾਲ ਕਿਸ਼ਨ



ਭਾਈ ਗਜਿੰਦਰ ਸਿੰਘ

ਅਡਵਾਨੀ ਨੂੰ ਫਰਵਰੀ 2002 ਵਿੱਚ ਖ਼ਤ ਲਿਖ ਕੇ ਗਜਿੰਦਰ ਸਿੰਘ ਦਾ ਨਾਂ ਮੋਸਟ ਵਾਂਟੇਡ ਸੂਚੀ ਵਿੱਚੋਂ ਹਟਾਉਣ ਦੀ ਮੰਗ ਕੀਤੀ ਸੀ।

ਦਲ ਖਾਲਸਾ ਨੇ ਯੂਐੱਨਓ ਨੂੰ ਵੀ ਪੱਤਰ ਲਿਖ ਕੇ ਭਾਰਤ ਸਰਕਾਰ ਦੇ ਗਲਤ ਫ਼ੈਸਲੇ ਉੱਤੇ ਇਤਰਾਜ਼ ਜਤਾਇਆ ਸੀ।

ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਲਿਖਿਆ ਸੀ, ਗਜਿੰਦਰ ਸਿੰਘ ਹਵਾਈ ਜਹਾਜ਼ ਅਗਵਾ ਕੇਸ ਵਿੱਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ।ਉਨ੍ਹਾਂ ਨੇ ਇਸ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਖਾੜਕੂ ਗਤੀਵਿਧੀ ਵਿੱਚ ਸ਼ਮੂਲੀਅਤ ਨਹੀਂ ਕੀਤੀ।'ਉਨ੍ਹਾਂ ਖਿਲਾਫ਼ ਭਾਰਤ ਵਿੱਚ ਕੋਈ ਬਕਾਇਆ ਕੇਸ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਅੱਤਵਾਦੀ ਵਜੋਂ ਪ੍ਰਚਾਰਨਾ ਘੋਰ ਇਤਰਾਜ਼ਯੋਗ ਸੀ। ਸੁਆਲ ਇਹ ਹੈ ਕਿ ਉਸਦੇ ਵਿਚਾਰਾਂ ਤੋਂ ਭਾਰਤੀ ਸਟੇਟ ਨੂੰ ਡਰ ਕਿਉਂ ਸੀ?''


ਭਾਈ ਕੰਵਰਪਾਲ ਅੱਗੇ ਦੱਸਦੇ ਹਨ ਕਿ ਭਾਰਤ ਸਰਕਾਰ ਨੇ ਇਸ ਪੱਤਰ ਦਾ ਜਵਾਬ ਨਹੀਂ ਸੀ ਦਿੱਤਾ ਪਰ 2008 ਅਤੇ 2009 ਵਿੱਚ ਜਾਰੀ ਦੂਜੀ ਤੇ ਤੀਜੀ ਲਿਸਟ ਵਿੱਚ ਉਨ੍ਹਾਂ ਦਾ ਨਾਮ ਨਹੀਂ ਪਾਇਆ ਗਿਆ ਸੀ।

ਕੰਵਰਪਾਲ ਦਾਅਵਾ ਕਰਦੇ ਹਨ ਕਿ ਗਜਿੰਦਰ ਸਿੰਘ ਇਸ ਸਮੇਂ ਪੂਰੀ ਤਰ੍ਹਾਂ ਅਜ਼ਾਦ ਸ਼ਖ਼ਸ਼ੀਅਤ ਹਨ। ਉਹ ਕਿਸੇ ਵੀ ਲੋੜੀਂਦੀ ਸੂਚੀ ਵਿੱਚ ਸ਼ਾਮਲ ਨਹੀਂ ਹਨ।


**ਭਾਈ ਸਾਹਿਬ ਦਾ ਪਿਛੋਕੜ**

ਗਜਿੰਦਰ ਸਿੰਘ ਚੰਡੀਗੜ੍ਹ ਵਿੱਚ ਰਹਿੰਦੇ ਸਨ ਅਤੇ ਸ਼ੁਰੂਆਤੀ ਦਿਨਾਂ ਵਿਚ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਰਗਰਮ ਮੈਂਬਰ ਸਨ।1971 ਵਿੱਚ ਉਨ੍ਹਾਂ ਨੇ ਚੰਡੀਗੜ੍ਹ-ਅੰਬਾਲਾ ਰੋਡ ਉੱਤੇ ਡੇਰਾਬਸੀ ਵਿੱਚ ਹੋਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਰੈਲੀ ਦੌਰਾਨ ਨਾਅਰੇਬਾਜ਼ੀ ਕੀਤੀ ਸੀ।ਅਚਾਨਕ ਹੀ ਉਹ ਵੱਖਰੇ ਸਿੱਖ ਰਾਜ ਦੀ ਮੰਗ ਕਰਨ ਵਾਲੀ ਵਿਚਾਰਧਾਰਾ ਨਾਲ ਜੁੜ ਗਏ ਅਤੇ ਉਨ੍ਹਾਂ ਆਪਣੇ 5 ਸਾਥੀਆਂ ਨਾਲ ਜਹਾਜ਼ ਅਗਵਾ ਕਰ ਲਿਆ।

ਬਾਕੀ ਹਿਸਾ ਸਫਾ 32 'ਤੇ ਪੜ੍ਹੋ



ਸ: ਗਜਿੰਦਰ ਸਿੰਘ ਦੀ ਧਰਮ ਪਤਨੀ ਮਨਜੀਤ ਕੌਰ ਅਤੇ ਬੇਟੀ ਬਿਕਰਮਜੀਤ ਕੌਰ ਲਾਹੌਰ ਜੇਲ੍ਹ ਵਿੱਚ ਮੁਲਾਕਾਤ ਸਮੇਂ



ਸ: ਗਜਿੰਦਰ ਸਿੰਘ ਦੇ ਧੀ-ਜਵਾਈ

# ਭਾਈ ਗਜਿੰਦਰ ਸਿੰਘ

*31 ਸਫੇ ਦੀ ਬਾਕੀ*

ਇਹੀ ਉਨ੍ਹਾਂ ਦੀ ਜਿੰਦਗੀ ਦਾ ਪ੍ਰਮੁੱਖ ਐਕਸ਼ਨ ਸੀ।ਗਜਿੰਦਰ ਸਿੰਘ ਭਾਵੇਂ ਆਪ ਜਰਮਨੀ ਦਾਖ਼ਲ ਨਹੀਂ ਹੋ ਸਕੇ ਸਨ, ਪਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਪਤਨੀ ਮਨਜੀਤ ਕੌਰ ਅਤੇ ਬੇਟੀ ਬਿਕਰਮਜੀਤ ਕੌਰ ਉੱਥੇ ਹੀ ਰਹਿੰਦੇ ਸਨ।2018 ਵਿੱਚ ਉਨ੍ਹਾਂ ਦੀ ਪਤਨੀ ਮਨਜੀਤ ਕੌਰ ਦੀ ਇਲਾਜ ਅਧੀਨ ਜਰਮਨ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ ਸੀ। ਅਤੇ ਬੇਟੀ ਬਿਕਰਮਜੀਤ ਕੌਰ ਦਾ ਅਨੰਦ ਕਾਰਜ ਗੁਰਪ੍ਰੀਤ ਸਿੰਘ ਨਾਲ ਹੋ ਚੁੱਕਿਆ ਹੈ।ਉਹ ਆਪਣੀ ਪਤਨੀ ਦੇ ਸਸਕਾਰ ਅਤੇ ਬੇਟੀ ਦੇ ਵਿਆਹ ਮੌਕੇ ਜਰਮਨੀ ਨਹੀਂ ਜਾ ਸਕੇ ਸਨ।

**ਪੰਥਕ ਆਗੂਆਂ ਵਲੋਂ ਸਰਧਾਂਜਲੀ**

ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਸੀਨੀਅਰ ਪੱਤਰਕਾਰ ਆਖਦੇ ਹਨ ਕਿ ਖਾਲਿਸਤਾਨ ਉਸ ਦੀ ਪ੍ਰੀਤ ਸੀ। ਖਾਲਿਸਤਾਨ ਉਸ ਦਾ ਇਸ਼ਕ ਸੀ। ਖਾਲਿਸਤਾਨ ਉਸਦੀ ਮੰਜ਼ਿਲ ਸੀ। ਖਾਲਿਸਤਾਨ ਉਸਦਾ ਸਫਰ ਸੀ। ਆਪਣੀ ਜਦੋਜਹਿਦ ਦੌਰਾਨ ਕੰਡਿਆਲਿਆ ਰਾਹਾਂ ਉੱਤੇ ਸਫਰ ਕਰਦਿਆਂ ਉਹ ਇੱਕ ਪਲ ਲਈ ਵੀ ਆਪਣੀ ਮੰਜ਼ਿਲ ਤੋਂ ਨਾ ਕਦੇ ਡੋਲਿਆ, ਨਾ ਕਦੇ ਭਟਕਿਆ ,ਨਾ ਕਦੇ ਦੁਚਿੱਤੀ ਵਿੱਚ ਪਿਆ, ਨਾ ਕਦੇ ਸ਼ਬਦਾਂ ਨੂੰ ਘੁਮਾ ਕੇ ਕਦੇ ਇਧਰ ਕੀਤਾ ਤੇ ਕਦੇ ਉਧਰ ਵੱਲ ਕੀਤਾ।ਉਹ ਅੰਤ ਤੱਕ ਨਿਰਮਲ ਪਾਣੀਆਂ ਨਿਰਮਲ ਰਹਿ ਕੇ ਇਸ ਸੰਸਾਰ ਤੋਂ ਵਿਦਾ ਹੋਇਆ। ਕਰਮਜੀਤ ਸਿੰਘ ਆਖਦੇ ਹਨ ਕਿ ਉਹ ਘੜੀ ਦੂਰ ਨਹੀਂ ਜਦੋਂ ਖਾਲਸਾ ਪੰਥ ਸਿਲੀਆਂ ਅੱਖਾਂ ਨਾਲ ਉਸ ਨੂੰ ਇਵੇਂ ਯਾਦ ਕਰੇਗਾ, ਜਿਵੇਂ ਕਦੇ ਰੂਸ ਦੇ ਸ਼ਾਇਰ ਪੁਸ਼ਕਿਨ ਨੇ ਦੂਰ ਦੁਰਾਡੇ ਬਰਫੀਲੀਆਂ ਵਾਦੀਆਂ ਵਿੱਚ ਕੈਦ ਭੁਗਤ ਰਹੇ ਦਸੰਬਰ ਦੇ ਜਲਾਵਤਨ ਇਨਕਲਾਬੀਆਂ ਨੂੰ ਆਪਣੀ ਸ਼ਰਧਾਂਜਲੀ ਵਿੱਚ ਯਾਦ ਕੀਤਾ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿੱਚ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਆਪਣੇ ਜੀਵਨ ਦਾ ਵੱਡਾ ਹਿੱਸਾ ਪੰਥ ਦੇ ਲੇਖੇ ਲਾਉਣ ਕਰਕੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭਾਈ ਗਜਿੰਦਰ ਸਿੰਘ ਨੂੰ ਅਗਸਤ 2020 ਵਿਚ 'ਜਲਾਵਤਨੀ ਸਿੱਖ ਯੋਧਾ' ਦੇ ਖਿਤਾਬ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਪੰਥਕ ਸੋਚ ਤੇ ਜਜ਼ਬੇ ਵਾਲੇ, ਉੱਚੇ-ਸੁੱਚੇ ਜੀਵਨ ਦੇ ਧਾਰਨੀ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਵੀ ਪੰਥ ਦੇ ਦਰਦ ਅਤੇ ਹੱਕ-ਹਕੂਕਾਂ ਦੀ ਆਵਾਜ਼ ਨੂੰ ਹਮੇਸ਼ਾ ਜ਼ਿੰਦਾ ਰੱਖਣ ਦਾ ਯਤਨ ਕੀਤਾ। ਉਨ੍ਹਾਂ ਕਿਹਾ ਕਿ ਜਲਾਵਤਨੀ ਦੌਰਾਨ ਹੀ ਭਾਈ ਗਜਿੰਦਰ ਸਿੰਘ ਦੀ ਧਰਮ ਪਤਨੀ ਵੀ ਕੁਝ ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਪੰਥਕ ਸੰਘਰਸ਼ ਦੌਰਾਨ ਆਪਣੇ ਜੀਵਨ ਅਤੇ ਪਰਿਵਾਰ ਦੇ ਵੱਡੇ ਘਾਟੇ ਸਹਿੰਦਿਆਂ ਵੀ ਭਾਈ ਗਜਿੰਦਰ ਸਿੰਘ ਨੇ ਕਦੇ ਆਪਣੇ ਸਿਧਾਂਤਾਂ ਅਤੇ ਪੰਥਕ ਸੰਘਰਸ਼ ਪ੍ਰਤੀ ਵਚਨਬੱਧਤਾ ਨਾਲ ਸਮਝੌਤਾ ਨਹੀਂ ਕੀਤਾ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਭਾਈ ਗਜਿੰਦਰ ਸਿੰਘ ਦੀ ਪੰਥ ਲਈ ਕੁਰਬਾਨੀ ਆਪਣੇ ਆਪ ਵਿਚ ਮਿਸਾਲ ਹੈ ਅਤੇ ਉਨ੍ਹਾਂ ਦਾ ਅਕਾਲ ਚਲਾਣਾ ਨਾ-ਸਿਰਫ ਪਰਿਵਾਰ ਸਗੋਂ ਪੰਥ ਲਈ ਵੀ ਵੱਡਾ ਘਾਟਾ ਹੈ। ਉਨ੍ਹਾਂ ਨੇ ਭਾਈ ਗਜਿੰਦਰ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ।

ਦਲ ਖਾਲਸਾ ਜਥੇਬੰਦੀ ਦੇ ਬਾਨੀ ਮੁਖੀ ਭਾਈ ਗਜਿੰਦਰ ਸਿੰਘ ਦੇ ਪਾਕਿਸਤਾਨ ਵਿਚ ਅਕਾਲ ਚਲਾਣਾ ਕਰ ਜਾਣ ਉੱਤੇ ਸਨੇਹਾ ਜਾਰੀ ਕਰਦਿਆਂ ਪੰਥ ਸੇਵਕ ਸਖਸ਼ੀਅਤ ਭਾਈ ਦਲਜੀਤ ਸਿੰਘ ਨੇ ਕਿਹਾ ਹੈ ਕਿ ਖਾਲਸਾ ਪੰਥ ਲਈ ਇਹ ਗੱਲ ਤਸੱਲੀ ਦਾ ਸਬੱਬ ਹੈ ਕਿ ਖਾਲਿਸਤਾਨ ਦੀ ਅਜ਼ਾਦੀ ਦੇ ਜਿਸ ਅਕੀਦੇ ਲਈ ਭਾਈ ਗਜਿੰਦਰ ਸਿੰਘ ਨੇ ਸੰਘਰਸ਼ ਵਿਚ ਪੈਰ ਰੱਖਿਆ ਸੀ ਉਸ ਉੱਤੇ ਉਹ ਆਖਰੀ ਸਾਹਾਂ ਤੱਕ ਨਿਭੇ।ਭਾਈ ਦਲਜੀਤ ਸਿੰਘ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਦੀ ਸਿੰਘਣੀ ਗੁਰਪੁਰਵਾਸੀ ਬੀਬੀ ਮਨਜੀਤ ਕੌਰ ਸਮੇਤ ਸਮੁੱਚਾ ਪਰਿਵਾਰ ਸੰਘਰਸ਼ ਨੂੰ ਸਮਰਪਿਤ ਰਿਹਾ ਅਤੇ ਉਹਨਾ ਹਰ ਕਸ਼ਟ ਦਾ ਖਿੜੇ ਮੱਥੇ ਸਾਹਮਣਾ ਕੀਤਾ ਅਤੇ ਇੰਨੇ ਲੰਮੇ ਅਰਸੇ ਦੌਰਾਨ ਗੁਰੂ ਖਾਲਸਾ ਪੰਥ ਦੀ ਸੇਵਾ ਤੇ ਸੰਘਰਸ਼ ਦੇ ਆਸ਼ੇ ਉੱਤੇ ਅਡੋਲ ਰਹਿੰਦਿਆਂ ਪਹਿਰਾ ਦਿੱਤਾ।

ਉਨ੍ਹਾਂ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਆਪਣੇ ਬੰਦੀ ਤੇ ਜਲਾਵਤਨੀ ਦੇ ਜੀਵਨ ਦੌਰਾਨ ਕਲਮ ਰਾਹੀਂ ਸੰਘਰਸ਼ ਵਿਚ ਯੋਗਦਾਨ ਪਾਉਂਦੇ ਰਹੇ ਤੇ ਉਨ੍ਹਾਂ ਦਾ ਇਹ ਉੱਦਮ ਆਖਰੀ ਸਮੇਂ ਤੱਕ ਵੀ ਜਾਰੀ ਰਿਹਾ। ਭਾਈ ਗਜਿੰਦਰ ਸਿੰਘ ਦਾ ਜੀਵਨ ਸੰਘਰਸ਼ ਦਾ ਰਾਹ ਅਖਤਿਆਰ ਕਰਨ ਵਾਲੇ ਨੌਜਵਾਨਾਂ ਅਤੇ ਅਗਲੀਆਂ ਪੀੜ੍ਹੀਆ ਲਈ ਪ੍ਰੇਰਨਾ ਦਾ ਸਰੋਤ ਰਹੇਗਾ।

ਮੈਨੂੰ ਯਾਦ ਹੈ ਕਿ ਕਾਫੀ ਸਮਾਂ ਪਹਿਲਾਂ ਮੈਂ ਸਤਿਗੁਰੂ ਨਾਨਕ ਜੀ ਦੇ ਪ੍ਰਕਾਸ਼ ਉਤਸਵ ਉਪਰ ਨਨਕਾਣਾ ਸਾਹਿਬ ਗਿਆ ਸੀ ,ਉਥੇ ਗਜਿੰਦਰ ਸਿੰਘ ਮਿਲੇ ਸਨ।ਪੰਜਾਬ ਟਾਈਮਜ਼ ਵਿਚ ਉਹ ਪਹਿਲਾਂ ਹੀ ਆਪਣੀਆਂ ਲਿਖਤਾਂ ਕਵਿਤਾਵਾਂ ਤੇ ਲੇਖ ਭੇਜਦੇ ਰਹੇ ਹਨ।ਇਥੇ ਉਨ੍ਹਾਂ ਨਾਲ ਇੰਟਰਵਿਊ ਵੀ ਕੀਤੀ ਗਈ।ਉਹ ਕਹਿੰਦੇ ਸਨ ਕਿ ਖਾਲਸਾ ਰਾਜ ਵਰਲਡ ਦਾ ਸਭ ਤੋਂ ਖੂਬਸੂਰਤ ਰਾਜਨੀਤਕ ਮਾਡਲ ਹੈ ,ਜਿਸ ਦੀ ਵਿਆਖਿਆ ਗੁਰੂ ਗਰੰਥ ਸਾਹਿਬ ਵਿਚ ਬੇਗਮਪੁਰਾ ਤੇ ਹਲੇਮੀ ਰਾਜ ਵਜੋਂ ਹੈ।ਇਹ ਸਿਖ ਪੰਥ ਦੀ ਨਹੀਂ ਸਮੂਚੇ ਵਿਸ਼ਵ ਦੀ ਲੋੜ ਹੈ।ਸਾਡਾ ਖੁਸਿਆ ਰਾਜ ਜੋ ,1849 ਵਿਚ ਮੌਜੂਦ ਸੀ,ਅੰਗਰੇਜ਼ਾਂ ਨੇ ਧੋਖੇ ਨਾਲ ਕਬਜ਼ਾ ਕਰ ਲਿਆ।ਉਹ ਸਾਨੂੰ ਵਾਪਸ ਮੋੜਨਾ ਚਾਹੀਦਾ ਹੈ।ਮੇਰੀ ਜੀਵਨ ਯਾਤਰਾ ਤੇ ਅੰਤ ਖਾਲਸਾ ਰਾਜ ਲਈ ਸੰਘਰਸ਼ ਹੈ।ਆਖਿਰ ਉਹ ਗੁਰੂ ਗ੍ਰੰਥ ਤੇ ਗੁਰੂ ਪੰਥ ਲਈ ਪ੍ਰੀਤ ਨਿਭਾ ਗਏ।

ਲੇਖਕ - ਗਿ: ਗੁਰਬਖਸ਼ ਸਿੰਘ ਗੁਲਸ਼ਨ

**30 ਸਫ਼ੇ ਦੀ ਬਾਕੀ**

ਇਸ ਤੋਂ ਕੁਝ ਦਹਾਕਿਆਂ ਬਾਦ ਇਸੇ ਕੌਸ਼ਿਸ਼ ਖ਼ਾਨਦਾਨ ਦੇ ਹੀ ਇਕ ਵਿਦਵਾਨ ਭੱਟ ਛੱਜੂ ਸਿੰਘ ਹੋਏ ਜਿਨ੍ਹਾਂ ਨੇ ੧੯੬੯ ਈਸਵੀ ਵਿਚ 'ਗੁਰੂ ਕੀਆਂ ਸਾਖੀਆਂ' ਅਰ ੧੯੭੦ ਈ. ਵਿਚ 'ਸ਼ਹੀਦ ਬਿਲਾਸ' ਦਾ ਗੁਰਮੁਖੀ ਵਿਚ ਲਿਪੀਅੰਤਰ ਕੀਤਾ। ਕੁਝ ਹੋਰ ਸਮੇਂ ਬਾਦ ਬੜੇ ਯਤਨਾਂ ਨਾਲ ਪ੍ਰਾਪਤ ਹੋਏ 'ਸ਼ਹੀਦ ਬਿਲਾਸ' ਦੇ ਖਰੜੇ ਨੂੰ ਸਿਰੜੀ ਖੋਜੀ ਤੇ ਵਿਦਵਾਨ ਗਿ. ਗਰਜਾ ਸਿੰਘ ਜੀ (੧੯੦੪-੧੯੭੭ ਈ.) ਨੇ ੧੯੬੧ ਈ. ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਰਾਹੀਂ ਛਪਵਾ ਦਿੱਤਾ ਪਰ, ਗੁਰੂ ਕੀਆਂ ਸਾਖੀਆਂ ਦੇ ਖਰੜੇ ਦੀ ਨਕਲ ਉਨ੍ਹਾਂ ਨੂੰ ਕਈ ਸਾਲ ਬਾਦ ਮਲੋਟ ਦੇ ਨੇੜਿਓਂ ਇਕ ਡੇਰੇ ਵਿਚੋਂ ਪ੍ਰਾਪਤ ਹੋਈ ਜਿਸ ਦਾ ਉਨ੍ਹਾਂ ਉਤਾਰਾ ਕਰ ਲਿਆ। ਇਕ ਦਿਨ ਇਹ ਉਤਾਰਾ ਉਨ੍ਹਾਂ ਆਪਣੇ ਮਿੱਤਰ ਅਰ ਕਈ ਪੁਸਤਕਾਂ ਦੇ ਲੇਖਕ ਪਿਆਰਾ ਸਿੰਘ ਪਦਮ ਜੀ ਨੂੰ ਸਉਂਪਿਆ ਤਾਂ ਜੁ ਉਹ ਇਸ ਖਰੜੇ 'ਤੇ ਲੋੜੀਂਦਾ ਕੰਮ ਕਰ ਕੇ ਛਪਵਾ ਦੇਣ। ਇਸ ਤਰਹ ਭਾਈ ਸਰੂਪ ਸਿੰਘ ਵਲੋਂ ੧੭੯੦ ਈ. ਦੀ ਲਿਖੀ ਪੁਸਤਕ 'ਗੁਰੂ ਕੀਆਂ ਸਾਖੀਆਂ' ਪਦਮ ਜੀ ਦੀ ਸੰਪਾਦਨਾ ਉਪਰੰਤ ੧੯੮੬ ਈ. ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ ਛਾਪੀ ਗਈ ਜਿਸ ਦੀ ਅਕਤੂਬਰ ੧੯੯੧ ਈ. ਦੀ ਦੂਜੀ ਛਾਪ ਸਾਡੇ ਕੋਲ ਹੈ।

ਗੁਰੂ ਕੀਆਂ ਸਾਖੀਆਂ ਪੁਸਤਕ ਨੂੰ ਵਿਚਾਰਨ ਉਪਰੰਤ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਇਸ ਵਿਚਲੇ ਇਤਿਹਾਸ ਜੋ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੰਮਤ ੧੬੯੨/੧੬੩੫ ਈ. ਵਿਚ ਕੀਰਤਪੁਰ ਸਾਹਿਬ ਨਿਵਾਸ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਵਿਚ ਸੰਮਤ ੧੭੬੫/੧੭੦੮ ਈ, ਜੋਤੀ ਜੋਤਿ ਸਮਾਉਣ ਤੱਕ ਸਾਨੂੰ ਪ੍ਰਾਪਤ ਹੈ, ਵਿਚ ਬਹੁਤ ਕੁਝ ਅਜਿਹਾ ਹੈ ਜੋ ਸਾਨੂੰ ਹੋਰ ਕਿਤੋਂ ਨਹੀਂ ਮਿਲਦਾ, ਖ਼ਾਸ ਤੌਰ 'ਤੇ ਘਟਨਾਵਾਂ ਦੇ ਸਥਾਨ, ਸਮੇਂ ਅਤੇ ਬੰਸਾਵਲੀਆਂ ਦਾ ਵੇਰਵਾ। ਪਾਠਕ ਅੱਗੇ ਚੱਲ ਕੇ ਆਪ ਨਿਰਨਾ ਕਰ ਸਕਣਗੇ। ਇਸ ਦਾ ਭਾਵ ਇਹ ਕਦਾਚਿੱਤ ਨਹੀਂ ਕਿ ਇਸ ਵਿਚਲਾ ਸਾਰਾ ਵਰਨਣ ਪ੍ਰਵਾਨਣ ਯੋਗ ਹੈ ਜਿਵੇਂ ਕਿ ਭਾਵੇਂ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਭੱਟਾਂ ਦੇ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰਨ ਦੇ ਨਾਲ ਹੀ ਉਨ੍ਹਾਂ ਦੀ ਸਾਰੀ ਜੀਵਨ ਸ਼ੈਲੀ ਜਿਵੇਂ ਆਮ ਬੋਲ-ਚਾਲ ਆਦਿ ਇਕ ਦਮ ਨਹੀਂ ਬਦਲੇ ਹੋਣ ਜਿਵੇਂ ਗੁਰੂ ਕੀ ਕੜਾਹੀ ਕੀ ਭਾਵ ਕੜਾਹ ਪ੍ਰਸ਼ਾਦ ਤਿਆਰ ਕਰ ਕੇ ਵਰਤਾਇਆ ਪਰ, ਭੱਟਾਂ ਦੀਆਂ ਇਨ੍ਹਾਂ ਲਿਖਤਾਂ ਵਿਚ ਥਾਂ ਥਾਂ 'ਤੇ ਕੇਸਰ ਸਿੰਘ ਛਿੱਬਰ ਵਾਂਗ ਗੁਰੂ ਪ੍ਰਵਾਰ ਵਿਚ ਪ੍ਰੋਹਿਤ ਦੀ ਮਾਨਤਾ ਦਾ ਜ਼ਿਕਰ ਹੋਣਾ, ਆਦਿ, ਜ਼ਰੂਰ ਸਾਡੇ ਵਿਚਾਰਨ ਯੋਗ ਹੈ। ਇਸ ਪੁਸਤਕ ਦੇ ਆਧਾਰ ਬਾਰੇ ਇਹ ਧਿਆਨ ਕਰਨ ਯੋਗ ਹੈ ਕਿ ਇਹ ਉਨ੍ਹਾਂ ਭੱਟ-ਵਹੀਆਂ ਦੀਆਂ ਲਿਖਤਾਂ 'ਤੇ ਆਧਾਰਤ ਹਨ ਜਿਨ੍ਹਾਂ ਵਿਚੋਂ ਕੁਝ ਗੁਰੂ ਸਾਹਿਬਾਨ ਦੇ ਸਮਕਾਲੀ ਸਨ ਅਰ ਭੱਟ ਕੀਰਤ ਜੀ ਅਤੇ ਉਨ੍ਹਾਂ ਦੇ ਪੁੱਤਰ ਬੋਹਿਥ ਵਾਂਗ ਗੁਰੂ ਹਜ਼ੂਰੀ ਵਿਚ ਰਹਿਣ ਵਾਲੇ ਸਨ। ਸਾਡੀ ਦ੍ਰਿਸ਼ਟੀ ਵਿਚ ਘਟਨਾਵਾਂ ਦਾ ਸਮਾਂ, ਸਥਾਨ ਅਤੇ ਬੰਸਾਵਲੀਆਂ ਦੀ ਇੰਨੀ ਸਟੀਕ ਜਾਣਕਾਰੀ ਸਾਡੇ ਕਿਸੇ ਹੋਰ ਸਮਕਾਲੀ ਗ੍ਰੰਥ ਵਿਚ ਸਾਨੂੰ ਨਹੀਂ ਮਿਲਦੀ। ਪਿਛਲੇ ਕੁਝ ਸਮੇਂ ਤੋਂ ਸਾਡੇ ਸਿਖ ਵਿਦਵਾਨ ਪ੍ਰਿੰਸੀਪਲ ਸਤਬੀਰ ਸਿੰਘ, ਸ੍ਰ ਹਰਜਿੰਦਰ ਸਿੰਘ ਦਿਲਗੀਰ ਅਰ ਸੁਖਪ੍ਰੀਤ ਸਿੰਘ ਉਦੋ ਕੇ ਆਦਿਕ ਵੀ ਭੱਟ ਵਹੀਆਂ ਦੇ ਹਵਾਲਿਆਂ ਦੀ ਵਰਤੋਂ ਕਰਦੇ ਚਲੇ ਆ ਰਹੇ ਹਨ। ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਅਜੇ ਤਕ ਭੱਟ ਵਹੀਆਂ 'ਤੇ ਨਿਰਨੇ ਜਨਕ ਕਾਰਜ ਨਹੀਂ ਹੋਇਆ। ਅਸੀਂ ਵਿਦਵਾਨਾਂ ਨੂੰ ਸੱਦਾ ਦਿਆਂਗੇ ਕਿ ਸਾਨੂੰ ਇਸ ਸ੍ਰੋਤ 'ਤੇ ਨਿੱਠ ਕੇ ਚਰਚਾ ਕਰਨ ਦੀ ਲੋੜ ਹੈ।

# ਅਮਰੀਕਾ ਵਿਚ 6 ਹਫਤਿਆਂ ਦੇ ਰਾਸ਼ਟਰ ਵਿਆਪੀ ਆਪਰੇਸ਼ਨ ਦੌਰਾਨ 200 ਲਾਪਤਾ ਬੱਚੇ ਹੋਏ ਬਰਾਮਦ ਬਰਾਮਦ ਬੱਚਿਆਂ ਵਿਚ ਇਕ 5 ਮਹੀਨੇ ਦਾ ਬੱਚਾ ਵੀ ਸ਼ਾਮਿਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਯੂਨਾਈਟਡ ਸਟੇਟਸ ਮਾਰਸ਼ਲ ਸਰਵਿਸ ਦੀ ਅਗਵਾਈ ਵਿਚ ਰਾਸ਼ਟਰੀ ਪੱਧਰ 'ਤੇ 6 ਹਫਤੇ ਚਲੇ ਆਪਰੇਸ਼ਨ ਦੌਰਾਨ 200 ਲਾਪਤਾ ਬੱਚਿਆਂ ਦੇ ਬਰਾਮਦ ਹੋਣ ਦੀ ਰਿਪੋਰਟ ਹੈ। ਇਨਾਂ ਵਿਚ ਸਭ ਤੋਂ ਛੋਟੀ ਉਮਰ ਦਾ ਇਕ 5 ਮਹੀਨਿਆਂ ਦਾ ਬੱਚਾ ਵੀ ਸ਼ਾਮਿਲ ਹੈ। ਜਸਟਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 20 ਮਈ ਤੋਂ 24 ਜੂਨ ਦਰਮਿਆਨ ਚਲਾਏ ਆਪਰੇਸ਼ਨ "ਅਸੀਂ ਤੁਹਾਨੂੰ ਲਭਾਂਗੇ -2 " ਤਹਿਤ ਕਈ ਬੱਚਿਆਂ ਨੂੰ ਬਹੁਤ ਹੀ ਖਤਰਨਾਕ ਹਾਲਾਤ ਵਿਚੋਂ ਬਚਾਇਆ ਹੈ ਤੇ ਇਨਾਂ ਵਿਚ ਇਕ ਬੱਚਾ ਉਹ ਵੀ ਸ਼ਾਮਿਲ ਹੈ ਜਿਸ ਨੂੰ ਮਾਪਿਆਂ ਵੱਲੋਂ ਅਗਵਾ ਕਰ ਲਿਆ ਗਿਆ ਸੀ ਜਦ ਕਿ ਉਨਾਂ ਕੋਲ ਬੱਚੇ ਨੂੰ ਆਪਣੇ ਕੋਲ ਰਖਣ ਦੀ ਇਜਾਜ਼ਤ ਨਹੀਂ ਸੀ। ਅਧਿਕਾਰੀਆਂ ਅਨੁਸਾਰ 123 ਬੱਚਿਆਂ ਨੂੰ ਖਤਰਨਾਕ ਸਥਿੱਤੀਆਂ ਵਿਚੋਂ ਬਚਾਇਆ ਹੈ। 6 ਸੰਘੀ ਜਿਲਿਆਂ ਤੇ ਅਮਰੀਕਾ ਭਰ ਵਿਚ ਵੱਖ ਵੱਖ ਥਾਵਾਂ 'ਤੇ ਚਲਾਏ ਆਪਰੇਸ਼ਨ ਵਿਚ ਲਾਪਤਾ ਬੱਚਿਆਂ ਬਾਰੇ ਨੈਸ਼ਨਲ ਸੈਂਟਰ ਸਮੇਤ ਸੰਘੀ, ਰਾਜਾਂ ਤੇ ਸਥਾਨਕ ਏਜੰਸੀਆਂ ਨੇ ਹਿੱਸਾ ਲਿਆ। ਨਿਆਂ ਵਿਭਾਗ ਨੇ ਕਿਹਾ ਹੈ ਕਿ ਲਾਪਤਾ ਬੱਚਿਆਂ ਨੂੰ ਲੱਭਣਾ ਇਕ ਵੱਡੀ ਚੁਣੌਤੀ ਹੈ ਕਿਉਂਕਿ ਅਜਿਹੇ ਮਾਮਲਿਆਂ ਵਿੱਚ ਬੱਚਿਆਂ ਦੀ ਸੈਕਸ ਲਈ ਤਸਕਰੀ ਹੋਣ, ਸਰੀਰਕ ਸੋਸ਼ਣ ਹੋਣ ਤੇ ਦਿਮਾਗੀ ਸਿਹਤ ਨਾਲ ਸਬੰਧਤ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਬਿਆਨ ਅਨੁਸਾਰ ਇਹ ਆਪਰੇਸ਼ਨ ਪੋਰਟਲੈਂਡ ਤੇ ਓਰੇਗੋਨ ਸਮੇਤ ਦੱਖਣੀ ਫਲੋਰਿਡਾ ਦੀਆਂ ਕਈ ਕਾਊਂਟੀਆਂ, ਨਿਊ ਯਾਰਕ ਸ਼ਹਿਰ ਤੇ ਮਿਸ਼ੀਗਨ ਦੇ ਕੁਝ ਹਿੱਸਿਆਂ ਵਿਚ ਚਲਾਇਆ ਗਿਆ।

# ਗੁਰਮਤਿ ਚਿੰਤਨ ਹੀ ਸਿੱਖ ਪੰਥ ਦੀ ਰਾਜਨੀਤੀ, ਦਾਰਸ਼ਨਿਕਤਾ, ਕਲਚਰ ਦਾ ਸੋਮਾ

## ✪ ਕਾਮਰੇਡਾਂ, ਸਾਧਵਾਦ ਤੇ ਡੇਰਾਵਾਦ ਤੋਂ ਗੁਰਮਤਿ ਚਿੰਤਨ ਨੂੰ ਬਚਾਉਣ ਦੀ ਲੋੜ ✪ ਗੁਰਮਤਿ ਚਿੰਤਨ ਦੀ ਵਿਆਖਿਆ ਨੂੰ ਸਰਦਾਰ ਗੁਰਤੇਜ ਸਿੰਘ, ਪ੍ਰੋਫੈਸਰ ਕਿਸ਼ਨ ਸਿੰਘ, ਜਗਜੀਤ ਸਿੰਘ ਨੇ ਨਿਖਾਰਿਆ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਕਿਸ਼ਨ ਸਿੰਘ ਨੂੰ ਖਬੇਪਖੀ ਚਿੰਤਕ ਸੰਤ ਸਿੰਘ ਸੇਖੋਂ ਨਾਲ ਨਹੀਂ ਜੋੜਿਆ ਜਾ ਸਕਦਾ। ਕਿਸ਼ਨ ਸਿੰਘ ਨੇ ਪੰਜਾਬ ਦੇ ਕਾਮਰੇਡਾਂ ਵਲੋਂ ਮਿਥੇ ਤੇ ਘੜੇ ਡੁਪਲੀਕੇਟ ਮਾਰਕਸਵਾਦ ਨਾਲ ਟਕਰ ਲਈ ਹੈ। ਸੰਤ ਸਿੰਘ ਸੇਖੋਂ ਦਾ ਚਿੰਤਨ ਸਿਖ ਪੰਥ ਵਿਰੋਧੀ, ਗੁਰਮਤਿ ਦੇ ਵਿਰੋਧ ਵਿਚ ਸੀ। ਪੰਜਾਬੀ ਸਾਹਿਤ ਦਾ ਮੂਲ ਸੇਖੋਂ ਨੇ ਵਿਗਾੜਿਆ। ਕਿਸ਼ਨ ਸਿੰਘ ਨੇ ਜੋ ਗੁਰਮਤਿ ਇਨਕਲਾਬ ਦਾ ਥਾਟ ਪੰਜਾਬੀ ਸਾਹਿਤ ਵਿਚ ਦਿਤਾ ਉਸੇ ਦਿਸ਼ਾ ਵਿਚ ਅਜਮੇਰ ਸਿੰਘ, ਜਗਜੀਤ ਸਿੰਘ ਆਪਣਾ ਮੌਲਿਕ ਚਿੰਤਨ ਤੌਰ ਸਕੇ।

ਪੰਜਾਬੀ ਮਾਰਕਸਵਾਦੀਆਂ ਨੂੰ ਚੁਣੌਤੀ ਇਹਨਾਂ ਨੇ ਪੇਸ਼ ਕੀਤੀ ਹੈ। ਕਾਫੀ ਸਿਖ ਚਿੰਤਕ ਖਬੇ ਪਖੀ ਚਿੰਤਕਾਂ ਉਪਰ ਗੰਭੀਰ ਟਿਪਣੀਆਂ ਕਰਨ ਤੋਂ ਗੁਰੇਜ਼ ਕਰਦੇ ਰਹੇ।

ਸਰਦਾਰ ਗੁਰਤੇਜ ਸਿੰਘ ਆਈਏਐਸ ਦੀ ਦਾਰਸ਼ਨਿਕਤਾ ਰੂਹਾਨੀਅਤ, ਸ਼ਬਦ ਗੁਰੂ ਦਾਰਸ਼ਨਿਕਤਾ ਅਨੁਸਾਰੀ ਸੀ। ਜੋ ਸਿਰਦਾਰ ਕਪੂਰ ਸਿੰਘ ਨੇ ਚਿੰਤਨ ਸਿਰਜਿਆ, ਉਸਨੂੰ ਰਿਫਾਇੰਡ ਕਰਕੇ ਸਰਦਾਰ ਗੁਰਤੇਜ ਸਿੰਘ ਨੇ ਨਵੀਆਂ ਪੈੜਾਂ ਪਾਈਆਂ। ਦਰਸ਼ਨ ਤੇ ਇਤਿਹਾਸ ਵਿਚ ਉਨ੍ਹਾਂ ਦੀ ਮਾਸਟਰੀ ਹੈ। ਉਨ੍ਹਾਂ ਦੇ ਸ਼ਬਦਾਂ ਵਿਚ ਜਾਦੂਗਰੀ ਹੈ, ਸਿਖ ਵਿਰੋਧੀ ਫਿਨੌਮਨੇ ਵਿਰੁਧ ਹਮਲਾਵਰ ਵਿਧੀ ਹੈ।

ਸਾਡੇ ਗੰਭੀਰ ਸਿਖ ਚਿੰਤਨ ਵਿਚ ਰੁਕਾਵਟ ਡੇਰਾਵਾਦੀ ਸਿਖ ਚਿੰਤਨ ਹੈ ਜਿਸ ਨੂੰ ਕੁਝ ਬੁਧੀਜੀਵੀਆਂ ਵਲੋਂ ਡੇਰਾਵਾਦੀ ਚਿੰਤਨ ਨੂੰ ਅਨੁਭਵੀ ਚਿੰਤਨ ਦਸਿਆ ਜਾ ਰਿਹਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਰਾਹੀਂ ਇਹ ਡੇਰਾਵਾਦੀ ਚਿੰਤਨ ਫੈਲਾਇਆ ਜਾ ਰਿਹਾ ਹੈ।

ਇਹ ਡੇਰਾਵਾਦੀ ਸਿਸਟਮ ਤੇ ਚਿੰਤਨ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਮਾਨਤਾ ਨਹੀਂ ਦਿੰਦਾ। ਮਸਿਆ, ਪੂਰਨਮਾਸ਼ੀ, ਚੁਪਹਿਰੇ ਦੁਪਹਿਰੇ, ਚਾਲੀਹੇ ਇਨ੍ਹਾਂ ਦੀ ਘਾੜਤ ਹਨ ਜੋ ਕਿ ਬਾਹਮਣਵਾਦੀ ਵਿਧੀਆਂ ਤੇ ਕਰਮਕਾਂਡ ਹਨ।

ਡੇਰਾਵਾਦੀ ਚਿੰਤਨ ਕਾਰਣ ਸਿਖ ਸੰਗਤਾਂ ਜਾਣੇ ਅਨਜਾਣੇ ਵਿੱਚ ਆਪਣੇ ਹਰ ਕਾਰ ਵਿਹਾਰ ਨੂੰ ਬਹੁਗਿਣਤੀ ਬ੍ਰਾਹਮਣੀ ਕਰਮਕਾਂਡਾਂ ਦੀ ਹੀ ਸ਼ਕਲ ਦੇਣ ਲੱਗ ਪਈਆਂ ਹਨ। ਅਜਿਹਾ ਕਰਨ ਵਿੱਚ ਸਿਖ ਧਰਮ ਦਾ ਪ੍ਰਚਾਰਕ ਅਖਵਾਉਂਦਾ ਤਬਕਾ ਸਭ ਤੋਂ ਮੋਹਰੀ ਹੁੰਦਾ ਹੈ। ਗਿਣਤੀ ਮਿਣਤੀ ਦੇ ਪਾਠਾਂ, ਅਤੇ ਗੁਰਮਤਿ ਸਮਾਗਮਾਂ ਨੂੰ ਜਪ ਤਪ ਸਮਾਗਮ, ਮਹਾਂ ਪਵਿੱਤਰ ਸਮਾਗਮ, ਜਪ ਤਪ ਚੁਪਹਿਰਾ ਸਮਾਗਮ ਆਦਿ ਨਾਂ ਦੇ ਕੇ ਇੱਕ ਵੱਡਾ ਭੰਬਲਭੂਸਾ ਖੜਾ ਕੀਤਾ ਜਾ ਰਿਹਾ ਹੈ। ਗੁਰਮਤਿ ਸਮਾਗਮ ਦਾ ਉਦੇਸ਼ ਅਤੇ ਮਹੱਤਵ ਦੋਵੇਂ ਬਦਲਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਮਨਮਤੀ ਨਾਂ ਰੱਖ ਕੇ ਉਨ੍ਹਾਂ ਦੀ ਬਾਹਰੀ ਰੂਪਰੇਖਾ ਹੀ ਨਹੀਂ ਬਦਲੀ ਜਾ ਰਹੀ, ਸਗੋਂ



ਉਸਦੀ ਅੰਦਰੂਨੀ ਕਾਰਜਵਿਧੀ ਵੀ ਤਬਦੀਲ ਕੀਤੀ ਜਾ ਰਹੀ ਹੈ।

ਦਰਅਸਲ ਸਿਖ ਸਮਾਗਮਾਂ ਅਤੇ ਗੁਰਮਤਿ ਸਮਾਗਮਾਂ ਨੂੰ ਹਿੰਦੂਤਵੀ ਅਤੇ ਬ੍ਰਾਹਮਣੀ ਰੰਗਤ ਵਿੱਚ ਬਿਆਨਿਆ ਜਾ ਰਿਹਾ ਹੈ। ਜਿਸ ਸਮਾਗਮ ਨੂੰ ਜਪ ਤਪ ਕਹਿੰਦਿਆਂ ਜ਼ਰਾ ਜਿੰਨੀ ਸੋਚ ਵੀਚਾਰ ਨਹੀਂ ਕੀਤੀ ਜਾਂਦੀ ਉਥੇ ਕੱਲ੍ਹ ਨੂੰ ਸਿਮਰਨ ਸਾਧਨਾ ਦੇ ਬੈਨਰ ਹੇਠ ਹਵਨ ਕ੍ਰਿਆ ਬਣਾ ਦਿੱਤਾ ਜਾਵੇਗਾ ਇਸ ਗੱਲ ਦਾ ਕੀ ਦਾਅਵਾ ਕਿ ਅਜਿਹਾ ਨਹੀਂ ਹੋਵੇਗਾ? ਕੀ ਗੁਰਮਤਿ ਸਮਾਗਮ ਲਫਜ਼ ਛੋਟਾ ਜਾਂ ਹੀਣਾ ਹੈ?

ਯਾਦ ਰੱਖਣਾ ਚਾਹੀਦਾ ਹੈ ਕਿ ਜਿਥੇ ਕੋਈ ਵਿਚਾਰਧਾਰਾ ਆਪਣੇ ਆਪ ਵਿੱਚ ਵਿਲੱਖਣ ਹੁੰਦੀ ਹੈ ਉਥੇ ਉਸ ਦਾ ਸਿਧਾਂਤਕ ਅਮਲ ਵੀ ਵਿਲੱਖਣ ਹੁੰਦਾ ਹੈ ਭਾਵ ਉਸਦੀ ਬਾਹਰੀ ਰੂਪ ਰੇਖਾ ਵੀ ਅੱਡਰੀ ਹੋਂਦ ਰੱਖਣ ਵਾਲ਼ੀ ਹੁੰਦੀ ਹੈ। ਫਿਰ ਮਹਾਂ ਪਵਿੱਤਰ ਗੁਰਮਤਿ ਸਮਾਗਮ, ਜਪ ਤਪ, ਚੁਪਹਿਰੇ, ਦੁਪਹਿਰੇ ਸਮਾਗਮ ਦਾ ਭਾਵ ਕੀ ਹੈ? ਸਪਸ਼ਟ ਹੈ ਕਿ ਗੁਰਮਤਿ ਦੀ ਦੁਰਵਰਤੋਂ ਕਰਦਿਆਂ ਇਹ ਉਲਝਾਊ ਭਾਸ਼ਾ ਵਰਤ ਕੇ ਸਿਖ ਸੱਭਿਆਚਾਰ ਨੂੰ ਢਾਹ ਅਣਦੇਖੀ ਨਹੀਂ ਕੀਤੀ ਜਾ ਰਹੀ। ਗੁਰਮਤਿ ਸਮਾਗਮਾਂ ਤੇ ਅਨਮਤੀ ਰੰਗਤ ਚਾੜ੍ਹਨ ਦਾ ਕੀ ਮੰਤਵ ਹੋ ਸਕਦਾ ਹੈ? ਜਿਵੇਂ ਤੰਤਰ ਸ਼ਾਸ਼ਤਰ ਅਤੇ ਹੋਰ ਪੌਰਾਣਕ ਗ੍ਰੰਥਾਂ ਦੀ ਨਕਲ ਕਰਦਿਆਂ ਗੁਰਬਾਣੀ ਪਾਠ ਨੂੰ ਵਿਭਿੰਨ ਹਿੱਸਿਆਂ ਵਿੱਚ ਵੰਡ ਕੇ ਗੁਰਬਾਣੀ ਪਾਠ ਦਾ ਮਤਲਬ ਅਤੇ ਉਦੇਸ਼ ਹੀ ਬਦਲ ਦਿੱਤਾ ਗਿਆ ਹੈ ਉਵੇਂ ਹੀ ਹੁਣ ਬ੍ਰਾਹਮਣਵਾਦੀ ਨਾਵਾਂ ਹੇਠ ਗੁਰਮਤਿ ਸਮਾਗਮਾਂ ਨੂੰ ਸਨਾਤਨੀ ਪ੍ਰਚਾਰ ਦਾ ਅਖਾੜਾ ਬਣਾਉਣ ਦੀ ਤਿਆਰੀ ਹੋ ਰਹੀ ਹੈ। ਚੁਪਹਿਰੇ, ਦੁਪਹਿਰੇ ਕਿਹੜੀ ਸਿਖ ਨਿਯਮਾਵਲੀ ਵਿਚੋਂ ਜਨਮ ਲੇ ਰਹੇ ਹਨ?

ਗੁਰਬਾਣੀ ਦਾ ਇਹ ਪ੍ਰਮਾਣ :
ਜੇ ਵੇਲਾ ਵਖਤੁ ਵੀਚਾਰੀਐ
ਤਾ ਕਿਤੁ ਵੇਲਾ ਭਗਤਿ ਹੋਇ ॥

ਕਿਸ ਭਾਵਨਾ ਵੱਲ ਸੇਧਤ ਹੈ? ਦਰਅਸਲ ਗੁਰਬਾਣੀ ਵਿਚਾਰ ਤੋਂ ਟੁੱਟ ਕੇ ਵਾਧੂ ਕਰਮਾਂ ਅਤੇ ਅਡੰਬਰਾਂ ਨੂੰ ਤਰਜ਼ੀਹ ਦੇਣ ਦਾ ਭਾਵ ਹੀ ਇਹੀ ਹੈ ਕਿ ਕਿਧਰੇ ਗੁਰਬਾਣੀ ਸਿਧਾਂਤ ਦੀ ਸਥਾਪਤੀ ਨਾ ਹੋ ਜਾਵੇ। ਅਤੇ ਅਜਿਹਾ ਸਾਰਾ ਕੁੱਝ ਅਜਿਹੇ ਅਮਲ ਵਿਚੋਂ ਹੀ ਪੈਦਾ ਹੋ ਰਿਹਾ ਹੈ ਜਿਸਨੂੰ ਜਾਣੇ ਅਨਜਾਣੇ ਜਾਂ ਸਾਜਿਸ਼ ਤਹਿਤ ਸਿਖ ਪ੍ਰਚਾਰਕ ਅਤੇ ਡੇਰੇਦਾਰ ਸਿਰੇ ਚਾੜ੍ਹ ਰਹੇ ਹਨ। ਸਿਖ ਧਰਮ ਤੇ ਜਿਸ ਤਰੀਕੇ ਨਾਲ਼ ਸਮੇਂ ਦੀ ਸਥਾਪਤ ਬ੍ਰਾਹਮਣਵਾਦੀ ਵਿਚਾਰਧਾਰਾ ਆਪਣਾ ਗ਼ਲਬਾ ਪਾ ਰਹੀ ਹੈ ਸਿਖ ਸੰਗਤਾਂ, ਸਿਖ ਸੰਸਥਾਵਾਂ ਆਕਾਲ ਤਖਤ ਸਾਹਿਬ ਤੇ ਸ੍ਰੋਮਣੀ ਕਮੇਟੀ ਨੂੰ ਇਸ ਬਾਰੇ ਸਖਤ ਨੋਟਿਸ ਲੈਣਾ ਪਵੇਗਾ। ਸਿਖਾਂ ਵਿੱਚ ਹਿੰਦੂ ਆਚਾਰੀਆਂ ਦੀ ਨਕਲ਼ ਸਾਧ ਸੰਤ ਪੈਦਾ ਹੋ ਕੇ ਆਪਣੀ ਪੂਜਾ ਕਰਵਾ ਰਹੇ ਹਨ।

ਸਿਖ ਪੰਥ ਵਿਚ ਡੇਰਾਵਾਦੀ ਚਿੰਤਨ ਜਾਂ ਸਾਧ ਗੁਰਮਤਿ ਦਾ ਅਨੁਭਵੀ ਕਿਵੇਂ ਹੈ ਜਿਸਨੇ ਵੇਦਾਂ, ਸ਼ਾਸ਼ਤਰਾਂ ਦਾ ਮੈਥੇਮੈਟਿਕਸ ਗੁਰਮਤਿ ਵਿਆਖਿਆ ਉਪਰ ਭਾਰੂ ਕਰ ਦਿਤਾ। ਇਸ ਸਨਾਤਨੀ ਚਿੰਤਨ ਨਾਲ ਸਿਖ ਸਭਿਅਤਾ ਦਾ ਕਦੂਕਸ ਹੋਇਆ ਹੈ। ਸਵਰਗ ਨਰਕ, ਜਪ ਤਪ, ਯਮਰਾਜ, ਧਰਮ ਰਾਜ, ਪੁਨਰ ਜਨਮ, ਭਵਜਲ, ਦੇਵੀ ਦੇਵਤੇ ਬਿਠਾਕੇ ਅਕਾਲ ਪੁਰਖ ਜਾਂ ਬ੍ਰਹਮ ਵਾਲੀ ਗੁਰੂਆਂ ਦੁਆਰਾ ਘੜੀ ਦਾਰਸ਼ਨਿਕਤਾ ਤੋਂ ਸਿਖ ਪੰਥ ਨੂੰ ਦੂਰ ਕਰਨ ਦੇ ਯਤਨ ਕੀਤੇ ਹਨ। ਡੇਰਾਦਾਰੀ ਅਨੁਭਵੀ ਦਾਰਸ਼ਨਿਕ ਚਿੰਤਨ ਜੋ ਗੰਗਾ ਸਭਿਅਤਾ ਉਪਰ ਉਸਰਿਆ ਹੈ ਜਿਥੇ ਸਤਲੁਜ, ਰਾਵੀ ਦੀ ਮਹਾਨ ਗੁਰੂ ਸਭਿਅਤਾ ਗਾਇਬ ਹੈ। ਅਜਿਹਾ ਸਾਰਾ ਕੁੱਝ ਸਾਡੇ ਸਮਾਜ ਦਾ ਗੁਰਬਾਣੀ ਸਿਧਾਂਤ ਤੋਂ ਅਨਜਾਣ ਹੋਣ ਦਾ ਨਤੀਜਾ ਹੈ ਅਤੇ ਪੰਥਕ ਸੰਸਥਾਵਾਂ ਵਲੋਂ ਸਿਖ ਸਿਧਾਂਤਾਂ ਦੇ ਅਮਲੀ ਸਿਸਟਮ ਵਿੱਚ ਕਮੀਆਂ ਹੋਣ ਕਰਕੇ ਹੋ ਰਿਹਾ ਹੈ। ਜਿਥੇ ਸਿਧਾਂਤ ਤੇ ਚਿੰਤਨ ਸਮਝਣਾ ਜ਼ਰੂਰੀ ਹੁੰਦਾ ਹੈ ਉਥੇ ਉਸ ਨੂੰ ਸਹੀ ਅਤੇ ਸੁਚੱਜੀ ਜੁਗਤ ਨਾਲ਼ ਲਾਗੂ ਕਰਨਾ ਅਤਿਅੰਤ ਜ਼ਰੂਰੀ ਹੈ।

ਸਭਿਅਤਾਵਾਂ ਰਾਸ਼ਟਰ ਸਿਰਜਦੀਆਂ ਮਿਕਸ ਬਰੈਂਡ ਦਾਰਸ਼ਨਿਕਤਾ ਤੁਹਾਡੀ ਕੌਮੀਅਤ ਦੀ ਮਾਨਸਿਕ ਨਸਲਕੁਸ਼ੀ ਕਰਦੀ ਹੈ। ਜਦ ਨਿਰੋਲ ਤੇ ਮੌਲਿਕ ਵਿਚਾਰ ਤੇ ਬੋਧਿਕਤਾ ਨਹੀਂ ਤਾਂ ਨਸਲ ਕੋਈ ਕੰਮ ਨਹੀਂ ਕਰੇਗੀ। ਸਾਨੂੰ ਕਿਸ਼ਨ ਸਿੰਘ ਨੂੰ ਦੁਬਾਰਾ ਪੜ੍ਹਨ ਦੀ ਲੋੜ ਹੈ। ਕਿਸ਼ਨ ਸਿੰਘ ਦਾ ਅੰਤਮ ਨਹੀਂ ਪਰ ਮੌਲਿਕ ਚਿੰਤਨ ਸਿਰਜਣ ਲਈ ਉਸਦਾ ਵਿਚਾਰ ਸਹਾਇਕ ਹੈ।

ਸੇਖੋਂ ਗੁਰੂ ਨਾਨਕ ਸਾਹਿਬ ਦੇ ਵਿਰੋਧ ਵਿਚ ਵਿਚਾਰ ਖੜੇ ਕਰਦਾ ਹੈ। ਇਸ ਦੇ ਉਲਟ ਕਿਸ਼ਨ ਸਿੰਘ ਮਾਰਕਸਵਾਦੀ ਧਾਰਾ ਨੂੰ ਪਾਰ ਕਰਦਾ ਰੱਬ, ਆਤਮਾ ਜਾਂ ਵਿਚਾਰ ਤੇ 'ਹੁਕਮ' ਜਾਂ 'ਭੈਅ' ਦੀ ਦਾਰਸ਼ਨਿਕਤਾ ਪਰਵਾਨ ਕਰਦਾ ਹੈ।

"ੴ" ਤੋਂ ਲੈ ਕੇ "ਗੁਰ ਪ੍ਰਸਾਦਿ" ਤਕ ਸਾਰਾ ਮੂਲ ਮੰਤਰ ਗੁਰਬਾਣੀ ਆਧਾਰ ਹੈ, ਜੋ ਉਸ ਵੇਲੇ ਦੇ ਹਿੰਦੂ ਤੇ ਮੁਸਲਿਮ, ਦੋਹਾਂ ਤੋਂ ਨਿਆਰਤਾ ਦੀ ਸੂਚਕ ਤੇ ਪਦਾਰਥਕ ਏਜੰਡਾ ਕਿਰਤ ਸਿਰਜਦੀ ਹੈ। ਕਿਰਤ ਕੀਤੇ ਬਿਨਾਂ ਵੰਡ ਛਕੇ ਬਿਨਾਂ ਬੰਦਾ ਨਾਮੀ ਨਹੀਂ ਹੋ ਸਕਦਾ, ਵਾਹਿਗੁਰੂ ਦਾ ਬੰਦਾ ਨਹੀਂ ਹੋ ਸਕਦਾ। 'ਜਪ' ਵਾਹਿਗੁਰੂ ਜੀ ਦਾ ਰੂਪ ਹੈ ਤੇ ਬਾਕੀ ਸਾਰੀ ਗੁਰਬਾਣੀ ਏਸ ਰੂਪ ਦੀ ਸਪੱਸ਼ਟਤਾ, ਵਿਆਖਿਆ ਤੇ ਉਪਦੇਸ਼ ਹੈ।

ਸਮਾਜ, ਰਾਜਨੀਤੀ, ਮਨੁੱਖ, ਕਾਇਨਾਤ ਵਾਹਿਗੂਰੂ ਦੇ ਹੁਕਮ ਵਿਚ ਹਨ। ੴ ਸੋਮਾ ਹੈ ਤੇ ਗੁਰ ਪ੍ਰਸਾਦਿ ਬਖਸ਼ਿਸ ਹੈ। ਸਾਰੀ ਗੁਰਬਾਣੀ ਦਾਰਸ਼ਨਿਕ ਹੈ ਪਰ ਮੈਟਾਫਿਜ਼ਕੀ ਨਹੀ ਹੈ। ਜਿਸ ਤਰ੍ਹਾਂ ਡੇਰੇਦਾਰਾਂ ਨੇ ਮੈਟਾਫਿਜ਼ਕੀ ਬਣਾਕੇ ਪੇਸ਼ ਕੀਤਾ ਹੈ।

ਮੈਟਾਫਿਜ਼ਕੀ ਤੇ ਸਨਾਤਨਤਾ ਦੀ ਸਰਦਾਰੀ ਤੋੜਨ ਲਈ ਗੁਰੂ ਸਾਹਿਬ ਮੈਟਾਫਿਜ਼ਕੀ ਪ੍ਰਤੀਕ ਵਰਤੇ ਹਨ।ਮੰਤਵ ਮਨੁੱਖਤਾ ਦਾ ਇਨਕਲਾਬ ਤੇ ਗੁਰਮੁਖਾਂ ਦੀ ਧਰਤੀ ਤੇ ਸਰਦਾਰੀ ਕਾਇਨਾਤ ਨਾਲ ਜੋੜ ਤੇ ਹਲੇਮੀ ਰਾਜ ਦੀ ਸਿਰਜਣਾ ਹੈ।ਡੇਰੇਦਾਰ ਮੈਟਾਫਿਜ਼ਕੀ ਤੇ ਸਨਾਤਨਤਾ ਨੂੰ ਗੁਰਬਾਣੀ ਦਾਰਸ਼ਨਿਕ ਵਿਆਖਿਆ ਉਪਰ ਲਾਗੂ ਕਰਕੇ ਕੇਸਾਧਾਰੀ ਹਿੰਦੂ ਸਿਰਜਦੇ ਹਨ।

ਗੁਰਬਾਣੀ ਦੀ ਰੂਹਾਨੀਅਤ ਤੇ ਮਿਥਾਂ ਵਿਚ ਫਰਕ ਕਰਨ ਦੀ ਲੋੜ ਹੈ। ਸਾਨੂੰ ਵੈਦਿਕ ਦਾਰਸ਼ਨਿਕਤਾ ਦਾ ਸਹਾਰਾ ਛਡਕੇ ਵਾਹਿਗੁਰੂ ਦੀ ਸ਼ਰਨ ਵਿਚ ਆਉਣਾ ਪਵੇਗਾ। ਸਭਿਅਤਾਵਾਂ ਦੇ ਟਕਰਾਅ ਵਿਚ ਗੁਰਬਾਣੀ ਦੇ ਮਨੁਖ ਨੇ ਗੁਰਮੁਖ ਬਣ ਕੀ ਫਰਜ ਨਿਭਾਉਣਾ ਹੈ ਇਹ ਅਸਲ ਸਤਿਗੁਰੂ ਦੀ ਪ੍ਰਗਟ ਦਾਰਸ਼ਨਿਕਤਾ ਹੈ। ਇਸ ਤੋਂ ਬਿਨਾਂ ਮੈਟਾਫਜਿਕਸ ਹੈ। ਸਨਾਤਨਵਾਦ ਤੇ ਦੇਵਤਾ ਜੀ ਦੀ ਲੀਲਾ ਹੈ। ਗੁਰਬਾਣੀ ਵਿਚ ਕਰਮ ਤੇ ਵਾਹਿਗੁਰੂ ਦੀ ਕਿਰਪਾ ਪ੍ਰਧਾਨ ਹੈ ਜੋ ਸਨਾਤਨਵਾਦ ਦੇ ਮੈਟਾਫਜਿਕਸ ਬੰਧਨ ਤੋੜਦੀ ਹੈ। ਭਵਜਲ ਤੋਂ ਪਾਰ ਲੰਘਾਉਂਦੀ ਹੈ। ਗੁਰਮਤਿ ਬ੍ਰਹਿਮੰਡੀ ਸਿਧਾਂਤ ਹੈ ਤੇ ਅਧਿਆਤਮਕਤਾ ਤੋਂ ਵੀ ਪਾਰ। ਗੁਰਮਤਿ ਦੀ ਦਾਰਸ਼ਨਿਕਤਾ ਵਾਹਿਗੁਰੂ ਜੀ ਤੇ ਆਧਾਰਿਤ ਹੈ। ਅਸੀਂ ਦੁਨੀਆ ਦੀ ਖੋਜ ਕਰਦੇ ਹਾਂ ਪਰ ਆਪਣੇ ਆਪ ਦੀ ਖੋਜ ਨਹੀ ਕਰਦੇ। ਸਰੀਰ ਤੋਂ ਪਰੇ ਅੰਦਰਲੀ ਏਸ ਆਤਮਾ ਨੂੰ ਉਜਾਗਰ ਕਰਨਾ ਹੀ ਆਪਣੇ ਆਪ ਨੂੰ ਜਾਣਨਾ ਹੈ।ਤੇ ਵਾਹਿਗੁਰੂ ਨੂੰ ਜਾਣਨਾ ਹੈ।

* * * * * * * *

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**552. ਕੀ ਦੁਖ ਛੱਡ ਕੇ ਸੁਖ ਮੰਗਣੇ ਚਾਹੀਦੇ ਹਨ?**

ਨਹੀਂ! ਦੁਖ ਛੱਡ ਕੇ ਸੁਖ ਮੰਗਣਾ ਮਗਜ਼ਮਾਰੀ ਹੀ ਹੈ, ਕਿਉਂਕਿ ਦੁਖ ਤੇ ਸੁਖ ਪ੍ਰਭੂ ਦੇ ਦਰ ਤੋਂ ਮਨੁੱਖ ਨੂੰ ਦੋ ਕੱਪੜੇ ਮਿਲ਼ੇ ਹੋਏ ਹਨ; ਭਾਵ (ਆਪਣੇ ਕਰਮਾਂ ਅਨੁਸਾਰ) ਦੁਖ ਸੁਖ ਆਉਂਦੇ ਜਾਂਦੇ ਰਹਿੰਦੇ ਹਨ । ਜਿਸ ਪ੍ਰਭੂ ਅੱਗੇ ਬੋਲ ਕੇ ਹਾਰਨਾ ਹੋਵੇ, ਉੱਥੇ ਚੁੱਪ ਹੀ ਚੰਗੀ ਹੈ; ਕਿਉਂਕਿ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ । "ਮ: 1 ॥ ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥2॥ ਅੰਗ 149" । ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਸੁਖ ਮੰਗਣ ਨਾ਼ਲ ਦੁਖ ਵਧਦਾ ਹੈ । "ਸੁਖੁ ਮਾਂਗਤ ਦੁਖੁ ਆਗਲ ਹੋਇ ॥ ਅੰਗ 222" । ਪੰਚਮ ਪਾਤਿਸ਼ਾਹ ਦਾ ਬਚਨ ਹੈ ਕਿ ਹੇ ਪ੍ਰਭੂ ਤੈਥੋਂ ਬਿਨਾਂ ਕੁਝ ਮੰਗਣਾ ਦੁਖਾਂ ਸਿਰ ਦੁਖ ਹੈ; ਭਾਵ ਬੜਾ ਭਾਰੀ ਦੁਖ ਹੈ, (ਇਸ ਕਰਕੇ) ਮੈਨੂੰ ਆਪਣਾ ਨਾਮ ਦੇਹ ਤਾਂ ਕਿ ਮੈਨੂੰ ਸੰਤੋਖ ਆ ਜਾਏ ਤੇ ਮੇਰੀ ਤ੍ਰਿਸ਼ਨਾ ਮੁੱਕ ਜਾਏ । "ਮਃ 5 ॥ ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ ਅੰਗ 958" ।

**553. ਪਰਮਾਤਮਾ ਦੇ ਡਰ (ਅਦਬ) 'ਚ ਰਹਿਣ ਜਾਂ ਨਾ ਰਹਿਣ ਦਾ ਨਤੀਜਾ ਕੀ ਹੁੰਦਾ ਹੈ?**

ਆਦਮੀ (ਦੁਨਿਆਵੀ) ਡਰ ਵਿਚ ਜੰਮਦਾ ਹੈ, ਡਰ ਵਿਚ ਹੀ ਮਰਦਾ ਹੈ, ਡਰ ਹੀ ਇਸ ਦੇ ਮਨ ਵਿਚ ਟਿਕਿਆ ਰਹਿੰਦਾ ਹੈ । ਸਤਿਗੁਰੂ ਅਮਰ ਦਾਸ ਜੀ ਫੁਰਮਾਉਂਦੇ ਹਨ ਕਿ ਜੋ ਆਦਮੀ ਪਰਮਾਤਮਾ ਦੇ ਡਰ ਵਿਚ ਆਪਾ-ਭਾਵ ਮਾਰਕੇ ਮਰਦਾ ਹੈ ਉਸ ਦਾ ਇਸ ਜਗਤ ਵਿਚ ਆਉਣਾ ਸਫਲ ਹੈ (ਜਗਤ ਦੀ ਮਮਤਾ ਮਨੁੱਖ ਦੇ ਅੰਦਰ ਡਰ ਪੈਦਾ ਕਰਦੀ ਹੈ, ਜਦੋਂ ਇਹ ਅਪਣੱਤ ਤੇ ਮਮਤਾ ਮੁੱਕ ਜਾਏ ਤਦੋਂ ਕਿਸੇ ਚੀਜ਼ ਦੇ ਖੁੱਸਣ ਦਾ ਡਰ ਨਹੀਂ ਰਹਿੰਦਾ!) । "ਸਲੋਕੁ ਮ: 3 ॥ ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥ ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥1॥ ਅੰਗ 149" । ਪਰਮਾਤਮਾ ਦਾ ਡਰ ਹਿਰਦੇ ਵਿਚ ਵਸਾਉਣ ਤੋਂ ਬਿਨਾਂ ਕੋਈ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ । (ਸਿਰਫ਼ ਉਹੀ ਪਾਰ ਲੰਘਦਾ ਹੈ ਜਿਸ ਨੇ) ਪ੍ਰਭੂ ਦਾ ਡਰ-ਅਦਬ ਅਤੇ ਪਿਆਰ ਆਪਣੇ ਹਿਰਦੇ ਵਿਚ ਟਿਕਾ ਕੇ ਆਪਣਾ ਜੀਵਨ ਸੰਵਾਰ ਲਿਆ ।1।ਰਹਾਉ। "ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥1॥ ਰਹਾਉ ॥ ਅੰਗ 151" । ਇਸਦੇ ਉੱਲਟ ਸਤਿਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਡਰ ਤੋਂ ਬਿਨਾਂ ਜੇ ਮਨੁੱਖ ਲੰਮੀ ਉਮਰ ਭੀ ਜੀਉਂਦਾ ਰਹੇ ਤੇ ਬੜੀਆਂ ਮੌਜਾਂ ਮਾਣਦਾ ਰਹੇ, ਤੇ ਪ੍ਰਭੂ ਦੇ ਡਰ ਤੋਂ ਬਿਨਾਂ ਹੀ ਮਰਦਾ ਹੈ ਤਾਂ ਮੁਕਾਲਖ ਖੱਟ ਕੇ ਹੀ ਜਗਤ ਤੋਂ ਜਾਂਦਾ ਹੈ। "ਮ: 3 ॥ ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥ ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥2॥ ਅੰਗ 149" ।


ਪਰਮਾਤਮਾ ਦਾ ਡਰ ਹਿਰਦੇ ਵਿਚ ਵਸਾਣ ਤੋਂ ਬਿਨਾ ਕੋਈ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ । ਪ੍ਰਭੂ ਦਾ ਡਰ ਮਨ ਅੰਦਰ ਰੱਖ ਕੇ ਪ੍ਰਭੂ ਪਿਆਰ ਰਾਹੀਂ ਆਪਣਾ ਆਪ ਸੰਵਾਰ ਲਿਆ ਜਾਂਦਾ ਹੈ । "ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥1॥ ਰਹਾਉ॥ ਅੰਗ 151"। ਸਤਿਗੁਰੂ ਨਾਨਕ ਦੇਵ ਜੀ ਰਾਗ ਗਉੜੀ ਵਿਚ ਪ੍ਰਸ਼ਨ ਕਰਦੇ ਹਨ ਕਿ ਉਹ ਕਿਸ ਤਰ੍ਹਾਂ ਦਾ ਡਰ ਹੈ ਜੋ ਹੋਰਨਾਂ ਦੁਨਿਆਵੀ ਡਰਾਂ ਨੂੰ ਡਰਾ ਦਿੰਦਾ ਹੈ? ਤੇ ਫਿਰ ਉੱਤਰ ਦਿੰਦੇ ਹਨ ਕਿ ਪਰਮਾਤਮਾ ਦਾ ਡਰ ਹਿਰਦੇ 'ਚ ਰੱਖਿਆਂ ਹਰ ਕਿਸਮ ਦਾ ਡਰ ਦੂਰ ਹੋ ਜਾਂਦਾ ਹੈ । ਹੇ ਪ੍ਰਭੂ! ਤੇਰਾ ਡਰ ਐਸਾ ਨਹੀਂ ਹੁੰਦਾ ਕਿ ਉਸ ਡਰ ਵਿਚ ਰਿਹਾਂ ਕੋਈ ਹੋਰ ਡਰ ਮਨ 'ਚ ਟਿਕਿਆ ਰਹੇ । ਤੈਥੋਂ ਬਿਨਾਂ ਸਾਡਾ ਕੋਈ ਹੋਰ ਥਾਂ/ਆਸਰਾ ਨਹੀਂ ਹੈ । ਸ੍ਰਿਸ਼ਟੀ 'ਚ ਜੋ ਕੁਝ ਹੋ ਰਿਹਾ ਹੈ ਸਭ ਤੇਰੀ ਮਰਜ਼ੀ ਨਾ਼ਲ ਹੋ ਰਿਹਾ ਹੈ ।1। ਡਰੀਏ ਤਾਂ ਜੇ ਪ੍ਰਭੂ ਦੇ ਡਰ ਤੋਂ ਬਿਨਾ ਕੋਈ ਹੋਰ ਹੋਵੇ । ਡਰ ਡਰ ਕੇ ਡਰ 'ਚ ਰਹਿਣਾ ਮਨ ਦਾ ਹੀ ਰੌ਼ਲਾ ਹੈ ।1।ਰਹਾਉ। "ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥1॥ ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥1॥ ਰਹਾਉ ॥ ਅੰਗ 151"। ਕੁਛ ਇਸੇ ਤਰ੍ਹਾਂ ਦਾ ਉਪਦੇਸ਼ ਬਾਵਨ ਅੱਖਰੀ ਬਾਣੀ 'ਚ ਕਬੀਰ ਜੀ ਕਰਦੇ ਹਨ । ਜੇ ਪਰਮਾਤਮਾ ਦਾ ਡਰ (ਭਾਵ, ਅਦਬ-ਸਤਿਕਾਰ) ਮਨੁੱਖ ਦੇ ਹਿਰਦੇ ਵਿਚ ਪੈਦਾ ਹੋ ਜਾਏ ਤਾਂ ਦੁਨੀਆਵੀ ਡਰ (ਦਿਲੋਂ) ਦੂਰ ਹੋ ਜਾਂਦਾ ਹੈ ਤੇ ਉਸ ਡਰ ਵਿਚ ਦੁਨੀਆਂ ਵਾ਼ਲਾ ਡਰ ਮੁੱਕ ਜਾਂਦਾ ਹੈ; ਪਰ ਜੇ ਮਨੁੱਖ ਪ੍ਰਭੂ ਦਾ ਡਰ ਮਨ ਵਿਚ ਨਾ ਵਸਾਏ ਤਾਂ ਦੁਨੀਆਵੀ ਡਰ ਮੁੜ ਆ ਚਿੰਬੜਦਾ ਹੈ । (ਤੇ ਪ੍ਰਭੂ ਦਾ ਡਰ ਹਿਰਦੇ ਵਿਚ ਵਸਾ ਕੇ) ਜੋ ਮਨੁੱਖ ਨਿਰਭਉ ਹੋ ਗਿਆ, ਉਸ ਦੇ ਹਿਰਦੇ 'ਚ ਜੋ ਭੀ ਡਰ ਹੁੰਦਾ ਹੈ ਉਹ ਨੱਸ ਜਾਂਦਾ ਹੈ । "ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥ ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ ਨਿਡਰੁ ਹੂਆ ਡਰੁ ਉਰ ਹੋਇ ਭਾਗੈ ॥19॥ ਅੰਗ 341"। ਗੁਰੂ ਨੂੰ ਮਿਲ ਕੇ ਪਰਮਾਤਮਾ ਦੇ ਡਰ ਅੰਦਰ ਦੁਨੀਆਵੀ ਡਰ ਦੂਰ ਕਰ ਲਈਦੇ ਹਨ । ਪਰਮਾਤਮਾ ਦੇ ਡਰ ਤੋਂ ਮਾਇਆ ਵਲੋਂ ਵੈਰਾਗ ਪੈਦਾ ਹੁੰਦਾ ਹੈ ਤੇ ਪ੍ਰਭੂ ਨੂੰ ਖੋਜਦੇ ਫਿਰੀਦਾ ਹੈ । ਖੋਜ ਕਰਦਿਆਂ ਕਰਦਿਆਂ ਆਤਮਿਕ ਅਡੋਲਤਾ ਪੈਦਾ ਹੋ ਜਾਂਦੀ ਹੈ ਅਤੇ ਫਿਰ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ । "ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ ॥ ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ ॥ ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ ॥ ਮਾਰੂ ਵਾਰ ਮਹਲਾ 5, ਅੰਗ 1102"।

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388


PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk


## ਭਾਈ ਅੰਮ੍ਰਿਤਪਾਲ ਸਿੰਘ ਦੀ ਚਾਰ ਦਿਨ੍ਹਾਂ ਪੈਰੋਲ ਸਬੰਧੀ ਬਿਆਨਬਾਜੀ ਨਾਲ ਸਿੱਖ ਕੌਮ ਪ੍ਰਤੀ ਫਿਰਕਾਪ੍ਰਸਤ ਸੋਚ ਦਾ ਪ੍ਰਗਟਾਵਾ – ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.

ਲੰਡਨ- ਭਾਈ ਅੰਮ੍ਰਿਤਪਾਲ ਸਿੰਘ ਜੋ ਕੇ ਚਾਰ ਜੂਨ ਨੂੰ ਲੋਕ ਸਭਾ ਹਲਕਾ ਖਡੂਰ ਸਾਹਿਬ ਤੋ ਮੈਂਬਰ ਪਾਰਲੀਮੈਂਟ ਚੁਣੇ ਗਏ ਹਨ, ਖਬਰਾਂ ਮੁਤਬਕ ਉਹ ਪੰਜ ਜੂਨ ਨੂੰ ਦਿੱਲੀ ਪਾਰਲੀਮੈਟ ਭਵਨ ਵਿੱਚ ਪੁੱਜ ਕੇ ਇਸ ਸਬੰਧੀ ਲੋੜੀਂਦੀ ਕਨੂੰਨੀ ਪ੍ਰਕ੍ਰਿਆ ਪੂਰੀ ਕਰਨਗੇ। ਉਨ੍ਹਾਂ ਨੂੰ ਮਿਲੀ ਚਾਰ ਦਿਨ੍ਹਾਂ ਦੀ ਪੈਰੋਲ ਅਤੇ ਲੋਕ ਫਤਵੇ ਨੂੰ ਮੁਖ ਰੱਖਦਿਆਂ ਰਿਹਾਈ ਬਾਰੇ ਅਨੇਕਾਂ ਪ੍ਰਕਾਰ ਦੀਆਂ ਚਲਦੀਆਂ ਚਰਚਾਵਾਂ ਵਿੱਚ ਹਾਲ ਹੀ ਵਿੱਚ ਦਲ ਬਦਲ ਕੇ ਬੀ. ਜੇ. ਪੀ. ਵਿੱਚ ਸ਼ਾਮਲ ਹੋਏ ਮਿ: ਸੁਨੀਲ ਜਾਖੜ ਅਤੇ ਮਿ: ਰਵਨੀਤ ਬਿੱਟੂ ਨੇ ਵੀ ਬਿਆਨਬਾਜੀ ਕੀਤੀ ਹੈ। ਮਿ: ਜਾਖੜ ਨੇ ਕਿਹਾ ਕੇ ਜੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਰਿਹਾ ਕਰਨਾ ਹੈ ਤਾਂ ਲਾਰੈਂਸ ਬਿਸ਼ਨੋਈ ਨੂੰ ਵੀ ਰਿਹਾ ਕਰ ਦੇਣਾਂ ਚਾਹੀਦਾ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕੇ ਆਪਣੀ ਪਾਰਟੀ ਦੇ ਉਮੀਦਵਾਰ ਵੱਜੋਂ ਉਸ ਨੂੰ ਜਿਤਾ ਕੇ ਆਪਣੀ ਇਹ ਹਸਰਤ ਵੀ ਪੂਰੀ ਕਰ ਲੈਣ। ਦਰਅਸਲ ਮਿ: ਸੁਨੀਲ ਜਾਖੜ ਹੁਕਮਰਾਨਾ ਨੂੰ ਅਹਿਸਾਸ ਕਰਵਾਉਣਾਂ ਚਹੁੰਦੇ ਹਨ ਕੇ ਸਿੱਖ ਕੌਮ ਬਾਰੇ ਉਹ ਆਪਣੇ ਪਿਤਾ ਵਰਗੀ ਹੀ ਸੋਚ ਰੱਖਦੇ ਹਨ। ਵੈਸੇ ਜੇ ਹੁਕਮਰਾਨ ਚਹੁੰਣ ਤਾਂ ਹਾਰੇ ਹੋਏ ਵਿਅਕਤੀ ਮਿ: ਰਵਨੀਤ ਬਿੱਟੂ ਨੂੰ ਵੀ ਮੰਤਰੀ ਬਣਾ ਲੈਂਦੇ ਹਨ। ਮਿ: ਰਵਨੀਤ ਬਿੱਟੂ ਇਸ ਕ੍ਰਿਪਾ ਦ੍ਰਿਸ਼ਟੀ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਤੋਂ ਵੀ ਕਿਤੇ ਅੱਗੇ ਬੰਦ ਕਰਨ ਦੀ ਬਿਆਨਬਾਜੀ ਕਰਕੇ ਹੁਕਮਰਾਨਾ ਨੂੰ ਦੱਸਣਾਂ ਚਹੁੰਦੇ ਹਨ ਕੇ ਉਹ ਆਪਣੇ ਦਾਦੇ ਦੇ ਨਕਸ਼-ਏ-ਕਦਮਾਂ 'ਤੇ ਚੱਲਣ ਲਈ ਤਿਆਰ ਹਨ। ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ, ਯੂਥ ਵਿੰਗ ਪ੍ਰਧਾਨ ਵਰਿੰਦਰ ਸਿੰਘ ਖਹਿਰਾ ਵੱਲੋਂ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਅੱਗੇ ਕਿਹਾ ਕੇ ਮੀਡੀਆ ਰਿਪੋਰਟਾਂ ਮੁਤਾਬਕ ਭਾਰਤੀ ਪਾਰਲੀਮੈਂਟ ਦੀ ਚਾਲੀ ਪ੍ਰਤੀਸ਼ਤ ਮੈਂਬਰਾਂ 'ਤੇ ਅਪਰਾਧਕ ਕੇਸ ਹਨ ਜਿਨ੍ਹਾਂ ਵਿੱਚੋਂ ਪੰਝੀ ਪ੍ਰਤੀਸ਼ਤ ਉੱਪਰ ਕਥਿਤ ਤੌਰ 'ਤੇ ਗੰਭੀਰ ਅਪਰਾਧਕ ਕੇਸ ਹਨ। ਸਿੱਖ ਕੌਮ ਸਮੇਤ ਸਮੂਹ ਘੱਟ ਗਿਣਤੀ ਕੌਮਾਂ ਅਤੇ ਦਲਿਤ ਭਾਈਚਾਰੇ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨ ਕੇ ਚੱਲਦੇ ਹੋਏ ਹਮੇਸ਼ਾ ਨਿਸ਼ਾਨਾ ਬਣਾਉਣ ਵਾਲੇ ਇਹ ਆਗੂ ਜੇ ਸੱਚ ਮੁੱਚ ਇੰਨੇ ਨਿਆਂ ਪਸੰਦ ਅਤੇ ਸੰਵਿਧਾਨ ਦੇ ਰਾਖੇ ਹਨ ਤਾਂ ਪੂਰੇ ਦੇਸ਼ ਵਿੱਚੋਂ ਐਸੇ ਅਪਰਾਧਕ ਰਿਕਾਰਡ ਵਾਲਿਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਕੇ ਭਵਿੱਖ ਲਈ ਅਯੋਗ ਕਰਾਰ ਦੇਣ।

# ਕਿਵੇਂ ਬਹਾਲ ਹੋਵੇ ਅਕਾਲੀ ਲੀਡਰਸ਼ਿਪ ਦਾ ਭਰੋਸਾ ?

**ਜਗਤਾਰ ਸਿੰਘ**
ਸੀਨੀਅਰ ਪੱਤਰਕਾਰ



ਸ਼੍ਰੋਮਣੀ ਅਕਾਲੀ ਦਲ ਸਿੱਖ ਸੱਧਰਾਂ ਅਤੇ ਉਮੰਗਾਂ ਨੂੰ ਜ਼ੁਬਾਨ ਦੇਣ ਦੇ ਆਸ਼ੇ ਤਹਿਤ ਕਾਰਜਸ਼ੀਲ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਹੈ ਜਿਸ ਦੇ ਸੀਨੀਅਰ ਆਗੂਆਂ ਦੇ ਇੱਕ ਹਿੱਸੇ ਨੇ ਲੰਘੇ ਸੋਮਵਾਰ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਰਘਬੀਰ ਸਿੰਘ ਸਨਮੁੱਖ ਪੇਸ਼ ਹੋ ਕੇ ਇੱਕ ਪਸ਼ਤਾਚਾਪ ਪੱਤਰ ਸੌਂਪਿਆ ਹੈ ਅਤੇ ਉਨ੍ਹਾਂ ਦਾ ਇਹ ਕਦਮ ਮਹਿਜ਼ ਸੱਤਾ ਸੰਘਰਸ਼ ਤੱਕ ਸੀਮਤ ਨਹੀਂ ਰਹਿ ਗਿਆ। ਇਸ ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚਾਰ ਵਾਰ ਪ੍ਰਧਾਨ ਰਹਿ ਚੁੱਕੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਭਾਈ ਮਨਜੀਤ ਸਿੰਘ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਕਰਨੈਲ ਸਿੰਘ ਪੰਜੋਲੀ ਸ਼ਾਮਿਲ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ 1995 ਤੋਂ ਪਾਰਟੀ ਦੇ ਸਿਰਕੱਢ ਆਗੂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੰਭਾਲੀ ਜਾ ਰਹੀ ਸੀ ਜਿਨ੍ਹਾਂ 2008 ਵਿੱਚ ਪਾਰਟੀ ਦੀ ਵਾਗਡੋਰ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤ ਵਿੱਚ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਸਭ ਤੋਂ ਵੱਧ ਸ਼ਾਂਤਮਈ ਸੰਘਰਸ਼ ਲੜੇ ਗਏ ਹਨ ਅਤੇ ਅਜਿਹੀ ਸ਼ਾਨਾਮੱਤੇ ਇਤਿਹਾਸ ਵਾਲੀ ਪਾਰਟੀ ਵਿੱਚ 'ਪਰਿਵਾਰਕ ਜਾਂਨਸ਼ੀਨੀ' ਦੀ ਇਹੋ ਜਿਹੀ ਮਿਸਾਲ ਪਹਿਲਾਂ ਕਦੇ ਨਹੀਂ ਮਿਲੀ ਸੀ।

ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੇ ਗਏ ਇਸ ਪਸ਼ਤਾਚਾਪ ਪੱਤਰ ਵਿੱਚ ਪਾਰਟੀ ਆਗੂਆਂ ਨੇ 2007 ਤੋਂ 2017 ਤੱਕ ਦੇ ਅਰਸੇ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਹੋਈਆਂ ਭੁੱਲਾਂ ਬਦਲੇ ਆਪਣੇ-ਆਪ ਨੂੰ ਸਜ਼ਾ ਲਈ ਪੇਸ਼ ਕਰ ਕੇ ਮੁਆਫ਼ੀ ਮੰਗੀ ਹੈ ਜਿਸ ਕਰ ਕੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੇ ਦਸ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਣ ਨਾਲ ਉੱਭਰਿਆ ਸੰਕਟ ਹੋਰ ਤਿੱਖਾ ਹੋ ਗਿਆ ਹੈ, ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦਲ ਅਜਿਹੇ ਕਿਸੇ ਸੰਕਟ ਵਿੱਚ ਫਸਿਆ ਹੋਵੇ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਅਕਾਲੀ ਦਲ 1999 ਤੋਂ ਹੀ ਉਤਰਾਅ-ਚੜ੍ਹਾਅ ਦੇ ਦੌਰਾਂ ਵਿਚੋਂ ਲੰਘਦਾ ਆਇਆ ਸੀ ਜਦੋਂ ਵੱਡੇ ਬਾਦਲ ਅਤੇ ਉਸ ਵੇਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸਿੱਖ ਜਗਤ ਵਿੱਚ ਸੱਤਾ ਦੇ ਮੁਤਵਾਜ਼ੀ ਕੇਂਦਰ ਗਿਣੇ ਜਾਂਦੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿੱਚ ਟਕਰਾਅ ਪੈਦਾ ਹੋ ਗਿਆ ਸੀ। ਪਾਰਟੀ ਅੰਦਰ ਗਿਰਾਵਟ ਦਾ ਇਹ ਦੌਰ 2022 ਵਿੱਚ ਉਦੋਂ ਤਿੱਖਾ ਹੋਇਆ ਜਦੋਂ ਵਿਧਾਨ ਸਭਾ ਵਿੱਚ ਇਸ ਦੇ ਮੈਂਬਰਾਂ ਦੀ ਗਿਣਤੀ ਘਟ ਕੇ ਤਿੰਨ ਰਹਿ ਗਈ ਸੀ। ਹਾਲੀਆ ਲੋਕ ਸਭਾ ਚੋਣਾਂ ਵਿੱਚ ਲੰਮਾ ਅਰਸਾ ਇਸ ਦੀ ਸਹਿਯੋਗੀ ਪਾਰਟੀ ਰਹੀ ਭਾਰਤੀ ਜਨਤਾ ਪਾਰਟੀ ਨੇ ਵੋਟ ਫ਼ੀਸਦ ਦੇ ਲਿਹਾਜ਼ ਨਾਲ ਜ਼ਿਆਦਾ ਵੋਟਾਂ ਹਾਸਿਲ ਕੀਤੀਆਂ ਹਨ।

ਹਾਲਾਂਕਿ ਅਕਾਲ ਤਖ਼ਤ ਅੱਗੇ ਪੇਸ਼ ਹੋਣ ਵਾਲੇ ਆਗੂਆਂ ਨੇ ਇਹ ਭੁੱਲ ਕਬੂਲ ਕੀਤੀ ਹੈ ਕਿ ਬਾਦਲ ਸਰਕਾਰ ਵੇਲੇ ਹੋਈਆਂ ਕਈ ਕਾਰਵਾਈਆਂ ਵੇਲੇ ਉਹ ਚੁੱਪ ਰਹੇ ਸਨ ਅਤੇ ਇਨ੍ਹਾਂ ਕਰ ਕੇ ਪਾਰਟੀ ਦੀ ਭਰੋਸੇਯੋਗਤਾ ਅਤੇ ਹੋਂਦ ਦਾਅ 'ਤੇ ਲੱਗ ਗਈ ਹੈ। ਇਨ੍ਹਾਂ ਵੱਲੋਂ ਜਿਨ੍ਹਾਂ ਪ੍ਰਮੁੱਖ ਮੁੱਦਿਆਂ ਦਾ ਹਵਾਲਾ ਦਿੱਤਾ ਗਿਆ ਹੈ ਉਨ੍ਹਾਂ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਜੀ ਦੀ ਪੁਸ਼ਾਕ ਪਹਿਨ ਕੇ ਧਰਮਨਿੰਦਾ ਦਾ ਫ਼ੌਜਦਾਰੀ ਕੇਸ ਵਾਪਸ ਲੈਣ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਕੇਸਾਂ ਅਤੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਘੋਰ ਉਲੰਘਣਾਵਾਂ ਨਾਲ ਜੁੜੇ ਸੁਮੇਧ ਸੈਣੀ ਦੀ ਡੀਜੀਪੀ ਵਜੋਂ ਨਿਯੁਕਤੀ ਜਿਹੇ ਕੇਸ ਸ਼ਾਮਿਲ ਹਨ। ਇਨ੍ਹਾਂ ਦਾ ਕੇਂਦਰਬਿੰਦੂ ਉਸ ਦੌਰ ਵਿਚਲੀਆਂ ਚਾਰ ਕਾਰਵਾਈਆਂ ਅਤੇ ਫ਼ੈਸਲੇ ਹਨ।

ਸ਼੍ਰੋਮਣੀ ਅਕਾਲੀ ਦਲ ਜੋ ਕਿ ਦਹਾਕਿਆਂ ਤੋਂ ਸਿੱਖਾਂ ਦੀ ਤਰਜਮਾਨੀ ਕਰਦਾ ਆ ਰਿਹਾ ਸੀ, ਨੂੰ ਹੁਣ ਸਿੱਖਾਂ ਵੱਲੋਂ ਹੀ ਰੱਦ ਕਰ ਦਿੱਤਾ ਗਿਆ ਹੈ। ਘੱਟੋ-ਘੱਟ ਦੋ ਸਿਫ਼ਤੀ ਤਬਦੀਲੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਇਸ ਪਾਰਟੀ ਅਤੇ ਪੰਥਕ ਸੰਸਥਾਵਾਂ ਅੰਦਰ ਸੰਕਟ ਪੈਦਾ ਹੋਇਆ ਹੈ। ਪਾਰਟੀ ਨੇ ਆਪਣੇ 75ਵੇਂ ਸਥਾਪਨਾ ਦਿਵਸ ਮੌਕੇ ਫਰਵਰੀ 1996 ਵਿੱਚ ਹੋਈ ਮੋਗਾ ਕਾਨਫਰੰਸ ਵਿੱਚ ਪੰਥ ਦੀ ਥਾਂ ਪੰਜਾਬੀਅਤ ਉੱਪਰ ਜ਼ੋਰ ਦਿੱਤਾ ਸੀ ਜੋ ਪ੍ਰਕਾਸ਼ ਸਿੰਘ ਬਾਦਲ ਦੇ ਭਾਸ਼ਣ ਅਤੇ ਉਸ ਤੋਂ ਬਾਅਦ ਫ਼ਿਰਕੂ ਸਦਭਾਵਨਾ ਅਤੇ ਭਾਈਚਾਰੇ ਦੇ ਨਾਂ 'ਤੇ ਦਿੱਤੇ ਗਏ ਜ਼ੋਰ ਤੋਂ ਦੇਖਿਆ ਜਾ ਸਕਦਾ ਹੈ। ਇਹ ਇੱਕ ਵਿਚਾਰਧਾਰਕ ਬਦਲਾਓ ਸੀ।

ਸੰਨ 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਤੋਂ ਬਾਅਦ ਸੁਖਬੀਰ ਬਾਦਲ ਦੀ ਜੁਗਤ (ਮਾਈਕਰੋ ਮੈਨੇਜਮੈਂਟ) ਦੀ ਖ਼ੂਬ ਚਰਚਾ ਹੋਈ ਸੀ। ਇਹ ਉਹ ਦੌਰ ਸੀ ਜਦੋਂ ਸਿਆਸਤ ਵਣਜ ਦਾ ਰੂਪ ਧਾਰਨ ਕਰਦੀ ਜਾ ਰਹੀ ਸੀ ਜਿਸ ਕਰ ਕੇ ਨਾ ਕੇਵਲ ਸ਼੍ਰੋਮਣੀ ਅਕਾਲੀ ਦਲ ਸਗੋਂ ਸਮੁੱਚਾ ਸਿਆਸੀ ਤਾਣਾ ਬਾਣਾ ਹੀ ਪ੍ਰਭਾਵਿਤ ਹੁੰਦਾ ਨਜ਼ਰ ਆ ਰਿਹਾ ਸੀ। ਜਿੰਨੀ ਦੇਰ ਤੱਕ ਆਗੂ ਸ਼ੇਅਰਧਾਰਕਾਂ/ਹਿੱਸੇਦਾਰਾਂ ਨੂੰ ਲਾਹਾ ਦਿਵਾਉਂਦਾ ਰਿਹਾ, ਓਨੀ ਦੇਰ ਤਕ ਉਸ ਦੀ ਖ਼ੂਬ ਸ਼ਲਾਘਾ ਵੀ ਹੁੰਦੀ ਰਹੀ। ਜਿਹੜੇ ਆਗੂਆਂ ਨੇ ਹੁਣ ਪਸ਼ਤਾਚਾਪ ਪੱਤਰ ਦਿੱਤਾ ਹੈ, ਉਹ ਉਦੋਂ ਹਿੱਸੇਦਾਰ ਸਨ। 2017 ਵਿੱਚ ਕੰਪਨੀ ਫੇਲ੍ਹ ਹੋ ਗਈ ਅਤੇ 2022 ਵਿੱਚ ਦੀਵਾਲੀਆ ਹੋ ਗਈ ਜਿਸ ਕਰ ਕੇ 2024 ਵਿਚ ਸ਼ੇਅਰਧਾਰਕਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਗਿਆ। ਸ਼ੇਅਰਧਾਰਕ ਹੁਣ ਕੰਪਨੀ ਦੀ ਕਾਇਆ ਕਲਪ ਕਰ ਕੇ ਇਸ ਨੂੰ ਸੁਰਜੀਤ ਕਰਨ ਦੀ ਮੰਗ ਕਰ ਰਹੇ ਹਨ।



ਜਦੋਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਰਾਮ ਰਹੀਮ ਨੂੰ ਮੁਆਫ਼ੀ ਦਿੱਤੀ ਗਈ ਸੀ ਤਾਂ ਪਹਿਲੀ ਵਾਰ ਸਿੱਖ ਭਾਈਚਾਰੇ ਅੰਦਰ ਅਕਾਲੀ ਦਲ ਅਤੇ ਪੰਥਕ ਸੰਸਥਾਵਾਂ ਵਿੱਚ ਆਏ ਨਿਘਾਰ ਖਿਲਾਫ਼ ਰੌਲਾ ਪਿਆ ਸੀ। ਗ਼ੌਰਤਲਬ ਹੈ ਕਿ 2007 ਵਿੱਚ ਰਾਮ ਰਹੀਮ ਵੱਲੋਂ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਹਿਨਣ ਦੀਆਂ ਤਸਵੀਰਾਂ ਨਸ਼ਰ ਹੋਣ ਤੋਂ ਬਾਅਦ ਅਕਾਲ ਤਖ਼ਤ ਵੱਲੋਂ ਇੱਕ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਡੇਰਾ ਪ੍ਰੇਮੀਆਂ ਦਾ ਸਮਾਜਿਕ ਬਾਈਕਾਟ ਕਰਨ ਲਈ ਕਿਹਾ ਗਿਆ ਸੀ। ਫਿਰ 2012 ਦੀਆਂ ਵਿਧਾਨ ਸਭਾ ਚੋਣਾਂ ਹੋਣ ਤੋਂ ਪੰਜ ਦਿਨ ਪਹਿਲਾਂ ਰਾਮ ਰਹੀਮ ਖ਼ਿਲਾਫ਼ ਪੁਸ਼ਾਕ ਪਹਿਨ ਕੇ ਧਰਮਨਿੰਦਾ ਦਾ ਕੇਸ ਵਾਪਸ ਲੈ ਲਿਆ ਗਿਆ। ਇੱਥੇ ਧਿਆਨ ਦੇਣਯੋਗ ਗੱਲ ਇਹ ਹੈ ਕਿ ਚੋਣ ਕਮਿਸ਼ਨ ਦਾ ਕੰਮ ਰਾਜ ਸਰਕਾਰ ਦੀਆਂ ਭੇਜੀਆਂ ਫਾਈਲਾਂ ਸਿਰਫ਼ ਕਲੀਅਰ ਕਰਨ ਦਾ ਹੁੰਦਾ ਹੈ। ਸਤੰਬਰ 2015 ਵਿੱਚ ਅਕਾਲ ਤਖ਼ਤ ਵੱਲੋਂ ਰਾਮ ਰਹੀਮ ਨੂੰ ਮੁਆਫ਼ੀ ਵੀ ਦੇ ਦਿੱਤੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਖ-ਵੱਖ ਅਖ਼ਬਾਰਾਂ ਵਿੱਚ 90 ਲੱਖ ਰੁਪਏ ਦੇ ਇਸ਼ਤਿਹਾਰ ਦੇ ਕੇ ਇਸ ਫ਼ੈਸਲੇ ਨੂੰ ਵਾਜਬ ਠਹਿਰਾਇਆ ਸੀ। ਇਹ ਸਭ ਮਿਲੀਭੁਗਤ ਦਾ ਮਾਮਲਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸੱਦ ਕੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ ਗਈ ਸੀ।

ਇਸ ਤੋਂ ਮਹੀਨਾ ਕੁ ਬਾਅਦ ਅਕਤੂਬਰ 2015 ਵਿਚ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ ਜਿਸ ਤੋਂ ਪਹਿਲਾਂ 1 ਜੂਨ ਨੂੰ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂਘਰ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਸੇਵਾਮੁਕਤ ਡੀਜੀਪੀ ਮੁਹੰਮਦ ਇਜ਼ਹਾਰ ਆਲਮ ਦੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਸਮੇਤ ਕੁਝ ਘਟਨਾਵਾਂ ਨੂੰ ਇਸ ਪੱਤਰ ਵਿੱਚ ਦਰਜ ਕੀਤਾ ਗਿਆ ਹੈ। ਇਸ ਪੱਤਰ ਵਿੱਚ ਇਨ੍ਹਾਂ ਆਗੂਆਂ ਨੇ ਮੰਨਿਆ ਹੈ ਕਿ ਉਹ ਇਸ ਦੌਰਾਨ ਚੁੱਪ ਰਹੇ ਸਨ, ਜਿਸ ਕਰ ਕੇ ਉਹ ਵੀ ਕਸੂਰਵਾਰ ਹਨ। ਹਾਲਾਂਕਿ ਸਤਹੀ ਤੌਰ 'ਤੇ ਦੇਖਿਆਂ ਜਾਪਦਾ ਹੈ ਕਿ ਇਹ ਪੱਤਰ ਸਿਰਫ਼ ਪਸ਼ਤਾਚਾਪ ਕਰਨ ਹਿੱਤ ਲਿਖਿਆ ਗਿਆ ਹੈ ਪਰ ਇਸ ਦੇ ਅਰਥ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਹਨ। ਇਸ ਨੇ ਨਾ ਸਿਰਫ਼ ਸੁਖਬੀਰ ਸਿੰਘ ਬਾਦਲ ਬਲਕਿ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਅਤੇ ਨਕਾਰੇਪਣ ਕਰ ਕੇ ਇਨ੍ਹਾਂ ਕੇਸਾਂ 'ਚ ਮਿਲੀਭੁਗਤ ਬਦਲੇ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਇਹ ਮਹਿਜ਼ ਅਕਾਲੀ ਦਲ ਦਾ ਸੰਕਟ ਨਹੀਂ ਸਗੋਂ ਪੰਥਕ ਸੰਕਟ ਹੈ।

ਸਮੱਸਿਆ ਇਹ ਹੈ ਕਿ ਇਹ ਸਿਰਫ਼ ਇਲਜ਼ਾਮ ਨਹੀਂ ਹਨ ਬਲਕਿ ਤੱਥ ਆਧਾਰਿਤ ਬਿਆਨ ਹਨ। ਇਨ੍ਹਾਂ ਵਿੱਚੋਂ ਕਈ ਆਗੂ ਦ੍ਰਿੜ੍ਹਤਾ ਨਾਲ ਹਾਲੇ ਵੀ ਕਹਿੰਦੇ ਹਨ ਕਿ ਉਨ੍ਹਾਂ 2022 ਵਿੱਚ ਹੀ ਪ੍ਰਸਤਾਵ ਰੱਖਿਆ ਸੀ ਕਿ ਪਾਰਟੀ ਨੂੰ ਅਕਾਲ ਤਖ਼ਤ 'ਤੇ ਮਾੜੇ ਕੰਮਾਂ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਸਿੱਖ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਕਈ ਵਾਰ, ਅਕਾਲ ਤਖ਼ਤ ਨੇ ਪੰਥਕ ਕਦਰਾਂ-ਕੀਮਤਾਂ ਭੰਗ ਹੋਣ ਦਾ ਖ਼ੁਦ ਵੀ ਨੋਟਿਸ ਲਿਆ ਹੈ ਤੇ ਇਸ ਦੀ ਸਭ ਤੋਂ ਵੱਧ ਦਿੱਤੀ ਜਾਣ ਵਾਲੀ ਮਿਸਾਲ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀ ਹੋਈ ਹੈ। ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਉਨ੍ਹਾਂ ਨੂੰ ਤਲਬ ਕੀਤਾ ਸੀ ਤੇ ਸਜ਼ਾ ਸੁਣਾਈ ਸੀ। ਮਹਾਰਾਜਾ ਕੋੜੇ ਖਾਣ ਲਈ ਆਪਣੀ ਪਿੱਠ ਨੰਗੀ ਕਰ ਕੇ ਬੈਠ ਗਿਆ ਸੀ ਪਰ ਐਨ ਆਖ਼ਰੀ ਮੌਕੇ ਉਸ ਨੂੰ ਮੁਆਫ਼ੀ ਦੇ ਦਿੱਤੀ ਗਈ ਸੀ।

ਅਕਾਲ ਤਖ਼ਤ ਤੋਂ ਮਿਲਦੀ ਸਜ਼ਾ ਸੇਵਾ ਦੇ ਰੂਪ ਵਿੱਚ ਹੁੰਦੀ ਹੈ ਜਿਸ ਦਾ ਮੰਤਵ ਵਿਅਕਤੀ ਦੀ ਹਉਮੈਂ ਖ਼ਤਮ ਕਰ ਕੇ ਉਸ ਨੂੰ ਨਿਮਰ ਬਣਾਉਣਾ ਹੁੰਦਾ ਹੈ। ਅਕਾਲ ਤਖ਼ਤ ਦੇ ਜਥੇਦਾਰ ਹੁਣ ਜਿਹੜੇ ਮੁੱਦਿਆਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਵਿੱਚੋਂ ਇੱਕ ਇਸ ਸੰਸਥਾ (ਅਕਾਲ ਤਖ਼ਤ) ਅਤੇ ਨਾਲ ਹੀ ਐੱਸਜੀਪੀਸੀ ਦੇ ਕਾਰਜਾਂ ਨੂੰ ਬਾਰੀਕੀ ਨਾਲ ਘੋਖਣਾ ਹੈ। ਇਸ ਨਾਲ ਕੁਝ ਐਸੀਆਂ ਗੱਲਾਂ ਵਾਪਰ ਸਕਦੀਆਂ ਹਨ ਜੋ ਸਿੱਖਾਂ ਦੇ ਰਾਜਸੀ-ਧਾਰਮਿਕ ਖੇਤਰ 'ਚ ਵੱਡੀ ਰੱਦੋਬਦਲ ਦਾ ਸਬੱਬ ਬਣ ਸਕਦੀਆਂ ਹਨ।

ਇੱਕ ਹੋਰ ਪਹਿਲੂ ਵੀ ਹੈ। ਪਿਛਲੇ ਰਿਕਾਰਡ ਨੂੰ ਵਾਚਿਆ ਜਾਵੇ ਤਾਂ ਅਜਿਹੇ ਸੰਕਟਾਂ ਕਾਰਨ ਸਿੱਖ ਬਿਰਤਾਂਤ ਦਾ ਝੁਕਾਅ ਕਈ ਵਾਰ ਸੱਜੇ-ਪੱਖੀ ਵਿਚਾਰਧਾਰਾ ਵੱਲ ਝੁਕਦਾ ਰਿਹਾ ਹੈ। ਸੱਜਰੇ ਘਟਨਾਕ੍ਰਮ ਵਿੱਚ, ਕਈ ਅਕਾਲੀ ਆਗੂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਨੂੰ ਮਿਲਣ ਲਈ ਬਿਆਸ ਨੇੜੇ ਜੱਲੂਪੁਰ ਖੇੜਾ ਸਥਿਤ ਉਨ੍ਹਾਂ ਦੇ ਘਰ ਗਏ। ਭਾਵੇਂ ਇਹ ਸ਼ਿਸ਼ਟਾਚਾਰੀ ਮੁਲਾਕਾਤ ਹੀ ਸੀ ਪਰ ਮਿਲਣੀ ਦਾ ਸਮਾਂ ਪੁਰਾਣੇ ਰੁਝਾਨਾਂ ਨਾਲ ਮੇਲ ਖਾਂਦਾ ਹੈ। ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਵੱਡੇ ਫ਼ਰਕ ਨਾਲ ਜਿੱਤੇ ਅੰਮ੍ਰਿਤਪਾਲ ਸਿੰਘ ਨੂੰ ਇਸ ਵੇਲੇ ਰਾਸ਼ਟਰੀ ਸੁਰੱਖਿਆ ਐਕਟ (ਐੱਨਐੱਸਏ) ਦੇ ਕੇਸ ਅਧੀਨ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਹੋਇਆ ਹੈ ਤੇ ਸਮਝਿਆ ਜਾਂਦਾ ਹੈ ਕਿ ਉਹ 'ਗਰਮਦਲੀਆਂ' ਦੀ ਤਰਜਮਾਨੀ ਕਰ ਰਿਹਾ ਹੈ।

ਕੀ ਹੁਣ ਅਕਾਲ ਤਖ਼ਤ ਦੇ ਜਥੇਦਾਰ ਬੇਅਦਬੀ ਦੇ ਕੇਸਾਂ ਦੀ ਪੂਰੀ ਕਹਾਣੀ ਨੂੰ ਮੁੜ ਖੋਲ੍ਹਣਗੇ ਅਤੇ ਇਸ ਦੇ ਨਾਲ ਹੀ ਉਸ ਵੇਲੇ ਸਰਕਾਰ ਚਲਾ ਰਹੀ ਧਿਰ, ਐੱਸਜੀਪੀਸੀ ਤੇ ਖ਼ੁਦ ਅਕਾਲ ਤਖ਼ਤ ਦੀ ਭੂਮਿਕਾ ਨੂੰ ਘੋਖਣਗੇ। ਸੰਕਟ ਵਾਕਈ ਬਹੁਤ ਗਹਿਰਾ ਹੈ ਜਿਸ ਦੇ ਦੂਰਗਾਮੀ ਸਿੱਟੇ ਨਿਕਲ ਸਕਦੇ ਹਨ।

# ਰੱਬ ਦੇ ਸ਼ਰੀਕ

ਨਿਰਮਲ ਸਿੰਘ ਕੰਧਾਲਵੀ



ਅੱਜ ਜਦ ਕਿ ਵਿਗਿਆਨ ਨੇ ਏਨੀ ਤਰੱਕੀ ਕਰ ਲਈ ਹੈ ਕਿ ਦਿਨ ਬਦਿਨ ਨਵੀਆ ਤੋਂ ਨਵੀਆ ਖੋਜਾਂ ਸਾਹਮਣੇ ਆ ਰਹੀਆਂ ਹਨ। ਚੰਨ, ਤਾਰੇ, ਸੂਰਜ ਤੇ ਹੋਰ ਗ੍ਰਹਿ ਨਛੱਤਰ ਸਭਨਾਂ ਦੇ ਗੁੱਝੇ ਭੇਦ ਹੌਲੀ ਹੌਲੀ ਸਾਹਮਣੇ ਆ ਰਹੇ ਹਨ। ਕੁਦਰਤ ਦਾ ਸਾਰਾ ਨਿਜ਼ਾਮ ਕਿਸੇ ਨਿਯਮ ਦੇ ਅਧੀਨ ਚਲਦਾ ਹੈ। ਪਰ ਹੈਰਾਨੀ ਉਸ ਵੇਲੇ ਹੁੰਦੀ ਹੈ ਜਦੋਂ ਪੜ੍ਹ ਲਿਖੇ ਮਨੁੱਖ ਜਾਦੂ, ਟੂਣੇ ਕਰਨ ਵਾਲਿਆਂ, ਨਜੂਮੀਆਂ ਤੇ ਜੋਤਸ਼ੀਆਂ ਦੇ ਹੱਥੋਂ ਲੁੱਟੇ ਜਾਂਦੇ ਦੇਖਦੇ ਹਾਂ। ਸੋਨਾ ਤੇ ਰੁਪਏ ਦੁੱਗਣੇ ਕਰਨ ਦੇ ਝਾਂਸੇ 'ਚ ਆ ਕੇ ਲੁੱਟ ਹੁੰਦੇ ਲੋਕਾਂ ਦੀਆਂ ਖ਼ਬਰਾਂ ਰੋਜ਼ ਮੀਡੀਆ 'ਚ ਆਉਂਦੀਆਂ ਹਨ, ਪਰ ਇਸ ਦੇ ਬਾਵਜੂਦ ਹੋਰ ਲੋਕ ਲੁੱਟੇ ਜਾ ਰਹੇ ਹਨ। ਭੋਲੇ ਲੋਕ ਇੰਨਾ ਨਹੀਂ ਸੋਚਦੇ ਕਿ ਇਨ੍ਹਾਂ ਠੱਗਾਂ ਕੋਲ ਜੇ ਗੈਬੀ ਸ਼ਕਤੀਆਂ ਹਨ ਤਾਂ ਆਪਣੇ ਪੈਸੇ ਹੀ ਦੁੱਗਣੇ ਕਰ ਲੈਣ। ਕਿਸੇ ਸਿਆਣੇ ਨੇ ਤਾਂ ਹੀ ਕਿਹਾ ਸੀ ਕਿ ਲੋਕ ਤਾਂ ਲੁੱਟ ਹੋਣ ਲਈ ਤਿਆਰ ਬੈਠੇ ਹਨ, ਲੁੱਟਣ ਵਾਲਾ ਚਾਹੀਦਾ ਹੈ।

ਬਚਪਨ 'ਚ ਪਿੰਡਾਂ 'ਚ ਦੇਖਦੇ ਸਾਂ ਕਿ ਔਰਤਾਂ ਦੂਜੀਆਂ ਔਰਤਾਂ ਨਾਲ ਜਾਦੂ ਟੂਣਿਆਂ ਦੇ ਨਾਂ 'ਤੇ ਸਿੰਗ ਫ਼ਸਾਈ ਰੱਖਦੀਆਂ ਸਨ। ਜੇ ਉਡਦੇ ਪੰਛੀ ਦੇ ਮੂੰਹ 'ਚੋਂ ਮਾਸ ਦਾ ਕੋਈ ਟੁਕੜਾ ਕਿਸੇ ਦੇ ਵਿਹੜੇ 'ਚ ਡਿਗ ਪੈਣਾ ਤਾਂ ਘਰ ਦੀ ਸਵਾਣੀ ਨੇ ਸ਼ਰੀਕਾਂ ਦਾ ਪਿੱਟ-ਸਿਆਪਾ ਕਰਨ ਬਹਿ ਜਾਣਾ ਕਿ ਉਨ੍ਹਾਂ ਨੈ ਕੋਈ 'ਕਾਰਾ' ਕੀਤਾ ਹੈ। ਜਦ ਗੁੱਝੇ ਤੀਰ ਮਾਰ ਮਾਰ ਕੇ ਸ਼ਰੀਕਾਂ ਨੂੰ ਜਤਾਉਣਾ ਕਿ ਇਹ 'ਟੂਣਾ' ਉਨ੍ਹਾਂ ਦੀ ਹੀ ਕਰਤੂਤ ਹੈ, ਬਸ ਫੇਰ ਉਧਰੋਂ ਵੀ ਤਾਬੜ-ਤੋੜ ਹਮਲੇ ਸ਼ੁਰੂ ਤੇ ਸਾਰੇ ਮੁਹੱਲੇ ਕੀ ਸਾਰੇ ਪਿੰਡ ਨੇ ਤਮਾਸ਼ਾ ਦੇਖਣਾ। ਕਿਸੇ ਕੁਦਰਤੀ ਵਰਤਾਰੇ ਨੂੰ ਵੀ ਇਸ 'ਕੀਤੇ ਕਰਾਏ' ਨਾਲ ਜੋੜ ਕੇ ਪਰਵਾਰਾਂ ਵਿਚ ਲੜਾਈਆਂ ਅਜੇ ਵੀ ਹੁੰਦੀਆਂ ਰਹਿੰਦੀਆਂ ਹਨ।

ਬਚਪਨ ਵਿਚ ਇਕ ਘਟਨਾ ਵਾਪਰੀ ਜਾਂ ਇੰਜ ਕਹੋ ਕਿ ਅਸੀਂ ਇਹ ਘਟਨਾ ਆਪ ਵਰਤਾਈ, ਜਿਸ ਨੇ ਸਾਡੇ ਮਨਾਂ 'ਚੋਂ ਇਸ 'ਕੀਤੇ ਕਰਾਏ' ਜਾਦੂ, ਟੂਣਿਆਂ ਦਾ ਹਊਆ ਹਮੇਸ਼ਾ ਲਈ ਕੱਢ ਮਾਰਿਆ। ਗੱਲ ਇੰਜ ਹੋਈ ਕਿ ਅਸੀਂ ਦਸਵੀਂ ਜਮਾਤ ਦੇ ਚਾਰ ਪੜ੍ਹਾਕੂ ਇਕੱਠੇ ਰਾਤ ਨੂੰ ਸਾਡੇ ਚੁਬਾਰੇ 'ਚ ਪੜ੍ਹਿਆ ਕਰਦੇ ਸਾਂ। ਕਈ ਵਾਰੀ ਕੋਈ ਸ਼ਰਾਰਤ ਕਰਨ ਨੂੰ ਵੀ ਦਿਲ ਕਰਨਾ। ਕਦੀ ਕਿਸੇ ਦੇ ਕਮਾਦ 'ਚੋਂ ਗੰਨੇ ਪੁੱਟ ਲਿਆਉਣੇ ਤੇ ਚੁਬਾਰੇ 'ਚ ਬਹਿ ਕੇ ਚੂਪਣੇ ਤੇ ਕਦੇ ਕਿਸੇ ਦੇ ਖੇਤ 'ਚੋਂ ਆਲੂ ਪੁੱਟ ਲਿਆਉਣੇ ਤੇ ਚੁਬਾਰੇ 'ਚ ਰੱਖੇ ਹੋਏ ਹੀਟਰ 'ਤੇ ਭੁੰਨ ਕੇ ਖਾਣੇ। ਇਕ ਵਾਰੀ ਸਾਡੀ 'ਜੁੰਡਲੀ' ਨੇ ਫ਼ੈਸਲਾ ਕੀਤਾ ਕਿ ਕੋਈ ਅਲੋਕਾਰ ਜਿਹਾ ਕਾਰਜ ਕੀਤਾ ਜਾਵੇ। ਦੋ ਚਾਰ ਦਿਨ 'ਕਮੇਟੀ' ਦੀਆਂ ਬੈਠਕਾਂ ਹੁੰਦੀਆਂ ਰਹੀਆਂ। ਸਕੂਲ ਵਿਚ ਵੀ ਜਦੋਂ ਇਕੱਠੇ ਹੁੰਦੇ ਤਾਂ ਇਸ ਮਸਲੇ ਬਾਰੇ ਹੀ ਗੱਲਬਾਤ ਹੁੰਦੀ ਕਿ ਕਿਹੜੀ ਐਸੀ ਸ਼ਰਾਰਤ ਕੀਤੀ ਜਾਵੇ ਜਿਸ ਨਾਲ ਇਕ ਵਾਰੀ ਤਾਂ ਬਹਿ ਜਾ ਬਹਿ ਜਾ ਹੋ ਜਾਵੇ। ਕਈ ਦਿਨਾਂ ਦੀ ਮਗ਼ਜ਼-ਪੱਚੀ ਮਗਰੋਂ ਕਰਨ



ਵਾਲੀ ਸ਼ਰਾਰਤ ਦਾ ਸਰਬਸੰਮਤੀ ਨਾਲ ਫ਼ੈਸਲਾ ਹੋ ਗਿਆ।

ਫ਼ੈਸਲਾ ਹੋਇਆ ਕਿ ਕਿਸੇ ਦੇ ਘਰ ਅੱਗੇ ਝੂਠ ਮੂਠ ਦਾ ਟੂਣਾ ਕੀਤਾ ਜਾਵੇ ਤੇ ਤਮਾਸ਼ਾ ਦੇਖਿਆ ਜਾਵੇ। ਫਿਰ ਕਾਫ਼ੀ ਸੋਚ-ਵਿਚਾਰ ਬਾਅਦ ਪਰਵਾਰ ਬਾਰੇ ਵੀ ਸਹਿਮਤੀ ਹੋ ਗਈ ਕਿ ਕਿਹੜੇ ਪਰਵਾਰ ਦੇ ਘਰ ਅੱਗੇ ਇਹ ਨਕਲੀ ਟੂਣਾ ਕੀਤਾ ਜਾਵੇ। ਇਕ ਬਹੁਤ ਹੀ ਵਹਿਮੀ ਜਿਹੇ ਪਰਵਾਰ ਨੂੰ ਚੁਣਿਆ ਗਿਆ ਜਿਸ ਵਿਚ ਬਜ਼ੁਰਗ ਮਾਈ, ਉਸਦਾ ਲੜਕਾ ਅਤੇ ਲੜਕੇ ਦੀ ਘਰ ਵਾਲੀ ਸੀ। ਪੰਜ ਚਾਰ ਸਾਲ ਬਾਅਦ ਵੀ ਲੜਕੇ ਦੇ ਘਰ ਕਿਲਕਾਰੀਆਂ ਨਹੀਂ ਵੱਜੀਆਂ ਸਨ ਭਾਵ ਬੱਚਾ ਨਹੀਂ ਸੀ ਹੋਇਆ। ਮਾਈ ਕਿਸੇ ਨਾ ਕਿਸੇ ਸਾਧ, ਤੰਤਰ ਮੰਤਰ ਤੇ ਜਾਦੂ ਟੂਣੇ ਵਾਲਿਆਂ ਕੋਲ ਤੁਰੀ ਹੀ ਰਹਿੰਦੀ ਸੀ। ਡਾਕਟਰਾਂ ਨਾਲੋਂ ਉਸ ਨੂੰ ਸਾਧਾਂ ਸੰਤਾਂ ਤੇ ਟੋਟਕੇ ਆਦਿਕ ਦੇਣ ਵਾਲਿਆਂ 'ਤੇ ਵਧੇਰੇ ਵਿਸ਼ਵਾਸ ਸੀ।

ਫਿਰ ਹੋਈ ਸਾਡੀ ਯੋਜਨਾ ਦੀ ਤਿਆਰੀ। ਪਹਿਲਾਂ ਤਾਂ ਯੋਜਨਾ ਦੀ ਰੂਪ- ਰੇਖਾ ਤਿਆਰ ਕੀਤੀ ਗਈ ਕਿ ਕਿਸ ਪ੍ਰਕਾਰ ਇਸ ਝੂਠ-ਮੂਠ ਦੇ ਟੂਣੇ ਨੂੰ ਅੰਜਾਮ ਦਿਤਾ ਜਾਵੇ। ਇਸ ਵਾਸਤੇ ਜੋ ਜੋ ਚੀਜ਼ਾਂ ਲੋੜੀਂਦੀਆਂ ਸਨ ਉਨ੍ਹਾਂ ਦੀ ਸੂਚੀ ਤਿਆਰ ਕੀਤੀ ਗਈ ਤੇ ਸਾਰੇ ਮੈਂਬਰਾਂ ਦੀ ਵੱਖਰੀਆਂ ਵੱਖਰੀਆਂ ਚੀਜ਼ਾਂ ਲਿਆਉਣ ਦੀ ਜ਼ਿੰਮੇਵਾਰੀ ਲਗਾਈ ਗਈ। ਇਨ੍ਹਾਂ ਚੀਜ਼ਾਂ 'ਚ ਸ਼ਾਮਲ ਸਨ, ਆਟਾ, ਦੋ ਤਿੰਨ ਕਿਸਮ ਦੀਆਂ ਦਾਲਾਂ, ਹਲਦੀ, ਮਾਸ ਦੇ ਕੁਝ ਟੁਕੜੇ, ਇਕ ਮਿੱਟੀ ਦਾ ਦੀਵਾ ਤੇ ਬੱਤੀ, ਪਾਣੀ ਦੀ ਬਾਲਟੀ। ਚੰਗੀ ਤਰ੍ਹਾਂ ਸੋਚ-ਵਿਚਾਰ ਕੀਤੀ ਗਈ ਕਿ ਟੂਣੇ ਦੀ ਰੂਪ-ਰੇਖਾ ਕੀ ਹੋਵੇਗੀ।

ਖੈਰ ਉਹ ਰਾਤ ਵੀ ਆ ਗਈ ਜਦੋਂ ਇਸ ਯੋਜਨਾ ਨੂੰ ਅਮਲੀ ਰੂਪ ਦੇਣਾ ਸੀ। ਸਾਡੇ 'ਚ ਦੋ ਜਣਿਆਂ ਦੀ ਡਿਊਟੀ ਲਗਾਈ ਗਈ ਜਿਨ੍ਹਾਂ ਨੇ ਇਹ ਟੂਣਾ ਕਰਨਾ ਸੀ ਤੇ ਦੋ ਜਣਿਆਂ ਨੇ ਗਲੀ ਦੇ ਦੋਨਾਂ ਪਾਸਿਆਂ ਤੋਂ ਬਿੜਕ ਰੱਖਣੀ ਸੀ। ਉਦੋਂ ਅਜੇ ਪਿੰਡਾਂ ਵਿਚ ਅੱਜ ਵਾਂਗ ਲਾਈਟਾਂ ਨਹੀਂ ਸਨ ਜਗਦੀਆਂ ਹੁੰਦੀਆਂ। ਲੋਕ ਸ਼ਾਮ ਨੂੰ ਜਲਦੀ ਹੀ ਖਾ ਪੀ ਕੇ ਸੌਂ ਜਾਇਆ ਕਰਦੇ ਸਨ। ਭਾਵੇਂ ਕਿ ਬਿਜਲੀ ਪਿੰਡਾਂ 'ਚ ਆ ਗਈ ਸੀ ਪਰ ਲੰਬੇ ਲੰਬੇ ਕੱਟ ਲਗਦੇ ਸਨ ਖਾਸ ਕਰ ਰਾਤਾਂ ਨੂੰ। ਪਾਣੀ ਡੋਲ੍ਹ ਕੇ ਆਟੇ ਨਾਲ ਚੌਕ ਪੂਰਿਆ ਗਿਆ, ਜਿਸ ਤਰ੍ਹਾਂ ਮਾਈਆਂ ਬੀਬੀਆਂ ਵਿਆਂਦੜ ਕੁੜੀ ਮੁੰਡੇ ਨੂੰ ਮਾਈਆਂ ਲਗਾਉਣ ਵੇਲੇ ਬਣਾਉਂਦੀਆਂ ਹਨ। ਫਿਰ ਖਾਨਿਆਂ 'ਚ ਵੱਖ ਵੱਖ ਦਾਲਾਂ, ਮਾਸ ਦੇ ਟੁਕੜੇ, ਹਲਦੀ ਆਦਿਕ ਚੀਜ਼ਾਂ ਰੱਖੀਆਂ। ਵਿਚਕਾਰ ਦੀਵਾ ਰੱਖਿਆ, ਬੱਤੀ ਅਸੀ ਪਹਿਲਾਂ ਹੀ ਜਗਾ ਕੇ ਬੁਝਾ ਲਈ ਸੀ ਤਾਂ ਕਿ ਇੰਜ ਲੱਜੇ ਕਿ ਦੀਵਾ ਸਾਰੀ ਰਾਤ ਜਗਦਾ ਰਿਹਾ ਸੀ।

ਬਸ ਜੀ ਅਸੀਂ ਆਪਣਾ ਕੰਮ ਨਿਬੇੜ ਕੇ ਚੁੱਪ-ਚਾਪ ਆ ਕੇ ਸੌਂ ਗਏ। ਬਸ ਫੇਰ ਕੀ ਸੀ, ਅਜੇ ਮੂੰਹ ਹਨ੍ਹੇਰਾ ਹੀ ਸੀ ਕਿ ਹਲਾ ਲਲਾ, ਹਲਾ ਲਲਾ ਹੋ ਗਈ। ਮਾਈ ਦਾ ਰੌਲਾ ਰੱਪਾ ਸੁਣ ਕੇ ਆਂਢ-ਗੁਆਂਢ 'ਕੱਠਾ ਹੋ ਗਿਆ। ਕੋਈ ਕੁਝ ਕਹੇ, ਕੋਈ ਕੁਝ। ਇਹ ਪਰਵਾਰ ਪੁੱਛਾਂ ਦੇਣ ਵਾਲੇ ਇਕ ਸਾਧ ਨੂੰ ਮੰਨਦਾ ਸੀ ਜੋ ਹਰੇਕ ਜੇਠੇ ਐਤਵਾਰ ਨੂੰ ਇਕੱਠ ਕਰਦਾ ਸੀ ਤੇ ਆਈਆਂ 'ਸੰਗਤਾਂ' ਨੂੰ ਪੁੱਛਾਂ ਦੇ ਕੇ 'ਤਾਰਦਾ' ਸੀ, ਯਾਦ ਰਹੇ ਕਿ ਸੰਗਰਾਂਦ ਤੋਂ ਮਗਰੋਂ ਆਏ ਪਹਿਲੇ ਐਤਵਾਰ ਨੂੰ ਜੇਠਾ ਕਿਹਾ ਜਾਂਦਾ ਹੈ। ਮਾਈ, ਉਹਦਾ ਪੁੱਤਰ ਤੇ ਉਸ ਦਾ ਇਕ ਦੋਸਤ ਤਾਂ ਉਸੇ ਵੇਲੇ ਪਹੁੰਚ ਗਏ ਬਾਬੇ ਦੇ ਡੇਰੇ ਕਿ ਪੁੱਛਣ ਕਿ ਇਹ ਟੂਣਾ ਕਿਸ ਨੇ ਕੀਤਾ ਸੀ ਤੇ ਕਿਉਂ ਕੀਤਾ ਸੀ। ਦੁਪਹਿਰ ਕੁ ਵੇਲੇ ਇਹ ਸਾਰੇ ਬਾਬੇ ਦੇ ਡੇਰੇ ਤੋਂ ਵਾਪਸ ਆਏ ਤਾਂ ਪਿੰਡ ਦੇ ਕਈ ਲੋਕ ਇਹ ਜਾਨਣ ਲਈ ਬੜੇ ਉਤਸੁਕ ਸਨ ਕਿ ਪੁੱਛਾਂ ਵਾਲੇ ਬਾਬੇ ਨੇ ਕੀ ਦੱਸਿਆ ਸੀ। ਮਾਈ ਲੋਕਾਂ ਨੂੰ ਦੱਸਦੀ ਫਿਰੇ ਕਿ ਬਾਬਾ ਜੀ ਨੇ ਦੱਸਿਐ ਕਿ ਔਤਜਾਣੇ ਟੂਣਾ ਕਰਨ ਵਾਲਿਆਂ ਤੋਂ ਮੰਤਰ ਨਹੀਂ ਪੜ੍ਹੇ ਗਏ ਪੂਰੇ ਨਹੀਂ ਤਾਂ ਪਰਵਾਰ ਦਾ ਬਹੁਤ ਨੁਕਸਾਨ ਹੋ ਜਾਣਾ ਸੀ। ਬਾਬਾ ਜੀ ਨੇ ਘਰ 'ਚ ਛਿੜਕਣ ਲਈ ਪਾਣੀ ਮੰਤਰ ਕੇ ਦਿਤੈ ਕਿ ਅੱਗੇ ਤੋਂ ਸੁਖ-ਸਾਂਦ ਰਵ੍ਹੇ।

## ਲਹਿੰਗੇ ਤੇ ਸ਼ਰਾਬ

# ਅੰਤਰਰਾਸ਼ਟਰੀ ਸ਼ਰਾਬੀ ਦਲ ਵੱਲੋਂ ਨਿੰਦਾ



ਅੰਤਰਰਾਸ਼ਟਰੀ ਸ਼ਰਾਬੀ ਦਲ ਨੇ ਆਪਣੀ ਇੱਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਹੈ ਕਿ ਜੋ ਗਾਣਾ ਲਹਿੰਗੇ ਤੇ ਸ਼ਰਾਬ ਡੋਲਣ ਵਾਲਾ ਹੈ, ਉਹ ਸਰਾਸਰ ਸਾਡੀ ਸ਼ਰਾਬ ਦੀ ਬੇਜਤੀ ਹੈ। ਸ਼ਰਾਬ ਅੰਗੂਰ ਦੀ ਬੇਟੀ ਹੈ, ਬੜੀ ਮਿਹਨਤ ਦੇ ਨਾਲ ਬਣਦੀ ਹੈ, ਸ਼ਾਇਦ ਲਹਿੰਗੇ ਨਾਲੋਂ ਵੀ ਜਿਆਦਾ ਮਿਹਨਤ ਕਰਨੀ ਪੈਂਦੀ ਹੈ । ਸ਼ਰਾਬ ਨੂੰ ਇਸ ਤਰ੍ਹਾਂ ਡੋਲ ਕੇ ਉਸੀ ਬੇਇਜ਼ਤੀ ਨਹੀਂ ਕਰਨੀ ਚਾਹੀਦੀ, ਇਸ ਨਾਲ ਅੰਤਰਰਾਸ਼ਟਰੀ ਸ਼ਰਾਬੀ ਦਲ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਜੇ ਡੋਲਣਾ ਹੀ ਹੈ ਤਾਂ ਪਾਣੀ ਡੋਲ ਲਓ, ਜੂਸ ਡੋਲ ਲਓ, ਕੋਕਾ ਕੋਲਾ ਡੋਲ ਲਓ , ਲਿਮਕਾ ਡੋਲ ਲਓ , ਜਲ ਜੀਰਾ ਡੋਲ ਲਓ । ਇਦਾਂ ਦੀਆਂ ਚੀਜ਼ਾਂ ਡੋਲ ਲਓ, ਘੱਟੋ ਘੱਟ ਸ਼ਰਾਬ ਦੀ ਬੇਇਜਤੀ ਨਾ ਕਰੋ। ਇੱਕ ਮਹਿੰਗੀ ਚੀਜ਼ ਦੀ ਬੇਜਤੀ ਨਾ ਕਰੋ । ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ਼ਰਾਬ ਦੇ ਵਿਕਣ ਨਾਲ ਹੀ ਸਰਕਾਰ ਦੀ ਆਮਦਨ ਵੱਧਦੀ ਹੈ। ਇਸ ਤਰਾਂ ਸ਼ਰਾਬ ਨੂੰ ਡੋਲ ਕੇ ਅਸੀਂ ਅਸਿੱਧੇ ਤੌਰ ਤੇ ਸਰਕਾਰ ਦੀ ਬੇਇਜਤੀ ਵੀ ਕਰ ਰਹੇ ਹਾਂ, ਇਸ ਲਈ ਅਸੀਂ ਪੁਰ-ਜੋਰ ਨਿੰਦਾ ਕਰਦੇ ਹੋਏ ਇਸ ਗਾਣੇ ਨੂੰ ਬਦਲਣ ਦੀ ਅਪੀਲ ਕਰਦੇ ਹਾਂ, ਇਹ ਇੰਜ ਵੀ ਹੋ ਸਕਦਾ ਹੈ ਕਿ ਲਹਿੰਗੇ ਤੇ ਕੋਕ ਡੋਲ ਦੂੰ , ਲਹਿੰਗੇ ਤੇ ਜਲ ਜੀਰਾ ਡੋਲ ਦੂ, ਲਹਿੰਗੇ ਤੇ ਪਾਣੀ ਡੋਲ ਦੂ, ਲਹਿੰਗੇ ਨੂੰ ਹੋਰ ਵੀ ਕਈ ਤਰੀਕਿਆਂ ਦੇ ਨਾਲ ਖਰਾਬ ਕੀਤਾ ਜਾ ਸਕਦਾ ਹੈ। ਇਹ ਤੁਹਾਡਾ ਜਾਤੀ ਮਾਮਲਾ ਹੈ ਕਿ ਤੁਸੀਂ ਲਹਿੰਗਾ ਖਰਾਬ ਕਰਨਾ ਹੈ ਜਾਂ ਨਹੀਂ ਕਰਨਾ ਹੈ । ਪਰ ਇਸ ਤਰ੍ਹਾਂ ਲੋਕਾਂ ਨੂੰ ਸਿਖਾਉਣਾ ਤੇ ਉਸ ਤੋਂ ਬਾਅਦ ਉਹਨਾਂ ਤੇ ਤਰ੍ਹਾਂ ਤਰ੍ਹਾਂ ਦੇ ਲੋਕਾਂ ਵੱਲੋਂ ਡਾਂਸ ਕਰਨੇ, ਇਹ ਸ਼ਰਾਬ ਦੀ ਬੇਜਤੀ ਹੈ, ਜੋ ਅਸੀਂ ਸਹਾਰ ਨਹੀਂ ਸਕਦੇ ਹਾਂ, ਸਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ । ਹੋ ਸਕਦਾ ਹੈ ਜੇ ਤੁਸੀਂ ਨਾ ਹਟੇ ਤਾਂ ਅਸੀਂ ਦਫਾ 295 ਏ ਤੁਹਾਡੇ ਉੱਤੇ ਲਾਉਣ ਲਈ ਸਰਕਾਰ ਨੂੰ ਅਪੀਲ ਕਰ ਸਕਦੇ ਹਾਂ । ਸੋ ਦੋਸਤੋ ਆਪਣੇ ਆਪ ਨੂੰ ਸੁਧਾਰ ਲਓ , ਚੰਗੀ ਗੱਲ ਹੈ ਕਿ ਸ਼ਰਾਬ ਨੂੰ ਇਸ ਤਰ੍ਹਾਂ ਬਰਬਾਦ ਹੋਣ ਤੋਂ ਬਚਾ ਲਓ।


**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**

**ਲੜੀਵਾਰ ਨਾਵਲ**



**ਸ਼ਿਵਚਰਨ ਜੱਗੀ (ਕੁੱਸਾ)**
**ਫੋਨ : 07853 317 891**
Email: jaggikussa@yahoo.de

# ਕੋਸੀ ਧੁੱਪ ਦਾ ਨਿੱਘ




**ਅਗਲੇ ਦਿਨ ਨਸ਼ਾ ਛੁਡਾਊ ਕੇਂਦਰ ਦਾ ਕਰਤਾ ਧਰਤਾ ਬਾਬੂ ਪੂਰਨ ਚੰਦ, ਠਾਣੇਦਾਰ ਦਮਨ ਸਿੰਘ ਅਤੇ ਐੱਮ. ਐੱਲ. ਏ. ਸੂਰਤ ਸਿੰਘ ਨੂੰ ਵਿਸ਼ੇਸ਼ ਦਸਤਿਆਂ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਲਾਕੇ ਵਿੱਚ ਤੜਥੱਲ ਮੱਚ ਗਿਆ। ਅਖ਼ਬਾਰਾਂ ਅਤੇ ਟੈਲੀਵੀਯਨਾਂ ਨੇ ਬੜਾ ਧੂੰਆਂਧਾਰ ਪ੍ਰਚਾਰ ਕੀਤਾ ਸੀ। ਐੱਮ.ਐੱਲ.ਏ. ਸੂਰਤ ਸਿੰਘ ਦੀ ਗ੍ਰਿਫ਼ਤਾਰੀ ਸੁਣ ਕੇ ਲੋਕਾਂ ਨੇ ਮੂੰਹ ਵਿੱਚ ਉਂਗਲਾਂ ਪਾ ਲਈਆਂ। ਕਰਤੂਤਾਂ ਸੁਣ-ਸੁਣ ਕੇ ਸਾਰਾ ਇਲਾਕਾ "ਦੁਰ-ਦੁਰ" ਕਰਦਾ ਸੀ। ਸੂਰਤ ਸਿੰਘ ਦੇ ਘਰ ਸੋਗ ਪਿਆ ਹੋਇਆ ਸੀ। ਜਿਹੜੇ ਲੋਕ ਉਸ ਦੇ ਦਰ 'ਤੇ ਸੁਆਲੀਆਂ ਵਾਂਗ ਆਉਂਦੇ ਸਨ, ਹੁਣ ਹਰ ਕੋਈ ਉਸ ਦੇ ਘਰ 'ਤੇ ਥੁੱਕ ਕੇ ਲੰਘਦਾ ਸੀ। ਪੂਰੇ ਇਲਾਕੇ ਵਿੱਚ ਮਿੱਟੀ ਪੁਲੀਤ ਹੋ ਗਈ ਸੀ।**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-59**

## ਕਾਂਡ 24

-"ਇਹਨਾਂ ਦਾ ਕਰਤਾ ਧਰਤਾ ਕੌਣ ਐਂ...?"

-"ਇਹਨਾਂ ਦਾ ਕਰਤਾ ਧਰਤਾ ਤੇ ਮੁੱਖ ਸਰਗਣਾ ਬਾਬੂ ਪੂਰਨ ਚੰਦ ਐ...!"

-"ਉਹ ਗੰਜਾ ਜਿਆ..? ਜਿਹੜਾ ਕੱਲ੍ਹ ਦਫ਼ਤਰ ਵਿੱਚ ਸੀ...?"

-"ਬੱਸ ਓਹੀ...!"

-"ਸਾਰੇ ਤਾਣੇ ਬਾਣੇ ਦਾ ਮੁੱਖ ਨੜਾ ਓਹੀ ਐ...! ਥੋੜੇ ਤਾਂ ਮੁੰਡੇ ਵੱਲੋਂ ਇਹ ਮੁੱਕਰ ਗਏ, ਪਰ ਕਈਆਂ ਨਾਲ਼ ਪਤਾ ਕੀ ਕਰਦੇ ਐ...?"

-"ਕੀ ਕਰਦੇ ਐ...?"

-"ਘਰਦਿਆਂ ਨੂੰ ਫ਼ੋਨ ਕਰ ਦਿੰਦੇ ਐ ਬਈ ਥੋਡਾ ਮੁੰਡਾ ਸਾਡੇ ਨਸ਼ਾ ਛੁਡਾਊ ਕੇਂਦਰ 'ਚੋਂ ਫ਼ਰਾਰ ਹੋ ਗਿਆ, ਤੇ ਆਪ ਈ ਪੁਲ਼ਸ ਬੁਲਾ ਲੈਂਦੇ ਐ..! ਪੁਲ਼ਸ ਨਾਲ਼ ਇਹਨਾਂ ਦੀ ਪੂਰੀ ਬੁੱਕਲ ਖੁੱਲ੍ਹੀ ਤੇ ਬੁਰਕੀ ਸਾਂਝੀ ਐ ਸਰਦਾਰੋ..! ਇਹਨਾਂ ਦੀਆਂ ਤਾਰਾਂ ਤਾਂ ਬਹੁਤ ਦੂਰ ਤੱਕ ਜੁੜੀਆਂ ਵੀਐਂ..! ਓਹ ਗਿੱਠਾ ਜਿਆ ਬਾਬੂ ਪੂਰਨ ਚੰਦ, ਜਿੰਨਾਂ ਉਪਰ ਐ, ਓਸ ਤੋਂ ਦੁੱਗਣਾ ਧਰਤੀ 'ਚ ਐ...! ਮੁੰਡਿਆਂ ਦੇ ਅੰਗ ਕੱਢ ਕੇ ਬਾਡੀ ਕਿਤੇ ਬਾਹਰ ਸੁੱਟ ਦਿੰਦੇ ਐ, ਤੇ ਪੁਲਸ ਵਾਰਿਸ ਦੇ ਘਰਦਿਆਂ ਨੂੰ ਬੁਲਾ ਕੇ ਗੱਲ 'ਤੇ ਮਿੱਟੀ ਪਾ ਕੇ ਸਸਕਾਰ ਕਰਵਾ ਦਿੰਦੀ ਐ...!" ਸੁਣ ਕੇ ਸਭ ਨੂੰ ਮੁੜ੍ਹਕਾ ਆ ਗਿਆ।

-"ਕਿੰਨੇ ਕੁ ਮੁੰਡੇ ਗਾਇਬ ਕੀਤੇ ਐ ਇਹਨਾਂ ਨੇ...?"

-"ਪੱਕਾ ਤਾਂ ਪਤਾ ਨੀ, ਪਰ ਮੇਰੀ ਡਿਊਟੀ 'ਚ ਦਸ ਕੁ ਤਾਂ ਕੀਤੇ ਈ ਹੋਣਗੇ..! ਮੈਂ ਤਾਂ ਬਾਬੂ ਨੂੰ ਫ਼ੋਨ 'ਤੇ ਇਹ ਗੱਲ ਕਰਦੇ ਨੂੰ ਵੀ ਸੁਣਿਐਂ ਬਈ ਹੁਣ ਇਹ ਜੁਆਨ ਮੁੰਡਿਆਂ ਦੇ ਅੰਗ ਬਾਹਰਲੇ ਦੇਸ਼ਾਂ ਨੂੰ ਵੀ ਸਪਲਾਈ ਕਰਿਆ ਕਰਨਗੇ...!"

-"ਤੇਰਾ ਕਿਤੇ ਦਿਲ ਨੀ ਕੰਬਿਆ ਬਈ ਜੋ ਇਹ ਬੁੱਚੜਪੁਣਾ ਕਰਦੇ ਐ, ਇਹਦੇ ਬਾਰੇ ਕਿਸੇ ਨੂੰ ਦੱਸ ਈ ਦੇਵਾਂ...?"

-"ਤੁਸੀਂ ਪੁਲਸ ਦੇ ਅੱਗੇ ਕਿੰਨਾ ਜੋਰ ਲਾ ਲਿਆ, ਕੀਤੀ ਕੋਈ ਚਾਰਾਜੋਈ ਉਹਨਾਂ ਨੇ...? ਬੱਸ ਓਹੋ ਜਿਆ ਨਤੀਜਾ ਈ ਮੇਰੇ ਰੌਲ਼ੇ ਪਾਏ ਦਾ ਨਿਕਲ਼ਦਾ..! ਮੇਰਾ ਤਾਂ ਟੱਬਰ ਵੱਡੈ, ਤੇ 'ਕੱਲਾ ਮੈਂ ਕਮਾਊ ਆਂ..! ਘਰਵਾਲੀ ਅਧਰੰਗ ਦੀ ਬਿਮਾਰੀ ਨਾਲ਼ ਮੰਜੇ 'ਤੇ ਬੈਠੀ ਐ, ਆਮਦਨ ਦਾ ਹੋਰ ਕੋਈ ਸਾਧਨ ਨੀ, ਬੱਚੇ ਕਾਸ ਨਾਲ਼ ਪਾਲ਼ਾਂ ਸਰਦਾਰਾ..? ਤਾਂ ਹੀ ਜਮੀਰ ਦਾ ਗਲ਼ ਘੁੱਟ ਕੇ ਨੌਕਰੀ ਕਰਦਾ ਆਊਨੈ, ਹੋਰ ਕੋਈ ਰਸਤਾ ਨੀ ਦਿਸਦਾ, 'ਨ੍ਹੇਰ ਗੁਬਾਰ ਈ ਨਜ਼ਰ ਆਉਂਦੈ...!"

-"ਬਾਬੂ ਰਹਿੰਦਾ ਕਿੱਥੇ ਐ...?"

-"ਆਹ ਚੁੰਗੀ ਦੇ ਨਾਲ਼ ਈ ਪਿਛਲੇ ਪਾਸੇ ਘਰ ਐ ਇਹਦਾ..! ਕਦੇ-ਕਦੇ ਸਬਜ਼ੀ ਦੇ ਕੇ ਆਉਨੈਂ ਇਹਦੇ ਘਰੇ...!"

-"ਹੋਰ ਕੌਣ-ਕੌਣ ਐਂ ਇਹਦੇ ਘਰੇ...?"

-"ਕੁੜੀ ਬਾਹਰ ਕਿਸੇ ਮੁਲਕ 'ਚ ਵਿਆਹੀ ਵੀ ਐ, ਮਹੀਨਾ ਕੁ ਹੋ ਗਿਆ, ਆ ਕੇ ਮਿਲ਼ ਕੇ ਗਈ ਐ ਇਹਨੂੰ..! ਮੁੰਡਾ ਇਹਦਾ ਸ਼ਾਇਦ ਏਅਰਫ਼ੋਰਸ 'ਚ ਐ..! ਹੁਣ ਤਾਂ ਬਾਬੂ ਤੇ ਬਾਬੂ ਦੇ ਘਰਵਾਲ਼ੀ ਈ ਘਰੇ ਹੁੰਦੇ ਐ..! ਇੱਕ ਨੌਕਰ ਐ, ਉਹ ਰੋਟੀ ਟੁੱਕ ਪਕਾ ਕੇ ਰਾਤ ਨੂੰ ਘਰੇ ਚਲਿਆ ਜਾਂਦੈ...!"

-"ਆਹ ਫੜ ਪੈਸੇ...! ਤੇਰੀ ਘਰਵਾਲ਼ੀ ਦੇ ਇਲਾਜ਼ ਵਾਸਤੇ ਹੋਰ ਵੀ ਦੇਵਾਂਗੇ, ਪਰ ਤੂੰ ਸਾਨੂੰ ਅੱਜ ਰਾਤ ਨੂੰ ਬਾਬੂ ਦਾ ਘਰ ਦਿਖਾ ਦੇ...!" ਬਖਤੌਰ ਨੇ ਰੁੱਗ ਭਰ ਕੇ ਨੋਟਾਂ ਦਾ ਚੌਂਕੀਦਾਰ ਦੀ ਮੁੱਠ ਵਿੱਚ ਦੇ ਦਿੱਤਾ।

-"ਕੀ ਨਾਂ ਤੇਰਾ..?"

-"ਚਰਨ ਦਾਸ ਐ ਜੀ...!"

-"ਬੱਸ ਹੁਣ ਤੂੰ ਇਉਂ ਈ ਸਮਝਣੈ, ਜਿਵੇਂ ਕੁਛ ਹੋਇਆ ਈ ਨੀ..! ਬੱਸ ਰਾਤ ਨੂੰ ਸਾਨੂੰ ਬਾਬੂ ਦਾ ਘਰ ਦਿਖਾ ਦੇ..!"

-"ਠੀਕ ਐ ਸਰਦਾਰੋ...!" ਉਸ ਨੇ ਨੋਟ ਜੇਬ ਵਿੱਚ ਪਾ ਲਏ।

-"ਅਸੀਂ ਤੁਰ ਫਿਰ ਕੇ ਦਿਨ ਛੁਪਾਉਨੇ ਆਂ, ਮੂੰਹ 'ਨ੍ਹੇਰੇ ਜੇ ਹੋਏ ਤੈਨੂੰ ਚੁੰਗੀ ਕੋਲ਼ੇ ਈ ਮਿਲਾਂਗੇ...!"

-"ਠੀਕ ਐ ਸਰਦਾਰੋ...!"

ਜੰਟੇ ਨੇ ਐੱਮ. ਐੱਲ. ਏ. ਸੂਰਤ ਸਿੰਘ ਦੇ ਖ਼ਾਸ ਬੰਦੇ ਨਛੱਤਰ ਨੂੰ ਫ਼ੋਨ ਕਰ ਕੇ ਬਾਹਰ ਬੁਲਾਇਆ ਅਤੇ ਉਸ ਨੂੰ ਸਾਰੀ ਹਕੀਕਤ ਬਿਆਨ ਕਰ ਦਿੱਤੀ। ਐੱਮ. ਐੱਲ. ਏ. ਦਾ ਬੰਦਾ ਹੋਣ ਕਰ ਕੇ ਨਛੱਤਰ ਦੀ ਪੁਲੀਸ ਦੇ ਵੱਡੇ-ਵੱਡੇ ਅਫ਼ਸਰਾਂ ਨਾਲ਼ ਬੈਠਣੀ ਉਠਣੀ ਸੀ। ਨਛੱਤਰ ਨੇ ਅਗਲੇ ਦਿਨ ਡੀ. ਆਈ. ਜੀ. ਅਤੇ ਐੱਸ. ਐੱਸ. ਪੀ. ਨਾਲ਼ ਗੱਲ ਕਰਨ ਦਾ ਵਾਅਦਾ ਦਿੱਤਾ।

ਮੂੰਹ ਹਨ੍ਹੇਰੇ ਜਿਹੇ ਹੋਏ ਤੋਂ ਚਰਨ ਦਾਸ ਨੇ ਜੰਟੇ ਹੋਰਾਂ ਨੂੰ ਬਾਬੂ ਦਾ ਘਰ ਦਿਖਾ ਦਿੱਤਾ ਅਤੇ ਆਪ ਉਥੋਂ ਖਿਸਕ ਗਿਆ।

ਬਾਬੂ ਦਾ ਘਰ ਸ਼ਹਿਰ ਦੇ ਬਾਹਰ ਨਵੀਂ ਚੁੰਗੀ ਕੋਲ਼ ਸੀ।

ਜਦੋਂ ਜੰਟੇ ਨੇ ਪੱਥਰ ਦੀ ਸਿਲ਼ ਉਪਰ ਖੜ੍ਹ ਕੇ ਮਹਿਲ ਵਰਗੇ ਘਰ ਅੰਦਰ ਝਾਤੀ ਮਾਰੀ ਤਾਂ ਉਸ ਦੇ ਸਰੀਰ ਨੂੰ ਝਰਨਾਹਟ ਚੜ੍ਹੀ। ਸਿਰ ਤੋਂ ਲੈ ਕੇ ਪੈਰਾਂ ਤੱਕ ਜਿਵੇਂ ਕੋਈ ਤਾਰ ਫ਼ਿਰ ਗਈ। ਇੱਕ ਆਲੀਸ਼ਾਨ ਕਮਰੇ ਵਿੱਚ ਬਾਬੂ ਪੂਰਨ ਚੰਦ ਨਾਲ਼ ਠਾਣੇਦਾਰ ਦਮਨ ਸਿੰਘ ਅਤੇ ਐੱਮ. ਐੱਲ. ਏ. ਸੂਰਤ ਸਿੰਘ ਦਾਰੂ ਪੀ ਰਹੇ ਸਨ। ਇੱਕ ਪਾਸੇ ਕੁਝ ਸਿਪਾਹੀ ਦਾਰੂ ਨਾਲ਼ ਕਮਲ਼ੇ ਹੋਏ ਕੁੱਕੜ ਦੀਆਂ ਲੱਤਾਂ ਚੂੰਡੀ ਜਾ ਰਹੇ ਸਨ।

-"ਆ ਚੱਲੀਏ...!" ਉਸ ਨੇ ਕੌਰੇ ਅਤੇ ਬਖਤੌਰ ਨੂੰ ਕਿਹਾ।

ਐੱਸ. ਟੀ. ਡੀ. 'ਤੇ ਆ ਕੇ ਉਸ ਨੇ ਨਛੱਤਰ ਨੂੰ ਫਿਰ ਫ਼ੋਨ ਮਿਲਾ ਲਿਆ।

-"ਨਛੱਤਰਾ, ਬਈ ਤੇਰਾ ਤਾਂ ਐੱਮ.ਐੱਲ.ਏ. ਵੀ ਇਹਨਾਂ ਦਾ ਭਾਈਵਾਲ ਐ...!" ਜੰਟੇ ਨੇ ਅਜੀਬ ਖ਼ਬਰ ਦਿੱਤੀ।

-"ਬੜੀ ਵਧੀਆ ਖ਼ਬਰ ਸੁਣਾਈ ਐ...! ਹੁਣ ਤਾਂ ਨਜ਼ਾਰਾ ਈ ਆਜੂ...!"

-"ਕੀ ਕਿਹੈ...?" ਜੰਟਾ ਦੰਗ ਸੀ।

-"ਅਗਲੀ ਇਲੈਕਸ਼ਨ ਮੈਂ ਖ਼ੁਦ ਲੜਨੀ ਆਂ...! ਤੂੰ ਫ਼ਿਕਰ ਨਾ ਕਰ, ਕੱਲ੍ਹ ਨੂੰ ਗੇੜਾ ਪਾਇਆ ਲੈ..!" ਨਛੱਤਰ ਬਾਂਦਰ ਵਾਂਗ ਲਾਚੜਿਆ ਚਾਂਭੜਾਂ ਮਾਰ ਰਿਹਾ ਸੀ।

ਅਜੀਬ ਭਾਣਾ ਵਰਤਿਆ।

ਅਗਲੇ ਦਿਨ ਨਸ਼ਾ ਛੁਡਾਊ ਕੇਂਦਰ ਦਾ ਕਰਤਾ ਧਰਤਾ ਬਾਬੂ ਪੂਰਨ ਚੰਦ, ਠਾਣੇਦਾਰ ਦਮਨ ਸਿੰਘ ਅਤੇ ਐੱਮ. ਐੱਲ. ਏ. ਸੂਰਤ ਸਿੰਘ ਨੂੰ ਵਿਸ਼ੇਸ਼ ਦਸਤਿਆਂ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਲਾਕੇ ਵਿੱਚ ਤੜਥੱਲ ਮੱਚ ਗਿਆ। ਅਖ਼ਬਾਰਾਂ ਅਤੇ ਟੈਲੀਵੀਯਨਾਂ ਨੇ ਬੜਾ ਧੂੰਆਂਧਾਰ ਪ੍ਰਚਾਰ ਕੀਤਾ ਸੀ। ਐੱਮ.ਐੱਲ.ਏ. ਸੂਰਤ ਸਿੰਘ ਦੀ ਗ੍ਰਿਫ਼ਤਾਰੀ ਸੁਣ ਕੇ ਲੋਕਾਂ ਨੇ ਮੂੰਹ ਵਿੱਚ ਉਂਗਲਾਂ ਪਾ ਲਈਆਂ। ਕਰਤੂਤਾਂ ਸੁਣ-ਸੁਣ ਕੇ ਸਾਰਾ ਇਲਾਕਾ "ਦੁਰ-ਦੁਰ" ਕਰਦਾ ਸੀ। ਸੂਰਤ ਸਿੰਘ ਦੇ ਘਰ ਸੋਗ ਪਿਆ ਹੋਇਆ ਸੀ। ਜਿਹੜੇ ਲੋਕ ਉਸ ਦੇ ਦਰ 'ਤੇ ਸੁਆਲੀਆਂ ਵਾਂਗ ਆਉਂਦੇ ਸਨ, ਹੁਣ ਹਰ ਕੋਈ ਉਸ ਦੇ ਘਰ 'ਤੇ ਥੁੱਕ ਕੇ ਲੰਘਦਾ ਸੀ। ਪੂਰੇ ਇਲਾਕੇ ਵਿੱਚ ਮਿੱਟੀ ਪੁਲੀਤ ਹੋ ਗਈ ਸੀ।

ਨਸ਼ਾ ਛੁਡਾਊ ਕੇਂਦਰ ਦੇ ਘੜ੍ਹੰਮ ਚੌਧਰੀ ਬਾਬੂ ਪੂਰਨ ਚੰਦ 'ਤੇ ਡੰਡਾ ਵਰ੍ਹ ਰਿਹਾ ਸੀ।

ਸਾਰੀ-ਸਾਰੀ ਰਾਤ ਉਸ ਨੂੰ ਸੌਣ ਨਹੀਂ ਸੀ ਦਿੱਤਾ ਜਾਂਦਾ। ਕੁੱਟ ਖਾ-ਖਾ ਕੇ ਉਸ ਦੀ ਭਿਆਂ ਬੋਲ ਗਈ ਸੀ।

ਉਹ ਮੁਰਦਿਆਂ ਹਵਾਲਾਤ ਵਿੱਚ ਪਿਆ ਸੀ।

ਅਚਾਨਕ ਡੀ. ਆਈ. ਜੀ. ਜਾਇਜ਼ਾ ਲੈਣ ਆ ਗਿਆ।

-"ਸਰਦਾਰ ਬਹਾਦਰ, ਮੈਨੂੰ ਬਖ਼ਸ਼ ਦਿਓ, ਮੇਰੇ ਕੋਲ਼ੋਂ ਭੁੱਲਾਂ ਹੋ ਗਈਆਂ...!" ਅੱਧ ਮਰਿਆ ਪਿਆ ਬਾਬੂ ਪੂਰਨ ਚੰਦ ਨੇ ਸਾਰੇ ਪੁਲੀਸ ਲਾਣੇ ਅੱਗੇ ਸੁੱਜੇ ਹੱਥ ਜੋੜ ਦਿੱਤੇ।

-"ਤੈਥੋਂ ਭੁੱਲਾਂ ਨੀ ਹੋਈਆਂ ਲਾਅਲਾ...! ਤੂੰ ਜਾਣ ਬੁੱਝ ਕੇ ਬੱਜਰ ਗੁਨਾਂਹ ਕੀਤੇ ਐ..! ਜਿੰਨਾਂ ਚਿਰ ਸੱਪ ਵਾਂਗੂੰ ਸਿੱਧਾ ਨੀ ਹੋ ਜਾਂਦਾ, ਅਸੀਂ ਤੇਰਾ ਖਹਿੜਾ ਨੀ ਛੱਡਣਾ...!" ਸਪੈਸ਼ਲ ਸਟਾਫ਼ ਦੇ ਕਰਮਚਾਰੀ ਨੇ ਕਿਹਾ।

-"ਕਿੰਨਾਂ ਕੁ ਚਿਰ ਹੋਰ ਰੱਖੋਂਗੇ ਹਜ਼ੂਰ...?" ਉਸ ਦੀ ਮੁਰਦਾ ਅਵਾਜ਼ ਰੋਣਹਾਕੀ ਸੀ।

-"ਅਜੇ ਤਾਂ ਤੈਨੂੰ ਅਦਾਲਤ ਪੇਸ਼ ਕਰ ਕੇ ਰਿਮਾਂਡ ਲੈਣੈ..!"

-"...ਤੇ ਫ਼ੇਰ ਤੈਨੂੰ ਲੋਕਾਂ ਦੇ ਹਵਾਲ਼ੇ ਕਰਨੈਂ..! ਜਿੰਨ੍ਹਾਂ ਦੇ ਪੁੱਤ ਤੂੰ ਹਲਾਲ ਕੀਤੇ ਐ, ਦੇਖ ਤੇਰੇ ਸੀਰਮੇਂ ਕਿਵੇਂ ਪੀਂਦੇ ਐ..!" ਪੁਲ਼ਸ ਅਫ਼ਸਰ ਨੇ ਪੱਤਾ ਖੇਡਿਆ।

-"ਨਾ ਮਾਈ ਬਾਪ, ਮੈਨੂੰ ਲੋਕਾਂ ਦੇ ਹਵਾਲੇ ਨਾ ਕਰਿਓ, ਆਪ ਈ ਗੋਲ਼ੀ ਮਾਰ ਦਿਓ, ਦੁਹਾਈ ਐ ਮੇਰੇ ਬਾਪ ਦੀ...!" ਬਾਬੂ ਬਿਲਕਿਆ।

-"ਫ਼ੇਰ ਦੱਸਦਾ ਕਿਉਂ ਨੀ ਸਾਲ਼ਿਆ...? ਬਈ ਗਾਇਬ ਹੋਏ ਮੁੰਡੇ ਕਿੱਥੇ ਐ...?"

-"...............!" ਬਾਬੂ ਚੁੱਪ ਕਰ ਗਿਆ।

-"ਇਹਨੂੰ ਰਾਤ ਨੂੰ ਸਿਕੰਜੇ 'ਚ ਦਿਓ...!"

-"ਨਾ ਸਰਕਾਰ..! ਮੈਂ ਤਾਂ ਅੱਗੇ ਈ ਤੂੰਬਾ-ਤੂੰਬਾ ਕਰਿਆ ਪਿਐਂ...! ਹੋਰ ਨਾ ਤਕਲੀਫ਼ ਦਿਓ, ਮਰ ਜਾਊਂਗਾ...!" ਉਹ ਰੋਣ ਲੱਗ ਪਿਆ।

-"ਤੇਰੀ ਧੀ 'ਤੇ ਗਧੇ ਚੜ੍ਹਨ, ਜਿਹਨਾਂ ਦੇ ਤੂੰ ਖਪਾ ਤੇ, ਉਹਨਾਂ 'ਤੇ ਤੈਨੂੰ ਕੋਈ ਤਰਸ ਨੀ ਆਉਂਦਾ...?"

-"ਚਲੋ ਰਾਤ ਨੂੰ ਵਿਛਾਉਨੇ ਆਂ ਇਹਦੇ ਥੱਲੇ ਪੱਟ ਦੀ ਕੱਢੀ ਚਾਦਰ...!" ਸੁਣ ਕੇ ਬਾਬੂ ਦਾ ਦਿਲ ਡੋਲ ਗਿਆ।

ਸਪੈਸ਼ਲ ਸਟਾਫ਼ ਤੁਰ ਗਿਆ।

ਰਾਤ ਪਈ।

ਬਾਬੂ ਦਾ ਚਿੱਤ ਡੁਬਕੀਆਂ ਖਾ ਰਿਹਾ ਸੀ। ਜਿਉਂ-ਜਿਉਂ ਰਾਤ ਗੂੜ੍ਹੀ ਹੁੰਦੀ ਜਾ ਰਹੀ ਸੀ, ਬਾਬੂ ਦਾ ਦਿਲ ਘਟਦਾ ਸੀ।

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

TAIL PIECE

Dalip Singh Wasan, Advocate
Email: dalipsinghwassan@yahoo.co.in

## All out-standing problems of employees shall be solved--Assured Mr.Maan



Chief Minister of Punjab Recently Sardar Bhhagwant singh Maan, Chief Minister of Punjabwas assuring the representatives of employees that his governmentshall solve all outstanding problems of government employees soon.The identified problems are settlement of accounts in re-introductionof old pension scheme, payments of arrears on rates prescribed asper Pay Commission w.e.f. 01.01.2016till date when new pay scales hadbeen given to employees and if the state is not in a position to paythis huge amount in lump sum, let it be paid in ten monthlyinstallments with interest as per provisions of Punjab Civil ServiceRules Rule 6.16 Vol.II. Payment of this outstanding amount is mostnecessary because next date of new pay scales too is coming nearw.e.f. 01.01.2026. The employees are basically maintaining administration, law andorder, peace and carrying out progressive steps taken by thegovernment and even Prime Minister of India, Mr. Narender Modi hasaccepted this fact and keeping pending such payments must be avoidedso that complete efficiency be maintained. The employees are happy and satisfied that Sardar Bhagwant SinghMaan has already regularized services of most of the temporaryemployees, started payment of regular pay and allowances and evenservie benefits and the state has become leading and a model state forbetter employment opportunities and promotions.

## Both the groups in Parliament are still not at peace

The results of Parliament-2024 created a different situation in Parliament when a group coming in simple majority has formed agovernment and since number of people in oppositions is too high, andif the situations continue without any compromise and cooperation, thefunctioning of Parliament shall see troubles. Till date teh same opposition is there which had been available when both were before thepeople of India during elections and even today these two groups arespeaking against each other and no steps have been taken for creatingan atmosphere of cooperation on National Issues which are in favour ofthe people of India.And it seems that even Bills, Projects, Schemes and Policies brought by the ruling front shall be oposed in debates and even while voting .

Resignation and re-elections are no solution because results could be the same. We should try to create an atmosphere of help and coopertion and if it is not possible, let the speaker be given poer toaccept the voting result having more than fifty per cent votes infavour of the Bills, Projects, Schemes and Policies. Had we the law that after becoming member of the Parliament, all should have been declared as Public Servants and Representatives of the people and PM and other ministers should have been elected here on merits and functioning of Parliament should have been national and not belongign to any group. This one-man rule is not democratic and must be changed and we should turn a model democracy for showing right path to all thecountries in the world.

## Taking oath of Constitution makes one Member of Parliament

As per Constitution of India one cannot become member of Parliament till one takes oath declaring belief and following the Constitution of India and it is on record that here in India, all who had been sitting in our august houses had been allowed entries only when they had been taking oath in Constitution of India. And once take oath of Constitution of India, one declares that he believes in all the provisions of the Constitution of India, its unity and integrity, its secularism, no further partition, no discrimination on basis of religion, caste and creed. And it is also on record that till date none of the elecrted members had ever put uyp a Bill,Project, Scheme and Policy for further partition of the country. Andwhen we begin our Constititution stated, we the people of India, itmeans we all having different religions, castes and creed here inIndia adopt this Constitution and become equal member in India. The charges beyond Constitution of India are just politicalgrounds for having more votes and that must be ignored. The nationmust realize all these basic concepts in our Constitution and see thatall must have belief and following provisions of Constitution ofIndia. Oath in Constitution of India means something more thangeneral beliefs.

## Six terrorists killed in an encounter in J and K and we lost two soldiers-A latest Report

It must be accepted that Pakistan could not forget its defeats in two direct wars of 1965 and 1972 and even issue of Occupied Kashmir and had started indirect war through terrorists. Pakistan never accepts that this war othrough terrorists is from its side and often has said that terrorists are never sent by it, but are products ofIndian Internal affairs. It is on record that terrorists cannot win because of regular armies and are always killed. In spite of this reality, still people could spare their young children in this war and till date, number ofter rorists killed could not be counted.

As far as Kashmir is concerned, we have already decided that Kashmir as a whole is part of India and people of this side had beentaking part in elections and following laws of India and this small piece occupied by Pakistan is illegally in its hands. This line of Control was temporary just to stop action of India Armies for complete occupation of Kashmir and that period is over. We have already deleted Article 370 from the Constitution of India and nowt here is no provision for Occupied Kashmir in our Constuitution. Our Defence Minister had already declared that we shall cross this LOC andeven people in so=called Occupied Kashmir are Indians and and are withus.

At this stage we can occupy that area through a Blue Star Operaion and even a notice can be served on Pakistan to vocate illegally occupied area of J and K. And with this this war of Pakistan through terrorists too shall end because we shall have a safe border and shall be able to stop entries of terrorists into our country.

## Singh Sabha London east gurdwara held Panjabi school presentation day at Barking gurdwara





On 7th July 2024 1pm to 5pm it was day of full excitement for the children and students who received their GCSE & A level certificates and vouchers for their achievement. Total of 60 GCSE, 18 A level and 215 beginner & intermediate students participated in the event. Certificates was presented by the chief guest Dr. & professor Opinderjit kaur (director of Sikh studies and Panjabi language development centre, Wolverhampton university)along with president Satnam singh Sandhu, vice president Gurdip singh Hundal and education secretary Chhinder singh Gill. All three teacher's of SSLE, Maninder kaur Bajwa, Kulwinder kaur and Balvinder kaur Narwal were also honoured with trophies and vouchers. Teachers prepared pizzas, chips, cakes and drinks for the students for their hard work and achievement. It was great honour to have our chief guest Dr. Opinderjit kaur to the end who gave speech and chatted with parents. Education secretary Chhinder singh Gill thanked teachers for their hard work and dedication and thanked Dr. Opinderjit kaur for coming and sharing her experience and knowledge with us. It was day of celebration for us all and wish our students best of luck and success in the future. We urge all parents to enroll their children in Panjabi classes held at both Gurdwaras, Barking and Seven kings.

# ਪੰਜਾਬੀਆਂ ਲਈ ਇਤਿਹਾਸਕ ਰਹੀਆਂ ਬਰਤਾਨੀਆਂ ਦੀਆਂ ਆਮ ਚੋਣਾਂ

ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: +447899798363
ਈ ਮੇਲ: msbadhni@yahoo.co.uk





ਬਰਤਾਨੀਆਂ ਦੀਆਂ ਸੰਸਦੀ ਚੋਣਾ ਜਿੱਤਣ ਵਾਲੇ 13 ਪੰਜਾਬੀ

ਬਰਤਾਨੀਆਂ ਦੀਆਂ ਆਮ ਚੋਣਾਂ ਇਸ ਵਾਰ ਪੰਜਾਬੀਆਂ ਲਈ ਬਹੁਤ ਹੀ ਖਾਸ ਰਹੀਆਂ। ਇਹਨਾਂ ਚੋਣਾਂ ਵਿੱਚ 13 ਪੰਜਾਬੀ ਮੂਲ ਦੇ ਉਮੀਦਵਾਰਾਂ ਨੇ ਜਿੱਤ ਦਰਜ਼ ਕੀਤੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਹਨਾਂ ਵਿੱਚੋਂ ਸਿਰਫ ਇੱਕ ਨੇ ਕੰਜ਼ਰਵੇਟਿਵ ਪਾਰਟੀ ਵੱਲੋਂ ਜਿੱਤ ਹਾਸਲ ਕੀਤੀ ਹੈ, ਜਦ 12 ਲੇਬਰ ਪਾਰਟੀ ਦੇ ਮੈਂਬਰ ਜਿੱਤੇ ਹਨ। ਭਾਰਤ ਤੋਂ ਬਾਹਰ ਵਿਸ਼ਵ ਵਿੱਚ ਪਹਿਲਾ ਪੰਜਾਬੀ ਸੰਸਦ ਮੈਂਬਰ ਪਿਆਰਾ ਸਿੰਘ ਖਾਬੜਾ ਵੀ ਲੇਬਰ ਪਾਰਟੀ ਦੀ ਦੇਣ ਸੀ, ਫਿਰ ਪਹਿਲਾ ਦਸਤਾਰਧਾਰੀ ਸਿੱਖ ਅਤੇ ਪਹਿਲੀ ਮਹਿਲਾ ਸਿੱਖ ਸਾਂਸਦ ਵੀ ਲੇਬਰ ਪਾਰਟੀ ਦੀ ਦੇਣ ਹਨ।

ਹੈਸਟਨ ਫੈਲਥਮ ਹਲਕੇ ਤੋਂ 2011 ਤੋਂ ਸੰਸਦ ਚੁਣੀ ਆ ਰਹੀ ਸੀਮਾ ਮਲਹੋਤਰਾ ਨੇ ਮੁੜ ਜਿੱਤ ਦਰਜ਼ ਕੀਤੀ ਹੈ, ਜਦ ਕਿ ਤਨਮਨਜੀਤ ਸਿੰਘ ਢੇਸੀ ਸਲੋਹ ਤੋਂ ਅਤੇ ਪ੍ਰੀਤ ਕੌਰ ਗਿੱਲ ਬ੍ਰਮਿੰਘਮ ਐਜ਼ਬਾਸਟਨ ਤੋਂ ਤੀਜੀ ਵਾਰ ਸੰਸਦ ਬਣੇ। ਇਹਨਾਂ ਤੋਂ ਇਲਾਵਾ 8 ਪੰਜਾਬੀ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜ੍ਹਨਗੇ ਜਿਹਨਾਂ ਵਿਚ ਸਮੈਦਿਕ ਤੋਂ ਗੁਰਿੰਦਰ ਸਿੰਘ ਜੋਸ਼ਨ ਹਨ, ਜੋ ਲੇਬਰ ਫਾਰ ਸਿਖਸ ਦੇ ਸਰਗਰਮ ਕਾਰਕੁੰਨ ਹੋਣ ਦੇ ਨਾਲ ਨਾਲ ਲੇਬਰ ਦੀ ਕੇਂਦਰੀ ਕਮੇਟੀ ਵਿੱਚ ਵੀ ਮੈਂਬਰ ਹਨ, ਇਲਫੋਰਡ ਦੱਖਣੀ ਤੋਂ ਜਸਬੀਰ ਸਿੰਘ ਅਠਵਾਲ ਦਸਤਾਰਧਾਰੀ ਸਿੱਖ ਹਨ, ਜੋ ਬੀਤੇ ਇੱਕ ਦਹਾਕੇ ਤੋਂ ਵੱਧ ਰੈਡਬ੍ਰਿਜ਼ ਕੌਂਸਲ ਦੇ ਲੀਡਰ ਰਹੇ ਹਨ, ਪਿੰਡ ਕੰਡਿਆਣਾ ਜਿਲ੍ਹਾ ਜਲੰਧਰ ਦੇ ਜੰਮਪਲ ਹਨ। ਪਿਛਲੀਆਂ ਚੋਣਾਂ ਵਿੱਚ ਉਹਨਾਂ ਦੀ ਸੀਟ ਇੱਕ ਸਾਜਿਸ਼ ਅਧੀਨ ਰੱਦ ਕਰ ਦਿੱਤੀ ਗਈ ਸੀ, ਲੇਕਨ ਇਸ ਵਾਰ ਮੁੜ ਸੀਟ ਦੀ ਦਾਅਵੇਦਾਰੀ ਹਾਸਿਲ ਕਰਕੇ ਜਿੱਤ ਦਰਜ਼ ਕੀਤੀ ਹੈ।

ਸਾਊਥਹੈਂਪਟਨ ਟੈਸਟ ਤੋਂ ਸਤਵੀਰ ਕੌਰ, ਡਰਬੀ ਦੱਖਣੀ ਤੋਂ ਬਾਗੀ ਸ਼ੰਕਰ, ਹਰਡਜ਼ਫੀਲਡ ਤੋਂ ਹਰਪ੍ਰੀਤ ਕੌਰ ਉੱਪਲ, ਵੁਲਵਰਹੈਂਪਟਨ ਪੱਛਮੀ ਤੋਂ ਵਰਿੰਦਰ ਸਿੰਘ ਜੱਸ, ਲਾਫਬਾਰੋ ਤੋਂ ਜੀਵਨ ਸਿੰਘ ਸੰਧਰ, ਬੋਲਟਨ ਉੱਤਰੀ ਤੋਂ ਕੀਰਥ ਐਂਟਵੀਸਲਾ ਅਤੇ ਡਡਲੀ ਤੋਂ ਸੋਨੀਆ ਕੁਮਾਰ ਨੇ ਜਿੱਤ ਹਾਸਿਲ ਕੀਤੀ ਹੈ। ਕੰਜ਼ਰਵੇਟਿਵ ਪਾਰਟੀ ਵੱਲੋਂ ਪੰਜਾਬੀ ਮੂਲ ਦੇ ਗਗਨ ਮੋਹਿੰਦਰਾ ਦੱਖਣ ਪੱਛਮੀ ਹਰਟਫੋਰਡਸ਼ਾਇਰ ਤੋਂ ਦੂਜੀ ਵਾਰ ਸੰਸਦ ਬਣੇ ਹਨ।

ਬਰਤਾਨੀਆਂ ਦੇ 803 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਵਿੱਤ ਮੰਤਰੀ ਇੱਕ ਮਹਿਲਾ ਰੀਚੇਲ ਰੀਵਜ਼ ਬਣੀ ਹੈ। ਇਥੇ ਹੀ ਬੱਸ ਨਹੀਂ 2019 ਵਿੱਚ ਹੁਣ ਤੱਕ ਦੇ ਸੰਸਦੀ ਇਤਿਹਾਸ ਵਿੱਚ ਸਭ ਤੋਂ ਵੱਧ ਮਹਿਲਾਵਾਂ ਸੰਸਦ ਦੀਆਂ ਪੌੜੀਆਂ ਚੜ੍ਹੀਆਂ ਸਨ ਜਿਹਨਾਂ ਦੀ ਗਿਣਤੀ 220 ਸੀ, ਜਦ ਕਿ ਇਸ ਵਾਰ ਇਹ ਗਿਣਤੀ ਵੱਧ ਕੇ 242 ਹੋ ਗਈ।

## ਫਲਸਤੀਨ ਦਾ ਯੁੱਧ ਲੇਬਰ ਦੀ ਸਿਰਦਰਦੀ ਬਣਿਆ ਰਿਹਾ

ਕਈ ਹਲਕਿਆਂ ਵਿੱਚ ਇਜ਼ਰਾਇਲ ਫਲਸਤੀਨ ਯੁੱਧ ਦਾ ਮੁੱਦਾ ਲੇਬਰ 'ਤੇ ਕਾਫੀ ਭਾਰੀ ਰਿਹਾ, ਮੁਸਲਿਮ ਭਾਈਚਾਰੇ ਦਾ ਇੱਕ ਵਰਗ ਮੁੱਖ ਤੌਰ ਤੇ ਲੇਬਰ ਉਮੀਦਵਾਰਾਂ ਦੇ ਵਿਰੋਧ ਵਿੱਚ ਖੜ੍ਹਾ ਹੋਇਆ। ਜਿਸ ਕਾਰਨ ਲੇਬਰ ਉਮੀਦਵਾਰਾਂ ਨੂੰ ਜਿੱਤਣ ਲਈ ਕਾਫੀ ਮੁਸ਼ੱਕਤ ਕਰਨੀ ਪਈ। ਸਲੋਹ ਹਲਕੇ ਵਿੱਚ ਤਨਮਨਜੀਤ ਸਿੰਘ ਢੇਸੀ ਨੂੰ ਵੀ ਇਸ ਮਾਮਲੇ ਦਾ ਸਾਹਮਣਾ ਕਰਨਾ ਪਿਆ। ਸੰਸਦ ਵਿੱਚ ਗਾਜ਼ਾ ਮੁੱਦੇ ਤੇ ਉਹ ਕਈ ਵਾਰ ਬੋਲੇ, ਜਿਸ ਦੀਆਂ ਸਬੂਤ ਵਜੋਂ ਵੀਡੀਓ ਰਿਕਾਰਡਾਂ ਵੀ ਸ਼ੋਸ਼ਲ ਮੀਡੀਆ ਤੇ ਚੱਲੀਆਂ, ਲੇਕਨ ਇਸ ਦੇ ਬਾਵਜੂਦ ਇੱਕ ਅਜ਼ਾਦ ਉਮੀਦਵਾਰ ਨੇ ਗਾਜ਼ਾ ਦੇ ਨਾਮ ਤੇ ਹੀ 11000 ਵੋਟਾਂ ਹਾਸਲ ਕਰ ਲਈਆਂ, ਅਜੇਹਾ ਸਿਰਫ ਇੱਕ ਹਲਕੇ ਵਿੱਚ ਨਹੀਂ ਬਲਕਿ ਕਈ ਹਲਕਿਆਂ ਵਿੱਚ ਹੋਇਆ ਹੈ, ਬ੍ਰਮਿੰਘਮ ਵਿਚ ਇੱਕ ਅਜ਼ਾਦ ਉਮੀਦਵਾਰ ਨੇ 2001 ਤੋਂ ਲੇਬਰ ਦੇ ਸਾਂਸਦ ਬਣੇ ਆ ਰਹੇ ਖਾਲਿਦ ਮਹਿਮੂਦ ਨੂੰ ਹਰਾ ਦੇਣਾ ਵੀ ਹੈਰਾਨੀ ਜਨਕ ਰਿਹਾ।

ਕੰਜ਼ਰਵੇਟਿਵ ਪਾਰਟੀ ਦੀ ਹਾਰ ਦੇ ਮੁੱਖ ਕਾਰਨ 14 ਸਾਲ ਰਾਜ ਕਰਨ ਵਾਲੀ ਕੰਜ਼ਰਵੇਟਿਵ ਪਾਰਟੀ ਦੇ ਰਾਜਕਾਲ ਦੌਰਾਨ 2012 ਦੀਆਂ ਉਲੰਪਿਕ ਖੇਡਾਂ ਵੀ ਹੋਈਆਂ, 2019 ਦਾ ਕੋਰੋਨਾ ਮਹਾਂਮਾਰੀ ਵੀ, ਯੂਰਪੀਅਨ ਯੂਨੀਅਨ ਤੋਂ ਵੱਖ ਵੀ ਹੋਏ (ਬ੍ਰੈਗਜ਼ਿਟ)। ਇਥੇ ਹੀ ਬੱਸ ਨਹੀਂ ਗਰੀਨਫਿਲ ਅਤੇ ਵਿੰਡਰਸ਼ ਸਕੈਂਡਲ ਵੀ ਇਸੇ ਦੌਰਾਨ ਸਾਹਮਣੇ ਆਏ।

ਕੰਜ਼ਰਵੇਟਿਵ ਪਾਰਟੀ ਵਿੱਚ ਆਪਸੀ ਖਿਚੋਤਾਣ ਕਾਰਨ 5 ਪ੍ਰਧਾਨ ਮੰਤਰੀਆਂ ਦੀ ਅਦਲਾ ਬਦਲੀ ਵੀ ਹਾਰ ਦੇ ਕਾਰਨ ਰਹੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਨੇਤਾਵਾਂ ਨੇ ਦੇਸ਼ ਨੂੰ ਅੱਗੇ ਲਿਜਾਣ ਲਈ ਨੀਤੀਆਂ ਬਣਾਉਣ ਤੋਂ ਵੱਧ ਸਮਾਂ ਇੱਕ ਦੂਸਰੇ ਨੂੰ ਹੇਠਾਂ ਲਿਜਾਣ ਵਾਲੀਆਂ ਨੀਤੀਆਂ ਘੜ੍ਹਨ ਵਿੱਚ ਲਗਾਇਆ ਹੈ। 2010 ਤੋਂ 2013 ਤੱਕ ਦੇ ਅੰਕੜਿਆਂ ਅਨੁਸਾਰ ਬੇਘਰੇ ਲੋਕਾਂ ਦੀ ਗਿਣਤੀ 1770 ਤੋਂ ਵੱਧ ਕੇ 3898 ਤੱਕ ਹੋਈ, ਬੇਰੁਜ਼ਗਾਰੀ ਦੀ ਦਰ ਭਾਵੇਂ 7.9 ਤੋਂ ਘੱਟ ਕੇ 4 ਫੀਸਦੀ ਹੋਈ, ਪਰ ਭੋਜਣ ਬੈਂਕ 35 ਤੋਂ ਵੱਧ ਕੇ 2900 ਤੱਕ ਹੋਏ, ਰਾਸ਼ਟਰੀ ਸਿਹਤ ਸੇਵਾ ਦੀ ਇਲਾਜ਼ ਦਾ ਇੰਤਜ਼ਾਰ ਕਰ ਰਹੇ ਮਰੀਜ਼ਾਂ ਦੀ ਗਿਣਤੀ 26 ਲੱਖ ਤੋਂ ਵੱਧ ਕੇ 77 ਲੱਖ 50 ਹਜ਼ਾਰ ਤੱਕ ਚਲੀ ਗਈ ਜੋ ਕੰਜ਼ਰਵੇਟਿਵ ਪਾਰਟੀ ਦੀ ਹਾਰ ਦੇ ਮੁੱਖ ਕਾਰਨ ਸਨ।

ਇਸ ਤੋਂ ਇਲਾਵਾ ਕੰਜ਼ਰਵੇਟਿਵ ਪਾਰਟੀ ਨੂੰ ਵੱਧ ਰਹੀ ਮਹਿੰਗਾਈ ਨੇ ਵੀ ਪਿੱਛੇ ਸੁਟਿਆ ਹੈ, ਹਮੇਸ਼ਾਂ ਇੰਮੀਗ੍ਰੇਸ਼ਨ ਘੱਟ ਕਰਨ ਦਾ ਹੋਕਾ ਦੇਣ ਵਾਲੀ ਇਹ ਪਾਰਟੀ ਬੀਤੇ ਸਾਲਾਂ ਵਿੱਚ ਇੰਮੀਗ੍ਰੇਸ਼ਨ ਤੇ ਕਾਬੂ ਪਾਉਣ ਤੋਂ ਅਸਮਰੱਥ ਰਹੀ ਹੈ। ਲੋਕਾਂ ਤੇ ਟੈਕਸ ਬੋਝ ਵਧਿਆ ਹੈ। 43 ਲੱਖ ਬੱਚੇ ਗਰੀਬੀ ਵਿਚ ਰਹਿੰਦੇ ਹਨ ਜਦਕਿ 2010 ਵਿੱਚ ਇਹ ਗਿਣਤੀ 36 ਲੱਖ ਸੀ।

ਸਮਾਜ ਸ਼ਾਸ਼ਤਰੀ ਡਾ: ਫਿਲ ਬਰਟਨ-ਕਾਰਟਲਜ਼ ਦੀ ਮੰਨੀਏ ਤਾਂ ਉਹ ਕਹਿੰਦੇ ਹਨ ਕਿ ਟੋਰੀ ਸਰਕਾਰ ਨੇ ਜਨਤਕ ਖਰਚਿਆਂ ਵਿੱਚ ਕਟੌਤੀ ਕੀਤੀ ਹੈ ਜਿਸ ਨਾਲ ਸਿੱਖਿਆ, ਸਿਹਤ ਦੇਖਭਾਲ ਅਤੇ ਸਮਾਜਿਕ ਸੁਰੱਖਿਆ ਦੇ ਢਾਂਚੇ ਨੂੰ ਨੁਕਸਾਨ ਹੋਇਆ ਹੈ। ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਉਕਤ ਮੁੱਦਿਆਂ ਦੇ ਹੱਲ ਲਈ ਕੋਈ ਠੋਸ ਹੱਲ ਨਹੀਂ ਕੱਢ ਸਕੇ। ਸ਼ਾਇਦ ਇਹੀ ਕਾਰਨ ਲੇਬਰ ਨੂੰ ਜਿੱਤ ਵੱਲ ਲੈ ਕੇ ਆਏ ਹਨ।

ਸ਼ਾਇਦ ਇਸੇ ਕਾਰਨ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਹੁਦਾ ਸੰਭਾਲਿਦਿਆਂ ਹੀ ਇੱਕ ਇੱਕ ਇੱਟ ਨਾਲ ਦੇਸ਼ ਦੀ ਮੁੜ ਉਸਾਰੀ ਕਰਨ ਦਾ ਵਾਅਦਾ ਕਰਦਿਆਂ ਕਿਹਾ ਕਿ ਬਹੁਤ ਕੁਝ ਕਰਨ ਦੀ ਲੋੜ ਹੈ, ਜਿਸ ਲਈ ਹੁਣੇ ਤੋਂ ਕੰਮ ਕਰਨਾ ਸ਼ੁਰੂ ਕਰਨਾ ਹੋਵੇਗਾ।

## ਕਦੋਂ ਸ਼ੁਰੂ ਹੋਵੇਗੀ ਸਦਨ ਦੀ ਕਾਰਵਾਈ

ਚੁਣੇ ਹੋਏ ਸੰਸਦ ਮੈਂਬਰ 9 ਜੁਲਾਈ ਨੂੰ ਵੈਸਟਮਿਨਸਟਰ ਵਾਪਿਸ ਆਉਣਗੇ ਅਤੇ ਸਪੀਕਰ ਦੀ ਚੋਣ ਕਰਨਗੇ। ਸਰ ਲਿੰਡਸੇ ਹੌਲੇ ਨਵੰਬਰ 2019 ਵਿੱਚ ਨਿਰਵਿਰੋਧ ਸਪੀਕਰ ਚੁਣੇ ਗਏ ਸਨ ਅਤੇ ਕਿਸੇ ਵੀ ਪਾਰਟੀ ਨੇ ਉਹਨਾਂ ਦਾ ਵਿਰੋਧ ਨਹੀਂ ਕੀਤਾ ਸੀ। ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਉਹ ਮੁੜ ਸਪੀਕਰ ਚੁਣੇ ਜਾ ਸਕਦੇ ਹਨ। ਸੰਸਦ ਦੇ ਸਪੀਕਰ ਸਭ ਤੋਂ ਪਹਿਲਾਂ ਸੌਂਹ ਚੁਕੱਣਗੇ, ਉਪਰੰਤ ਸਾਰੇ ਸਾਂਸਦ 10 ਅਤੇ 11 ਜੁਲਾਈ ਨੂੰ ਸੌਂਹ ਚੁਕੱਣਗੇ।

17 ਜੁਲਾਈ ਨੂੰ ਮਹਾਰਾਜਾ ਚਾਰਲਸ ਤੀਜੇ ਸਦਨ ਦੀ ਆਰੰਭਤਾ ਕਰਦਿਆਂ ਲੇਬਰ ਪਾਰਟੀ ਦੀਆਂ ਯੋਜਨਾਵਾਂ ਅਧਾਰਿਤ ਭਾਸ਼ਣ ਦੇਣਗੇ। ਜਿਸ ਤੇ ਬਹਿਸ ਤੋਂ ਬਾਅਦ ਵੋਟਿੰਗ ਹੋਵੇਗੀ।

## ਭਾਰਤ ਨਾਲ ਸਬੰਧ ਅਤੇ ਸਿੱਖਾਂ ਦੇ ਮਸਲੇ

ਭਾਰਤ ਅਤੇ ਯੂ ਕੇ ਦਰਮਿਆਨ ਵਪਾਰਕ ਸਬੰਧਾਂ ਨੂੰ ਲੈ ਕੇ ਜੋ ਪਿਛਲੀਆਂ ਸਰਕਾਰਾਂ ਵਿੱਚ ਗੱਲਬਾਤ ਹੁੰਦੀ ਰਹੀ ਹੈ। ਉਹ ਅੱਗੇ ਕਿਸ ਤਰ੍ਹਾਂ ਵੱਧੇਗੀ ਨੂੰ ਵੇਖਣਾ ਵੀ ਦਿਲਚਸਪ ਹੋਵੇਗਾ। ਕਿਉਂਕਿ ਦੋਵੇਂ ਦੇਸ਼ਾਂ ਵਿੱਚ ਚੋਣਾਂ ਹੋਈਆਂ ਹਨ ਜਿੱਥੇ ਬਰਤਾਨੀਆਂ ਵਿੱਚ ਬਿਲਕੁੱਲ ਨਵੇਂ ਚਿਹਰੇ ਅਤੇ ਨਵੀਂ ਸਰਕਾਰ ਸਾਹਮਣੇ ਆਈ ਹੈ, ਉੱਥੇ ਹੀ ਭਾਰਤ ਵਿੱਚ ਬੀ ਜੇ ਪੀ ਦੀ ਗੱਠਜੋੜ ਸਰਕਾਰ ਹੈ। ਦੋਵੇਂ ਦੇਸ਼ 2030 ਰੋਡ ਮੈਪ 'ਤੇ





ਕੰਮ ਕਰ ਰਹੇ ਸਨ। ਭਾਰਤ ਵਪਾਰਕ ਸਮਝੌਤਿਆ ਵਿੱਚ ਭਾਰਤੀ ਨੌਜਵਾਨਾਂ ਨੂੰ ਯੂ ਕੇ ਵਿੱਚ ਨੌਕਰੀਆਂ ਦੇ ਵੱਧ ਮੌਕੇ ਅਤੇ ਉਹਨਾਂ ਦੀ ਸਮਾਜਿਕ ਸੁਰੱਖਿਆ ਯਕੀਨੀ ਦੀ ਮੰਗ ਰੱਖਦਾ ਆਇਆ ਹੈ, ਜਿਸ ਨੂੰ ਲੈ ਕੇ ਕਈ ਸਮਝੌਤੇ ਪ੍ਰਵਾਨ ਨਹੀਂ ਚੜ੍ਹੇ। ਇਹਨਾਂ ਵਪਾਰਕ ਸਮਝੌਤਿਆਂ ਨੂੰ ਅੱਗੇ ਵਧਾਉਣ ਲਈ ਹੁਣ ਦੋਵੇਂ ਨਵੀਆਂ ਸਰਕਾਰਾਂ ਕਿਸ ਤਰ੍ਹਾਂ ਕੰਮ ਕਰਨਗੀਆਂ ਇਹ ਵੀ ਵੇਖਣਾਂ ਦਿਲਚਸਪ ਹੋਵੇਗਾ।

ਭਾਵੇਂ ਲੇਬਰ ਪਾਰਟੀ ਨੇ ਇਸ ਵਾਰ ਵਧੇਰੇ ਸਿੱਖਾਂ ਨੂੰ ਸੁਰੱਖਿਅਤ ਸੀਟਾਂ ਸੌਂਪੀਆਂ ਅਤੇ ਪਹਿਲੀ ਵਾਰ ਵੱਡੀ ਗਿਣਤੀ ਵਿੱਚ ਸਿੱਖ ਸਾਂਸਦ ਬਣੇ ਹਨ। ਨਵੀਂ ਸਰਕਾਰ ਦੇ ਨਾਲ ਨਾਲ ਇਹਨਾਂ ਸਾਂਸਦਾਂ ਤੇ ਵੀ ਸਿੱਖ ਮਸਲਿਆਂ ਨੂੰ ਲੈ ਕੇ ਵੀ ਦਬਾਅ ਰਹੇਗਾ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਭਾਰਤ ਸਰਕਾਰ ਵੱਲੋਂ ਕੀਤੇ ਹਮਲੇ ਜੂਨ 1984 ਦੇ ਘੱਲੂਘਾਰੇ ਦੌਰਾਨ ਉਸ ਸਮੇਂ ਦੀ ਕੰਜ਼ਰਵੇਟਿਵ ਪਾਰਟੀ ਦੀ ਥੈਚਰ ਸਰਕਾਰ ਦੀ ਕਿਸ ਤਰ੍ਹਾਂ ਦੀ ਸ਼ਮੂਲੀਅਤ ਰਹੀ ਹੈ ਬਾਰੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਲੇਬਰ ਪਾਰਟੀ ਦੇ ਪਿਛਲੇ ਚੋਣ ਮਨੋਰਥ ਪੱਤਰ ਦਾ ਵੀ ਹਿੱਸਾ ਰਹੀ ਹੈ, ਇਸ ਤੋਂ ਇਲਾਵਾ ਭਾਰਤ ਵਿੱਚ ਕੈਦ ਜਗਤਾਰ ਸਿੰਘ ਜੱਗੀ ਜੌਹਲ ਦੀ ਰਿਹਾਈ, ਭਾਈ ਅਵਤਾਰ ਸਿੰਘ ਖੰਡਾ ਦੀ ਰਹੱਸਮਈ ਮੌਤ ਵੀ ਸਿੱਖਾਂ ਦੇ ਅਹਿਮ ਮੁੱਦੇ ਹਨ। ਇਸ ਤੋਂ ਇਲਾਵਾ ਪੰਜਾਬੀ ਹਿਤੈਸ਼ੀਆਂ ਵੱਲੋਂ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਪੜ੍ਹਾਉਣ ਦੀ ਮੰਗ ਤੋਂ ਇਲਾਵਾ 13 ਅਪ੍ਰੈਲ 1919 ਦੇ ਜੱਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਦੀ ਸਰਕਾਰੀ ਤੌਰ ਤੇ ਮੁਆਫੀ ਮੰਗਣ ਦੀ ਮੰਗ ਨੂੰ ਹੁਣ ਲੇਬਰ ਸਰਕਾਰ ਕਿਸ ਤਰ੍ਹਾਂ ਹੱਲ ਕਰੇਗੀ? ਇਸ ਤਰ੍ਹਾਂ ਦੇ ਕਈ ਸਵਾਲ ਅਤੇ ਚਣੌਤੀਆਂ ਲੇਬਰ ਸਰਕਾਰ ਸਾਹਮਣੇ ਹੋਣਗੀਆਂ।

ਇਸ ਤੋਂ ਇਲਾਵਾ ਸ਼ਰਨਾਰਥੀਆਂ ਨੂੰ ਰਵਾਂਡਾ ਭੇਜਣ ਦੀ ਸਕੀਮ ਵੀ ਵੱਡੀ ਚਣੌਤੀ ਹੋਵੇਗੀ, ਕਿ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੀ ਲੇਬਰ ਸਰਕਾਰ ਕੀ ਇਸ ਯੋਜਨਾਂ ਨੂੰ ਅੱਗੇ ਵਧਾਵੇਗੀ ਜਾਂ ਨਹੀਂ।

# ਸਿਹਤ ਤੇ ਸੁੰਦਰਤਾ



## ਤੁਲਸੀ ਦੀ ਵਰਤੋਂ ਕਰਨ 'ਤੇ ਸਰੀਰ ਨੂੰ ਹੋਣਗੇ ਅਨੇਕਾਂ ਫ਼ਾਇਦੇ



ਔਸ਼ਧੀ ਗੁਣਾਂ ਨਾਲ ਭਰਪੂਰ ਤੁਲਸੀ ਸਿਹਤ ਲਈ ਬਹੁਤ ਜ਼ਿਆਦਾ ਲਾਹੇਵੰਦ ਮੰਨੀ ਜਾਂਦੀ ਹੈ। ਇਸ ਔਸ਼ਧੀ ਬੂਟੇ ਦੀਆਂ ਪੱਤੀਆਂ ਤੁਹਾਡਾ ਮੈਟਾਬੌਲਿਜ਼ਮ ਵਧਾਉਣ ਵਿਚ ਮਦਦ ਕਰ ਸਕਦੀਆਂ ਹਨ। ਅਸਲ ਵਿਚ ਤੁਹਾਡਾ ਮੈਟਾਬੌਲਿਜ਼ਮ ਜਿੰਨਾ ਤੇਜ਼ ਹੋਵੇਗਾ, ਓਨੀ ਹੀ ਜ਼ਿਆਦਾ ਕੈਲਰੀ ਬਰਨ ਹੋਵੇਗੀ। ਤੁਹਾਡੀ ਦੈਨਿਕ ਖੁਰਾਕ ਵਿਚ ਤੁਲਸੀ ਨੂੰ ਸ਼ਾਮਲ ਕਰਨ ਨਾਲ ਤੁਹਾਡੇ ਸਰੀਰ ਤੋਂ ਜ਼ਹਿਰੀਲੇ ਪਦਾਰਥਾਂ ਨੂੰ ਕੱਢਣ ਅਤੇ ਪੋਸ਼ਟਿਕ ਤੱਤਾਂ ਨੂੰ ਸੋਖਣ ਵਿਚ ਮਦਦ ਮਿਲਦੀ ਹੈ। ਤਣਾਅ ਤੋਂ ਛੁਟਕਾਰਾ ਪਾਉਣ ਲਈ ਤੁਹਾਨੂੰ ਰੋਜ਼ਾਨਾ ਤੁਲਸੀ ਦੀ ਚਾਹ ਦਾ ਸੇਵਨ ਕਰਨਾ ਚਾਹੀਦਾ ਹੈ।

ਮੂੰਹ ਵਿਚੋਂ ਆਉਣ ਵਾਲੀ ਬਦਬੂ ਦਾ ਸੰਬੰਧ ਤੁਹਾਡੇ ਪਾਚਨ ਤੰਤਰ ਨਾਲ ਹੈ। ਜਿਸ ਦਾ ਪਾਚਨ ਤੰਤਰ ਮਜ਼ਬੂਤ ਹੁੰਦਾ ਹੈ, ਉਨ੍ਹਾਂ ਦੇ ਮੂੰਹ ਵਿਚੋਂ ਕਿਸੇ ਤਰ੍ਹਾਂ ਦੀ ਬਦਬੂ ਨਹੀਂ ਆਉਂਦੀ। ਤੁਲਸੀ ਦੀ ਚਾਹ ਮੂੰਹ ਵਿਚੋਂ ਆਉਣ ਵਾਲੀ ਬਦਬੂ ਤੋਂ ਰਾਹਤ ਦਿਵਾਉਣ ਵਿਚ ਸਹਾਇਕ ਹੁੰਦੀ ਹੈ। ਇਸ ਕਰਕੇ ਇਕ ਜਾਂ ਦੋ ਕੱਪ ਰੋਜ਼ਾਨਾ ਤੁਲਸੀ ਦੀ ਚਾਹ ਦੀ ਸੇਵਨ ਕਰਨਾ ਚਾਹੀਦਾ ਹੈ। ਸਰਦੀ ਦਾ ਮੌਸਮ ਵਿਚ ਕੁਝ ਲੋਕਾਂ ਨੂੰ ਸਰਦੀ-ਜ਼ੁਕਾਮ ਦੀ ਸਮੱਸਿਆ ਹੋ ਜਾਂਦੀ ਹੈ। ਅੱਜਕਲ੍ਹ ਵੀ ਇਸੇ ਤਰ੍ਹਾਂ ਵਾਇਰਲ ਇੰਫੈਕਸ਼ਨ ਦਾ ਪ੍ਰਭਾਵ ਵੱਧਦਾ ਜਾ ਰਿਹਾ ਹੈ। ਜੇਕਰ ਤੁਸੀਂ ਵੀ ਸਰਦੀ-ਜ਼ੁਕਾਮ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਦੋ ਕੱਪ ਤੁਲਸੀ ਦੀ ਚਾਹ ਦਾ ਸੇਵਨ ਕਰੋ। ਇਸ ਤੋਂ ਇਲਾਵਾ ਤੁਸੀਂ ਤੁਲਸੀ ਦੀ ਚਾਹ ਵਿਚ ਨਿੰਬੂ ਵੀ ਪਾ ਕੇ ਪੀ ਸਕਦੇ ਹੋ। ਅਜਿਹਾ ਕਰਨ ਨਾਲ ਵੀ ਬੇਹੱਦ ਲਾਭ ਮਿਲੇਗਾ। ਤੁਲਸੀ ਦੀ ਚਾਹ ਕੈਂਸਰ ਵਰਗੀ ਗੰਭੀਰ ਬੀਮਾਰੀ ਤੋਂ ਵੀ ਛੁਟਕਾਰਾ ਦਿਵਾਉਣ ਵਿਚ ਸਹਾਇਕ ਹੁੰਦੀ ਹੈ। ਜ਼ਿਆਦਾਤਰ ਔਰਤਾਂ ਵਿਚ ਬ੍ਰੈਸਟ ਕੈਂਸਰ ਦੀ ਸਮੱਸਿਆ ਜ਼ਿਆਦਾ ਦੇਖਣ ਨੂੰ ਮਿਲਦੀ ਹੈ। ਅਜਿਹੇ ਵਿਚ ਇਸ ਬੀਮਾਰੀ ਤਾਂ ਰਾਹਤ ਪਾਉਣ ਲਈ ਤੁਹਾਨੂੰ ਰੋਜ਼ਾਨਾ ਤੁਲਸੀ ਦੀ ਚਾਹ ਦਾ ਸੇਵਨ ਕਰਨਾ ਚਾਹੀਦਾ ਹੈ।

## ਭਾਰ ਘਟਾਉਣ ਤੋਂ ਲੈ ਕੇ ਡਾਇਬਿਟੀਜ਼ ਕੰਟਰੋਲ ਕਰਨ ਤਕ, ਈਸਬਗੋਲ ਸਿਹਤ ਲਈ ਲਾਭਦਾਇਕ



ਹਾਜ਼ਮਾ ਖਰਾਬ ਹੋ ਗਿਆ ਹੋਵੇ ਜਾਂ ਫਿਰ ਪੇਟ 'ਚ ਗੈਸ ਤੇ ਅਕੜਾਅ ਦੀ ਪਰੇਸ਼ਾਨੀ ਹੋਵੇ, ਹਰ ਮਾਮਲੇ 'ਚ ਈਸਬਗੋਲ ਦਾ ਸੇਵਨ ਲਾਭਦਾਇਕ ਹੀ ਹੁੰਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਈਸਬਗੋਲ ਨਾ ਸਿਰਫ਼ ਪਾਚਨ 'ਚ ਮਦਦ ਕਰਦੀ ਹੈ ਸਗੋਂ ਤੁਹਾਡੀ ਸਿਹਤ ਨੂੰ ਹੈਰਤਅੰਗੇਜ਼ ਫਾਇਦੇ ਪਹੁੰਚਾਉਂਦਾ ਹੈ। ਆਓ ਜਾਣਦੇ ਹਾਂ ਅਜਿਹੇ 5 ਹੈਰਾਨੀਜਨਕ ਫਾਇਦਿਆਂ ਬਾਰੇ....

ਸ਼ੂਗਰ 'ਚ ਲਾਭਦਾਇਕ-ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਦੇ ਲਿਹਾਜ਼ ਨਾਲ ਈਸਬਗੋਲ ਦੀ ਭੁੱਕੀ ਸ਼ੂਗਰ ਦੇ ਰੋਗੀਆਂ ਲਈ ਕਾਫੀ ਫਾਇਦੇਮੰਦ ਹੁੰਦੀ ਹੈ। ਤੁਹਾਨੂੰ ਦੱਸ ਦੇਈਏ ਕਿ ਇਸ 'ਚ ਮੌਜੂਦ ਜੈਲੇਟਿਨ ਗਲੂਕੋਜ਼ ਨੂੰ ਸੋਖਣ ਤੋਂ ਰੋਕਦਾ ਹੈ ਜਿਸ ਕਾਰਨ ਸ਼ੂਗਰ ਸਪਾਈਕਸ ਨੂੰ ਘਟਾਇਆ ਜਾ ਸਕਦਾ ਹੈ।

ਅੰਤੜੀਆਂ ਦੀ ਸਿਹਤ ਲਈ ਫਾਇਦੇਮੰਦ-ਪ੍ਰੀਬਾਇਓਟਿਕ ਗੁਣਾਂ ਨਾਲ ਭਰਪੂਰ ਹੋਣ ਕਾਰਨ ਈਸਬਗੋਲ ਦੀ ਭੁੱਕੀ ਨਾ ਸਿਰਫ ਪਾਚਨ ਪ੍ਰਣਾਲੀ ਨੂੰ ਸੁਧਾਰਦੀ ਹੈ ਬਲਕਿ ਇਮਿਊਨ ਸਿਸਟਮ ਨੂੰ ਵੀ ਮਜ਼ਬੂਤ ਕਰਦੀ ਹੈ। ਇਹ ਤੁਹਾਡੀਆਂ ਅੰਤੜੀਆਂ ਨੂੰ ਇਨਫੈਕਸ਼ਨ ਨਾਲ ਲੜਨ ਦੀ ਤਾਕਤ ਵੀ ਮਿਲਦੀ ਹੈ।

ਮਰਦਾਂ 'ਚ ਸ਼ੁਕਰਾਣੂਆਂ ਦੀ ਗਿਣਤੀ ਵਧਾਏ-ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਈਸਬਗੋਲ ਦੀ ਭੁੱਕੀ ਦਾ ਸੇਵਨ ਸ਼ੁਕਰਾਣੂਆਂ ਦੀ ਗਿਣਤੀ ਨੂੰ ਵਧਾ ਸਕਦਾ ਹੈ। ਇੰਨਾ ਹੀ ਨਹੀਂ ਇਹ ਵੀਰਜ ਨੂੰ ਗਾੜ੍ਹਾ ਬਣਾਉਣ 'ਚ ਵੀ ਕਾਫੀ ਮਦਦਗਾਰ ਹੁੰਦੀ ਹੈ।

ਭਾਰ ਘਟਾਉਣ 'ਚ ਮਦਦਗਾਰ-ਭਾਰ ਘਟਾਉਣ ਲਈ ਤੁਸੀਂ ਈਸਬਗੋਲ ਦੀ ਭੁੱਕੀ ਵੀ ਖਾ ਸਕਦੇ ਹੋ। ਫਾਈਬਰ ਨਾਲ ਭਰਪੂਰ ਹੋਣ ਕਾਰਨ ਇਸ ਦੇ ਸੇਵਨ ਨਾਲ ਤੁਹਾਡਾ ਪੇਟ ਲੰਬੇ ਸਮੇਂ ਤਕ ਭਰਿਆ ਰਹਿੰਦਾ ਹੈ ਤੇ ਤੁਸੀਂ ਜ਼ਿਆਦਾ ਖਾਣ ਦੀ ਸਮੱਸਿਆ ਤੋਂ ਵੀ ਬਚ ਸਕਦੇ ਹੋ।

ਬਵਾਸੀਰ 'ਚ ਫਾਇਦੇਮੰਦ-ਬਵਾਸੀਰ ਤੋਂ ਪੀੜਤ ਲੋਕਾਂ ਲਈ ਵੀ ਈਸਬਗੋਲ ਦਾ ਸੇਵਨ ਬਹੁਤ ਫਾਇਦੇਮੰਦ ਹੋ ਸਕਦਾ ਹੈ। ਤੁਹਾਨੂੰ ਦੱਸ ਦਈਏ ਕਿ ਇਹ ਸ਼ੌਚ ਦੌਰਾਨ ਗੁਦਾ ਵਿਚ ਕਬਜ਼ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ ਤੇ ਫਿਸ਼ਰ ਨੂੰ ਠੀਕ ਕਰਨ 'ਚ ਵੀ ਕਾਫੀ ਫਾਇਦੇਮੰਦ ਸਾਬਿਤ ਹੁੰਦੀ ਹੈ।

## * ਚੂੰਢੀਆਂ-ਪੁੱਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਅੰਮ੍ਰਿਤਪਾਲ ਸਿੰਘ ਦੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਦੇ ਸੰਕੇਤ ਨੇ ਬਾਦਲਾਂ ਦੇ ਛੁਡਾਏ ਪਸੀਨੇ- ਇਕ ਖ਼ਬਰ**

-ਲੋਕੀਂ ਆਖਦੇ ਸ਼ਰਬਤੀ ਟੋਟਾ, ਮੇਰੇ ਭਾਅ ਦੀ ਅੱਗ ਮੱਚਦੀ।



***ਟਰੰਪ ਨਾਲ ਬਹਿਸ ਵਿਚ ਮਾੜੇ ਪ੍ਰਦਰਸ਼ਨ ਬਾਅਦ ਬਾਈਡਨ ਦੇ ਰਾਸ਼ਟਰਪਤੀ ਦੀ ਚੋਣ 'ਚੋਂ ਹਟਣ ਦੀ ਮੰਗ ਵਧੀ-ਇਕ ਖ਼ਬਰ**

-ਉਹਦੇ ਨਾਲ ਕੀ ਬੋਲਣਾ ਜਿਹਨੂੰ ਪੱਗ ਬੰਨ੍ਹਣੀ ਨਾ ਆਵੇ।



***ਕਿਸਾਨਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਬੰਦ ਰਹੇਗਾ ਲਾਡੋਵਾਲ ਟੋਲ ਪਲਾਜ਼ਾ- ਕਾਦੀਆਂ**

-ਇਕ ਤੇਰਾ ਰੰਗ ਮੁਸ਼ਕੀ, ਦੂਜਾ ਡਾਹ ਲਿਆ ਗ਼ਲੀ ਦੇ ਵਿਚ ਚਰਖ਼ਾ।



***ਕੀ ਕੈਪਟਨ ਪਰਵਾਰ ਦਾ ਸਿਆਸੀ ਯੁਗ ਬੀਤ ਗਿਆ ਹੈ?- ਇਕ ਖ਼ਬਰ, ਇਕ ਸਵਾਲ**

-ਪੱਤ ਝੜੇ ਪੁਰਾਣੇ ਮਾਹੀ ਵੇ, ਰੁੱਤ ਨਵਿਆਂ ਦੀ ਆਈ ਆ ਢੋਲਾ।



***ਰਾਜ ਭਾਗ ਮਾਣਦਿਆਂ ਦੁੱਧ ਮਲਾਈਆਂ ਖਾਣ ਵਾਲੇ ਅਕਾਲੀ ਆਗੂਆਂ ਨੂੰ 'ਜਥੇਦਾਰ' 10 ਸਾਲ ਦਾ ਸਨਿਆਸ ਦੇਣ- ਬੀਬੀ ਭੱਠਲ**

-ਬੀਬੀ ਜੀ, ਤੁਹਾਡੇ ਆਗੂ ਤਾਂ ਦੇਗ਼ਾਂ ਚਟਮ ਕਰ ਕੇ ਆਪ ਹੀ ਸਨਿਆਸ ਲੈ ਗਏ।



***ਸ਼ੀਤਲ ਅੰਗੁਰਾਲ ਭਗਵੰਤ ਮਾਨ ਖ਼ਿਲਾਫ਼ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕਿਆ- ਇਕ ਖ਼ਬਰ**

-ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ, ਜੋ ਚੀਰਾ ਤੋ ਕਤਰਾ-ਏ-ਖ਼ੂੰ ਨਿਕਲਾ।

***ਬਿਹਾਰ ਵਿਚ ਪਿਛਲੇ ਪੰਦਰਾਂ ਦਿਨਾਂ 'ਚ 10ਵਾਂ ਪੁਲ ਡਿਗਿਆ-ਇਕ ਖ਼ਬਰ**

-ਲਗਦੈ ਇਹ ਸਭ ਪੁਲ ਨੀਟ (ਓਓਠ) ਰਾਹੀਂ ਚੁਣੇ ਗਏ ਇੰਜਨੀਅਰਾਂ ਦੇ ਉਸਾਰੇ ਹੋਏ ਹਨ।


***ਭਾਰਤ 'ਚ ਹਰੇਕ ਸਾਲ ਕਰੀਬ ਇਕ ਲੱਖ ਬੱਚੇ ਦਸਤਾਂ ਨਾਲ਼ ਮਰ ਜਾਂਦੇ ਹਨ- ਸਿਵਲ ਸਰਜਨ, ਮਾਲੇਰਕੋਟਲਾ**

-ਬਦਨਾਮ ਭੀ ਹੋਂਗੇ ਤੋ ਕਿਆ ਨਾਮ ਨਾ ਹੋਗਾ।



***ਕੰਗਣਾ ਰਣੌਤ ਨੂੰ ਰੋਕਣ ਦੀ ਬਜਾਇ ਕੁਲਵਿੰਦਰ ਕੌਰ ਦੀ ਬਦਲੀ ਕਰ ਕੇ ਸਰਕਾਰ ਨੇ ਖੁੰਦਕ ਕੱਢੀ- ਸਰਨਾ**

-ਕਿਉਂਕਿ ਸਰਕਾਰ ਨੂੰ ਕੰਗਣਾ ਰਣੌਤ ਵਰਗੇ ਮੂੰਹ-ਫੱਟ ਲੋਕਾਂ ਦੀ ਹੋਰ ਲੋੜ ਐ ਅਜੇ।



***ਅੰਮ੍ਰਿਤਸਰ ਪੁਲਿਸ ਅੱਗੇ ਪੇਸ਼ ਨਹੀਂ ਹੋਈ ਯੋਗਾ ਗਰਲ, ਦੁਬਾਰਾ ਨੋਟਿਸ ਭੇਜਣ ਦੀ ਤਿਆਰੀ-ਇਕ ਖ਼ਬਰ**

-ਆਉਂਦੀਆਂ ਰਾਜਾਂ ਦੀਆਂ ਚੋਣਾਂ 'ਚ ਸ਼ਾਇਦ ਕਿਧਰੋਂ ਟਿਕਟ ਲਈ ਹੱਥ-ਪੱਲਾ ਮਾਰਦੀ ਹੋਣੀ ਐ।



***ਪ੍ਰੀਖਿਆਵਾਂ 'ਚ ਬੈਠਣ ਵਾਲੇ ਸਿੱਖ ਵਿਦਿਆਰਥੀਆਂ ਨਾਲ ਕਕਾਰਾਂ 'ਤੇ ਬੰਦਸ਼ ਅਨਿਆਂਪੂਰਨ- ਧਾਮੀ**

-ਇਸ ਅਨਿਆਂ ਬਾਰੇ ਸਭ ਨੂੰ ਪਤੈ, ਪਰ ਤੁਸੀਂ ਬਿਆਨ ਦੇਣ ਤੋਂ ਬਿਨਾਂ ਕੀ ਕੀਤਾ ਅੱਜ ਤਾਈਂ?

***ਕਿਸਾਨ ਅੰਦੋਲਨ ਕਾਰਨ ਸੰਸਦ 'ਚ ਭਾਜਪਾ ਦਾ ਚਿਹਰਾ ਹੋਇਆ ਨੰਗਾ- ਰਣ ਸਿੰਘ ਚੱਠਾ**

-ਚਿਹਰਾ ਤਾਂ ਪਹਿਲਾਂ ਹੀ ਨੰਗਾ ਸੀ, ਪਰ ਕਈਆਂ ਨੂੰ ਨਜ਼ਰ ਨਹੀਂ ਸੀ ਆਉਂਦਾ, ਅਜੇ ਵੀ ਅੰਧ-ਭਗਤ ਹੈਨ।


***ਭਾਰਤੀ ਸੰਸਦੀ ਪ੍ਰਣਾਲੀ 'ਤੇ ਹੁਣ 'ਬੁਲ-ਡੋਜ਼ਰ ਨਿਆਂ' ਨਹੀਂ ਚੱਲਣ ਦੇਵੇਗਾ 'ਇੰਡੀਆ ਗੱਠ ਜੋੜ'- ਖੜਗੇ**

-ਤੋਤਾ ਪੀ ਜੂ ਗਾ ਗੁਲਾਬੀ ਰੰਗ ਤੇਰਾ, ਨੀਂ ਨਿੰਮ ਨਾਲ ਝੂਟਦੀਏ।



***ਦੁਪਹਿਰੇ 'ਆਪ' 'ਚ ਸ਼ਾਮਲ ਹੋ ਕੇ ਸ਼ਾਮ ਨੂੰ ਬੀਬੀ ਸੁਰਜੀਤ ਕੌਰ ਬਾਗ਼ੀ ਅਕਾਲੀਆਂ 'ਚ ਵਾਪਸ ਮੁੜੀ- ਇਕ ਖ਼ਬਰ**

-ਜਲੰਧਰ ਨੂੰ ਹੁਣ ਦਲ ਬਦਲੂਆਂ ਦੀ ਰਾਜਧਾਨੀ ਦਾ ਦਰਜਾ ਦੇ ਦੇਣਾ ਚਾਹੀਦਾ ਹੈ।



***ਅਕਾਲ ਤਖ਼ਤ ਦੇ ਹੁਕਨਾਮਿਆਂ ਦੀ ਉਲੰਘਣਾ ਤੇ ਬੇਕਦਰੀ ਜ਼ਿਆਦਾਤਰ ਅਕਾਲੀਆਂ ਨੇ ਹੀ ਕੀਤੀ- ਪ੍ਰੋ.ਘੱਗਾ**

-ਗੱਲਾਂ ਤੇਰੀਆਂ ਦੇ ਉੱਠਣ ਮਰੋੜੇ, ਢਿੱਡ ਵਿਚ ਦੇਵਾਂ ਮੁੱਕੀਆਂ।

* * * * * *

ਸ਼ਹੀਦੋਂ ਕੀ ਚਿਤਾਓਂ ਪਰ ਲੱਗੇਂਗੇ ਹਰ ਬਰਸ ਮੇਲੇ । ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾ ਹੋਗਾ ।

# ਕਵੈਂਟਰੀ ਏਸ਼ੀਅਨ ਸਪੋਰਟਸ ਫ਼ੈਡਰੇਸ਼ਨ ਵੱਲੋਂ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੀ ਸਰਪ੍ਰਸਤੀ ਹੇਠ

# 58ਵਾਂ ਸ਼ਹੀਦ ਊਧਮ ਸਿੰਘ ਮੈਮੋਰੀਅਲ ਟੂਰਨਾਮੈਂਟ

## 14 ਜੁਲਾਈ 2024 ਦਿਨ ਐਤਵਾਰ ਨੂੰ ਸਟੋਕ ਹੀਥ ਪਾਰਕ, ਕਵੈਂਟਰੀ STOKE HEATH PARK, (MORRIS PARK) HEATH CRESCENT, COVENTRY, CV2 4PS ਵਿੱਚ ਕਰਵਾਇਆ ਜਾ ਰਿਹਾ ਹੈ



ਸ਼ਹੀਦ ਸਰਦਾਰ ਊਧਮ ਸਿੰਘ

ਕਵੈਂਟਰੀ ਏਸ਼ੀਅਨ ਸਪੋਰਟਸ ਫ਼ੈਡਰੇਸ਼ਨ ਵੱਲੋਂ ਸਾਰੇ ਇੰਗਲੈਂਡ ਦੇ ਕਬੱਡੀ ਪ੍ਰੇਮੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰੀਏ ਤੇ ਕਬੱਡੀ ਦਾ ਅਨੰਦ ਮਾਣੀਏ। ਸਾਰੇ ਮੈਚ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਅਨੁਸਾਰ ਹੋਣਗੇ। ਗਰਾਂਊਂਡਾਂ ਵਿੱਚ ਸ਼ਰਾਬ ਲਿਆਉਣਾ ਮਨ੍ਹਾਂ ਹੈ। ਕਾਰਾਂ ਵਾਲਿਆਂ ਲਈ ਬੇਨਤੀ ਹੈ ਕਿ ਆਪਣੀਆਂ ਕਾਰਾਂ ਗਰਾਂਊਂਡ ਵਿੱਚ ਲਾਈਨਾਂ ਵਿੱਚ ਪਾਰਕ ਕਰਨ ਤਾਂ ਕਿ ਕੌਂਸਲ ਵਾਲੇ ਸਾਨੂੰ ਕਸੂਰਵਾਰ ਨਾ ਠਹਿਰਾ ਸਕਣ। ਸੜਕਾਂ 'ਤੇ ਪਾਰਕ ਦੁਆਲੇ ਜਾਂ ਦੂਜੇ ਪਾਸੇ ਕਾਰਾਂ ਨਾ ਪਾਰਕ ਕੀਤੀਆਂ ਜਾਣ। ਪੁਲਸ ਵਾਲੇ ਉਨ੍ਹਾਂ ਨੂੰ ਜੁਰਮਾਨਾ ਕਰ ਸਕਦੇ ਹਨ। ਆਪ ਸਾਰੇ ਸਾਡੀ ਬੇਨਤੀ ਪ੍ਰਵਾਨ ਕਰੋਗੇ, ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

**ਜ਼ਰੂਰੀ ਸੂਚਨਾ :–** ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੇ ਅਹੁਦੇਦਾਰ, ਕਲੱਬਾਂ ਦੇ ਅਹੁਦੇਦਾਰ ਅਤੇ ਖਿਡਾਰੀਆਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਗਰਾਊਂਡ ਵਿੱਚ ਪਹੁੰਚ ਕੇ ਸਵੇਰੇ 10 ਵਜੇ ਅਰਦਾਸ ਵਿੱਚ ਜ਼ਰੂਰ ਸ਼ਾਮਿਲ ਹੋਣ।

- ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਯੂ ਕੇ ਦੇ ਨਿਯਮਾਂ ਅਨੁਸਾਰ ਉਹਨਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।
- ਗਰਾਂਊਂਡ ਵਿੱਚ ਰੈਫਰੀ ਦਾ ਫੈਸਲਾ ਹੀ ਅਟੱਲ ਸਮਝਿਆ ਜਾਵੇਗਾ।

**ਕੁਝ ਧਿਆਨ ਯੋਗ ਗੱਲਾਂ :** 1) ਕਾਰ ਪਾਰਕ ਵਿੱਚ ਜਾਣ ਲਈ ਹਰ ਕਾਰ, ਵੈਨ ਦੀ ਤਲਾਸ਼ੀ ਲਈ ਜਾਵੇਗੀ, ਸ਼ਰਾਬ ਜ਼ਬਤ ਕਰ ਲਈ ਜਾਵੇਗੀ। 2) ਟਾਇਲਟਾਂ ਗਰਾਊਂਡ ਵਿੱਚ ਹੋਣਗੀਆਂ, ਆਸ ਕਰਾਂਗੇ ਕਿ ਤੁਸੀਂ ਪਿਸ਼ਾਬ ਜਾਣ ਲਈ ਉਨ੍ਹਾਂ ਦੀ ਹੀ ਵਰਤੋਂ ਕਰੋਗੇ। ਬਾਹਰ ਪਿਸ਼ਾਬ ਕਰਨ ਵਾਲੇ ਗਰਾਊਂਡ ਵਿੱਚ ਰਹਿਣ ਦਾ ਹੱਕ ਗਵਾ ਲੈਣਗੇ।
3) ਸਾਰੇ ਗੁਰੂ ਘਰਾਂ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਖਾਣ ਲਈ ਸਟਾਲ ਵੀ ਹੋਣਗੇ। ਕਬੱਡੀ ਫੈਡਰੇਸ਼ਨ ਨੂੰ ਬੇਨਤੀ ਹੈ ਕਿ ਅਸੀਂ ਲੋਕਲ ਕੌਂਸਲ ਅਤੇ ਪੁਲਿਸ ਨਾਲ ਟੂਰਨਾਮੈਂਟ ਸ਼ਾਮ 6.30 ਵਜੇ ਤੱਕ ਸਮਾਪਤ ਕਰਨ ਦਾ ਵਾਅਦਾ ਕੀਤਾ ਹੈ। ਇਸ ਲਈ ਮੈਚ ਸਮੇਂ ਸਿਰ ਸਵੇਰੇ 10:00 ਵਜੇ ਸ਼ੁਰੂ ਕਰਵਾ ਕੇ ਸਮਾਪਤੀ 6:30 ਵਜੇ ਕੀਤੀ ਜਾਵੇ।

**ਨੋਟ: ਕਾਰਾਂ ਸੜਕ ਉੱਤੇ ਪਾਰਕ ਨਾ ਕੀਤੀਆਂ ਜਾਣ, ਘਰਾਂ ਵਾਲੇ ਪੁਲਿਸ ਕੋਲ ਸ਼ਿਕਾਇਤ ਕਰ ਦਿੰਦੇ ਹਨ ਤੇ ਕਈਆਂ ਦੇ ਜੁਰਮਾਨਾ ਟਿਕਟਾਂ ਲੱਗ ਸਕਦੀਆਂ ਹਨ।**

## ਦਾਖਲਾ £15 / Entry Ticket £15

## ਕਵੈਂਟਰੀ ਏਸ਼ੀਅਨ ਸਪੋਰਟਸ ਫ਼ੈਡਰੇਸ਼ਨ

**POOL (A)**

- ERITHWOOLWICH SOUTHALL v BRADFORD — 3rd Match 12:30
- HAYES v SLOUGH/ICKENHAM — 1st Match 11:00
- BARKING/GRAVESEND v winner of 1st Match — 5th 14:00
- 7th Match 15:30

**POOL (B)**

- MEDWAY S.T. WOLVERHAMPTON v COVENTRY/BIRMINGHAM — 4th Match 13:15
- LEICESTER/DERBY v TELFORD — 2nd Match 11:45
- 6th Match 14:45

8th Under 21 Match 16:15

Final 9th Match 17:00

| | | | | |
|---|---|---|---|---|
| ਸਰਪ੍ਰਸਤ: ਸਤਨਾਮ ਸਿੰਘ ਗਿੱਲ 02477 057637 | ਚੇਅਰਮੈਨ: ਅਵਤਾਰ ਸਿੰਘ ਢਿੱਲੋਂ 07791 953362 | ਪ੍ਰਧਾਨ: ਗੁਰਦੀਪ ਸਿੰਘ ਸੋਮਲ 07584 649618 | ਖਜ਼ਾਨਚੀ: ਭਜਨ ਸਿੰਘ ਸਮਰਾ 07956 659967 | ਆਰਗੇਨਾਈਜ਼ਰ: ਦਿਲਬਾਗ ਸਿੰਘ ਗਿੱਲ 07539 933015 |
| | ਵਾਈਸ ਚੇਅਰਮੈਨ: ਸ਼ੀਰਾ ਸੰਧੂ 07966 287796 | ਮੀਤ ਪ੍ਰਧਾਨ: ਗੀਤਾ ਬਾਜਵਾ 07949 303909 | ਸੈਕਟਰੀ: ਰਾਕੇਸ਼ ਸੱਚਦੇਵ 07904 344490 | ਆਰਗੇਨਾਈਜ਼ਰ: ਅਮਰਜੀਤ ਸਿੰਘ ਖੰਘੂੜਾ 07950 777605 |

COMMITTEE MEMBERS:
Satnam Singh Gill
Bhajan Singh Samra
Gurdip Singh Somal
(Dipa Mouli) president & Manager England Kabaddi Team
Kuldip Mallah
Gita Bajwa
Manjit Singh Dhanda
Amarjit Singh Khangura

Sheera Sandhu
Binder Dhani Pind
Ravi Dhilon
Shinder Singh Pahal
Jass Mathada
Dilbag Gill
Ranjit Singh Randhawa
Ravinder Sandhu
Raja Singh
Jinder Mouli

Kuldip (Sheepa)
Rana Mouli
Makhan Shankeria
Baldev Sahota
Makhan Dusanjh
Kewal Pasla
Ajit Singh Bhindi
Sheera Somal
Davinder Somel
Pupu Mouli

Surjit Singh Mattu Kettering
John Singh Braich
Gian Singh Somel
Ajaib Singh Somal
Ajaib Singh Binang
Harpreet Aujla
Nachater Johl
Gurpal Singh Somel
Chatha Bros

Balwant Ladher
Avtar Singh Kandola
Kamaljit Chahal
Bhinda Khella
Gela Khanowal
Navpreet Sohal
Shera Bulla
Ajit Singh Khakh
Sukhwinder Hundal

## ALL COVENTRY GURDWARA SAHIBS SPONSORING AND LANGER


**ਕਬੱਡੀ ਬਾਰੇ ਵਧੇਰੇ ਜਾਣਕਾਰੀ ਲਈ :** ਸਤਨਾਮ ਸਿੰਘ ਗਿੱਲ: 07448 896101, ਭਜਨ ਸਿੰਘ ਸਮਰਾ: 07956 659967, ਦਿਲਬਾਗ ਗਿੱਲ: 07539 933015
ਅਵਤਾਰ ਸਿੰਘ ਢਿੱਲੋਂ: 07791 953362, ਗੁਰਦੀਪ ਸਿੰਘ ਮੌਲੀ: 07584 649618, ਗੀਤਾ ਬਾਜਵਾ: 07949 303909

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ - 25**

# ਮੈਂ ਤੰਦਰੁਸਤ ਕਿਵੇਂ ਹੋਇਆ ?



**ਅੰਦਰ ਜਾਂਦੇ ਸਾਹ ਤੇ ਬਾਹਰ ਨਿਕਲਦੇ ਸਾਹ ਦੇ ਦਰਮਿਆਨ ਇਕ ਵਕਫਾ ਹੁੰਦਾ ਹੈ, ਜਿਸ ਨੂੰ ਸਾਡੇ ਵਿਚੋਂ ਬਹੁਤ ਕਦੇ ਵੀ ਨੋਟ ਨਹੀਂ ਕਰਦੇ । ਜੇਕਰ ਇਸ ਉਤੇ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਅਸੀਂ ਆਪਣੀਆਂ ਬਹੁਤ ਸਾਰੀਆਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਕਰ ਸਕਦੇ ਹਾਂ । ਜੋ ਵਿਅਕਤੀ ਤੇਜ ਸਾਹ ਲੈਂਦੇ ਹਨ, ਉਹਨਾਂ ਦੇ ਸਾਹਾਂ ਵਿਚਕਾਰਲਾ ਵਕਫਾ ਬਹੁਤ ਛੋਟਾ ਹੁੰਦਾ ਹੈ ਜਦ ਕਿ ਲੰਮੇ ਤੇ ਡੂੰਘੇ ਸਾਹ ਲੈਣ ਵਾਲਿਆਂ ਵਿਚ ਇਹ ਵਕਫਾ ਕਾਫੀ ਵੱਡਾ ਹੁੰਦਾ ਹੈ । ਸਾਹਾਂ ਦੇ ਵਿਚਕਾਰ ਜਿੰਨਾ ਇਹ ਵਕਫਾ ਵਧਾਇਆ ਜਾਵੇਗਾ ਤੇ ਸਾਹ ਲੈਣ ਦੀ ਲੜੀ ਲੰਮੀ ਕੀਤੀ ਜਾਵੇਗੀ, ਓਨਾ ਹੀ ਸਾਡਾ ਜੀਵਨ ਨਿਰੋਗ ਤੇ ਤੰਦਰੁਸਤ ਰਹੇਗਾ**

ਚਲਦਾ ਸਾਹ ਸਾਡਾ ਜੀਵਨ ਹੈ । ਇਸ ਕਿਰਿਆ ਦਾ ਨਿਰੰਤਰ ਚਲਦੇ ਰਹਿਣਾ ਹਰ ਪ੍ਰਾਣੀ ਵਾਸਤੇ ਜਰੂਰੀ ਹੁੰਦਾ ਹੈ ਕਿਉਂਕਿ ਜੇਕਰ ਸਵਾਸਾਂ ਦੀ ਮਾਲਾ ਇਕ ਵਾਰ ਟੁੱਟ ਜਾਵੇ ਤਾਂ ਸਾਡਾ ਸਰੀਰ ਮਿੱਟੀ ਦੀ ਢੇਰੀ ਤੋਂ ਵੱਧ ਹੋਰ ਕੁੱਝ ਵੀ ਨਹੀ ਰਹਿ ਜਾਂਦਾ । ਸਾਹ ਕਿਰਿਆ ਦਾ ਮੂਲ ਸੰਬੰਧ ਬੇਸ਼ੱਕ ਨੱਕ ਨਾਲ ਹੈ, ਪਰ ਕਈ ਵਾਰ ਨਜਲਾ, ਫਲੂਅ ਜੁਕਾਮ ਜਾਂ ਨੱਕ ਦੀ ਕਿਸੇ ਹੋਰ ਬਿਮਾਰੀ ਕਾਰਨ ਸਾਹ ਕਿਰਿਆ ਆਰਜੀ ਤੌਰ 'ਤੇ ਮੂੰਹ ਰਾਹੀਂ ਵੀ ਜਾਰੀ ਰੱਖੀ ਜਾਂਦੀ ਹੈ । ਸਾਹ ਕਿਰਿਆ ਦਾ ਸਾਡੀ ਤੰਦਰੁਸਤੀ ਨਾਲ ਬੜਾ ਹੀ ਨੇੜਲਾ ਸਬੰਧ ਹੈ । ਜਿਸ ਸਾਹ ਕਿਰਿਆ ਬਾਰੇ ਅਸੀਂ ਆਮ ਜਾਣਦੇ ਹਾਂ, ਉਹ ਅਨਿਯਮਤ ਸਾਹ ਕਿਰਿਆ ਹੁੰਦੀ ਹੈ, ਜੋ ਪਲ ਪਲ ਬਦਲਦੀ ਰਹਿੰਦੀ ਹੈ । ਦਿਨ ਅਤੇ ਰਾਤ ਵੇਲੇ ਦੇ ਸਾਹ ਵਰਤਾਰੇ ਵਿਚ ਜਿੰਮੀਂ ਅਸਮਾਨ ਦਾ ਫਰਕ ਹੁੰਦਾ ਹੈ । ਦਿਨ ਵੇਲੇ ਸਾਡੇ ਸਾਹ ਲੈਣ ਦਾ ਵਰਤਾਰਾ ਬੜਾ ਤੇਜ ਅਤੇ ਅਸਹਿਜ ਹੁੰਦਾ ਹੈ, ਇਸ ਤੋਂ ਉਲਟ ਸੁੱਤਿਆਂ ਪਿਆਂ ਸਾਡੇ ਸਾਹ ਲੰਮੇ, ਵਧੇਰੇ ਨਿਯਮਤ ਅਤੇ ਕੁਦਰਤੀ ਹੋ ਜਾਂਦੇ ਹਨ । ਦਿਨ ਵੇਲੇ ਐਕਸਰਸਾਈਜ ਕਰਦੇ ਸਮੇਂ ਭੀੜ ਵਿਚੋਂ ਵਿਚਰਦੇ ਸਮੇ, ਤੇਜ ਤੁਰਨ ਜਾਂ ਦੌੜਨ ਸਮੇ, ਭਰ ਗਰਮੀ ਜਾਂ ਸਰਦੀ ਦੇ ਮੌਸਮ ਵਿਚ ਪੈਦਲ ਯਾਤਰਾ ਕਰਦੇ ਸਮੇ ਜੀਂ ਫਿਰ ਕਿਸੇ ਬਿਮਾਰੀ ਦੀ ਹਾਲਤ ਵਿਚ ਹੋਣ 'ਤੇ ਆਦਿ ਸਭ ਮੌਕਿਆਂ ਉੱਤੇ ਸਾਡੀ ਸਾਹ ਕਿਰਿਆ ਛੋਟੀ, ਓਪਰੀ ਤੇ ਅਸਹਿਜ ਹੁੰਦੀ ਹੈ ਜਿਸ ਕਾਰਨ ਮਾਨਸਿਕ ਥਕਾਵਟ ਬਹੁਤ ਜਿਆਦਾ ਹੁੰਦੀ ਹੈ, ਮਨ ਬੇਚੈਨ ਹੁੰਦਾ ਹੈ ਤੇ ਖੂਨ ਵਿਚ ਆਕਸੀਜਨ ਦੀ ਕਮੀ ਪੈਦਾ ਹੋਣ ਕਾਰਨ ਮਾਨਸਿਕ ਤਨਾਅ ਤੇ ਥਕਾਵਟ ਹੋਰ ਵਧ ਜਾਂਦੇ ਹਨ ।

ਵੱਡਿਆਂ ਨਾਲੋਂ ਛੋਟੀ ਉਮਰ ਦੇ ਬੱਚੇ ਵੱਖਰੇ ਢੰਗ ਨਾਲ ਸਾਹ ਲੈਂਦੇ ਹਨ । ਉਹਨਾਂ ਦਾ ਸਾਹ ਕੁਦਰਤੀ ਹੀ ਲੰਮਾ ਅਤੇ ਡੂੰਘਾ ਹੁੰਦਾ ਹੈ । ਏਹੀ ਕਾਰਨ ਹੈ ਕਿ ਉਹਨਾਂ ਵਿਚਲਾ ਐਨਰਜੀ ਲੀਵਲ ਬਹੁਤ ਹਾਈ ਹੁੰਦਾ ਹੈ ।

ਸਾਹ ਕਿਰਿਆ ਸਾਡੀ ਮਾਨਸਿਕਤਾ ਨਾਲ ਬੱਝੀ ਹੁੰਦੀ ਹੈ ਤੇ ਇਹ ਗੁੱਸੇ, ਡਰ, ਰੁਮਾਂਸ, ਘਬਰਾਹਟ ਅਤੇ ਹਾਸੇ ਵਾਲੇਂ ਭਾਵਾਂ ਨਾਲ ਬਦਲਦੀ ਰਹਿੰਦੀ ਹੈ । ਜੇਕਰ ਸਾਹ ਕਿਰਿਆ ਨੂੰ ਯਾਂਤਰਿਕਤਾ ਤੋਂ ਬਦਲ ਦਿੱਤਾ ਜਾਵੇ ਤਾਂ ਜੀਵਨ ਵਿਚ ਵੱਡੀ ਤਬਦੀਲੀ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਇਸ ਤਰਾਂ ਕਰਨ ਨਾਲ ਵਧੇਰੇ ਤੰਦਰੁਸਤੀ, ਚੁਸਤੀ ਅਤੇ ਫੁਰਤੀ ਦੀ ਭਰਪੂਰਤਾ ਆਪਣੇ ਆਪ ਵਿਚ ਬਹੁਤ ਹੀ ਚੰਗੀ ਤਰਾਂ ਮਹਿਸੂਸ ਕੀਤੀ ਦਾ ਸਕਦੀ ਹੈ। ਸਿਹਤਮੰਦ ਜੀਵਨ ਵਾਸਤੇ ਅੰਦਰ ਵਲ ਹਮੇਸ਼ਾ ਹੀ ਲੰਮੇ ਸਾਹ ਲੈਣੇ ਚਾਹੀਦੇ ਹਨ । ਸਾਡੇ ਇਸ ਤਰਾਂ ਕਰਨ ਨਾਲ ਖੂਨ ਵਿਚ ਆਕਸੀਜਨ ਦੀ ਮਾਤਰਾ ਵਧ ਜਾਵੇਗੀ, ਸਰੀਰ ਦਾ ਐਨਰਜੀ ਲੈਵਲ ਬਦਲ ਜਾਵੇਗਾ ਅਤੇ ਸਾਡਾ ਸਰੀਰ ਬਹੁਤ ਸਾਰੇ ਰੋਗਾਂ ਤੋ ਬਚਿਆ ਰਹੇਗਾ । ਜੇਕਰ ਲੰਮੇ ਸਾਹ ਸਵੇਰ ਵੇਲੇ ਤਾਜੀ ਹਵਾ ਵਿਚ ਲਏ ਜਾਣ ਤਾਂ ਇਸ ਤਰਾਂ ਕਰਨਾ ਬਹੁਤ ਹੀ ਗੁਣਕਾਰੀ ਹੁੰਦਾ ਹੈ। ਇਸ ਗੱਲ ਦਾ ਹਮੇਸ਼ਾ ਧਿਆਨ ਰੱਖਿਆ ਜਾਵੇ ਕਿ ਸਾਹ ਕਦੇ ਵੀ ਸੱਪ ਦੇ ਫੁੰਕਾਰੇ ਮਾਰਨ ਵਾਂਗ ਇਕ ਝਟਕੇ ਨਾਲ ਬਾਹਰ ਨਾ ਕੱਢਿਆ ਜਾਵੇ ਕਿਉਂਕਿ ਇਸ ਤਰਾਂ ਕਰਨ ਨਾਲ ਸਾਹਾਂ ਦੀ ਸਹਿਜ ਕਿਰਿਆ ਉੱਤੇ ਬਹੁਤ ਮਾੜਾ ਅਸਰ ਪੈਂਦਾ ਹੈ ।

ਅੰਦਰ ਜਾਂਦੇ ਸਾਹ ਤੇ ਬਾਹਰ ਨਿਕਲਦੇ ਸਾਹ ਦੇ ਦਰਮਿਆਨ ਇਕ ਵਕਫਾ ਹੁੰਦਾ ਹੈ, ਜਿਸ ਨੂੰ ਸਾਡੇ ਵਿਚੋਂ ਬਹੁਤੇ ਕਦੇ ਵੀ ਨੋਟ ਨਹੀਂ ਕਰਦੇ । ਜੇਕਰ ਇਸ ਉਤੇ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਅਸੀਂ ਆਪਣੀਆਂ ਬਹੁਤ ਸਾਰੀਆਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਹੱਲ ਕਰ ਸਕਦੇ ਹਾਂ । ਜੋ ਵਿਅਕਤੀ ਤੇਜ ਸਾਹ ਲੈਂਦੇ ਹਨ, ਉਹਨਾਂ ਦੇ ਸਾਹਾਂ ਵਿਚਕਾਰਲਾ ਵਕਫਾ ਬਹੁਤ ਛੋਟਾ ਹੁੰਦਾ ਹੈ ਜਦ ਕਿ ਲੰਮੇ ਤੇ ਡੂੰਘੇ ਸਾਹ ਲੈਣ ਵਾਲਿਆਂ ਵਿਚ ਇਹ ਵਕਫਾ ਕਾਫੀ ਵੱਡਾ ਹੁੰਦਾ ਹੈ । ਸਾਹਾਂ ਦੇ ਵਿਚਕਾਰ ਜਿੰਨਾ ਇਹ ਵਕਫਾ ਵਧਾਇਆ ਜਾਵੇਗਾ ਤੇ ਸਾਹ ਲੈਣ ਦੀ ਲੜੀ ਲੰਮੀ ਕੀਤੀ ਜਾਵੇਗੀ, ਓਨਾ ਹੀ ਸਾਡਾ ਜੀਵਨ ਨਿਰੋਗ ਤੇ ਤੰਦਰੁਸਤ ਰਹੇਗਾ । ਜੋ ਵਿਅਕਤੀ ਆਪਣੇ ਸਾਹਾਂ ਵਿਚਕਾਰਲੇ ਵਕਫੇ ਨੂੰ ਦੋ ਤੋਂ ਤਿੰਨ ਮਿੰਟ ਤੱਕ ਲੰਮਾ ਕਰ ਲੈਂਦੇ ਹਨ, ਉਹ ਲੰਮਾ ਸਮਾ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ , ਦਰਅਸਲ "ਸਾਧੂ" ਲਫਜ ਇਸੇ ਨੁਕਤੇ ਤੋਂ ਬਣਿਆ ਹੈ ਜਿਸ ਦਾ ਭਾਵ ਹੈ ਕਿ ਉਹ ਲੋਕ ਜੋ ਸਾਹ ਧੂ ਕੇ ਰੱਖਦੇ ਹਨ । ਆਉਂਦੇ ਜਾਂਦੇ ਸਾਹਾਂ ਦਾ ਵਕਫਾ ਲੰਮਾ ਕਰਕੇ ਲੰਮੇ ਅਤੇ ਗਹਿਰੇ ਸਾਹ ਲੈਣ ਦਾ ਅਭਿਆਸ ਕਰਨਾ ਸੌ ਬਿਮਾਰੀਆ ਦਾ ਇਕ ਦਾਰੂ ਹੈ । ਇਸ ਤਰਾਂ ਕਰਨ ਨਾਲ ਸਰੀਰ ਵਿਚ ਅਮਿਊਨਟੀ ਤੇ ਐਨਰਜੀ ਵੀ ਬਣੀ ਰਹੇਗੀ ਤੇ ਖੂਨ ਸੰਚਾਰ ਦੀ ਪ੍ਰਕਿਰਿਆ ਰਾਹੀਂ ਸਰੀਰ ਨੂੰ ਆਕਸੀਜਨ ਵੀ ਵੱਧ ਮਿਲੇਗੀ ਜਿਸ ਨਾਲ ਸਾਡਾ ਸਰੀਰ ਥਕਾਵਟ ਰਹਿਤ ਚੁਸਤ ਅਤੇ ਫੁਰਤੀਲਾ ਬਣਿਆ ਰਹੇਗਾ । ਗਰਮੀ ਸਰਦੀ ਨਾਲ ਨਜਲਾ ਜੁਕਾਮ ਵੀ ਘੱਟ ਹੋਵੇਗਾ ਤੇ ਜੇਕਰ ਹੋਵੇਗਾ ਵੀ ਤਾਂ ਛਾਤੀ ਵਗੈਰਾ ਨਹੀਂ ਫੜੇਗਾ । ਸਾਹ ਕਿਰਿਆ ਦਾ ਇਹ ਨੁਸਖਾ ਮੈਂ ਤਾਂ ਅਜਮਾਇਆ ਤੇ ਅਪਣਾਇਆ ਹੋਇਆ ਹੈ, ਲਗਾਤਾਰ ਜਾਰੀ ਹੈ, ਬੜਾ ਕੰਮ ਕਰ ਰਿਹਾ ਹੈ, ਤੁਸੀਂ ਵੀ ਅਜਮਾਓ ਤੇ ਆਪਣੀ ਤੰਦਰੁਸਤੀ ਨੂੰ ਚਾਰ ਚੰਨ ਲਗਾਓ ।

- ਚਲਦਾ

# ਭਾਨਾ ਭਗੌੜਾ ਅਤੇ ਜਸਪ੍ਰੀਤ ਭੁਟੋ ਕੈਨੇਡਾ ਪੁੱਜੇ ਸਰੀ, ਕੈਲੀਗਿਰੀ ਅਤੇ ਹੋਰਨਾਂ ਪ੍ਰਮੁੱਖ ਸ਼ਹਿਰਾਂ 'ਚ ਪੰਜਾਬੀਆਂ ਨੂੰ ਵੰਡਣਗੇ 'ਹਾਸਿਆਂ ਦੀਆਂ ਖੁਰਾਕਾਂ'



ਵੈਨਕੂਵਰ-(ਮਲਕੀਤ ਸਿੰਘ)- ਉੱਘੇ ਹਾਸਰਾਸ ਕਲਾਕਾਰ ਅਤੇ ਪੰਜਾਬੀ ਫਿਲਮ ਜਗਤ 'ਚ ਕਮੇਡੀਅਨ ਕਲਾਕਾਰ ਵੱਜੋਂ ਆਪਣੀ ਨਿਵੇਕਲੀ ਪਛਾਣ ਸਥਾਪਿਤ ਕਰ ਚੁੱਕੇ ਭਾਨਾ ਭਗੌੜਾ ਆਪਣੀ ਜੀਵਨ ਸਾਥਣ ਕਲਾਕਾਰ ਜਸਪ੍ਰੀਤ ਭੁਟੋ ਨਾਲ ਕੈਨੇਡਾ ਦੌਰੇ ਦੌਰਾਨ ਟੋਰਾਂਟੋ ਪਹੁੰਚ ਚੁੱਕੇ ਹਨ।ਇਸ ਪੱਤਰਕਾਰ ਨਾਲ ਫੋਨ 'ਤੇ ਉਕਤ ਜਾਣਕਾਰੀ ਸਾਂਝੀ ਕਰਦਿਆਂ ਭਾਨਾ ਭਗੌੜਾ ਨੇ ਦੱਸਿਆ ਉਹ ਅਤੇ ਉਨ੍ਹਾਂ ਦੀ ਪਤਨੀ ਕਲਾਕਾਰ ਜਸਪ੍ਰੀਤ ਭੂਟੋ ਕੈਨੇਡਾ 'ਚ ਵੱਸਦੇ ਪੰਜਾਬੀ ਭਾਈਚਾਰੇ ਦੇ ਮੋਹ ਭਿੱਜੇ ਸੱਦੇ 'ਤੇ ਇਥੇ ਪੁੱਜੇ ਹਨ ਅਤੇ ਆਪਣੇ ਇਸ ਡੇਢ ਮਹੀਨੇ ਦੇ ਕੈਨੇਡਾ ਦੌਰੇ ਦੌਰਾਨ ਉਹ ਕੈਲਗਰੀ,ਸਰੀ ਸਮੇਤ ਹੋਰਨਾਂ ਸ਼ਹਿਰਾਂ 'ਚ ਆਪਣੇ ਕਾਮੇਡੀਅਨ ਪ੍ਰੋਗਰਾਮ ਪੇਸ਼ ਕਰਕੇ ਪੰਜਾਬੀਆਂ ਨੂੰ 'ਹਾਸਿਆਂ ਦੀਆਂ ਖੁਰਾਕਾਂ' ਵੰਡਣਗੇ ।


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਤੇ ਰਸੋਈਏ ਦੀ ਤੁਰੰਤ ਲੋੜ ਹੈ

**ਮੁੱਖ ਕੰਮ :- ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ (ਜੋੜੀ) ਵਜਾਉਣ ਵਾਲੇ ਅਤੇ ਰਸੋਈ ਵਿੱਚ ਕੰਮ ਕਰਨ ਵਾਲੇ ਦੋ ਗੁਰਸਿੱਖ ਸੇਵਾਦਾਰਾਂ ਦੀ ਲੋੜ ਹੈ। ਜੋ ਤਬਲਾ ਵਜਾਉਣ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਰਹਿਰਾਸ ਸਾਹਿਬ, ਸੁਖਆਸਣ ਸਾਹਿਬ ਦੀ ਸੇਵਾ ਵਿੱਚ ਦੂਜੇ ਸੇਵਾਦਾਰਾਂ ਦੀ ਮਦਦ ਕਰ ਸਕਦੇ ਹੋਣ । ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ । ਪਹਿਲਾਂ ਤੋਂ ਯੂ ਕੇ ਆਏ ਹੋਏ ਸੇਵਾਦਾਰ ਵੀ ਸੰਪਰਕ ਕਰ ਸਕਦੇ ਹਨ । ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।**
**ਸ਼ਰਤਾਂ:- ਤਬਲਾ (ਜੋੜੀ) ਵਜਾਉਣ ਵਾਲੇ ਤਬਲੇ ਦਾ ਮਾਹਿਰ ਹੋਣਾ ਜ਼ਰੂਰੀ ਹੈ, ਬੱਚਿਆਂ ਨੂੰ ਤਬਲਾ ਸਿਖਾਉਣ ਦਾ ਸੋਹਣਾ ਤਜ਼ਰਬਾ ਹੋਵੇ। ਸੇਵਾਦਾਰਾਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ।**
**ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ 10 ਅਗਸਤ 2024 ਤੋਂ ਪਹਿਲਾਂ ਅਰਜ਼ੀਆਂ ਭੇਜਣ**

## Vacancies for Tabla Player & Chef

**Duties:** Tabla playing, besides Parkash Sri Guru Granth Sahib, Kirtan, Nitnem, Sukhmani Sahib Paath, Sehaj Paath, Rehras Sahib, Sukhasan Sahib and explanation of religious matters to adults & Children. Chef will perform kitchen duties and help to Granthi Singhs.
**Duration & Remuneration:** Attractive Salary will be according to UK employment Law. Boarding and Lodging will be provided.
**Requirements:** Vast Knowledge of Gurmat and Tabla. Must Write, read and speak Punjabi. Must have sufficient experience in Tabla teaching. Clean character certificate required from previous employer. Both Sevadaars must be Amritdhari and have previous experience.

**Please apply or contact management committee.**
**Closing date: 10th August 2024**

**Sri Guru Singh Sabha Gurdwara**
**1 Princes Street, Normanton, Derby, DE23 8NT, U.K.**
**Please Contact: Ajit Singh 07533 362911 or Amrik Singh 07957 457390**

# ਸਲੋਹ ਕਬੱਡੀ ਟੂਰਨਾਮੈਂਟ ਦਾ ਕੱਪ ਟੈਲਫੋਰਡ ਨੇ ਜਿੱਤਿਆ ਈਰਥ ਵੂਲਿਚ ਸਾਊਥਾਲ ਰਨਰ ਅੱਪ ਰਹੀ

# ਮੀਂਹ ਵਿੱਚ ਵੀ ਕਬੱਡੀ ਖਿਡਾਰੀਆਂ ਅਤੇ ਦਰਸ਼ਕਾਂ ਦਾ ਉਤਸ਼ਾਹ ਮੱਠਾ ਨਾ ਕਰ ਸਕਿਆ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk

## *ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਦਾ ਗੋਲਡ ਮੈਡਲਾਂ ਨਾਲ ਸਨਮਾਨ

## * ਸਨੀ ਕਾਲੇ ਸੰਘਾ ਸਰਬੋਤਮ ਜਾਫੀ ਅਤੇ ਕੁਲਵਿੰਦਰ ਸਰਬੋਤਮ ਧਾਵੀ ਬਣਿਆਂ

## * ਐਮ ਪੀ ਤਨਮਨਜੀਤ ਸਿੰਘ ਢੇਸੀ, ਸਤਿੰਦਰ ਸਿੰਘ ਗੋਲਡੀ, ਅੰਗਰੇਜ਼ ਅਲੀ ਅਤੇ ਚਿਸ਼ਤੀ ਦਾ ਵਿਸ਼ੇਸ਼ ਸਨਮਾਨ



ਸਲੋਹ ਵਿੱਚ ਪੰਜਾਬੀਆਂ ਦੀ ਸੰਘਣੀ ਵਸੋਂ ਹੈ। ਇਹ ਸ਼ਹਿਰ ਹਮੇਸ਼ਾਂ ਹੀ ਪੰਜਾਬੀਆਂ ਵਿੱਚ ਚਰਚਾ ਦਾ ਵਿਸ਼ਾ ਰਿਹਾ ਹੈ। ਲੇਕਨ ਬੀਤੇ ਕੁਝ ਵਰ੍ਹਿਆਂ ਤੋਂ ਇਹ ਸ਼ਹਿਰ ਵਿਸ਼ਵ ਭਰ ਦੇ ਸਿੱਖਾਂ ਵਿੱਚ ਖਿਚ ਦਾ ਕੇਂਦਰ ਬਣਿਆ ਹੋਇਆ। ਕਿਉਂਕਿ ਇਸ ਸ਼ਹਿਰ ਦੇ ਲੋਕਾਂ ਨੇ ਬਰਤਾਨੀਆਂ ਦੇ ਇਤਿਹਾਸ ਵਿੱਚ ਸਿੱਖਾਂ ਦਾ ਮਾਣ ਵਧਾਇਆ ਅਤੇ ਬਰਤਾਨੀਆਂ ਨੂੰ ਪਹਿਲਾ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੇ ਰੂਪ ਵਿੱਚ ਦਿੱਤਾ। ਇਹਨਾਂ 2024 ਦੀਆਂ ਚੋਣਾਂ ਵਿੱਚ ਸਲੋਹ ਦੇ ਲੋਕਾਂ ਨੇ ਢੇਸੀ ਨੂੰ ਮੁੜ ਸੰਸਦ ਦੀਆਂ ਪੌੜੀਆਂ ਚੜ੍ਹਾ ਕੇ, ਪਿਛਲੀਆਂ ਦੋ ਟਰਮਾਂ ਵਿੱਚ ਉਸ ਵੱਲੋਂ ਕੀਤੇ ਕੰਮਾਂ ਤੇ ਮੋਹਰ ਲਗਾਈ ਹੈ।

ਕਬੱਡੀ ਦੀ ਗੱਲ ਕਰੀਏ ਤਾਂ ਸਲੋਹ ਕਬੱਡ ਦੇ ਚੇਅਰਮੈਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਆਪਣੇ ਸਮੇਂ ਦੇ ਮਸ਼ਹੂਰ ਕਬੱਡੀ ਖਿਡਾਰੀ ਸ਼ੀਰਾ ਸੰਮੀਪੁਰ ਹੁਣ ਇੰਗਲੈਂਡ ਦੀ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਅਹਿਮ ਯੋਗਦਾਨ ਪਾ ਰਹੇ ਹਨ। ਸਲੋਹ ਕਲੱਬ ਵੱਲੋਂ ਸ਼ੀਰਾ ਸੰਮੀਪੁਰ, ਸਤਿੰਦਰ ਗੋਲਡੀ, ਐਮ ਪੀ ਤਨਮਨਜੀਤ ਸਿੰਘ ਢੇਸੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉੱਘੇ ਗਾਇਕ ਅੰਗਰੇਜ਼ ਅਲੀ ਅਤੇ ਸ਼ਫੀਕ ਚਿਸ਼ਤੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

**ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਦੀਆਂ ਕਬੱਡੀ ਲਈ ਕੀਤੀਆਂ ਅਥਾਹ ਸੇਵਾਵਾਂ ਨੂੰ ਵੇਖਦਿਆਂ ਅਤੇ ਇੰਗਲੈਂਡ ਵਿੱਚ ਕਬੱਡੀ ਨੂੰ ਮੁੜ ਉਚਾਈਆਂ ਤੱਕ ਲਿਜਾਣ ਲਈ ਕੀਤੇ ਕੰਮਾਂ ਲਈ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਦਾ ਸਤਨਾਮ ਸਿੰਘ ਸੱਤਾ ਮੁਠੱਡਾ ਦੀ ਅਗਵਾਈ ਵਿੱਚ ਗ੍ਰੇਵਜ਼ੈਂਡ ਕਬੱਡੀ ਕਲੱਬ ਵੱਲੋਂ ਸੋਨੇ ਦੇ ਤਗਮੇਂ ਨਾਲ ਸਨਮਾਨਿਤ ਕੀਤਾ ਗਿਆ ਇਸ ਮੌਕੇ ਸਾਥੀ ਰਸ਼ਪਾਲ ਸਿੰਘ ਪਾਲਾ, ਕੁਲਵਿੰਦਰ ਸਿੰਘ ਸਹੋਤਾ, ਭਿੰਦਾ ਮੁਠੱਡਾ, ਸਵਰਨਾ ਮੁੱਖ ਤੌਰ ਤੇ ਹਾਜ਼ਰ ਸਨ।**

**ਇਸ ਮੌਕੇ ਬੋਲਦਿਆਂ ਸਤਨਾਮ ਸਿੰਘ ਸੱਤਾ ਮੁਠੱਡਾ ਨੇ ਕਿਹਾ ਰਸ਼ਪਾਲ ਸਿੰਘ ਸ਼ੀਰਾ ਵੱਲੋਂ ਲੰਮੇਂ ਸਮੇਂ ਤੋਂ ਕਬੱਡੀ ਖੇਡਦਿਆਂ ਅਤੇ ਹੁਣ ਬਤੌਰ ਪ੍ਰਬੰਧਕ ਕਬੱਡੀ ਲਈ ਬਹੁਤ ਕੰਮ ਕੀਤੇ ਹਨ, ਕਬੱਡੀ ਵਿੱਚ ਸੁਧਾਰ ਲਈ ਉਹ ਦਿਨ ਰਾਤ ਮੇਹਨਤ ਕਰਦੇ ਹਨ, ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾਣ ਵਾਲੇ ਕੱਪ ਲਈ ਉਹਨਾਂ ਦੀਆਂ ਬੇਅੰਤ ਸੇਵਾਵਾਂ ਹਨ।**

**ਦੂਜੇ ਪਾਸੇ ਸ: ਸੁਰਿੰਦਰ ਸਿੰਘ ਮਾਣਕ ਨੇ ਇੰਗਲੈਂਡ ਦੀ ਕਬੱਡੀ ਨੂੰ ਮੁੜ ਬੁਲੰਦੀਆਂ ਤੱਕ** ਲਿਜਾਣ ਲਈ ਬੇਅੰਤ ਸੇਵਾਵਾਂ ਦਿੱਤੀਆਂ ਹਨ। ਇਸ ਵਾਰ ਕਬੱਡੀ ਮੁੜ ਵਿਸ਼ਵ ਦੀ ਨੰਬਰ ਵੰਨ ਬਣੀ ਹੈ, ਜਿਸ ਲਈ ਸ: ਮਾਣਕ ਨੇ ਬਹੁਤ ਕੰਮ ਕੀਤਾ। ਜਿਸ ਲਈ ਅਸੀਂ ਇਹਨਾਂ ਦੋਵਾਂ ਸਖਸ਼ੀਅਤਾਂ ਦੇ ਕਬੱਡੀ ਪ੍ਰਤੀ ਪਿਆਰ, ਸਮਰਪਣ ਦੀ ਭਾਵਨਾਂ ਨੂੰ ਮੁੱਖ ਰੱਖਦਿਆਂ ਸੋਨੇ ਤੇ ਤਗਮਿਆਂ ਨਾਲ ਸਨਮਾਨ ਕਰ ਰਹੇ ਹਾਂ।











ਸ: ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਅਤੇ ਸੁਰਿੰਦਰ ਸਿੰਘ ਮਾਣਕ ਦਾ ਸਨਮਾਨ ਕਰਦੇ ਹੋਏ ਸੱਤਾ ਮੁਠੱਡਾ, ਪਾਲਾ ਸਹੋਤਾ ਅਤੇ ਸਾਥੀ, ਸਲੋਹ ਕੱਪ ਦੇ ਸਰਬੋਤਮ ਜਾਫੀ ਸਨੀ ਕਾਲੇ ਸੰਘਾ ਅਤੇ ਧਾਵੀ ਕੁਲਵਿੰਦਰ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ *ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ*

ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਦਾ ਇੱਕ ਹੋਰ ਗੋਲਡ ਮੈਡਲ ਨਾਲ ਚੁੰਨੀ ਪੱਤੜ, ਬੂਟਾ ਸਿੰਘ ਅਟਵਾਲ, ਪ੍ਰੀਤਮ ਸਿੰਘ ਨਾਗਰਾ ਨਿਊਜ਼ੀਲੈਂਡ, ਗੁਰਜਿੰਦਰ ਸਿੰਘ ਰੰਧਾਵਾ, ਮੋਹਨ ਸਿੰਘ ਦੋਲਾ, ਅਵਤਾਰ ਸਿੰਘ ਕੈਨੇਡਾ, ਮਨੀ ਪੱਤੜ ਯੂ ਐਸ ਏ ਅਤੇ ਜੱਗੀ ਪੱਤੜ ਕੈਨੇਡਾ ਵੱਲੋਂ ਸਾਂਝੇ ਤੌਰ ਤੇ ਸਨਮਾਨਿਤ ਕੀਤਾ ਗਿਆ।

ਇਸ ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਲਈ ਸਰਪ੍ਰਸਤ ਸਤਿੰਦਰ ਸਿੰਘ ਗੋਲਡੀ, ਪ੍ਰਧਾਨ ਕੁਲਵੰਤ ਸਿੰਘ ਚੱਠਾ, ਪ੍ਰਮਿੰਦਰ ਸਿੰਘ ਗਿੱਲ ਅਤੇ ਸਾਥੀਆਂ ਦੀ ਅਣਥੱਕ ਮੇਹਨਤ ਸਦਕਾ ਸਲੋਹ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰਦੁਆਰਾ ਰਾਮਗੜ੍ਹੀਆ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਸਮੂਹ ਸਲੋਹ ਵਾਸੀਆਂ ਦੇ ਸਹਿਯੋਗ ਸਦਕਾ ਕਰਵਾਏ ਗਏ ਇਸ ਟੂਰਨਾਮੈਂਟ ਵਿੱਚ ਵਾਰ ਵਾਰ ਮੀਂਹ ਨੇ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਗੁਰੂ ਸਾਹਿਬ ਅੱਗੇ ਕੀਤੀ ਅਰਦਾਸ ਅਤੇ ਦ੍ਰਿੜ ਵਿਸ਼ਵਾਸ਼ ਸਦਕਾ ਆਖਿਰ ਟੂਰਨਾਮੈਂਟ ਨੇਪਰੇ ਚੜ੍ਹ ਗਿਆ। ਜਿਸ ਦਾ ਹਾਜ਼ਰਾਂ ਦਰਸ਼ਕਾਂ ਨੇ ਅਨੰਦ ਮਾਣਿਆਂ।

ਪਹਿਲਾ ਮੈਚ ਮਿਡਵੇ ਸਿੱਖ ਟੈਂਪਲ ਵੁਲਵਰਹੈਂਪਟਨ ਅਤੇ ਕਵੈਂਟਰੀ ਬ੍ਰਮਿੰਘਮ ਵਿਚਾਰ ਹੋਇਆ ਦੋਵੇਂ ਪਾਸੇ ਤਿਲਕਬਾਜ਼ੀ ਕਾਰਨ ਜਾਫੀਆਂ ਨੂੰ ਕਾਫੀ ਮੁਸ਼ਕਿਲ ਹੋ ਰਹੀ ਸੀ। ਇਸ ਕਰਕੇ ਸਿਰਫ ਸੱਪਾਂ ਵਾਲਾ ਘੋੜੇ ਨੂੰ ਅਤੇ ਸੋਹਣ ਸੁੱਖੇ ਬਾਜਵੇ ਨੂੰ ਇੱਕ ਇੱਕ ਜੱਫਾ ਹੀ ਲਾ ਸਕੇ ਜਦ ਕਿ ਦੂਜੇ ਪਾਸੇ ਲੱਭੂ ਨੇ ਜਸ਼ਨ ਅਤੇ ਮਾਹਲੇ ਨੂੰ ਦੋ ਜੱਫੇ ਪਾਸੇ। ਲੇਕਨ ਪਹਿਲੀ ਰੇਡ ਤੇ ਘੋੜੇ ਵੱਲੋਂ ਲਏ ਗਏ ਡੇਢ ਨੰਬਰ ਕਾਰਨ ਕਵੈਂਟਰੀ ਬ੍ਰਮਿੰਘਮ ਨੇ 30.5/30 ਅੰਕਾਂ ਨਾਲ ਜਿੱਤ ਦਰਜ਼ ਕੀਤੀ। ਇਸ ਮੈਚ ਵਿੱਚ ਕਲੀਮ ਓਲਾ ਜੱਟ ਨੇ 15 ਵਾਰ ਅਤੇ ਦੁੱਲੇ ਨੇ 9 ਕੌਡੀਆਂ ਬੇਰੋਕ ਪਾਈਆਂ। ਸ਼ੀਰਾ ਔਲਖ, ਸਾਬੀ, ਜੋਗਿੰਦਰ ਦੁਸਾਂਝ, ਸੋਨਾ ਹੋਠੀਆਂ, ਅਮ੍ਰਿਤ ਬਰਮੀ ਅਗਲੇ ਟੂਰਨਾਮੈਂਟ ਤੇ ਵੇਖਾਂਗੇ ਕਹਿ ਕੇ ਮੁਕਾਬਲੇ 'ਚੋਂ ਬਾਹਰ ਹੋ ਗਏ।

ਦੂਜੇ ਮੈਚ ਵਿੱਚ ਸਲੋਹ ਇਕਨਹਮ ਅਤੇ ਬਾਰਕਿੰਗ ਗ੍ਰੇਵਜ਼ੈਂਡ ਵਿਚਕਾਰ ਮੁਕਾਬਲਾ ਵੀ ਬਰਾਬਰ ਦਾ ਰਿਹਾ। ਘਰ ਦਾ ਟੂਰਨਾਮੈਂਟ ਹੋਣ ਕਰਕੇ ਸਤਿੰਦਰ ਗੋਲਡੀ, ਸ਼ੀਰਾ ਸੰਮੀਪੁਰ, ਕੁਲਵੰਤ ਚੱਠਾ, ਰਮਨ ਭੈਣੀ, ਤੋਚੀ ਗਿੱਲ, ਤਾਰੀ, ਮੰਤਾ, ਅਮਰਜੀਤ ਲੱਡੂ, ਦੇ ਨਾਲ ਹਰਜੀਤ ਦਿਲੋਂ ਬਕਾਇਦਾ ਜ਼ੋਰ ਲਗਾ ਰਹੇ ਸੀ ਕਿ ਅੱਜ ਤਾਂ ਜ਼ੋਰ ਲੱਗਣਾ ਚਾਹੀਦਾ ਹੈ। ਪਰ ਖਿਡਾਰੀ ਅੱਧੇ ਸਮੇਂ ਤੋਂ ਬਾਅਦ ਸ਼ਾਇਦ ਤਿਲਕਣਬਾਜ਼ੀ ਜ਼ਿਆਦਾ ਹੀ ਮੰਨ ਗਏ।

*ਬਾਕੀ ਹਿਸਾ ਸਫਾ 44 'ਤੇ ਪੜੋ*

## ਲੈਸਟਰ ਕਬੱਡੀ ਟੂਰਨਾਮੈਂਟ

### 43 ਸਫੇ ਦੀ ਬਾਕੀ

ਫਰਿਆਦ ਨੇ 3 ਜੱਫੇ ਲਾ ਕੇ ਦੱਸਿਆ ਕਿ ਦੇਸੀ ਘਿਓ ਦਾ ਅਸਰ ਅਜੇ ਗਿਆ ਨਹੀਂ, ਅੰਮ੍ਰਿਤ ਵੀ 3 ਜੱਫੇ ਲਾ ਗਿਆ, ਪਰ ਭੇਲੂ ਅਤੇ ਸਫੀ ਰਸ਼ੀਦ ਇੱਕ ਇੱਕ ਨਾਲ ਹੀ ਥੱਕ ਗਏ।

ਬਾਰਕਿੰਗ ਗ੍ਰੇਵਜ਼ੈਂਡ ਵੱਲੋਂ ਸੱਤਾ ਮੁਠੱਡਾ, ਪਾਲਾ ਸਹੋਤਾ, ਕੁਲਵਿੰਦਰ ਸਹੋਤਾ, ਪਿੰਦਰ ਦਾ ਖਿਡਾਰੀਆਂ ਨਾਲੋਂ ਵੀ ਜ਼ਿਆਦਾ ਜ਼ੋਰ ਲੱਗਿਆ ਹੋਇਆ ਸੀ। ਰੁਪਿੰਦਰ ਦੋਦੇਵਾਲ ਕਮਾਲਾਂ ਕਰ ਰਿਹਾ ਸੀ ਮਲਕ ਵੀ ਉਡੂ ਉਡੂ ਕਰਦਾ ਰਿਹਾ ਦੋਵਾਂ ਨੇ 12/12 ਕੌਡੀਆਂ ਪਾ ਕੇ 9/9 ਅੰਕ ਪ੍ਰਾਪਤ ਕੀਤੇ। ਸੁੱਖੀ ਗਾਖ਼ਲ ਨੇ ਯੋਧਾ ਬੜੀ ਤਕਨੀਕ ਨਾਲ ਬਾਹਰ ਕੱਢਿਆ ਅਤੇ ਫੌਜੀ ਰਾਣਾ ਅਤੇ ਯੋਧਾ ਨੂੰ ਰੋਕ ਗਿਆ ਅਤੇ ਕੁਲ 4 ਜੱਫੇ ਆਪਣੇ ਨਾਮ ਕਰ ਗਿਆ। ਜਿੱਤ ਤਾਂ ਬਾਰਕਿੰਗ ਗ੍ਰੇਵਜ਼ੈਂਡ ਨੇ 31.5 ਅੰਕ ਲੈ ਕੇ ਅਤੇ ਸਲੋਹ ਇਕਨਹਮ ਨੂੰ 29 ਅੰਕਾਂ ਨਾਲ ਰੋਕ ਕੇ ਹਾਸਲ ਕੀਤੀ।

ਟੈਲਫੋਰਡ ਅਤੇ ਹੇਜ਼ ਵਿਚਕਾਰ ਮੈਚ ਭਾਵੇਂ ਵੇਖਣਯੋਗ ਸੀ ਪਰ ਦੋਵਾਂ ਟੀਮਾਂ ਦੀ ਖਾਸੀਅਤ ਇਹ ਹੈ ਕਿ ਇਹ ਟੀਮਾਂ ਇੱਕ ਇੱਕ ਸ਼ਹਿਰ ਦੀਆਂ ਹੀ ਹਨ, ਜਦ ਕਿ ਬਾਕੀ ਟੀਮਾਂ ਦੋ ਦੋ ਕਲੱਬਾਂ ਦੀਆਂ ਸਾਂਝੀਆਂ ਹਨ। ਰਮਨ ਮੱਲੀਆਂ ਵੀ ਅੱਜ ਸੱਟ ਤੋਂ ਬਾਅਦ ਠੀਕ ਹੋ ਕੇ ਮੈਦਾਨ ਵਿੱਚ ਸੀ, ਬੂਰੀਆ ਦੇ ਨਾਲ ਕੁਲਵਿੰਦਰ ਪੱਟਾਂ ਦੇ ਥਾਪੀਆਂ ਮਾਰ ਮਾਰ ਨੰਬਰ ਲੈ ਰਿਹਾ ਸੀ, ਜਾਫੀਆਂ ਵਿੱਚੋਂ ਸ਼ੈਲੀ ਕਾਸ਼ੀਪੁਰ ਨੇ ਨੇ, ਰਵੀ ਨੇ ਦੋ ਅਤੇ ਲੱਖੇ ਨੇ ਕੁਲਜੀਤ ਨੂੰ ਇੱਕ ਜੱਫਾ ਲਾਇਆ, ਪਰ ਸਨੀ ਇਸ ਸੀਜ਼ਨ ਵਿੱਚ ਧੂੜਾਂ ਪੱਟੀ ਜਾਂਦਾ ਅੁਸ ਨੇ ਕੁੱਲ 5 ਜੱਫੇ ਕੱਢ ਕੇ ਬਲਵਿੰਦਰ ਚੱਠੇ ਨੂੰ ਕਹਿ ਤਾ ਕਿ ਇਹ ਕੱਪ ਗੁਰਜੀਤ ਨੂੰ ਫੜ੍ਹਾ ਦਿਓ। ਸੁਖਵੀਰ ਗੁਰੂ ਸਰੀਆ ਨੇ 9 ਕੌਡੀਆਂ ਪਾ ਕੇ 8 ਅੰਕ ਪ੍ਰਾਪਤ ਕੀਤੇ, ਜਦ ਕਿ ਹਰਮਨ ਘੋਲੀਏ ਨੇ 3 ਜੱਫੇ ਲਾਏ, ਅਮਨ ਲੁਹਾਰਾ ਨੇ 4, ਸੱਤੀ ਨੇ ਦੋ ਅਤੇ ਰਾਜੂ ਨੇ ਰਮਨ ਨੂੰ ਇੱਕ ਜੱਫਾ ਲਾ ਕੇ ਬਲਜਿੰਦਰ ਭਿੰਡਰ ਨੂੰ ਕਹਿੰਦੇ ਬੱਸ ਹੋਰ ਨਹੀਂ। ਟੈਲਫੋਰਡ ਨੇ ਇਸ ਮੈਚ ਵਿੱਚ 30 ਲੈ ਕੇ ਜਿੱਤ ਹਾਸਲ ਕੀਤੀ ਅਤੇ ਹੇਜ਼ ਨੇ 28.5 ਅੰਕ ਪ੍ਰਾਪਤ ਕੀਤੇ।

ਚੌਥਾ ਮੈਚ ਬਰੈਡਫੋਰਡ ਅਤੇ ਈਰਥ ਵੂਲਿਚ ਸਾਊਥਾਲ ਵਿਚਕਾਰ ਹੋਇਆ ਵੀ ਖੜ੍ਹਕਾ ਦੜਕਾ ਕਰ ਗਿਆ। ਫੋਟੋ ਖਿਚਵਾਉਣ ਲੱਗੇ ਦਵਿੰਦਰ ਸੈਂਬੀ ਹੱਸ ਕੇ ਕਹਿਣ ਲੱਗਾ ਅੱਜ ਤਾਂ ਪੇਂਢੂਆਂ ਵਿਚਕਾਰ ਹੀ ਮੈਚ ਹੋਊ, ਮਤਲਬ ਸੁਰਿੰਦਰ ਮਾਣਕ ਦੀ ਟੀਮ ਨਾਲ। ਅੱਧੇ ਸਮੇਂ ਤੱਕ ਈਰਥ ਵੂਲਿਚ ਸਾਊਥਾਲ ਦੀ ਟੀਮ ਦੇ ਖਿਡਾਰੀ ਪੂਰੇ ਜੋਸ਼ ਵਿੱਚ ਰਹੇ 17.5/12 ਅੰਕਾਂ ਨਾਲ ਅੱਗੇ ਚੱਲ ਰਹੀ ਟਮਿ ਨੂੰ ਅੱਧੇ ਸਮੇਂ ਬਾਅਦ ਬਰਡੈਫੋਰਡ ਵਾਲਿਆਂ ਨੇ ਹਨੇਰੀ ਜਿਹੀ ਲਿਆਤੀ ਜੱਗੇ ਕੁੱਲ 4 ਜੱਫੇ ਅਤੇ ਭਿੰਦੇ ਨੇ 3 ਜੱਫੇ ਲਾਏ। ਪਰ ਫਰਕ ਜ਼ਿਆਦਾ ਹੋਣ ਕਰਕੇ ਗੱਲ ਨਹੀਂ ਬਣੀ। ਯੋਧੇ ਨੇ 6 ਕੌਡੀਆਂ/4 ਅੰਕ, ਗੁਲਜ਼ਾਰੀ ਨੇ 3/3, ਬੱਗੇ ਭਡਾਣਾ ਨੇ 7/6 ਅਤੇ ਕਰਨ ਨੇ 6/3 ਅੰਕ ਲਏ ਜਦ ਕਿ ਜਾਦੂ ਨੇ 6/4 ਅੰਕ ਪ੍ਰਾਪਤ ਕੀਤੇ। ਗਗਨ ਜੋਗੇਵਾਲ ਕਮਾਲ ਦਾ ਧਾਵੀ ਹੈ ਜਿਸ ਨੇ 9 'ਚੋਂ 8 ਅੰਕ, ਭੀਮ ਨੇ 7 'ਚੋਂ 4, ਬਲਕਰਨ ਨੇ 10 ਚੋਂ 8 ਅੰਕ ਲਏ। ਘੱਟ ਜਾਫੀਆਂ ਨੇ ਵੀ ਨਹੀਂ ਕੀਤੀ ਗੁਰਵਿੰਦਰ ਘਾਂਗੇਵਾਲ ਵਾਲੇ ਨੇ 5 ਜੱਫੇ ਲਾਏ ਤੇ ਧਾਕੜ ਨੇ 4, ਹੁਸ਼ਿਆਰਾ ਸ਼ਾਇਦ ਦੋ ਲਾ ਕੇ ਕਹਿ ਰਿਹਾ





ਹੋਵੇ ਖਿਚੀ ਚੱਲੋ ਆਪਾਂ ਅਗਲੇ ਮੈਚ 'ਚ ਵੇਖਾਂਗੇ। ਇਸ ਮੁਕਾਬਲੇ ਵਿੱਚ ਮੈਚ ਈਰਥ ਵੂਲਿਚ ਸਾਊਥਾਲ ਨੇ 29.5 ਅੰਕ ਪ੍ਰਾਪਤ ਕਰਕੇ ਜਿੱਤ ਦਰਜ਼ ਕੀਤੀ ਅਤੇ ਬੈਰਫੋਰਡ 27 ਅੰਕ ਪ੍ਰਾਪਤ ਕਰਕੇ ਮੁਕਾਬਲੇ 'ਚੋਂ ਬਾਹਰ ਹੋ ਗਈ।

ਲੈਸਟਰ ਡਰਬੀ ਨੇ ਕਵੈਂਟਰੀ ਬ੍ਰਮਿੰਘਮ ਨੂੰ ਪੰਜਵੇਂ ਮੈਚ ਵਿੱਚ 33/25.5 ਅੰਕਾਂ ਨਾਲ ਹਰਾਇਆ। ਇਸ ਮੈਚ ਵਿੱਚ ਲੈਸਟਰ ਵੱਲੋਂ ਸਿੰਮੂ ਕੰਗ ਦੀਆਂ 11/9, ਸੁੱਖੀ ਦੇ 10/8 ਅਤੇ ਪ੍ਰੀਤ ਲੱਧੂ ਜੋ ਅੱਜ ਧਾਵੀ ਵਜੋਂ ਖੇਡ ਰਿਹਾ ਸੀ 8 ਕੌਡੀਆਂ ਪਾ ਕੇ 7 ਨੰਬਰ ਲੈ ਗਿਆ। ਰਾਜਾ ਪੱਧਰੀ ਨੇ ਸਭ ਤੋਂ 5 ਜੱਫੇ ਲਾਏ, ਏਕਮ ਨੇ 2 ਅਤੇ ਮੱਛੋ ਅਤੇ ਰਿੰਕੂ ਬਾਜਾਖਾਨਾ ਨੇ ਇੱਕ ਇੱਕ ਜੱਫਾ ਲਾਇਆ। ਕਵੈਂਟਰੀ ਬ੍ਰਮਿੰਘਮ ਵੱਲੋਂ ਘੋੜੇ ਨੇ 11 ਰੇਡਾਂ ਤੇ 9 ਅੰਕ ਸੁੱਖੇ ਬਾਜਵੇ ਨੇ 10 ਰੇਡਾਂ 'ਚੋਂ 7 ਅੰਕ ਲਏ, ਲੱਭੂ ਸੀਚੇਵਾਲ ਅਤੇ ਅੰਮ੍ਰਿਤ ਦੁੱਗੇ ਨੇ ਦੋ ਦੋ ਅਤੇ ਨਵ ਔਜਲਾ ਨੇ ਇੱਕ ਜੱਫਾ ਲਾਇਆ। ਮੈਚ ਤਾਂ ਅੱਜ ਦੀਪੇ ਅਤੇ ਦੂਲੇ ਨੇ ਮੰਨ ਲਿਆ ਸੀ ਕਿ ਕੁਲਵੰਤ ਸੰਘਾ, ਕੁਲਬੀਰ ਖੱਖ, ਪਿਆਰਾ ਰੰਧਾਵਾ, ਹਰਜਿੰਦਰ ਬੋਈ ਦੀ ਟੀਮ ਹੀ ਲਿਜਾਊ।

ਪਹਿਲਾ ਸੈਮੀਫਾਈਨਲ ਮੈਚ ਬਾਰਕਿੰਗ ਗ੍ਰੇਵਜ਼ੈਂਡ ਅਤੇ ਈਰਥ ਵੂਲਿਚ ਸਾਊਥਾਲ ਵਿਚਕਾਰ ਖੇਡਿਆ ਗਿਆ ਦੋਵੇਂ ਟੀਮਾਂ ਦੇ ਪੈਰ ਧਰਤੀ ਤੇ ਲੱਗ ਹੀ ਨਹੀਂ ਰਹੇ ਸੀ, ਮੀਂਹ ਕਾਰਨ ਖਿਡਾਰੀਆਂ ਨੂੰ ਕਾਫੀ ਮੁਸ਼ਕਿਲ ਹੋ ਰਹੀ ਸੀ। ਅੱਧੇ ਸਮੇਂ ਤੱਕ ਬਾਰਕਿੰਗ ਗ੍ਰੇਵਜ਼ੈਂਡ 3 ਜੱਫਿਆਂ ਦੇ ਫਰਕ ਨਾਲ ਅੱਗੇ ਸੀ ਲੇਕਨ ਅੱਧ ਤੋਂ ਬਾਅਦ ਪਤਾ ਨਹੀਂ ਸੁਰਿੰਦਰ ਮਾਣਕ, ਪਾਲਾ ਬਾਜਵਾ, ਕੰਮਾ, ਪੰਮੀ ਪਾਲੀ, ਗੁਰਮੀਤ ਰੰਧਾਵਾ, ਸੁਖਵਿੰਦਰ, ਸੱਤਾ ਛੀਨਾ ਅਤੇ ਸਾਥੀਆਂ ਨੇ ਕੰਨ ਵਿੱਚ ਕੀ ਫੂਕ ਮਾਰੀ, ਬੱਸ ਚੱਕਲੋ ਚੱਕਲੋ ਹੋ ਗਈ। ਹੁਸ਼ਿਆਰੇ ਨੇ 4 ਜੱਫੇ ਕੱਢ ਮਾਰੇ ਤੇ ਘਾਂਗੇ ਵਾਲੇ ਨੇ 2, ਧਾਕੜ ਨੇ ਇੱਕ ਜੱਫਾ ਲਾਇਆ। ਗਗਨ ਅਤੇ ਬਲਕਰਨ ਨੇ 14/14 ਰੇਡਾਂ ਪਾ ਕੇ ਕ੍ਰਮਵਾਰ 13 ਅਤੇ 12 ਅੰਕ ਲਏ। ਗ੍ਰੇਵਜ਼ੈਂਡ ਬਾਰਕਿੰਗ ਵੱਲੋਂ ਰੁਪਿੰਦਰ ਮੇਲਾ ਲੁੱਟ ਰਿਹਾ ਸੀ 12 ਰੇਡਾਂ ਪਾ ਕੇ 11 ਅੰਕ, ਮਲਕ ਨੇ 11 ਰੇਡਾਂ ਤੇ 7 ਅਤੇ ਪਿੰਦੇ ਨੇ 5-3 ਅੰਕ ਲਏ, ਜਾਫੀਆਂ ਚੋਂ ਗਗਨ ਸੁਰੇਵਾਲ ਨੇ ਭੀਮ ਨੂੰ, ਸੁੱਖੀ ਗਾਖ਼ਲ ਨੇ ਬਲਕਰਨ ਨੂੰ ਜੱਫਾ ਲਾਇਆ ਅਤੇ ਦੋ ਜੱਫੇ ਫੌਜੀ ਨੇ ਲਾਏ। ਪਰ ਈਰਥ ਵੂਲਿਚ ਸਾਊਥਾਲ ਨੇ 31 ਅੰਕ ਪ੍ਰਾਪਤ ਕੀਤੇ ਅਤੇ ਬਾਰਕਿੰਗ ਗ੍ਰੇਵਜ਼ੈਂਡ ਨੂੰ 25.5 ਅੰਕਾਂ ਨਾਲ ਸਬਰ ਕਰਨਾ ਪਿਆ।

ਦੂਜੇ ਸੈਮੀਫਾਈਨਲ ਵਿੱਚ ਲੈਸਟਰ ਡਰਬੀ ਨੂੰ ਟੈਲਫੋਰਡ ਨੇ ਹਰਾਇਆ। ਲੈਸਟਰ ਵੱਲੋਂ ਰਾਜਾ ਪੱਧਰੀ ਨੇ ਰਮਨ ਮੱਲੀਆਂ ਨੂੰ, ਮੱਛੋ ਨੇ ਕੁਲਵਿੰਦਰ ਨੂੰ ਅਤੇ ਇੱਕ ਏਕਮ ਮਾਨਸਾ ਨੇ ਬੁਰੀਆ ਨੂੰ ਜੱਫਾ ਲਾਇਆ। ਸੁੱਖੀ ਨੇ 10 ਰੇਡਾਂ ਚੋਂ 7, ਸਿੰਮੂ ਕੰਗ ਨੇ 10 'ਚੋਂ 7, ਪ੍ਰੀਤ ਲੱਧੂ ਨੇ 4 'ਚੋਂ 3 ਅੰਕ ਲਏ। ਟੈਲਫੋਰਡ ਵੱਲੋਂ ਸਨੀ ਨੇ 4 ਜੱਫੇ ਸਿੰਮੂ ਕੰਗ, ਸੁੱਖੀ ਨੂੰ, ਰਵੀ ਨੇ 2 ਅਤੇ ਸ਼ੈਲੀ ਨੇ ਇੱਕ ਜੱਫਾ ਲਾਇਆ। ਕੁਲਵਿੰਦਰ ਨੇ 11 ਚੋਂ 10 ਅਤੇ ਬੂਰੀਆ ਨੇ 10 ਚੋਂ 9 ਅੰਕ ਪ੍ਰਾਪਤ ਕੀਤੇ।

ਫਾਈਨਲ ਮੁਕਾਬਲੇ ਵਿੱਚ ਇੱਕ ਪਾਸੇ ਬੱਦਲਾਂ ਵਿੱਚ ਲਾਲੀ ਆਈ ਹੋਈ ਸੀ ਤੇ ਦੂਜੇ ਪਾਸੇ ਪ੍ਰਬੰਧਕਾਂ ਦੇ ਚਿਹਰਿਆਂ ਤੇ ਲਾਲੀ ਸੀ। ਕਿਉਂਕਿ ਮੀਂਹ ਪੈਣ ਦੇ ਬਾਵਜੂਦ ਮੇਲਾ ਕਾਮਯਾਬ ਹੋਣ ਜਾ ਰਿਹਾ ਸੀ। ਈਰਥ ਵੂਲਿਚ ਸਾਊਥਾਲ ਅਤੇ ਟੈਲਫੋਰਡ ਦੀਆਂ ਟੀਮਾਂ ਆਹਮੋ ਸਾਹਮਣੇ ਸਨ। ਧਾਕੜ ਜੇ ਬੂਰੀਆ ਰੋਕਦਾ ਤਾਂ ਰਵੀ ਸਾਹੋ ਕੇ ਗਗਨ ਨੂੰ ਰੋਕ ਲੈਂਦਾ, ਘਾਂਗੇ ਵਾਲਾ ਵੀ ਬੂਰੀਏ ਦੁਆਲੇ ਹੋਇਆ ਰਿਹਾ, ਹੁਸ਼ਿਆਰਾ ਵੀ ਦੋ ਜੱਫੇ ਕੱਢ ਗਿਆ, ਧਾਕੜ ਨੇ ਕੁਲਵਿੰਦਰ ਸਮੇਤ 4 ਜੱਫੇ ਲਾਏ। ਰਵੀ ਨੇ ਗਗਨ, ਬਲਕਰਨ ਸਮੇਤ 3 ਜੱਫੇ ਅਤੇ ਸ਼ੈਲੀ ਨੇ 1 ਜੱਫਾ ਲਾਇਆ। ਪਰ ਹਰ ਵਾਰ ਦੀ ਤਰ੍ਹਾਂ ਸਨੀ ਕਾਲੇ ਸੰਘਾ ਛਾਇਆ ਰਿਹਾ ਬਲਕਰਨ ਸਮੇਤ ਕੁੱਲ 7 ਜੱਫੇ ਲਾਏ, ਜਸਬੀਰ ਢੇਸੀ ਆਪਣੇ ਅੱਜ ਸਨੀ ਤੋਂ ਨੋਟ ਵਾਰਦਾ ਨਹੀਂ ਸੀ ਥੱਕ ਰਿਹਾ। ਟੀਮ ਨੂੰ ਜਿਤਾਉਣ ਲਈ ਪਾਲਾ ਬਾਜਵਾ ਮੁੜਕੋ ਮੁੜਕੀ ਹੋਇਆ ਪਿਆ ਸੀ ਕਦੇ ਸੁਰਿੰਦਰ ਮਾਣਕ ਕੋਲ ਜਾਵੇ ਕਿ ਚੱਕਦਾਂ ਅੱਜ ਦਾ ਰੇਟ ਮਾਣਕ ਕਹਿੰਦਾ ਵੇਖੀ ਜਾਊ ਅੱਧੋ ਅੱਧ ਹੋਜੂ, ਬਸ ਕਹਿਣ ਦੀ ਗੱਲ ਸੀ ਪਹਿਲਾ ਇਨਾਮ 5100 ਪੌਂਡ ਤੋਂ ਸ਼ੁਰੂ ਪਾਲੇ ਨਾਲ ਕੰਮਾ, ਪੰਮੀ ਰੰਧਾਵਾ, ਬਲਜਿੰਦਰ, ਪ੍ਰਤਾਪ, ਜਸ ਬਿੰਦ, ਪਰਵਿੰਦਰ, ਸੁਖਵਿੰਦਰ, ਸੱਤਾ ਛੀਨਾ ਨੇ ਸ਼ੁਰੂ ਕੀਤਾ ਤਾਂ ਬਾਅਦ ਵਿੱਚ ਨਾਵਾਂ ਦਾ ਤਾਂ ਪਤਾ ਹੀ ਨਹੀਂ ਸੀ ਲੱਗਦਾ ਕਿ ਕੌਣ ਕਿੰਨੇ ਲਾ ਰਿਹਾ। ਪਰ ਈਰਥ ਵੂਲਿਚ ਸਾਊਥਾਲ ਦੇ ਖਿਡਾਰੀਆਂ ਨੂੰ ਅੱਜ ਦਾ ਫਾਈਨਲ ਮੈਚ ਜਿਤਾਉਣ ਲਈ 15000 ਪੌਂਡ ਜਾਣੀ 15 ਲੱਖ ਰੁਪਏ ਤੱਕ ਦੇ ਇਨਾਮ ਦਾ ਐਲਾਨ ਹੋ ਗਿਆ ਸੀ। ਸ਼ਾਇਦ ਅੱਜ ਨਵਾਂ ਇਤਿਹਾਸ ਲਿਖਿਆ ਜਾਣ ਲੱਗਾ ਸੀ। ਲੇਕਨ ਟੈਲਫੋਰਡ ਵਾਲੇ ਕਹਿੰਦੇ ਨਹੀਂ ਆਏਂ ਨਹੀਂ ਕੱਪ ਤਾਂ ਸਾਡਾ ਹੀ ਐ। ਆਖਰ ਟੈਲਫੋਰਡ ਨੇ 33.5 ਅੰਕ ਲੈ ਕੇ ਈਰਥ ਵੂਲਿਚ ਨੂੰ 27 ਅੰਕਾਂ ਤੇ ਸਮੇਟ ਕੇ ਅੱਜ ਦਾ ਕੱਪ ਜਿੱਤਿਆ। ਸਨੀ ਕਾਲੇ ਸੰਘਾ 7 ਜੱਫੇ ਲਾਕੇ ਸਰਬੋਤਮ ਜਾਫੀ ਅਤੇ ਕੁਲਵਿੰਦਰ 12 ਅੰਕ ਲੈ ਕੇ ਸਰਬੋਤਮ ਧਾਵੀ ਬਣਿਆ।

ਇਸ ਮੌਕੇ ਗੁਰਦੁਆਰਾ ਸਿੰਘ ਸਭਾ ਸਲੋਹ ਦੇ ਮੁੱਖ ਸੇਵਾਦਾਰ ਰੁਪਿੰਦਰ ਸਿੰਘ ਪੱਡਾ ਅਤੇ ਕਮੇਟੀ, ਸ: ਗੁਰਮੇਲ ਸਿੰਘ ਮੱਲੀ, ਡੀ ਐਸ ਪੀ ਪਟਿਆਲਾ ਵਿਜੀਲੈਂਸ ਪੁਨੀਤ ਸਿੰਘ ਚਹਿਲ ਸਮੇਤ ਪ੍ਰਮੁੱਖ ਭਾਈਚਾਰਕ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਰਾਜਾ ਪੱਧਰੀ ਦਾ ਹਰਪਾਲ ਭਲਵਾਨ, ਚਮਕੌਰ ਦਿੜਬਾ ਅਤੇ ਸਾਥੀਆਂ ਵੱਲੋਂ ਅਤੇ ਫਰਿਆਦ ਲੋਪੋ ਕੇ ਦਾ ਕਬੱਡੀ ਸ਼ੁਭਚਿੰਤਕਾਂ ਵੱਲੋਂ ਸੋਨੇ ਦੇ ਕੈਂਠਿਆਂ ਨਾਲ, ਮੰਨਾ ਨਕੋਦਰ ਦਾ ਜਸਬੀਰ ਢੇਸੀ ਵੱਲੋਂ, ਅਤੇ ਰੁਪਿੰਦਰ ਦੋਦੇਵਾਲ ਦਾ ਸ਼ੀਪਾ ਚਕਰ ਵੱਲੋਂ 5100 ਪੌਂਡ ਨਾਲ ਸਨਮਾਨ ਕੀਤਾ ਗਿਆ। ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਲੱਬਾਂ ਦੇ ਨੁਮਾਇੰਦਿਆਂ ਦਾ, ਕੁਮੈਂਟੇਟਰ ਭਿੰਦਾ ਮੁਠੱਡਾ ਅਤੇ ਮਨਪ੍ਰੀਤ ਸਿੰਘ ਬੱਧਨੀ ਕਲਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕੁੱਲ ਮਿਲਾ ਕੇ ਸਲੋਹ ਦਾ ਖੇਡ ਮੇਲਾ ਪੂਰੀ ਤਰ੍ਹਾਂ ਕਾਮਯਾਬ ਰਿਹਾ। ਫੈਡਰੇਸ਼ਨ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਸਤਿੰਦਰ ਸਿੰਘ ਗੋਲਡੀ, ਪ੍ਰਧਾਨ ਕੁਲਵੰਤ ਸਿੰਘ ਚੱਠਾ, ਪ੍ਰਮਿੰਦਰ ਸਿੰਘ ਗਿੱਲ, ਰੇਸ਼ਮ ਸਿੰਘ ਡੇਲ, ਇੰਦਰਜੀਤ ਸਿੰਘ ਢਿੱਲੋਂ, ਪ੍ਰਮਜੀਤ ਗਿੱਲ, ਸੁਖਦੇਵ ਸਨੀ, ਅਮਰਜੀਤ ਲੱਡੂ, ਚਮਕੌਰ ਘੁੰਮਣ, ਹਰਪਾਲ ਗਿੰਡਾ, ਕਮਲ ਕੁਨਰ, ਤਜਿੰਦਰ ਉੱਪਲ, ਹਰਵਿੰਦਰ ਗੜੀਬਖ਼ਸ਼, ਰਮਨਜੀਤ ਭੰਡਾਲ, ਸੁਲੱਖਣ ਖਹਿਰਾ, ਇੰਦਰਜੀਤ ਸੈਨੀ, ਜਸਵਿੰਦਰ ਰਖੜਾ, ਦਰਸ਼ਨ ਢਿਲੋਂ ਨੇ ਫੈਡਰੇਸ਼ਨ, ਕਲੱਬਾਂ ਅਤੇ ਸਹਿਯੋਗੀ ਸੱਜਣਾਂ ਦਾ ਜਸਵਿੰਦਰ ਸਿੰਘ ਢਿਲੋਂ, ਰਣਜੀਤ ਰਿੰਟੂ, ਰਮਨ ਭੈਣੀ, ਜਸਪਾਲ ਬਿੰਦ, ਦੀਪਾ ਕੁਨਰ, ਕੁਲਵੰਤ ਮੱਲੀ, ਬਿੱਲੂ ਐਕਜ਼ੋਟਿਕ, ਰਾਜੂ ਲਾਲ, ਰਾਜਨ ਔਲਖ, ਹੈਪੀ ਨਿੱਝਰ, ਤਾਜ ਸੰਘਾ, ਕੋਸੀ ਲਿਵਿੰਗ ਸਲੋਹ, ਬਿੰਦਰ ਹਲਟ, ਪਾਲਾ ਸਿੰਘ, ਕਿੰਦੀ ਗਰੇਵਾਲ, ਬਲਜੀਤ ਮੱਲੀ, ਪਾਲੀ ਚੀਮਾ, ਤਰਲੋਚਨ ਗਿੱਲ, ਬਿੰਦਰ ਪੁਆਦੜਾ, ਪ੍ਰਤਾਪ ਮੋਮੀ, ਭਿੰਦਾ ਸੰਘਾ, ਮਾਨੀ ਭੰਡਾਲ, ਗੋਪੀ ਕੰਗ, ਸੋਢੀ ਫਤਹਿ ਸਕੈਫੋਲਡਿੰਗ, ਜਸਕਰਨ ਜੌਹਲ, ਅਮਨਦੀਪ ਲਾਡੀ, ਤਲਵਿੰਦਰ, ਜੱਸਾ ਕਹਿਰਾ, ਸਰਵਨ ਖਹਿਰਾ, ਗਿਆਨ ਪੁਰੇਵਾਲ, ਹੈਰੀ ਟਰੱਕ ਟਾਇਰਜ਼, ਸੁਤੰਤਰਵੀਰ ਕੁਨਰ, ਇਕਬਾਲ ਸਿੰਘ, ਪ੍ਰਮਿੰਦਰ ਢੱਡਵਾੜ, ਰਾਜਵੰਤ ਬਿੱਲਾ, ਗੁਰਦੀਪ ਗਰੇਵਾਲ, ਬਲਰਾਜ ਵਿਰਕ, ਸਨੀ ਬਾਹੀਆ, ਸਨੀ ਗਰਾਇਆ, ਮਨਜਿੰਦਰ ਮੰਗਾ, ਗੁਰਮਿੰਦਰ ਧਾਰੀਵਾਲ, ਫਤਹਿਵੀਰ ਔਜਲਾ, ਰਕਨ ਬੁਟਰ, ਗੁਰਪ੍ਰੀਤ ਏ ਬੀ ਐਸ ਵਿੰਡੋਜ਼, ਮਹਿਮੂਦ ਐਂਡ ਇਮਰਾਨ, ਕੁਲਚਾ ਐਕਸਪ੍ਰੈਸ, ਨਰਿੰਦਰ ਬਿੱਲਾ, ਲੱਖਾ ਬਲਿਹਾਰ ਸਕੈਫੋਲਡਿੰਗ, ਦਿਲਬਾਗ ਬਾਗੀ, ਗੋਰਾ ਸਾਧਪੁਰ, ਬਹਾਦਰ ਸਹੋਤਾ, ਗੋਪੀ ਮਾਹਲ, ਬਲਜਿੰਦਰ ਜੈਨਪੁਰੀਆ, ਰਘਵੀਰ ਗਿੱਲ, ਸਰਬਜੀਤ ਵਿਰਕ, ਅਮਰੀਕ ਘੁੱਦਾ, ਬਿੰਦੀ ਸਹੋਤਾ, ਵਿਨਸ਼ੂ, ਬਲਦੇਵ ਗਿੱਲ, ਦੀਪੀ, ਸੋਨੂੰ ਬਿੰਦ, ਗੁਰਵਿੰਦਰ ਬਰਾੜ, ਪ੍ਰਗਟ ਛੀਨਾ, ਤਜਿੰਦਰ, ਹਰਦੀਪ ਬਾਜਵਾ, ਸੁੱਖਾ ਸਿੰਘ, ਦੀਪ ਜੋਸ਼ਨ, ਪ੍ਰਮਵੀਰ, ਲਖਜਿੰਦਰ, ਤਾਰੀ ਸਰਪੰਚ, ਦੀਪਕ ਭੋਪਾਲ, ਪ੍ਰਵਿੰਦਰ ਗਿੱਲ, ਪੰਜਾਬ ਰੇਡੀਓ, ਪੰਮਾ ਢੰਡੋਵਾਲ, ਦਲਬੀਰ ਚੀਮਾ, ਸੱਤਾ ਛੀਨਾ, ਘੋਰ ਧਮਨ, ਏਸ਼ੀਅਨ ਸਟਾਰ ਰੇਡੀਓ, ਦੀਪ, ਪ੍ਰਮਜੀਤ, ਦਾਲਾ ਸਿੰਘ, ਰਾਜ ਸਿਸ, ਗੁਰਲਾਲ ਐਚ ਐਸ ਡੀ, ਬਲਰਾਜ ਖੋਸਾ, ਰਾਜੂ, ਸ਼ਿੰਦਾ ਸ਼ਰਮਾਂ, ਪ੍ਰਦੀਪ, ਰਣਜੀਤ ਰਾਜੂ, ਸੁੱਖਾ ਖੋਸਾ, ਮੱਖਣ ਸਹੋਤਾ, ਨਨਿੰਦਰ ਬਰਦਰਜ਼, ਸਤਨਾਮ ਛੀਨਾ, ਸੁਰਿੰਦਰ ਬਸਰਾ, ਅਮਰਜੀਤ ਦੀਵਾਨ, ਟੀ ਐਨ ਸੋਲਾ ਆਦਿ ਦਾ ਧੰਨਵਾਦ ਕੀਤਾ।

ਇਸ ਮੌਕੇ ਬੀਰੀ ਢੁਪਈ ਦੀ ਮਦਦ ਲਈ 6 ਹਜ਼ਾਰ ਪੌਂਡ ਤੋਂ ਵੱਧ ਦੀ ਮਾਇਆ ਇਕੱਤਰ ਕੀਤੀ।

* * * * * * *

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



# ਬੰਧਨ ਕਾਟਿ ਕਰੇ ਮਨ ਨਿਰਮਲੁ ਪੂਰਨ ਪੁਰਖੁ ਵਿਧਾਤਾ ॥

ਪ੍ਰਭੂ ਦੀ ਦਯਾ ਦ੍ਰਿਸ਼ਟੀ ਨਾਲ ਹੀ ਜੀਵਨ ਗਾਥਾ ਚੱਲਦੀ ਹੈ। ਰਾਜ਼ੀ ਬਾਜ਼ੀ ਹੁੰਦੇ ਹੋਏ ਭੀ ਜਰੂਰੀ ਨਹੀਂ ਖੁਸ਼ ਭੀ ਹੋਵੋ, ਅਰੋਗਤਾ ਨਿਆਮਤ ਹੈ ਪਰ ਅਰੋਗਤਾ ਭੀ ਦੁੱਖ ਰਹਿਤ ਨਹੀਂ ਰੱਖ ਸਕਦੀ ਚੁਗਿਰਦਾ, ਪਰਿਵਾਰ, ਨਾਤੇ ਭੀ ਜੇਕਰ ਪੀੜਤ ਹਨ ਤਾਂ ਸਭ ਕੁਝ ਫਿੱਕਾ, ਪ੍ਰਭੂ ਦ੍ਰਿੜਤਾ ਘੱਟ ਕਰ ਸਕਦੀ ਹੈ, ਭਾਣੇ ਨੂੰ ਸਵੀਕਾਰ ਕਰਨ ਨਾਲ ਦਿਨ ਕਟੀ ਸੌਖੀ ਹੋ ਜਾਂਦੀ ਹੈ, ਨਿੱਜੀ ਦੁੱਖ ਸਭ ਨੂੰ ਹੁੰਦੇ ਹਨ ਪਰ ਜੇਕਰ ਦੁਖੀ ਮੁਹਾਂਦਰੇ ਨਾਲ ਹੀ ਵਿਚਰੀ ਜਾਈਏ ਤਾਂ ਲੋਕੀ ਨੇੜੇ ਲੱਗਣੋਂ ਭੀ ਕਤਰਾਉਂਦੇ ਨੇ, ਮੇਰਾ ਜਾਤੀ ਤਜਰਬਾ ਹੈ, ਇਸ ਲਈ ਦੁੱਖ ਸਾਂਝਾ ਤਾਂ ਕਰ ਲਵੋ ਕਿਸੇ ਨੂੰ ਉਹਦਾ ਸਾਇਆ ਨਾ ਦੇਵੋ, ਮੈਨੂੰ ਤਾਂ 40 ਸਾਲ ਦੀ ਉਮਰ ਤੋਂ ਹੀ ਪਹਿਲਾਂ ਮਾਂ-ਬਾਪ ਗਏ ਫੇਰ 38 ਸਾਲਾਂ ਵਿੱਚ ਭਰਾ ਫੇਰ ਆਹ ਭੜਥੂ ਲਹਿਰ ਦੀ ਭੇਂਟ ਭਰਜਾਈ, ਪੈਨਸ਼ਨ ਤੱਕ ਭੀ ਨਾ ਪਹੁੰਚਿਆ ਪਤੀ ਛੱਡ ਤੁਰ ਗਿਆ, ਹੁਣ ਚੜਦੀ ਫਰਵਰੀ 6 ਸਾਲ ਛੋਟਾ ਭਰਾ ਬੱਸ ਉਹੀ ਸੀ ਛੱਡ ਗਿਆ, ਚਾਰ ਦਿਨ ਗੁੰਮ-ਸੁੰਮ ਢੇਰੀ ਢਾਅ ਬੈਠੀ ਪਰ ਭਾਣੇ ਨੂੰ ਮੰਨਣ ਲਈ ਫੇਰ ਖੜ੍ਹੀ ਹੋਈ, ਤੁਹਾਡੀ ਸੇਵਾ ਵਿੱਚ ਹਾਜਰੀ ਲਈ ਨਾਗਾ ਨਾ ਪਾਇਆ, ਭਾਵੇਂ ਬੰਦਾ ਪੱਥਰ ਤਾਂ ਬਣ ਜਾਂਦਾ ਹੈ, ਜਦੋਂ (ਗਮ ਇਤਨੇ ਮਿਲੇ ਕਿ ਅਬ ਕੋਈ ਭੀ ਨਹੀਂ) ਭਾਵੇਂ ਦੁਖੀ ਮਨ ਕਈ ਵਾਰੀ ਕ੍ਰੋਧ ਵਿੱਚ ਕਲਮ ਭੀ ਡਿੱਕ ਡੋਲੇ ਖਾ ਕੇ ਗਰਮ ਤੱਤਾ ਉਕਰ ਜਾਂਦੀ ਹੈ ਖਿਮਾਂ ਮੰਗਦੀ ਹਾਂ, ਮੈਂ ਸੋਚਦੀ ਹਾਂ ਕਿ ਮਨੁੱਖ ਨੂੰ ਗਮ, ਦੁੱਖ, ਕਸ਼ਟ ਵਿਛੋੜੇ ਹਨ ਪਰ ਦੇਖੋ ਰੱਬ ਨੂੰ ਭੀ, ਧੁੱਪ, ਛਾਂ, ਮੀਂਹ, ਝੱਖੜ, ਹਨ੍ਹੇਰੀ, ਘੁੱਪ, ਚਾਨਣ, ਗੜ੍ਹੇ ਆਦਿ ਭੀ ਝੱਲਣੇ ਪੈਂਦੇ ਹਨ, ਗੱਲ ਕੇਵਲ ਮਨ ਨੂੰ ਸਮਝਾਉਣ ਦੀ ਹੈ, ਪ੍ਰਭੂ ਦੀ ਕਰਨੀ ਨੂੰ ਸਵੀਕਾਰਨ ਦੀ ਬੁੱਧੀ ਸਥਿਰ ਤਾਂ ਰਹਿੰਦੀ ਨਹੀਂ, ਮਸ਼ਕੱਤ ਕਰਕੇ ਹੀ ਹਿੰਮਤ ਕਰਕੇ ਹੀ ਮਿਲੂ, ਕਠੋਰ ਭੀ ਬਣ ਜਾਈਦਾ ਹੈ, ਕੁਦਰਤੀ ਹੈ, ਉਤਾਰ ਚੜ੍ਹਾਅ ਸੌਖੇ ਨਹੀਂ ਮਨੁੱਖਾ ਜੀਵਨ ਸਭ ਧਾਰਾਵਾਂ ਨਾਲ ਭਰਿਆ ਹੈ, ਲਿਖਿਆ ਹੀ ਮਿਲਦਾ ਹੈ, ਆਪਾਂ ਲੀਕਾਂ ਮੇਟ ਨਹੀਂ ਸਕਦੇ ਸਮੇਟ ਸਕਦੇ ਹਾਂ, ਰਜ਼ਾ ਵਿੱਚ ਰਹੋ, ਸਿਹਤਾਂ ਲਈ ਆਪ ਉਹੜ ਪੋਹੜ ਕਰੋ, ਆਪਾਂ ਕਿਸੇ ਹੋਰ ਦੇਸ਼ ਦੇ ਜਨਮੇ ਵੱਸ ਕਿਤੇ ਹੋਰ ਰਹੇ ਹਾਂ, ਸਾਡੀਆਂ ਖੁਰਾਕਾਂ ਹੋਰ ਸਨ, ਫੇਰ ਭੀ ਸ਼ੁਕਰ ਹੈ ਕਿ ਹੁਣ ਤਾਂ ਆਪਣੀਆਂ ਦੇਸੀ ਸਭ ਵਸਤਾਂ ਮਿਲਦੀਆਂ ਹਨ, ਸੋ ਵਰਤੋਂ ਕਰਨ ਦੇ ਵੱਲ ਪਾਈਏ, ਅੱਧੀਆਂ ਬੀਮਾਰੀਆਂ ਤਾਂ ਆਪਣੇ ਆਪ ਹੱਟ ਜਾਣਗੀਆਂ, ਬੱਸ ਥੋੜ੍ਹੀ ਤਕਲੀਫ ਕਰਨ ਦੀ ਲੋੜ ਹੈ, ਸਮਾਂ ਦੇਣ ਦੀ ਸੋਚੋ, ਧਰਮ ਭੀ ਅਰੋਗ ਤਨ, ਸੁਖੀ ਮਨ ਤੇ ਅੰਤਰ ਧਿਆਨ ਨਾਲ ਹੀ ਪਾਲ ਸਕਦੇ ਹਾਂ।

ਮਨ ਹੋਰ ਮੁੱਖ ਹੋਰ ਬੱਸ ਆਹ ਹੈ ਪੀੜਾ ਧਰਮ ਨਹੀਂ ਅੱਜ ਧੜੇ ਹਨ ਜੋ ਹਰ ਵੇਲੇ ਝਮੇਲੇ ਪਾਈ ਰੱਖਦੇ ਨੇ, ਅੱਜ ਸਾਰੇ ਸੰਸਾਰ 'ਤੇ ਇਹੀ ਹਾਲ ਹੈ, ਪਰ ਕੀੜੀ ਨੂੰ ਠੂਠਾ ਦਰਿਆ ਵਾਲੀ ਕਥਾ ਕਾਜ਼ੀ ਨੂੰ ਸ਼ਹਿਰ ਦਾ ਅੰਦੇਸਾ ਭਾਵੇਂ ਧਰਮ ਤਾਂ ਕਹਿੰਦਾ ਤੂੰ ਕਿਉਂ ਭਇਉ ਉਦਾਸ, ਪਰ ਸਾਧਾਰਨ ਮਨੁੱਖ ਹਾਂ, ਦੇਵਤੇ ਨਹੀਂ, ਸਿੱਖ ਸੰਦਰਭ ਵਿੱਚ ਤਾਂ ਪ੍ਰਮਾਤਮਾਂ ਨਾਲੋਂ ਵੱਧ ਕਸ਼ਟ ਆਹ ਲਾਣੇ ਜੋ ਮਖੌਟੇ ਨੇ ਧਰਮ ਸਾਧ ਲਾਣਾ ਸੰਤ ਅਖਵਾ ਕੇ ਮਨੁੱਖੀ ਪ੍ਰਭਤਾ ਤੇ ਪੂਜਾ ਕਰਵਾ ਰਿਹਾ ਹੈ, ਬੱਸ ਇਕ ਗੁਰੂ ਅੱਖਰ ਨਹੀਂ ਵਰਤਦੇ, ਮਹਾਂ ਪੁਰਖ ਫਲਾਣੀ, ਫਲਾਣੀ ਸੰਪਰਦਾ, ਸਭ ਸਰਕਾਰੀ ਸਿਰ 'ਤੇ ਹੱਥ ਧਰਾ ਹਨ, ਇਨ੍ਹਾਂ ਡੇਰਿਆਂ ਦੇ ਪਹਿਲੇ ਮੁਖੀ ਅੰਗ੍ਰੇਜ਼ ਹਕੂਮਤ ਵੇਲੇ ਫੌਜ ਵਿੱਚ ਸਨ, ਲਿਖਦੀ ਜਾਵਾਂ ਕਿ ਫੌਜ ਸਾਰੇ ਲੜਾਈ ਲਈ ਹੀ ਨਹੀਂ ਹੁੰਦੇ ਉਥੇ ਪਾਠ ਤੇ ਧਰਮੀ ਭੀ ਭਰਤੀ ਹੁੰਦੇ ਸਨ, ਹੋਰ ਕਿੱਤੇ ਭੀ ਮੇਰੇ ਮਾਮਾਂ ਜੀ ਸੀ ਤਾਂ ਐਜੂਕੇਸ਼ਨ ਮਹਿਕਮੇ ਵਿੱਚ ਪਰ ਸੀ ਸੂਬੇਦਾਰ, ਇਸੇ ਤਰ੍ਹਾਂ ਸਾਡੇ ਪਿਤਾ ਦੱਸਦੇ ਸਨ ਕਿ ਗੁਰਦੁਆਰੇ ਭੀ ਹੁੰਦੇ ਸਨ ਜਵਾਨਾਂ ਨੂੰ ਹੁਕਮੀ ਜਾਣਾ ਹੁੰਦਾ ਸੀ ਸੋ ਇਹ ਉਹ ਹਨ ਜੋ ਹਕੂਮਤ ਨੇ ਬਾਹਰ ਲੋਕਾਂ ਨੂੰ ਪਾਠ ਵੱਲ ਲਉਣ ਲਈ ਡੇਰੇ ਬਣਵਾਏ ਇਹ ਹਾਲੇ ਭੀ ਸਰਕਾਰੀ ਹਨ ਨਹੀਂ ਤਾਂ ਕਿਥੋਂ ਐਨਾ ਖਰਚਾ ਇਹ ਵੋਟਾਂ ਦੇ ਰਾਜ ਵਿੱਚ ਸਗੋਂ ਹੋਰ ਪ੍ਰਫੁੱਲਤ ਹੋ ਗਏ, ਬਾਬਾ ਨੰਦ ਸਿੰਘ, ਸੰਤ ਈਸ਼ਰ ਸਿੰਘ ਗੜ੍ਹੇ ਵਾਲੇ, ਕਲੇਰਾਂ ਟਕਸਾਲਾਂ ਸਭ ਗੁਰੂ ਦੀਆਂ ਮਿਹਰਾਂ ਨਹੀਂ ਨੇ ਭੜਕਨ ਤੋਂ ਪਹਿਲਾਂ ਝਾਤੀਆਂ ਮਾਰੋ, ਦਮਦਮੀ ਟਕਸਾਲ ਦੇ ਸੰਤ ਕਰਤਾਰ ਸਿੰਘ ਕਾਂਗਰਸੀ ਪੱਖੀ, ਪੁੱਤਰ ਅਮਰੀਕ ਸਿੰਘ ਨੇ ਕਾਂਗਰਸੀ ਟਿਕਟ 'ਤੇ ਚੋਣ ਲੜੀ, ਸੰਤ ਜਰਨੈਲ ਸਿੰਘ ਜੀ (ਰੋਡੇ) ਪਰਿਵਾਰ ਗਿਆਨੀ ਜੈਲ ਸਿੰਘ ਦੇ ਨਜ਼ਦੀਕੀ ਰਹੇ, ਸਕੀਮ ਤਾਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਹਥਿਆਉਣ ਦੀ ਸੀ ਪਰ ਤੀਰ ਕਮਾਣੋ ਨਿਕਲ ਕਈ ਦਿਸ਼ਾ ਵੱਲ ਖਿੱਲਰ ਗਿਆ, ਸੁਬੇਗ ਸਿੰਘ ਨਿੱਜ ਕਿੜ ਫੌਜੀ ਛਉਣੀ ਬਣਾ ਤਾ ਧਰਮ ਧੁਰਾ, ਆਹ ਹੁਣ ਜੋ ਮਾਲਵੇ ਦੇ ਸ਼ਹੀਦ ਬਣੇ ਚੋਣਾਂ ਲਈ ਹੀ ਤੱਤਪਰ, ਇਹ ਖਿੱਤਾ ਬਹੁਤਾ ਧਰਮ ਪੈਰੋਕਾਰ ਤਾਂ ਸੀ ਨਹੀਂ ਕਾਮਰੇਡ, ਬਹੁਤੇ ਨਕਸਲਵਾੜੀ ਜਾ ਰਲੇ ਆਪਣੇ ਮਨਸੂਬੇ ਤੇ ਖੱਟੀਆਂ ਲਈ, ਮਾਰੇ ਗਏ ਸ਼ਹੀਦ ਬਣ ਗਏ।

**ਘੜਾ ਦੇਖ ਨਾ ਲਿਆ ਟਣਕਾ ਕੇ,** ਕਿਆਮਤ ਲਿਆ ਤੀ ਆਮ ਪੰਜਾਬ ਤੇ ਕਦੀ ਸੁਣਿਆ ਸੀ ਕਿ ਆਪਣੇ ਹੀ ਤਖ਼ਤ 'ਤੇ ਜਿਥੇ ਧਰਮ ਦੀ ਆਸਥਾ ਹੋਵੇ ਖੜਦੁੰਭ ਮਚੇ ਇਹ ਠੀਕ ਹੈ ਇੰਦਰਾ ਗਾਂਧੀ ਦੇ ਸਿਰ ਪਾਪ ਨੇ ਲੱਗਣਾ ਸੀ ਪਰ ਭਾਗੀਦਾਰ ਤਾਂ ਸਾਡੇ ਹੀ ਸਨ ਸਿਰ ਮੜਦੇ ਨੇ ਅਕਾਲੀ ਨੇਤਾਵਾਂ ਦੇ, ਕੀ ਤੁਸੀਂ ਸੋਚਦੇ ਨੀ ਕਿ ਜੀਹਦੀ ਪ੍ਰਬੰਧਕ ਜ਼ਿੰਮੇਵਾਰੀ ਹੋਵੇ ਉਹ ਖ਼ਤਰਾ ਦੇਖ ਪੁਲਸ, ਪ੍ਰਸ਼ਾਸਨ ਨੂੰ ਕਿਉਂ ਸੂਚਿਤ ਨਾ ਕਰੇ, ਪਰ ਕਿਉਂਕਿ ਭਿੰਡਰਾਂਵਾਲਾ ਲਹਿਰ ਕਾਂਗਰਸ ਹੱਥੋਂ ਖਿਸਕ ਗਈ ਸੀ ਫੇਰ ਖ਼ਤਰਾ ਖੜ੍ਹਾ ਕਰ ਏਜੰਟਾਂ ਨੇ ਵਿਦੇਸ਼ੀ ਭੇਜ ਕੇ ਇਹ ਲਹਿਰ ਉਥੇ ਚਲਾ ਤੀ, ਪਹਿਲੇ ਵੱਸੇ ਲੋਕ ਦੁਖੀ ਤੇ ਪ੍ਰੇਸ਼ਾਨ ਪਰ ਡਰਦੇ ਚੁੱਪ, ਹੁਣ ਪੰਜਾਬ ਵਿੱਚ ਬੀ.ਜੇ.ਪੀ. ਤਾਂ ਅਕਾਲੀਆਂ ਦੁਆਲੇ ਹਾਂ-ਹਾਂ ਕਿਸਾਨਾਂ ਕਰਕੇ ਸਾਨੂੰ ਛੱਡ ਕੇ ਸਾਡੀ ਬੇਇੱਜ਼ਤੀ ਕੀਤੀ, ਬਦਲਾ ਲੈਣਾ ਹੈ, ਸਹੀ ਗੱਲ ਹੈ ਕਿ ਅਕਾਲੀ ਦਲ ਨੇ ਕਿਸਾਨ ਤਾਂ ਸੀ ਹੀ ਫਰੇਡ ਯੂਨੀਅਨਾਂ ਦੇ ਚੱਕੇ ਕਾਂਗਰਸੀ ਆਪਣੇ ਪੈਰੀ ਕੁਹਾੜਾ ਮਾਰ ਲਿਆ ਹੁਣ ਆਪਸ ਵਿੱਚ ਭਿੜਦੇ ਨੇ ਜੀ ਸੁਖਬੀਰ ਬਾਦਲ ਅਸਤੀਫਾ ਇਹ ਖੁਸ਼ ਕਰਨਾ ਹੈ ਭਾਜਪਾ ਨੂੰ ਪਰ ਇਹ ਜਿਹੜਾ ਧੜਾ ਆਫਰਿਆ ਫਿਰਦਾ ਹੈ ਟਣਕਦੇ ਮੁੜਨਗੇ, ਉਥੇ ਨੱਢਾ, ਸ਼ਾਹ ਤਾਂ ਮੋਦੀ ਨੂੰ ਘੁਮਾਈ ਫਿਰਦੇ ਨੇ ਦੋ ਦੋ ਰੁੱਤਵੇ ਲੈ ਲਏ, ਬਾਗੀ, ਦਾਗੀ ਤੇ ਭਾਗੀ ਕੌਣ ਹੈ ਸਥਿਰ ਢੀਂਡਸਾ, ਚੰਦੂਮਾਜਰਾ, ਮਲੂਕਾ, ਬੀਬੀ ਹੁਣ ਆਵਾਗਉਣ ਹੀ ਨਾਲ ਰਲਾਈ ਜਾਂਦੇ ਨੇ, ਯਾਦ ਰੱਖੋ ਨਿੱਜੀ ਹਿੱਤਾਂ ਕਰਕੇ ਢੀਂਡਸੇ ਨੇ ਬ੍ਰਹਮਪੁਰਾ ਚੱਕਤਾ ਤੇ ਉਹਨੇ ਸੇਖਵਾਂ, ਅਜਨਾਲਾ, ਤੋਤਾ ਸਿੰਘ ਦੁਚਿੱਤੀ ਵਿੱਚ, ਜਦੋਂ ਬ੍ਰਹਮਪੁਰੇ ਨੇ ਦੇਖਿਆ ਬਾਜੀ ਪੁੱਠੀ ਪੈ ਗਈ ਤਾਂ ਤੋਤਾ ਸਿੰਘ ਕਹਿੰਦਾ ਜਾਹ ਜਾ ਕੇ ਬਾਦਲ ਸਾਹਬ ਨੂੰ ਕਹਿ ਇਕ ਫੂਨ ਮੈਨੂੰ ਕਰ ਲੈਣ ਮੈਂ ਮੁੜਨਾ ਹੈ, ਤੋਤਾ ਸਿੰਘ ਨਾਲ ਭਾਈਬੰਦ ਨੇ ਦੱਸਿਆ ਕਿ ਜਦੋਂ ਹੀ ਤੋਤਾ ਸਿੰਘ ਨੇ ਇਹ ਕਿਹਾ, ਬਾਦਲ ਸਾਹਬ ਦੁਖੀ ਸਨ ਉਹ ਕਹਿੰਦੇ, ਮੈਂ ਨੀ ਕਿਸੇ ਨੂੰ ਫੂਨ ਕਰਨਾ ਜੀਹਨੇ ਜਿਥੇ ਜਾਣਾ ਜਾਵੇ, ਤੋਤਾ ਸਿੰਘ ਖੜ੍ਹਾ ਪਰ ਛੱਡ ਕੇ ਨਾ ਗਿਆ, ਅਖੀਰ ਬ੍ਰਹਮਪੁਰਾ ਆਪੇ ਹੀ ਮੁੜ ਆਇਆ ਪਰ ਪੱਰ ਕਟੇ ਜਾਣ ਉਡਨਾ ਕਿਵੇਂ? ਸਾਰਿਆਂ ਦਾ ਹੀ ਭੋਗ ਪਾ ਤਾ ਢੀਂਡਸੇ ਨੇ ਹੁਣ ਆਹ ਸਭ ਨੂੰ ਅਧਰੰਗ ਕਰਵਾਊ।

ਪਾਰਟੀਆਂ ਮਰਦੀਆਂ ਨੀ ਹੁੰਦੀਆਂ ਕਮਜ਼ੋਰ ਹੋ ਕੇ ਹੌਲੀ ਹੌਲੀ ਤਕੜੀਆਂ ਹੋਣਗੀਆਂ, ਕਾਂਗਰਸ 'ਤੇ ਕੀ ਨਹੀਂ ਵਾਪਰਿਆ, ਪਰ ਆਹ ਪੰਥ ਬਣੇ ਪਰਖੇ ਜਾਣਗੇ, ਭੁੱਲਾਂ ਬਖਸ਼ਾਉਣ ਹੁਣ ਕਿਉਂ? ਪਹਿਲਾਂ ਭੁੱਲਾਂ ਦਾ ਪਤਾ ਨਹੀਂ ਸੀ ਆਪਣੀ ਪੱਤ ਲੁਹਾਉਂਦੇ ਫਿਰਦੇ ਨੇ ਲੋਕਾਂ ਵਿੱਚ, ਇਕ ਜਾਣਕਾਰੀ ਸਾਂਝੀ ਕਰਾਂ: ਰੱਬ ਦੇ ਬੰਬੀਹੇ ਯੂਟੂ ਤੇ ਇਕ ਪੱਤਰਕਾਰ ਪਾਧ੍ਹਾ ਭੀ ਹੈ ਕਹਿੰਦਾ ਅਸੀਂ 15 ਸਾਲ ਪਹਿਲਾਂ ਪੁੱਛਿਆ ਦੇ ਦਿੱਤੀ ਸੀ ਕਿ ਅਕਾਲੀ ਦਲ ਦਾ ਆਹ ਹਾਲ ਹੋਣਾ ਏ, ਯਾਨੀ ਇਹ ਸਰਕਾਰੀ ਭੱਤਿਆਂ 'ਤੇ ਪੜਨੇ ਨੌਕਰੀਆਂ ਲੈਣੇ ਕਾਂਗਰਸੀ 15 ਸਾਲ ਤੋਂ ਪਿੱਛੇ ਪਏ ਨੇ ਦਲ ਦੇ ਹਾਲੇ ਦੋ ਹਫ਼ਤੇ ਹੋਏ ਪੀਰ ਮੁਹੰਮਦ ਨੂੰ ਸੁਆਗਤ ਕਰਦੇ ਸੀ, ਇਹ ਪੱਤਰਕਾਰ ਹੈ ਜਾਂ ਢਾਡੀ, ਪਤਾ ਨਹੀਂ ਕੀ ਖਾਂਦਾ ਹੈ ਸਿਹਤ ਸਬੰਧੀ ਜਾਣਕਾਰੀ ਦੇ ਦਿਆਂ ਚੈਨਲ ਲੋਕਾਂ ਨੂੰ ਲਾਭ ਹੋ ਸਕੇ ਸਾਹ ਹੀ ਨਹੀਂ ਲੈਂਦਾ, ਅਸੀਂ ਆਹ ਆਖਦੇ ਹਾਂ ਕਿ 25 ਸਾਲ ਹੁਣ ਅਕਾਲੀ ਬੱਸ ਪਾਠ ਪੂਜਾ ਕਰਨ ਫੇਰ ਅਸੀਂ ਦੇਖਾਂਗੇ ਕਿ ਇਨ੍ਹਾਂ ਨੂੰ ਮੰਨਣਾ ਹੈ ਜਾਂ ਨਹੀ, ਇਸ ਨੂੰ ਵੱਡੀ ਗਾਲ੍ਹ ਕੱਢਣ ਨੂੰ ਜੀਅ ਕਰਦਾ ਹੈ ਕਿ ਤੂੰ ਹੈਂ ਕੌਣ ਆ ਕੇ ਇਸ ਦੇਸ਼ ਵਿੱਚ ਵੱਸ ਹਾਲੇ ਇਹ ਪੰਥ ਹੈ ਲਿਖਣਾ ਤਾਂ ਨਹੀਂ ਚਾਹੀਦਾ ਰੱਬ ਦੀ ਕਰਨੀ ਹੈ ਕਿਵੇਂ ਇਸ ਚੈਨਲ ਨੇ ਪਹਿਲਾਂ ਹੋਰ ਫੇਰ ਹੋਰ ਕਿਵੇਂ ਹਰ ਵੇਲੇ ਦਿਉ ਪੈਸੇ ਅਸੀਂ ਫੀਸ ਤਾਰਨੀ ਹੈ ਕਦੋਂ ਦਾ ਸੰਘ ਪਾੜ ਰਹੇ ਸਨ ਅਖੀਰ ਹੁਣ ਹੋਰ ਥਾਂ ਸ਼ਰਨ ਲੈਣੀ ਪਈ ਹਾਲੇ ਅਕਾਲੀਆਂ 'ਤੇ ਨਜਲਾ ਸਿਟਣੋ ਨਹੀਂ ਟਲਦੇ ਕਿ ਸਾਡੇ ਨਾਲ ਭੀ ਕਿਹੜੀ ਹੋਣੀ ਹੈ ਮੁਫ਼ਤ ਦੇ ਪ੍ਰੋਗਰਾਮ ਦੇਣੇ ਲਾਹੇ ਲੈਂਦੇ ਨੇ ਪੱਤਰਕਾਰ ਥੋੜ੍ਹੀ ਸੁਘੜਤਾ ਨਾਲ ਬੋਲਦਾ ਹੈ ਪਰ ਇਹ ਤਾ ਜਿਮੇ ਬੈਟਰੀ 'ਤੇ ਚੱਲਦਾ ਹੈ, ਜਿਥੇ ਅਕਾਲੀ ਤੇ ਸ਼੍ਰੋਮਣੀ ਕਮੇਟੀ ਵਿਰੁੱਧ ਮਿੱਠੇ ਚੌਲਾਂ ਦਾ ਜੱਗ ਲੱਗਿਆ ਹੋਵੇ ਭੱਜਦਾ ਹੈ, ਠੀਕ ਹੈ ਸਾਂਈ ਦੀ ਦਯਾ ਹੋਵੇ ਤਾਂ ਹੀ ਬੁੱਧੀ ਸਥਿਰ ਰਹਿੰਦੀ ਹੈ। ਪਰ ਅਸੀਂ ਹੁਣ ਪ੍ਰਭੂ ਤੋਂ ਦੂਰ ਹਾਂ ਬੰਧਨ ਕਾਟਿ ਕਰੇ ਮਨੁ ਨਿਰਮਲੁ : ਇਹ ਬਾਗੀ ਧੜ੍ਹੇ ਨੂੰ ਸ਼ਾਬਾਸ਼ੇ ਦਿੰਦੇ ਨੇ ਕਿ ਅਕਾਲੀ ਦਲ ਨੂੰ ਨਸ਼ਟ ਕਰ ਰਹੇ ਹਨ, ਅਕਾਲ ਤਖ਼ਤ ਦੇ ਪੇਸ਼ ਹੋਣ ਨਹੀਂ ਇਹ ਤਾਂ ਬਦਨਾਮੀ ਕਰਨ ਗਏ ਨੇ ਕੀ ਜਥੇਦਾਰ ਆਖ ਦੇਊ ਕਿ ਧਮੱਚੀ ਪਾਉ, ਨਾਲੇ ਇਹ ਮੰਨ ਲੈਣਗੇ ਇਹ ਤਾਂ ਚੱਕੇ ਨੇ ਭਾਜਪਾ ਦੇ, ਹੋਰ ਦੇਖੋ ਦਿੱਲੀ ਕਮੇਟੀ ਕਾਲਕਾ ਬਾਲਕਾ ਕਿਵੇਂ ਬੈਠ ਅੰਮ੍ਰਿਤਪਾਲ ਦੇ ਹੱਕ ਵਿੱਚ ਨਿਤਰੇ, ਹਾਲੇ ਸਬੂਤ ਹੋਰ ਚਾਹੀਦੇ ਨੇ ਕਿ ਇਹ ਸਾਰਾ ਡਰਾਮਾ ਕੌਣ ਕਰਵਾ ਰਿਹਾ ਹੈ, ਜੀਹਨੇ ਸਾਈਕਾਲੋਜੀ ਮਜਬੂਨ ਪੜ੍ਹਿਆ ਹੈ ਮੁਹਾਂਦਰੇ ਪੜ੍ਹ ਲੈਂਦੇ ਨੇ ਮੈਂ ਤਾਂ ਝੱਟ ਪਰਖ ਕਰਦੀ ਹਾਂ ਆਹ ਕਾਲਕਾ ਬੋਲ ਤਾਂ ਰਿਹਾ ਸੀ, ਪਰ ਹਿਜ਼ ਮਾਸਟਰ ਵੋਇਸ, ਉਡੀਕੋ ਦਿੱਲੀ ਗੁਰ-ਦੁਆਰਾ ਚੋਣਾਂ ਵਿੱਚ ਇਨ੍ਹਾਂ ਦਾ ਹਾਲ ਜੇਕਰ ਅੰਮ੍ਰਿਤਪਾਲ, ਪਰਿਵਾਰ ਤੇ ਸਮਰਥੱਕ ਸਿੱਖ ਹਨ ਤਾਂ ਮੇਰਾ ਇਕ ਪ੍ਰਸ-ਤਾਵ ਕਿ ਅਕਾਲ ਤਖ਼ਤ 'ਤੇ ਜਾਣ ਦੱਸਣ ਗੁਰੂ ਗ੍ਰੰਥ 'ਤੇ ਹੱਥ ਧਰ ਕੇ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਏਜੰਸੀ ਦਾ ਬੰਦਾ ਮਿਲਣ ਗਿਆ ਫੇਰ ਅੰਮ੍ਰਿਤਪਾਲ ਨੇ ਚੋਣ ਦਾ ਐਲਾਨ ਕੀਤਾ ਇਹ ਸਹੁੰ ਚੁੱਕਣ ਕਿ ਅਸੀਂ ਏਜੰਸੀ ਦੇ ਆਸਰੇ ਨਹੀਂ, ਸਰਬਜੀਤ ਸਿੰਘ ਭੀ ਚੁੱਕੇ ਸਹੁੰ ਕਿ ਮੈਂ ਤਾਂ ਆਪੇ ਹੀ ਖੜ੍ਹਾ ਹੋਇਆ ਕਰਨ ਇਹ ਪ੍ਰਤਿਗਿਆ ਆਪੇ ਸਬੂਤ ਲੋਕਾਂ ਸਾਹਮਣੇ, ਪਰ ਕਰਨਗੇ ਨਹੀਂ, ਪੰਜਾਬ ਨੂੰ ਬਰਬਾਦ ਕਰਨ ਦੇ ਮਨਸੂਬੇ ਫੇਰ ਕਹਿਣਗੇ ਜੀ ਅਤਿਵਾਦ ਹੈ ਤਾਂ ਅਸੀਂ ਕਬਜ਼ਾ ਕੀਤਾ ਬੱਸ ਕੰਡਾ ਤਾਂ ਅਕਾਲੀ ਦਲ ਹੈ ਜੋ ਚੁੱਭਦਾ ਸੀ, ਹੁਣ ਇਹ ਸਿਮਰਨਜੀਤ ਮਾਨ ਨੂੰ ਭੀ ਨਹੀਂ ਪੁੱਛਦੇ ਭਾਵੇਂ ਉਹ ਤਾਂ ਹਾਲੀਆ ਪਾਕਿਸਤਾਨ ਪੱਖੀ ਸੀ ਆਹ ਹਰਪਾਲ ਸਿੰਘ ਬਲੇਰ ਭੀ ਇੱਜ਼ਤ ਬਚਾਉਣ ਲਈ ਬੋਲਦਾ ਹੈ ਪੁੱਛਦੇ ਉਹ ਇਹਨੂੰ ਭੀ ਨਹੀਂ, ਬੀਬੀ ਖਾਲੜਾ ਭੀ ਆਪਣੀ ਚੜਤ ਲਈ ਤਸਵੀਰੀ ਹੈ ਵਰਨਾ ਅੰਮ੍ਰਿਤਪਾਲ ਦਾ ਪਰਿਵਾਰ ਤਾਂ ਆਪਣੇ ਆਪ ਵਿੱਚ ਇਕ ਜਥੇਬੰਦੀ ਹੈ। ਉਹਨੂੰ ਪਤਾ ਹੈ ਕਿ ਗੰਡੇ ਦੇ ਪਤ ਉਘੜਨ ਲੱਗੇ ਤਾਂ ਸਭ ਭੇਤ ਖੁੱਲ੍ਹਣਗੇ, ਖੁੱਲ੍ਹਣੇ ਤਾਂ ਹਨ ਹੀ, ਕੀ ਕੇਜਰੀਵਾਲ ਦਾ ਨੀ ਪਤਾ ਲੱਗਿ-ਆ ਕਿ ਧਨ ਵਿਦੇਸ਼ਾਂ ਤੋਂ ਆਇਆ ਸੀ ਹੁਣ ਈਮਾਨਦਾਰੀ ਬੁੜਕਦੀ ਹੈ,

ਬਾਕੀ ਹਿਸਾ ਸਫ਼ਾ 46 ਤੇ ਪੜੋ →

### 45 ਸਫ਼ੇ ਦੀ ਬਾਕੀ

ਭਗਵੰਤ ਮਾਨ ਦਾ ਤਾਂ ਗੁੱਡਾ ਬੰਨ ਰਹੇ ਹਨ, ਸੱਚ ਨੀ ਲੱਗਦਾ ਰਹੀ ਗੱਲ ਸੁਖਪਾਲ ਖਹਿਰਾ ਉਹ ਤਾਂ ਰਿੰਨੀ ਪੱਕੀ ਪਾਵੇ ਪਾਣੀ ਹੈ ਹਰ ਵੇਲੇ ਦੂਜਿਆਂ ਦਾ ਡੌਰੂ ਆਪ ਪਤਾ ਨਹੀਂ ਕਿੰਨੇ ਘੜਿਆਂ ਦਾ ਪਾਣੀ ਪੀ ਕੇ ਹੁਣ ਕਾਂਗਰਸੀ ਆਗੂ ਬਨਣ ਲਈ ਤਹੂ ਪਰ ਲੱਗਦਾ ਨੀ ਕੋਈ ਨੇੜੇ ਲੱਗਣ ਦੇਵੇ ਜਗਾ ਜਗਾ ਕੇ ਮੀਤ ਕੋ ਪਹਿਲਾਂ ਤਾਂ ਭਗਵੰਤ ਮਾਨ ਦਾ ਮੀਤ ਸੰਗਰੂਰ ਜਤਾ ਕੇ ਹੁਣ ਫੇਰ ਜੜ੍ਹਾਂ ਪੱਟਣ 'ਤੇ, ਬੰਦੇ ਦਾ ਵਿਸ਼ਵਾਸ਼ ਨੀ ਰਹਿੰਦਾ ਭਾਵੇਂ ਕਿ ਸਿਆਸੀ ਤਾਂ ਵਿਸ਼ਵਾਸ਼ ਦਾ ਨਉਂ ਘੱਟ ਹੀ ਜਾਣਦੇ ਨੇ ਕੋਈ ਧਰਮੀ ਜਰੂਰ ਇਹਦੇ ਹਾਮੀ ਹੁੰਦੇ ਨੇ ਪੰਜਾਬ ਦੇ ਦੋ ਹੀ ਮੁੱਖ ਮੰਤਰੀ ਪਹਿਲਾਂ ਪ੍ਰਤਾਪ ਸਿੰਘ ਕੈਰੋਂ ਭਾਵੇਂ ਕਾਂਗਰਸੀ ਪਰ ਪੰਜਾਬੀ ਹੁਣ ਸਵ: ਬਾਦਲ ਸਾਹਬ ਪਰ ਆਹ ਲਾਣਾ ਪੰਜਾਬ ਹਿਤੈਸ਼ੀ ਨਹੀਂ ਹਨ ਭਾਂਤ ਭਾਂਤ ਦੀ ਲਕੜੀ ਹੈ।

**ਘੜਾ ਦੇਖ ਨਾ ਲਿਆ ਟਣਕਾ ਕੇ ਖਾ ਲਿਆ ਧੋਖਾ ਆਹੀ ਹਾਲ ਹੁਣ ਹੈ! ਜਦ ਮੈਂ ਰਿੰਨ੍ਹੀਆਂ ਸੇਮੀਆਂ ਜੱਟ ਨੂੰ ਚੜ੍ਹ ਗਿਆ ਚਾਅ** ਬਸ ਖਾਣ ਨੂੰ ਪਤਾ ਨੀ ਕੀਹਨੂੰ ਮਿਲਣੀਆਂ ਹਨ ਅੱਜ ਬੜੇ ਘੋੜਿਆਂ 'ਤੇ ਸਵਾਰ ਹੋਏ ਫਿਰਦੇ ਨੇ ਜੀ ਅਸੀਂ ਅਕਾਲੀ ਦਲ ਢਾਅ ਲਿਆ, ਪਰ ਭੁੱਲੋ ਨਾ **ਖਿਡਾਰੀ ਦੌਦੀ ਦੇ ਕੇ ਥੱਲੇ ਸਿੱਟ ਕੇ ਉੱਠਣ ਜੋਗਾ ਨਾ ਛੱਡਦਾ, ਧੂਤ ਕੜੀਏ** ਤਾਂ ਬੱਸ ਜੀ ਸੁਖਬੀਰ ਅਸਤੀਫਾ ਦੇਵੇ, ਇਹ ਕੌਣ ਅਖਵਾ ਰਿਹਾ ਹੈ। ਸੁਣੋ, ਢੀਂਡਸਾ ਲੱਗਿਆ ਸੀ, ਪਿੱਛੇ ਮਾਰੋ ਝਾਤੀ: ਇਹਨੇ ਬ੍ਰਹਮਪੁਰਾ ਧੜਾ ਦਾਗੀ ਕਰਕੇ ਛੱਡਿਆ, ਤੋਤਾ ਸਿੰਘ ਭੀ ਬਾਦਲ ਸਾਹਬ ਦੀਆਂ ਨਜ਼ਰਾਂ ਵਿੱਚ ਗਿਰ ਗਿਆ ਸੀ ਜਦੋਂ ਆਖਣ ਗਿਆ ਤੁਸੀਂ ਬ੍ਰਹਮਪੁਰੇ ਨੂੰ ਬੱਸ ਇਕ ਟੈਲੀਫੂਨ ਕਰ ਲਉ ਉਹ ਮੁੜਨ ਨੂੰ ਬੈਠਾ ਹੈ, ਬਾਦਲ ਸਾਹਬ ਕਹਿੰਦੇ ਜੀਹਨੇ ਜਾਣਾ ਜਾਵੇ ਮੈਂ ਨੀ ਕਿਸੇ ਨੂੰ ਫੂਨ ਕਰਨਾ, ਫੇਰ ਗੰਦ ਖਿਲਾਰ ਕੇ ਆਪੇ ਹੀ ਮੁੜ ਆਇਆ ਸੀ ਪਰ ਅੱਜ ਪੁੱਤ ਰਵਿੰਦਰ ਸਿੰਘ ਕਿਥੇ? ਮੈਂ ਉਦੋਂ ਈ.ਮੇਲ ਪਾਇਆ ਕਿ ਭਾਈ ਦੁਕਾਨਦਾਰ ਰੇੜ੍ਹੀ ਲਉਂਦਾ ਸਜਦਾ ਨੀ ਨਾ ਗੁੱਲ ਖਲਾਰੋ ਤਾਂ **ਬ੍ਰਹਮਪੁਰੇ ਦੇ ਪੁੱਤਰ ਨੇ ਈ.ਮੇਲ ਪਾਇਆ ਅਸੀਂ ਤੈਨੂੰ ਪੰਥਕ ਸਮਝਦੇ ਸੀ ਤੂੰ ਤਾਂ ਬਾਦਲਾਂ ਵਰਗੀ ਨਿਕਲੀ, ਸਾਨੂੰ ਮੱਤਾਂ ਨਾ ਦੇਹ,** ਢੀਂਡਸਾ ਯੂ.ਕੇ. ਅਕਾਲੀ ਦਲ ਦਾ ਵਾਗਡੋਰ ਆਪਣੇ ਕਬੱਡੀ ਖਿਡਾਰੀ ਨੂੰ ਬਿਜ਼ਨੈਸ ਪਾਰਟਨਰ ਨੂੰ ਪੱਗੜੀ ਬੰਨਾ ਅਕਾਲੀ ਦਲ ਦਾ ਭੋਗ ਪਾ ਗਿਆ, ਮੈਂ ਜਦੋਂ ਇਹ ਮਨਜਿੰਦਰ ਸਿੰਘ ਸਿਰਸੇ ਨਾਲ ਆਇਆ ਤਾਂ ਟੈਲੀਫੂਨ 'ਤੇ ਸਲਾਹ ਦਿੱਤੀ ਕਿ ਹੁਣ ਸਭ ਅਕਾਲੀਆਂ ਨੂੰ ਮਿਲ ਪਰ ਨਾ ਜੀ, ਭਾਵੇਂ ਇਹਦੇ ਥਾਪੇ ਪ੍ਰਧਾਨ ਨੇ ਮੇਰੇ ਮੂੰਹ 'ਤੇ ਇਹਨੂੰ ਕਿਹਾ ਸੀ ਕਿ ਸੱਚ ਤਾਂ ਇਹ ਹੈ ਇਹ ਕੱਲੀ ਹੀ ਝੰਡਾ ਚੁੱਕੀ ਰੱਖਦੀ ਸੀ ਪਰ ਇਹ ਤਾਂ ਕੁਝ ਹੋਰ ਵਿਉਂਤ ਬਣਾਈ ਬੈਠਾ ਸੀ, ਮੈਂ ਭਾਵੇਂ ਦੁਖੀ ਤਾਂ ਹਾਂ ਪਰ ਆਸ਼ਾਵਾਦੀ ਹੋਣ ਕਰਕੇ ਹਿੰਮਤ ਰੱਖਦੀ ਹਾਂ ਕਿ ਭਲੇ ਦਿਨ ਆਵਣਗੇ ਤੇ ਉਹ ਭੀ ਯਾਦ ਰੱਖਦੀ ਹਾਂ ਕਿ **ਦਿਨੇ ਦਖਾ ਦੂ ਤਾਰੇ ਤੇਰਾ ਵੈਲੀ ਯਾਰ, ਇੰਕਸ਼ਾਫ ਕਰਾਂ ਸੁਖਬੀਰ ਸਿੰਘ ਬਾਦਲ ਦਾ ਜੋ ਬੋਲ ਸੀ ਕਿ ਜੇਕਰ ਮੈਂ ਗਿਆ ਪੱਕਾ ਹੀ ਜਾਊਂ ਪੜਚੋਲ ਕੇ ਪਰਖੋ ਤੁਹਾਨੂੰ ਭੱਠੀ 'ਤੇ ਦਾਣੇ ਭਨਾਉਣ ਲਈ ਨੀ ਬੈਠਣ ਦੇਣਾ।** ਸੁਣੋ ਕਿਉਂ ਜਦੋਂ ਵੈਰੀ ਨਾਲ ਸਾਂਝਾ ਪਾ ਲਵੋ, ਖਤਰਾ ਹੀ ਖਤਰਾ ਸੁਖਬੀਰ ਸਿੰਘ ਬਾਦਲ ਦਾ ਖੇਤਰ ਉਹਦੇ ਕੋਲ ਵਪਾਰਕ ਤਜਰਬਾ ਹਰਿਆਣੇ ਜਾਇਦਾਦ, ਦਿੱਲੀ ਵਿੱਚ ਭੀ ਸਹਿਯੋਗੀ, ਕੀ ਲੈਣਾ ਹੈ ਤੁਹਾਤੋਂ ਢੁੱਚਰਾਂ ਸੁਣਕੇ ਪਰ ਤੁਹਾਨੂੰ ਹੜੱਪ ਕਰਨਗੇ ਕਿਸਾਨ ਆਗੂ ਤਾਂ ਹਨ ਹੀ ਕਾਂਗਰਸੀ, ਭਾਜਪਾ ਆਪ ਹਾਵੀ ਹੋਊ ਤੁਹਾਡੇ ਕੋਲ ਮਾਊ ਘਰ ਬਾਰ ਜਬਤ ਤੁਸੀਂ ਫੇਰ ਕਿਰਾਏਦਾਰ ਜਾਹ ਤੁਰੇ ਫਿਰਿਉ ਮੂੰਗਰਾ ਖਾਂਦੇ ਅਚੱਵੀ ਲੱਗੀ ਹੈ ਹੁਣ ਪ੍ਰਧਾਨਗੀ ਦੀ ਨਹੀਂ ਬੱਸ ਭਾਜਪਾ ਵਿੱਚ ਭਾਈਵਾਲੀ ਦੀ, ਲਿਖਦੀ ਜਾਵਾਂ ਭਾਈਵਾਲੀ ਪਾਰਟੀ ਦੀ ਹੁੰਦੀ ਹੈ, ਵਿਅਕਤੀਆਂ ਦੀ ਨਹੀਂ, ਭਲਾ ਕੀ ਲੈਣਾ ਹੈ ਤੁਹਾਡੇ ਕੋਲੋਂ ਮੋਦੀ ਨੇ, ਉਹਨੇ ਤਾਂ ਪੈਰ ਉਖਾੜਨੇ ਨੇ ਜੋ ਤੁਸੀਂ ਪੱਧਰਾ ਕਰੀ ਜਾ ਰਹੇ ਹੋ। ਰਹੀ ਗੱਲ ਗਿਆਨੀ ਹਰਿਪ੍ਰੀਤ ਸਿੰਘ ਦੀ ਉਹ ਤਾਂ ਯੂ.ਕੇ. ਆ ਕੇ ਗੁੱਲ ਖਿਲਾਰ ਗਿਆ ਸੀ ਬੁੱਤ ਉਦਘਾਟਣ 'ਤੇ ਫੇਰ ਰਾਘਵ ਚੱਢੇ ਦੇ ਵਿਆਹ 'ਤੇ ਹੁਣ ਕਹਿੰਦਾ ਵਿਚਾਰ ਕਰ ਸਕਦਾ ਹਾਂ ਪ੍ਰਧਾਨਗੀ ਦੀ **ਤੂੰ ਗ੍ਰੰਥੀ ਹੈਂ ਧਰਮ ਦਾ ਓਟ ਆਸਰਾ ਲੈ, ਫਤਿਹ ਸਿੰਘ ਸੰਤ ਸੀ, ਲੌਂਗੋਵਾਲ ਸੰਤ ਸਨ ਨਾਲੇ ਸਮਾਂ ਹੋਰ ਸੀ**, ਹੁਣ ਤਾਂ ਰੱਬ ਨੂੰ ਅਗਲੇ ਸਵਾਲ ਕਰਕੇ ਸੁੰਨ ਕਰੀ ਜਾਂਦੇ ਨੇ ਤਾਂ ਤੁਸੀਂ ਕੀਹਦੇ ਪਾਣੀ ਹਾਰ ਸੰਵੇਦਨਸ਼ੀਲਤਾ ਨਹੀਂ ਤਾਂ ਧਰਮ ਦਾ ਪ੍ਰਚਾਰਕ ਕਿਵੇਂ ਬਣ ਸਕਦਾ ਹੈ, ਭਾਵੇਂ ਸਾਰੇ ਦੇ ਸਾਰੇ ਪ੍ਰਚਾਰਕ ਰੱਸੀ ਨਾਲ ਬੰਨਣ ਜੋਗੇ ਨੇ ਇਹ ਤਾਂ ਡੁੱਗ ਡੁਗੀਏ ਨੇ, ਹੋਰ ਸੁਣੋ ਭਾਈ ਸਾਹਬ ਦੀ ਉਪਾਧੀ ਸਸਤੀ, ਅੰਮ੍ਰਿਤਪਾਲ ਭਾਈ ਸਾਹਬ ਹਾਲੇ ਤੱਕ ਕਿਸੇ ਹੋਰ ਨੂੰ ਇੰਨੀ ਪ੍ਰਸਿੱਧੀ ਨਹੀਂ ਮਿਲੀ ਹਾਂ ਦੀਪ ਸਿੱਧੂ ਭੀ ਮੋਨੇ ਤੋਂ ਕਿਰਪਾਨ ਚੁੱਕ ਬਣਿਆ, ਸਭ ਗਤੀਵਿਧੀਆਂ ਸ਼ੱਕੀ ਹਨ ਅਕਾਲ ਤਖ਼ਤ ਦਾ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭੀ ਜਵਾਬ ਦੇਹ ਹਨ, ਕਿਉਂ ਸ਼੍ਰੋਮਣੀ ਕਮੇਟੀ ਨੇ ਇਹਦੇ ਕੇਸ 'ਤੇ ਦਸਵੰਧ ਵਕੀਲ ਸਿਆਲਕੇ ਲਈ ਬਰਬਾਦ ਕੀਤਾ ਦੇਵੇ ਜਵਾਬ, ਤੁਹਾਡਾ ਭੀ ਥੱਲਾ ਲਾਇਆ, ਸੁਖਬੀਰ ਸਿੰਘ ਬਾਦਲ ਠੀਕ ਕਹਿੰਦਾ ਸੀ ਅੰਮ੍ਰਿਤਪਾਲ ਲਈ ਪਰ ਹਵਾ ਐਸੀ ਉਹਨੂੰ ਭੀ ਮੂੰਹ ਬੰਦ, ਹੁਣ ਭਾਜਪਾ ਦੇ ਪਾਜ ਉਘੜ ਜਾਣੇ ਹਨ ਜੇਕਰ ਕਾਂਗਰਸ ਸੁਹਿਰਦ ਹੋਵੇ ਕਿ ਇਹ ਸਭ ਫਿਲਮ ਭਾਜਪਾ ਦੀ ਹੈ। ਕਰਤਾਰ ਤਾਂ ਸਜਾ ਦੇ ਰਿਹਾ ਹੈ ਕਿਵੇਂ ਨਵੇਂ ਬਣੇ ਮੰਦਿਰ ਵਿੱਚ ਛੱਤ ਚੋਂਆ, ਆਹ ਯੋਗੀ ਅਦਿੱਤਿਆਨਾਥ ਦੇ ਖੇਮੇ ਬੰਦੇ ਰੱਬ ਨੂੰ ਪਿਆਰੇ ਹਾਂ ਦੁੱਖ ਕਿ ਸਜਾ ਬੇਗੁਨਾਹਾਂ ਨੂੰ ਮਿਲ ਰਹੀ ਹੈ, ਪਰ ਸੁਨੇਹੇ ਸਰਕਾਰਾਂ ਨੂੰ ਸਮਝਣ ਤਾਂ ਆਹ ਜੋ ਇਕ ਚੈਨਲ ਹੈ ਇਹਨੇ ਤਾਂ ਕਈ ਸਾਲ ਹੋ ਗਏ ਭੈਰਮੀ ਚੁੱਕੀ ਨੂੰ ਪਹਿਲਾਂ ਹੋਰ ਮੱਕੂ ਹੁਣ ਹੋਰ ਮਾਂਝੇ ਦਾ ਤਾਂ ਨਾ ਸੌਂਦਾ ਹੈ ਨਾ ਟਿਕਦਾ ਹੈ ਬੱਸ (ਪਹਿਲਾਂ ਮੋਨਾ ਹੁੰਦਾ ਸੀ) ਹੁਣ ਸਿੰਘ ਬੱਸ ਭਾਈ ਸਾਹਬ ਦੀ ਖੱਟੀ ਖਾਂਦਾ ਹੈ, ਭਾਅ ਦੀ ਬਣਾਈ ਰੱਖਦਾ ਹੈ, ਲੱਗਦਾ ਪੰਜਾਬ ਵਿੱਚ ਤਾਂ ਹੁਣ ਸਿੱਖ ਧਰਮ ਨਵਾਂ ਹੈ, ਆਹ ਮੇਰੇ ਭਰਾ ਇਥੇ ਚੈਨਲ 'ਤੇ ਦੁਹਾਈ ਪਾਉਂਦੇ ਨੇ ਜੀ ਅਸੀਂ ਮੂਰਤੀ ਪੂਜਾ ਨੀ ਕਰਦੇ, ਪਰ ਗੁਰਦੁਆਰੇ ਅੰਦਰ-ਬਾਹਰ ਮੂਰਤਾਂ ਨਾਲ ਭਰੇ ਤੇ ਬੁੱਤ ਭੀ ਬਣਵਾਏ ਮੂਰਤੀ ਕਾਗਜ਼ ਹੈ ਤਾਂ ਬੁੱਤ ਕੀ ਕੋਈ ਸਿਵਾਏ ਮੇਰੇ ਤੋਂ ਕਦੀ ਕੋਈ ਵਿਰੋਧ ਕਰਦਾ ਹੈ, ਹਰ ਗੁਰੂ ਘਰ ਸ਼ਾਮਿਲ ਹੈ। ਇਥੇ ਹੀ ਬੱਸ ਨਹੀਂ ਹੁਣ ਤਾਂ ਗੁਰੂ ਘਰਾਂ ਵਿੱਚ ਆਹ ਸੰਤਾਂ ਦੀ ਬਰਸੀ ਆਹ ਗੁਰੂ-ਵਿਆਹ ਆਦਿ, ਬੱਚਿਆਂ ਦੇ ਵਿਆਹਾਂ 'ਤੇ ਖਰਚ ਨਾ ਕਰੋ ਪਰ ਗੁਰੂ ਵਿਆਹ ਪੁਰਬ ਮਨਾਉ ਇਸ ਸਭ ਸਾਧ-ਮੱਤ ਤੇ ਹੁਣ ਚੈਨਲਾਂ ਦੀ ਖੱਟੀ ਧਰਮ ਬਣਾ ਲਿਆ, ਮੰਨਣਾ ਪਵੇਗਾ ਕਿ ਜਦੋਂ ਕੋਈ ਧਰਮ, ਸੂਬਾ ਜਾਂ ਦੇਸ਼ ਝਾਕ ਵਿੱਚ ਜੀਊਣ ਲੱਗ ਪਵੇ ਤਾਂ ਸਮਝੋ ਆਪਣਾ ਹੋਂਦ ਗੁਆ ਬੈਠਦਾ ਹੈ। ਹੁਣ ਦੇਖੋ ਕਿਵੇਂ ਅੰਮ੍ਰਿਤਪਾਲ ਨੂੰ ਪਰੰਬਰ ਬਣਾਈ ਫਿਰਦੇ ਨੇ ਕੋਈ ਭੈਰਮੀ ਲਿਆਉਣਗੇ, ਰਹੀ ਗੱਲ ਅਕਾਲੀ ਦਲ ਦੀ ਵਿਚੋਲਗੀਰੀ ਭੀ ਸੋਚ ਕੇ ਕਰਨ, ਭੱਜ ਤੜੱਕੇ ਹੋਏ ਅਗਲਾ ਘਰ ਦੇਖਣ ਬਿਨਾ ਹਟਣਗੇ ਨਹੀਂ ਅਖੇ **ਆ ਦਿਉਰਾ ਤੈਨੂੰ ਅੱਡ ਕਰ ਦੇਵਾਂ, ਦੇ ਕੇ ਸੇਰ ਕੁ ਆਟਾ, ਵੇ ਨਿੱਤ ਕੌਣ ਲੜੇ, ਕੌਣ ਪਟਾਵੇ ਝਾਟਾ।**

ਬੱਸ ਹੁਣ ਜਾਣ ਦੇਣ ਵਿੱਚ ਹੀ ਭਲਾ ਹੋਰ ਨਾਲ ਰਲ੍ਹਣ ਨੂੰ ਬੈਠੇ ਨੇ ਉਨ੍ਹਾਂ ਨੂੰ ਸੰਭਾਲੋ। ਵੈਸੇ ਸਾਰਥਕ ਨੁਕਤਾਚੀਨੀ ਗੁਣਕਾਰੀ, ਊਲ ਜਲੂਲ ਧਿਰਕਾਰੀ ਪਰ ਕਿਸੇ ਮੁੱਦੇ 'ਤੇ ਕਰੋ ਨਾ ਕਿ ਆਪਣੇ ਹਿੱਤਾਂ ਲਈ, ਸਾਰਾ ਸਮਾਂ ਕੇਵਲ ਅਕਾਲੀ ਦਲ ਦੀ ਹੀ ਨਿੰਦਿਆ ਬੁਲਾਰੇ ਕੀ ਚੈਨਲ ਕੀ ਇਹ ਮੱਕਾਰੀ ਹੁੰਦੀ ਹੈ ਦਿਆਨਤਦਾਰੀ ਨਹੀਂ। ਹੁਣ ਭਗਵੰਤ ਮਾਨ ਸਰਕਾਰ ਬੇਹੀ ਹੋ ਗਈ ਕਦੇ ਵਿਦੇਸ਼ੀ ਵਹੀਰਾਂ ਘਤ ਗਏ ਮਨੁੱਖ ਵਿੱਚੋਂ ਹੁਣ ਸੁਹਿਰਦਤਾ ਮੁੱਕ ਗਈ ਬੱਸ ਚਤੁਰਾਈ ਰਹਿ ਗਈ ਮਾਨਸਿਕਤਾ ਹੀ ਬੇਹਬਲ ਹੋ ਗਈ ਭਟਕਦੀ ਫਿਰਦੀ ਹੈ। ਬਿਨਾਂ ਪਾਈ ਮੌਜੇ ਲਾਹ ਤੁਰਦੇ ਨੇ ਆਹ ਸੋਸ਼ਲ ਮੀਡੀਆ ਟਕੇ ਕਮਾਉਣ ਦਾ ਸਾਧਨ ਯੂ.ਟੀਊਬਾਂ ਘੁਮਾਈ ਜਾਂਦੇ ਨੇ ਜਲੰਧਰ ਚੋਣ ਹਟੂ ਫੇਰ ਜਿੰਮਨੀਆਂ ਆਈਆਂ ਤੇ ਡਬਰੂਗੜੀਏ ਆਉ ਜੀਹਨੇ ਖੜਨਾ ਕਰਨਗੇ ਰਾਜ ਤਾਂ ਸਾਡਾ ਹੈ, ਸਭ ਨਸ਼ਟੂ ਹਨ ਕੋਈ ਇਹ ਪੇਂਡੂ ਕਿਸਾਨ ਨਹੀਂ ਵਾਹੀਦਾਰ ਨੇ ਜਾਂ ਮੁਲਾਜ਼ਮ ਜਾਤੀਵਾਦ ਦਾ ਹੋਕਾ ਹੈ, ਤਬਾਹੀ ਦੇ ਰਾਹੀ, ਚਲੋ ਦੀਨ ਦੇ ਮਾਲਕ ਨੂੰ ਧਿਆਈਏ, **ਜਦ ਸੱਚੀਆਂ ਸੁਣਾਈਆਂ ਬੜਾ ਦੁੱਖ ਲੱਗੂ** ਮੈਂ ਤਾਂ ਆਪਣੀ ਕਿਸੇ ਅਵੱਗਿਆ ਦੀ ਭੁੱਲ ਬਖ਼ਸ਼ਾਉਂਦੀ ਹਾਂ ਜੇਕਰ ਦਾਤਾ ਮਿਹਰ ਕਰ ਦੇਵੇ।

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**

# ਮੈਂ ਤਾਂ ਹਰ ਧਰਮ ਹਰ ਵਰਗ ਨੂੰ ਬਰਾਬਰਤਾ ਦੇ ਹੱਕ ਵਿੱਚ ਹਾਂ

ਪੜਚੋਲ ਪੰਨਾ: ਹਰ ਮਨੁੱਖ ਦੀ ਸੋਚਣੀ ਆਪਣੀ ਲੇਖਕਾਂ ਦੀ ਧੁਰਾ ਵੱਖਰੀ ਅੱਡਰੀ ਸਭਾਵਕ ਕੋਈ ਕਿਸੇ ਨੂੰ ਮਜਬੂਰ ਨਹੀਂ ਕਰ ਸਕਦਾ ਕਿ ਤੂੰ ਆਹ ਲਿਖ ਹਾਂ ਸਹਿਯੋਗੀ ਹੁੰਦੇ ਹਨ। ਅਰੰਧਤ ਪ੍ਰਸਿੱਧ ਹੈ ਖੱਬੀ ਧਾਰਾ ਦੀ ਹੈ, ਮੁਬਾਰਕ ਪਰ ਇਹ ਆਸ ਕਿ ਉਹ ਸਿੱਖ ਫਲਸਫੇ ਨੂੰ ਸੌ ਫੀਸਦੀ ਮੰਨੇ ਤੇ ਉਹੀ ਲਿਖੇ ਜੋ ਤੁਸੀਂ ਸੋਚਦੇ ਹੋ, ਇਹ ਕੋਈ ਕਿਵੇਂ ਮੰਨ ਜਾਊ ਕਿ ਸਿੱਖ ਗ੍ਰੰਥ ਤੇ ਸਿੱਖ ਸਭ ਦੁਨੀਆਂ ਤੋਂ ਉੱਤਮ ਕੀ ਭਿੰਡਰਾਂਵਾਲਾ ਲਹਿਰ ਸਿੱਖ ਫਲਸਫਾ ਸੀ, ਮੁੱਦੇ ਤਾਂ ਪਹਿਲਾਂ ਹੀ ਚੁੱਕੇ ਗਏ ਸਨ ਇਹ ਤਾਂ ਸਿਆਸੀ, ਆਪਸੀ ਗੁੱਟਬੰਦੀ ਦੀ ਵੈਰ ਕੱਢੂ ਸੀ, ਕੌਣ ਨਹੀਂ ਜਾਣਦਾ ਕਿ ਸਿੱਖਾਂ ਨੇ ਸਿੱਖ ਕਤਲ ਕੀਤੇ ਪੁਲਸ ਨਾਲ ਰੱਲ੍ਹਕੇ ਭੀ ਤੇ ਅੱਡ ਭੀ, ਬੀਬੀ ਕਿਰਨ ਕੌਰ ਤਾਂ ਮਾਂ ਦਾ ਕਤਲ ਹੀ ਭੁੱਲ ਬੈਠੀ ਏ, ਦੂਜਾ ਜੀ ਸ਼ੇਰੇ-ਪੰਜਾਬ ਮੁੜ ਆਵੇ ਸ਼ੇਖਚਿਲੀ ਜੀ ਹੁਣ ਵੋਟਾਂ ਪਾਉਗੇ ਕਿ ਰਾਜ ਆਵੇ ਤੇ ਤੁਸੀਂ ਕਮਿਸ਼ਨਰੀ ਛੱਡੋ ਤੇ ਘੱਟ ਗਿਣਤੀ ਵਿੱਚ ਤਾਂ ਜੱਟ ਭੀ ਹਨ ਕਿਉਂ ਉਹ ਕਮਿਸ਼ਨਰ ਨਹੀਂ? ਮੈਂ ਨਾ ਤਾਂ ਭਿੰਡਰਾਂਵਾਲਾ ਲਹਿਰ 'ਤੇ ਨਾ ਹੀ ਹੁਣ ਅੰਮ੍ਰਿਤਪਾਲ ਦੀ ਵਹੀਰ ਨਾਲ ਸਹਿਮਤ ਹਾਂ, ਕੀ ਤੁਸੀਂ ਮੈਨੂੰ ਆਖੋ ਕਿ ਮੈਂ ਕਿਉਂ ਨਹੀਂ ਤੁਹਾਡੇ ਵਿਚਾਰਾਂ ਦੀ ਹਾਮਣ, ਮੈਂ ਪਖੰਡ ਹੀ ਮੰਨਦੀ ਹਾਂ ਜਾਤ ਪਾਤ ਨਹੀਂ ਤੁਸੀਂ ਤਾਂ ਮਿੰਟ ਮਿੰਟ 'ਤੇ ਜਾਤੀ ਹੀ ਪ੍ਰਚਾਰਦੇ ਹੋ, ਜਿਥੇ ਜੀ ਕਰਦਾ ਸਿੱਖ ਬਾਣੀ ਗੁਰਬਾਣੀ ਤੇ ਗੁਰੂ ਨੂੰ ਵਰਤੋ ਤੇ ਪੰਗਤੀਆਂ ਲਿਖੋ ਜਦੋਂ ਵਿਰੁੱਧ ਹੋਵੇ ਹੋਰ ਤੁੱਕ ਲਿਖੋ ਅੰਮ੍ਰਿਤਪਾਲ ਕਦੋਂ ਕੁ ਦਾ ਸਿੱਖ ਹਿਤੈਸ਼ੀ ਸੀ? ਨਿਕਲਣਗੇ ਸਬੂਤ ਕਿ ਕਿਵੇਂ ਆਇਆ, ਖੜ੍ਹਾ ਕੀਤਾ ਹੁਣ ਹਾਲ ਦੁਹਾਈ ਕਾਨੂੰਨ ਭੀ ਨਹੀਂ ਮੰਨਣੇ ਇਹ ਵਿਚਾਰਧਾਰਾ ਖੱਬੀ ਨਹੀਂ ਤਾਂ ਕੀ ਇੰਨਸਾਫੀਏ ਇਸ ਦੇਸ਼ ਦੀ ਸਥਿਤੀ: ਨਸਲਵਾਦ ਦਾ ਕਾਨੂੰਨ ਲੇਬਰ ਪਾਰਟੀ ਵੇਲੇ ਸਾਡੀਆਂ ਸੰਸਥਾਵਾਂ ਨੇ ਘੋਲ ਕਰਕੇ ਬਣਵਾਇਆ ਪਰ ਅਸੀਂ ਆਪ ਸਭ ਤੋਂ ਵੱਧ ਨਸਲਵਾਦ ਹਾਂ, ਹੁਣ ਇਹ ਲਿਖਣਾ ਕਿ ਸਿੱਖ ਨੁਮਾਇੰਦਿਆਂ ਨੂੰ ਜਤਾਉ ਕਿਹੜੀ ਧਾਰਾ ਹੈ? ਜੇਕਰ ਅੰਗ੍ਰੇਜ਼ ਆਖਣ ਤਾਂ ਨਸਲਵਾਦੀ ਹੁਣ ਚਲੋ ਚੋਣਾਂ ਵਿੱਚ ਏਸ਼ੀਅਨ ਸਿੱਖ ਬਹੁਤ ਆ ਗਏ ਕੀ ਇਹ ਕੇਵਲ ਸਿੱਖ ਮੁੱਦੇ ਹੀ ਚੁੱਕਣ ਪੰਜਾਬ ਦੇ ਹੀ ਫਰੋ੍ਲਣ ਫੇਰ ਇਹ ਕਿਹੜੀ ਧਾਰਾ ਏ ਨਾਲੇ ਲੇਬਰ ਪਾਰਟੀ ਤਾਂ ਆਪਣੀ ਭੱਲ ਲਈ 84 ਦੀ ਥੈਚਰ ਸਾਂਝ ਨੂੰ ਵਰਤਦੀ ਹੈ, **ਮੈਂ ਤਾਂ ਹਰ ਧਰਮ ਹਰ ਵਰਗ ਨੂੰ ਬਰਾਬਰਤਾ ਦੇ ਹੱਕ ਵਿੱਚ ਹਾਂ** ਨਾ ਕਿ ਸਾਨੂੰ ਦੋ ਮੰਡੇ ਦੂਜੇ ਭੁੱਖੇ ਫਿਰਨ ਭਾਵੇਂ ਸਿੱਖੀ ਨਹੀਂ।

ਨੋਟ: ਅੰਮ੍ਰਿਤਪਾਲ ਪ੍ਰਤੀ ਮੇਰੇ ਵਿਚਾਰ ਫਰੋਲੋ ਹੁਣ ਮਾਤਾ ਦਾ ਬਿਆਨ ਫੇਰ ਪਿਛਾਂਹ ਮੁੜਨਾ ਅਸਲੀਅਤ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਰਾਖਾ ਆਪ ਅਕਾਲ ਅਕਾਲੀਆਂ ਦਾ ?



**ਪ੍ਰੋਫੈਸਰ ਮਨਜੀਤ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ**

ਵੀਹਵੀਂ ਸਦੀ ਦੇ ਅਖੀਰਲੇ ਤਿੰਨ ਦਹਾਕਿਆਂ ਦੇ ਖ਼ੂਨੀ ਸੰਘਰਸ਼ ਤੋਂ ਬਾਅਦ ਲੰਘ ਚੁੱਕੇ ਲਗਪਗ ਦੋ ਦਹਾਕਿਆਂ ਦੌਰਾਨ ਪੰਜਾਬ ਦੇ ਜਾਇਆਂ ਦੀਆਂ ਦੋ ਪੀੜ੍ਹੀਆਂ ਨੇ ਅਣਕਿਆਸਿਆ ਸੰਤਾਪ ਹੰਢਾਇਆ ਹੈ। ਇਸ ਤ੍ਰਾਸਦੀ ਵਿੱਚੋਂ ਗੁਜ਼ਰਨ ਵਾਲੀ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਰਾਜਸੀ, ਧਾਰਮਿਕ ਅਤੇ ਵਿਦਵਾਨ ਸ਼੍ਰੇਣੀ ਤੋਂ ਨਿਰਾਸ਼ ਨਜ਼ਰ ਆ ਰਹੀ ਹੈ। ਹੁਣ ਇਸ ਨਿਰਾਸ਼ਾ ਨੇ ਨਫ਼ਰਤ ਦਾ ਰੂਪ ਧਾਰਨ ਕਰ ਲਿਆ ਲੱਗਦਾ ਹੈ। ਐਸੇ ਹਾਲਾਤਾਂ ਵਿੱਚ ਮੈਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੇਵਾ ਨਿਭਾਉਂਦਿਆਂ ਅਕਾਲੀ ਆਗੂਆਂ ਨੂੰ ਮਿਤੀ 25.10.1994 ਦੇ ਦਿਨ ਅਖ਼ਬਾਰਾਂ ਰਾਹੀਂ ਲਿਖੇ ਖੁੱਲ੍ਹੇ ਪੱਤਰ ਦੀਆਂ ਕੁਝ ਸੱਤਰਾਂ ਧਿਆਨ ਵਿੱਚ ਆ ਰਹੀਆਂ ਹਨ:-

ਅਕਾਲੀ ਸਜਣੋ !

ਵਾਹਿਗੁਰੂ ਜੀ ਕਾ ਖ਼ਾਲਸਾ ॥

ਵਾਹਿਗੁਰੂ ਜੀ ਕੀ ਫ਼ਤਹਿ ॥

ਪਿਛਲੇ ਲੰਮੇ ਸਮੇਂ ਤੋਂ ਅਕਾਲੀ ਸਿਆਸਤ ਵਿੱਚ ਅਤਿ ਤਰਸਯੋਗ ਅਤੇ ਗਿਲਾਨੀ ਭਰੀਆਂ ਘਟਨਾਵਾਂ ਦਾ ਦੌਰ ਚੱਲ ਰਿਹਾ ਹੈ, ਜਿਸ ਨੇ ਸਮੁੱਚੇ ਖ਼ਾਲਸਾ ਪੰਥ ਨੂੰ ਵਿਆਕੁਲ-ਤਾ ਭਰੇ ਸੰਤਾਪ ਦਾ ਭਾਗੀ ਬਣਾ ਦਿੱਤਾ ਹੈ। ਇਸ ਵਿੱਚ ਕੌਣ ਕਿਤਨਾ ਕੁ ਜ਼ਿੰਮੇਵਾਰ ਹੈ ਦੀ ਚਰਚਾ ਕਰਨ ਦੀ ਕੋਈ ਲੋੜ ਨਹੀਂ, ਬਲਕਿ ਲੋੜ ਇਸ ਗੱਲ ਨੂੰ ਵਿਚਾਰਨ ਤੇ ਪ੍ਰਵਾਨ ਕਰਨ ਦੀ ਹੈ ਕਿ ਪੰਥਕ ਕਹਾਉਣ ਵਾਲੀ ਇਹ ਸਿਆਸਤ ਬੱਚੇ ਖਾਣੀ ਅਵਸਥਾ ਤੋਂ ਚੱਲ ਕੇ ਆਤਮਘਾਤੀ ਅਵਸਥਾ ਤੱਕ ਪਹੁੰਚ ਚੁੱਕੀ ਹੈ।

ਸਮੁੱਚੇ ਸਿੱਖ ਪੰਥ ਦੇ ਮਾਨ ਸਨਮਾਨ ਦੇ ਜ਼ਾਮਨ ਅਕਾਲ ਤਖ਼ਤ ਵਿਖੇ ਵਾਰ ਵਾਰ ਅਕਾਲੀ ਕਾਰਕੁੰਨਾਂ ਨੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਏਕਤਾ ਦੇ ਨਾਮ 'ਤੇ ਵਾਸਤੇ ਪਾਏ। ਹਾਲਾਂਕਿ ਤੁਸੀਂ ਸਮੁੱਚਾ ਸਿੱਖ ਪੰਥ ਨਹੀਂ, ਪਰ ਫਿਰ ਵੀ ਤੁਹਾਨੂੰ ਪੰਥ ਦਾ ਅਹਿਮ ਅੰਗ ਜਾਣਦਿਆਂ, ਕੌਮ ਦੇ ਜਜ਼ਬਾਤਾਂ ਅਤੇ ਪੀੜਾ ਨੂੰ ਅਨੁਭਵ ਕਰਦਿਆਂ, ਤਖ਼ਤ ਦੇ ਸੇਵਾਦਾਰਾਂ ਨੇ ਨੇਕ ਨਿਯਤੀ ਨਾਲ ਸਮੇਂ ਸਮੇਂ ਯਤਨ ਕੀਤੇ, ਪ੍ਰੰਤੂ ਹਰ ਵਾਰੀ ਤੁਹਾਡੇ ਵੱਲੋਂ ਨਿਰਾਸ਼ਤਾ ਤੇ ਅਪਮਾਨ ਹੀ ਪੱਲੇ ਪੈਂਦਾ ਰਿਹਾ।.......

ਅਕਾਲੀ ਸਜਣੋ ! ਕਿਤਨਾ ਕੁ ਚਿਰ ਐਸੀ ਕਪਟ ਭਰੀ ਸਿਆਸਤ ਵਿੱਚ ਫਸੇ ਰਹੋਗੇ ਅਤੇ ਦੂਜਿਆਂ ਨੂੰ ਫਸਾਉਂਦੇ ਰਹੋਗੇ? ਕਿਤਨਾ ਕੁ ਚਿਰ ਆਪਣੀਆਂ ਖ਼ੁਦਗਰਜ਼ੀਆਂ ਤੇ ਕਮਜ਼ੋਰੀਆਂ ਉੱਤੇ ਪੜਦਾ ਪਾਉਣ ਲਈ ਧਾਰਮਿਕ ਸਖ਼ਸ਼ੀਅਤਾਂ ਦੀ ਬਲੀ ਦਿੰਦੇ ਰਹੋਗੇ? ਕਿਤਨਾ ਕੁ ਚਿਰ ਗੁਰੂ ਪੰਥ ਦੇ ਨਾਮ 'ਤੇ ਆਪਣੀਆਂ ਧੜੇਬਾਜ਼ੀਆਂ ਪਾਲ ਕੇ ਆਪਣੀ ਹਉਮੈਂ ਅਤੇ ਪਦਾਰਥਾਂ ਦੀ ਭੁੱਖ ਵਧਾਉਂਦ ਰਹੋਗੇ? (ਇਹ ਭੁੱਖ ਮਿਟਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ।) ਕਿਤਨਾ ਕੁ ਚਿਰ ਹੋਰ ਆਪਣੇ ਬੱਚਿਆਂ ਦੇ ਮਾਸੂਮ ਖ਼ੂਨ ਉੱਤੇ ਆਪਣੀਆਂ ਕੁਰਸੀਆਂ ਡਾਹੁੰਦੇ ਰਹੋਗੇ? ਮਹਾਂਕਾਲ ਦੀ ਚੋਟ ਵੱਜ ਰਹੀ ਹੈ। ਇਸ ਤੋਂ ਪਹਿਲਾਂ, ਕਿ ਆਤਮਘਾਤੀ ਅਤੇ ਜਗਤ ਕਸਾਈ ਬਣਕੇ ਨੇਸਤੋ ਨਾਬੂਦ ਹੋ ਜਾਵੇ, ਆਪਣੇ ਕਦਮ ਰੋਕ ਲਉ।................

ਸ੍ਰੀ ਅਕਾਲ ਤਖ਼ਤ ਸਾਹਿਬ! ਜਿਸ ਦੀ ਛਤਰ ਛਾਇਆ ਹੇਠ ਤੁਸੀਂ ਅੱਜ ਤੱਕ ਆਪਣੀ ਹੋਂਦ ਬਰਕਰਾਰ ਰੱਖਦੇ ਆਏ ਹੋ, ਭਾਵੇਂ ਕਪਟ ਨਾਲ ਹੀ ਸਹੀ, ਕਿਤੇ ਐਸਾ ਨਾ ਹੋਵੇ ਕਿ ਸਦਾ ਵਾਸਤੇ ਇਹ ਤਖ਼ਤ ਅਤੇ ਇਸ ਦੇ ਸੇਵਾਦਾਰ ਤੁਹਾਨੂੰ ਆਪਣੇ ਨੇੜੇ ਢੁੱਕਣ ਤੋਂ ਹੀ ਮਨ੍ਹਾ ਕਰ ਦੇਣ ਅਤੇ ਤੁਸੀਂ ਲਾਵਾਰਸ ਜਿਹੇ ਬਣ ਕੇ ਪੰਥਕ ਸਫ਼ਾਂ ਅਤੇ ਪੰਥ ਦੀਆਂ ਅਸੀਸਾਂ ਤੋਂ ਲਾਂਭੇ ਹੋ ਜਾਵੋ। ਭੁਲੇਖੇ ਵਿੱਚ ਨਾ ਰਹਿਣਾ, ਆਉਣ ਵਾਲਾ ਸਿੱਖ ਨੌਜੁਆਨ, ਜਜ਼ਬਾਤੀ ਹੋ ਕੇ ਕੇਵਲ ਸ਼ਹੀਦੀਆਂ ਪਾਉਣ ਵਾਲਾ ਜਾਂ ਜੇਲ੍ਹਾਂ ਵਿੱਚ ਸੜਨ ਵਾਲਾ ਹੀ ਨਹੀਂ ਹੋਵੇਗਾ, ਬਲਕਿ ਗੁਰਮਤ ਦੀ ਰੋਸ਼ਨੀ ਵਿੱਚ ਸਿੱਖ ਅਤੇ ਅਸਿੱਖ ਦੀ ਪਛਾਣ ਕਰਕੇ ਪੰਥਕ ਸ਼ਕਤੀ ਦਾ ਸਹੀ ਵਾਰਸ ਵੀ ਬਣੇਗਾ।

ਸੋ ਅਜੇ ਵੀ ਸਮਾਂ ਹੈ, ਆਪੋ ਵਿੱਚ ਸਿਰ ਤੋੜਨ ਦੀ ਬਜਾਏ, ਸਿਰ ਜੋੜਨ ਵਾਲੇ ਪਾਸੇ ਤੁਰ ਕੇ ਗੁਰੂ ਪੰਥ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਅਤੇ ਸਿੱਖ ਸੰਗਤਾਂ ਨੂੰ ਹੋਰ ਬੇਚੈਨ ਕਰਨ ਦੇ ਬੱਜਰ ਪਾਪ ਤੋਂ ਬੱਚ ਜਾਵੋ। ਸਭ ਤੋਂ ਜ਼ਰੂਰੀ, ਭਾਈ ਕੰਵਰ ਸਿੰਘ, ਉਸ ਦੀ ਪਤਨੀ ਅਤੇ ਹੋਰ ਅਨੇਕਾਂ ਜੇਲ੍ਹਾਂ ਵਿੱਚ ਜੂਨ ਭੋਗ ਰਹੇ ਗੁਰਸਿੱਖ ਮਰਜੀਵੜਿਆਂ ਨੂੰ ਆਜ਼ਾਦ ਕਰਾਉਣ ਲਈ ਰੱਲ ਕੇ ਹੰਭਲਾ ਮਾਰਦਿਆਂ ਗੁਰੂ ਪੰਥ ਦਾ ਕਰਜ਼ਾ ਉਤਾਰਨ ਦਾ ਯਤਨ ਕਰੋ।

ਇਵੇਂ ਹੀ ਮਰਹੂਮ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੇ ਨਾਮ 'ਤੇ ਮਿਤੀ 10.11.1994 ਨੂੰ ਲਿਖੀ ਇਕ ਚਿੱਠੀ ਦੀਆਂ ਕੁਝ ਸਤਰਾਂ:- ਯਾਦ ਰੱਖਿਓ! ਹੋਣੀ ਵਾਰ ਵਾਰ ਦਸਤਕ ਨਹੀਂ ਦਿੰਦੀ। ਜਦੋਂ ਇਸ ਦੀ ਆਵਾਜ਼ ਮੁੜ ਮੁੜ ਅਣਸੁਣੀ ਕੀਤੀ ਜਾਵੇ ਤਾਂ ਇਹ ਅਣਹੋਣੀ ਬਣ ਕੇ ਭਿਆਨਕ ਨਤੀਜਿਆਂ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਖ਼ੁਸ਼ਫ਼ਹਿਮੀਆਂ ਮਨੁੱਖ ਨੂੰ ਆਪਣੀ ਹਉਮੈ ਦੇ ਖੋਲ ਵਿੱਚੋਂ ਬਾਹਰ ਨਹੀਂ ਆਉਣ ਦਿੰਦੀਆਂ ਅਤੇ ਬਾਹਰ ਆਉਣ ਤੋਂ ਬਿਨਾਂ ਸਮੇਂ ਦਾ ਸੱਚ ਪ੍ਰਗਟ ਨਹੀਂ ਹੁੰਦਾ। ਜ਼ਖ਼ਮੀ ਕੌਮੀ ਮਾਨਸਿਕਤਾ ਦੀ ਚੱਕੀ ਵਿੱਚ ਜਿਹੜਾ ਵੀ ਇਸ ਵੇਲੇ ਪੀਸਿਆ ਗਿਆ ਉਸ ਕੋਲੋਂ ਮੁੜ ਕੇ ਸੰਭਲ ਨਹੀਂ ਹੋਣਾ। ਜਿਸ ਅਕਾਲ ਤਖ਼ਤ ਤੋਂ ਬੇਮੁੱਖ ਹੋਣ ਦਾ ਕਲੰਕ ਤੁਹਾਡੇ 'ਤੇ ਲੱਗ ਰਿਹਾ ਹੈ, ਉਸ ਤਖ਼ਤ ਦਾ ਮੁੱਖ ਸੇਵਾਦਾਰ, ਤੁਹਾਨੂੰ ਚੇਤਾਵਨੀ ਦੇ ਰੂਪ ਵਿੱਚ ਇਹ ਸ਼ਬਦ ਲਿਖ ਰਿਹਾ ਹੈ। ਫ਼ੈਸਲਾ ਤੁਹਾਡੇ ਹੱਥ ਵਿੱਚ ਹੈ।

ਇਸ ਤਰ੍ਹਾਂ ਦੀਆਂ ਅਖ਼ਬਾਰਾਂ ਵਿੱਚ ਛੱਪਦੀਆਂ ਰਹੀਆਂ ਕੁਝ ਹੋਰ ਚਿੱਠੀਆਂ, ਪ੍ਰੈਸ ਨੋਟ ਅਤੇ ਵਿਦਵਾਨਾਂ ਦੀਆਂ ਇਕੱਤ੍ਰਤਾਵਾਂ ਵਿੱਚ ਕੀਤੇ ਭਾਸ਼ਣ, ਸਿੱਖ ਵਿਦਵਾਨ ਡਾਕਟਰ ਬਲਕਾਰ ਸਿੰਘ ਹੋਰਾਂ ਦੁਆਰਾ ਲਿਖੀ ਪੁਸਤਕ ਅਕਾਲ ਤਖ਼ਤ- ਜੋਤਿ ਤੇ ਜੁਗਤ ਵਿੱਚ ਹੂਬਹੂ ਦਰਜ ਹਨ।

ਇਹ ਠੀਕ ਹੈ ਕਿ ਬੀਤੇ ਕੱਲ੍ਹ ਨੇ ਪੂਰਨ ਤੌਰ 'ਤੇ ਵਰਤਮਾਨ ਨਹੀਂ ਬਣਨਾ ਹੁੰਦਾ, ਪਰ ਮਨੁੱਖੀ ਮਾਨਸਿਕਤਾ ਦੇ ਵਰਤਾਰੇ ਵਿੱਚ ਆਉਂਦੀਆਂ ਤਬਦੀਲੀਆਂ ਵਿਕਾਸ ਜਾਂ ਵਿਨਾਸ਼ ਵਾਲਾ ਰੂਪ ਜ਼ਰੂਰ ਧਾਰਨ ਕਰ ਜਾਂਦੀਆਂ ਹਨ। ਇਹ ਵੀ ਸੱਚ ਹੈ ਕਿ ਵਿਕਾਸ ਤਾਂ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਸੱਚੇ-ਸੁੱਚੇ ਰੂਪ ਵਿੱਚ ਆਤਮ ਚਿੰਤਨ ਕੀਤਾ ਜਾਵੇ। ਦਿਖਾਵੇ ਵਾਲੀ ਲੀਪਾ ਪੋਚੀ ਅਤੇ ਆਪਣੀਆਂ ਭੁੱਲਾਂ ਨੂੰ ਦੂਜਿਆਂ 'ਤੇ ਥੋਪ ਕੇ ਆਪਣੇ ਆਪ ਨੂੰ ਸੁਰਖ਼ਰੂ ਕਰਨ ਦੀ ਚਤੁਰਾਈ ਕਿਸੇ ਕੰਮ ਨਹੀਂ ਆਉਂਦੀ।

ਅਕਾਲੀ ਦਲ ਦੇ ਬਾਨੀਆਂ ਅਤੇ ਉਸ ਸਮੇਂ ਦੀ ਪਹਿਲੀ ਸਿੱਖ ਪੀੜ੍ਹੀ ਨੇ ਸਹੀ ਅਰਥਾਂ ਵਿੱਚ ਆਪਣਾ ਆਪ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਸਮਰਪਿਤ ਕਰੀ ਰੱਖਿਆ ਸੀ। ਇਸੇ ਕਰਕੇ ਹਰ ਰੋਜ਼ ਪੇਸ਼ ਆਉਂਦੀਆਂ ਦੁਸ਼ਵਾਰੀਆਂ ਜਾਂ ਸ਼ਹੀਦੀਆਂ ਦੇ ਬਾਵਜੂਦ ਉਨ੍ਹਾਂ ਦਾ ਅਕਾਲ ਪੁਰਖ ਦੀ ਰੱਖਿਆ ਵਾਲਾ ਭਰੋਸਾ ਕਦੀ ਤਿੜਕਿਆ ਨਹੀਂ ਸੀ। ਇਸ ਲਿਖਤ ਦਾ ਸਿਰਲੇਖ ਉਨ੍ਹਾਂ ਦਾ ਨਿੱਤ ਦਾ ਨਾਅਰਾ ਨਹੀਂ ਸੀ ਸਗੋਂ ਬੋਲਾ ਸੀ। ਪਰ ਅੱਜ ਕੇ ਅਕਾਲੀ ਕਹਾਉਣ ਵਾਲੇ ਆਗੂਆਂ ਦੀ ਮੌਕਾਪ੍ਰਸਤ ਮਾਨਸਿਕਤਾ, ਮੈਨੂੰ ਇਸ ਬੋਲੇ ਦੀ ਸੁੱਚਮਤਾ ਉੱਤੇ ਪ੍ਰਸ਼ਨ ਚਿੰਨ ਲਾਉਂਦੀ ਲੱਗਦੀ ਹੈ।

ਕੀ ਗੁਰੂ ਗ੍ਰੰਥ ਸਾਹਿਬ ਦੀਆਂ ਨਿਰੰਤਰ ਹੋ ਰਹੀਆਂ ਬੇਅਦਬੀਆਂ, ਬੱਚੇ ਬੱਚੀਆਂ ਦਾ ਆਏ ਦਿਨ ਨਿੱਤ ਨਵੇਂ ਨਸ਼ਿਆਂ ਵਿੱਚ ਗਰਕਦੇ ਜਾਣਾ, ਵਿੱਦਿਅਕ ਅਤੇ ਆਰਥਿਕ ਸਮੱਸਿਆਵਾਂ ਤੋਂ ਬਚਣ ਲਈ ਮਾਤਭੂਮੀ ਅਤੇ ਮਾਂ ਜਾਇਆਂ ਤੋਂ ਵਿਛੜ ਕੇ, ਵਿਦੇਸ਼ਾਂ ਵਿੱਚ ਨਮੋਸ਼ੀ ਭਰੀ ਹਾਲਤ ਵਿੱਚ ਦਿਨ ਕਟੀ ਕਰਨਾ, ਕੀ ਇਨ੍ਹਾਂ ਖ਼ੁਦਗਰਜ਼ੀ ਮਾਰੇ ਅਕਾਲੀ ਆਗੂਆਂ ਦੀ ਆਤਮਾ ਨੂੰ ਕਦੀ ਨਹੀਂ ਝੰਜੋੜਦਾ? ਕੀ ਪੰਜਾਬੀਆਂ ਦੀ ਜਾਨ ਮਾਰ ਕੇ ਕੀਤੀ ਖ਼ੂਨ ਪਸੀਨੇ ਦੀ ਕਮਾਈ ਨੂੰ ਸਮੱਗਲਿੰਗ, ਭੂਮੀ ਮਾਫੀਆ ਜਾਂ ਹੋਰ ਅਨੈਤਿਕ ਢੰਗਾਂ ਨਾਲ ਹਥਿਆ ਕੇ ਆਪਣੇ ਧੰਦਿਆਂ ਵਿੱਚ ਲਾਉਣਾ, ਇਨ੍ਹਾਂ ਨੂੰ ਮਲਕ ਭਾਗੋ ਦੇ ਵਾਰਸ ਬਣਾਉਂਦਾ ਨਹੀਂ ਲੱਗਦਾ? ਅਕਾਲੀ ਆਗੂ ਕਹਾਉਂਦੇ ਇਨ੍ਹਾਂ ਸੱਜਣਾਂ ਨੂੰ ਲੰਮੇ ਸਮੇਂ ਤੋਂ ਕੁਰਸੀ ਦੀ ਭੁੱਖ ਤਾਂ ਤਰਲੋਮੱਛੀ ਕਰ ਰਹੀ ਹੈ, ਪਰ ਇਕ ਦੂਜੇ 'ਤੇ ਇਲਜ਼ਾਮ ਲਗਾਉਂਦਿਆਂ, ਆਪਨੜੈ ਗਿਰੀਵਾਨ ਮਹਿ ਸਿਰ ਨੀਵਾ ਕਰਿ ਦੇਖ ਦੀ ਗੁਰੂ ਸੋਚ ਬੇਚੈਨ ਕਿਉਂ ਨਹੀਂ ਕਰਦੀ?

ਜ਼ਿਆਦਾ ਵਿਸਥਾਰ ਵਿੱਚ ਨਾ ਜਾਂਦੇ ਹੋਏ, ਮੈਂ ਪੀੜਤ ਮਨ ਨਾਲ ਇਨ੍ਹਾਂ ਨਕਾਰੇ ਜਾ ਚੁੱਕੇ ਅਕਾਲੀਆਂ ਨੂੰ ਕੁਝ ਕੁ ਸੁਝਾਅ ਇਸ ਲਈ ਦੇਣਾ ਚਾਹੁੰਦਾ ਹਾਂ, ਕਿਉਂਕਿ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੀ ਵਾਗਡੋਰ ਅਤੇ ਪੰਜਾਬ ਵਿੱਚਲੇ ਤਖ਼ਤਾਂ ਦਾ ਪ੍ਰਬੰਧ ਅਜੇ ਇਨ੍ਹਾਂ ਕੋਲ ਹੀ ਹੈ।

1. ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਿਨਾਂ ਦੇਰੀ ਤੋਂ ਧਰਮ ਪ੍ਰਚਾਰ ਅਤੇ ਵਿੱਦਿਅਕ ਚੇਤਨਾ ਦੀ ਲਹਿਰ ਅਰੰਭ ਕਰਨ।

2. ਸ਼੍ਰੋਮਣੀ ਕਮੇਟੀ ਦੇ ਬਹੁਤੇ ਮੈਂਬਰ ਹੁਣ ਆਪਣੇ ਆਗੂਆਂ ਦੀਆਂ ਬੱਜਰ ਗਲਤੀਆਂ ਕਾਰਨ ਆਪਣੇ ਇਲਾਕਿਆਂ ਵਿੱਚ ਵਿਚਰਨ ਤੋਂ ਵੀ ਝਿਜਕਦੇ ਹਨ। ਪਰ ਸੰਗਤਾਂ ਦੇ ਰੋਹ ਨੂੰ ਠੱਲ ਪਾਉਣ ਲਈ ਧਾਰਮਿਕ ਜਾਂ ਵਿੱਦਿ-ਅਕ ਸਰਗਰਮੀਆਂ ਤੋਂ ਬਿਨਾਂ ਹੋਰ ਕੋਈ ਤਰੀਕਾ ਵੀ ਨਹੀਂ।

3. ਸ਼੍ਰੋਮਣੀ ਕਮੇਟੀ ਅਧੀਨ ਸੇਵਾ ਨਿਭਾਅ ਰਹੇ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਤੇ ਰਾਗੀ ਸਿੰਘਾਂ ਦੇ ਕਾਫ਼ਲੇ ਲੈ ਕੇ ਪੂਰੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਅੰਮ੍ਰਿਤ ਸੰਚਾਰ ਦੀਆਂ ਵਹੀਰਾਂ ਤੋਰੀਆਂ ਜਾਣ।

4. ਰਾਜਸੀ, ਵਿੱਦਿਅਕ, ਧਾਰਮਿਕ ਜਾਂ ਆਰਥਿਕ ਖੇਤਰ ਵਿੱਚ ਪੰਜਾਬ ਦੀ ਜੁਆਨੀ ਦੇ ਸੰਤੁਸ਼ਟੀ ਭਰੇ ਭਵਿੱਖ ਲਈ ਵਿਦਵਾਨ ਸ਼੍ਰੇਣੀ ਨੂੰ ਬਣਦਾ ਮਾਣ ਸਨਮਾਨ ਦੇ ਕੇ ਆਵਾਜ਼ ਮਾਰੀ ਜਾਵੇ। ਅਜੇ ਪੰਜਾਬ ਏਨਾ ਵੀ ਗਰੀਬ ਨਹੀਂ ਹੋਇਆ, ਕਿ ਉਜਲੇ ਭਵਿੱਖ ਦੀ ਤਿਆਰੀ ਲਈ ਗਿਆਨਵਾਨ ਨਜ਼ਰ ਹੀ ਨਾ ਆਉਂਦੇ ਹੋਣ। ਇਸ ਲਈ ਇਨ੍ਹਾਂ ਦਾ ਪੂਰਨ ਸਹਿਯੋਗ ਲਿਆ ਜਾਵੇ।

5. ਪ੍ਰਚਾਰ ਲਹਿਰ ਚਲਾਉਂਦਿਆਂ ਦੂਜੇ ਧਾਰਮਿਕ ਵਿਸ਼ਵਾਸ਼ਾਂ ਵਾਲੇ ਸੱਜਣਾਂ ਸਬੰਧੀ ਇਲਜ਼ਾਮਬਾਜ਼ੀ ਤੋਂ ਬਚਿਆ ਜਾਵੇ ਅਤੇ ਆਪਣੇ ਵਿਚਾਰਾਂ ਦੀ ਲਕੀਰ ਹੀ ਵੱਡੀ ਕੀਤੀ ਜਾਵੇ।

6. ਇਸ ਵਹੀਰ ਵਿੱਚ ਰਾਜਸੀ ਆਗੂਆਂ ਦੀ ਸ਼ਮੂਲੀਅਤ ਤੋਂ ਪੂਰਨ ਸੰਕੋਚ ਕੀਤਾ ਜਾਵੇ।

7. ਇਨ੍ਹਾਂ ਵਹੀਰਾਂ ਦੌਰਾਨ ਪੂਰੀ ਈਮਾਨਦਾਰੀ ਨਾਲ ਸਿੱਖ ਪਰਿਵਾਰਾਂ ਵਿੱਚੋਂ ਹੋਣਹਾਰ ਨੌਜਵਾਨ ਬੱਚੇ ਬੱਚੀਆਂ ਦੀ ਨਿਸ਼ਾਨਦੇਹੀ ਕਰਕੇ, ਉਨ੍ਹਾਂ ਨੂੰ ਮਾਣਮੱਤੇ ਰਾਜਸੀ ਤੇ ਧਾਰਮਿਕ ਭਵਿੱਖ ਦੇ ਵਾਰਸ ਬਣਨ ਲਈ ਉਤਸ਼ਾਹਿਤ ਕੀਤਾ ਜਾਵੇ, ਤਾਂ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ, ਬੀਰ ਖ਼ਾਲਸਾ ਦਲ ਜਾਂ ਯੂਥ ਅਕਾਲੀ ਦਲ ਵਰਗੀਆਂ ਜਥੇਬੰਦੀਆਂ ਆਪਣੇ ਬੀਤੇ ਜਲੌਅ ਵਿੱਚ ਪੁਨਰ ਸੁਰਜੀਤ ਕੀਤੀਆਂ ਜਾ ਸਕਣ।

8. ਪਿਛਲੇ ਲਗਪਗ ਤੇਈ ਸਾਲਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਸ਼ਾ ਮੁਕਤੀ ਕੇਂਦਰ ਚਲਾਉਂਦਿਆਂ ਮੈਨੂੰ ਕੋਈ ਭਰਮ ਭੁਲੇਖਾ ਨਹੀਂ ਰਿਹਾ, ਕਿ ਨਸ਼ਿਆਂ ਦਾ ਧੰਦਾ ਬਾਹਰਲੇ ਪ੍ਰਾਂਤਾਂ ਵਾਲਿਆਂ ਰਾਹੀਂ ਨਹੀਂ, ਸਗੋਂ ਆਪਣੇ ਹੀ ਆਗੂਆਂ ਦੀ ਹਵਸ ਭਰੀ ਦੌਲਤ ਦੀ ਭੁੱਖ ਦਾ ਨਤੀਜਾ ਹੈ। ਆਪਣੇ ਪਰਿਵਾਰਾਂ ਦੀ ਅਯਾਸ਼ੀ ਭਰੀ ਜ਼ਿੰਦਗੀ ਲਈ ਦੂਜਿਆਂ ਦੇ ਪੁੱਤਾਂ ਧੀਆਂ ਦੀ ਬਲੀ ਦੇਣ ਦਾ ਪਾਪ, ਕਦੀ ਇਨ੍ਹਾਂ ਦੀਆਂ ਛਾਤੀਆਂ ਦਾ ਬੋਝ ਨਹੀਂ ਬਣਿਆ। ਆਪਣੀ ਲਿਖੀ ਗਜ਼ਲ ਦਾ ਇਕ ਸ਼ੇਅਰ ਮੇਰੇ ਚੇਤੇ ਵਿੱਚ ਚੱਲਦਾ ਰਹਿੰਦਾ ਹੈ,

**ਕਿਉਂ ਐਵੇਂ ਜ਼ਖ਼ਮਾਂ 'ਤੇ ਗਿਲਾ ਪਏ ਕਰਦੇ ਓ, ਇਹ ਤਾਂ ਮਲ੍ਹਮਾਂ ਨੇ ਹੀ ਗੁਲ ਖਿਲਾਇਆ ਹੈ।**

ਸੋ ਬੇਝਿਜਕ ਹੋ ਕੇ ਇਨ੍ਹਾਂ ਦੀ ਨਿਸ਼ਾਨ ਦੇਹੀ ਕੀਤੀ ਜਾਵੇ।

ਹੋਰ ਵੀ ਬਹੁਤ ਕੁਝ ਕੌਮ ਦੇ ਪਤਵੰਤਿਆਂ ਨਾਲ ਮਿਲ ਬੈਠ ਕੇ ਸੋਚਿਆ ਵਿਚਾਰਿਆ ਜਾ ਸਕਦਾ ਤੇ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਲੋੜ ਕੇਵਲ ਨੇਕ ਨਿਯਤੀ ਨਾਲ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਿਤ ਹੋਣ ਦੀ ਹੈ, ਸ਼ਾਇਦ ਕਿਤੇ ਇਸ ਲਿਖਤ ਦੇ ਸਿਰਲੇਖ ਦੇ ਅੰਤ ਵਾਲਾ ਪ੍ਰਸ਼ਨ ਚਿੰਨ ਹਟਾਇਆ ਜਾ ਸਕੇ। ਨਹੀਂ ਤਾਂ ਅਕਾਲੀ ਦਲ ਅਤੇ ਮੈਂ ਮਰਾਂ ਪੰਥ ਜੀਵੇ ਦੇ ਬੋਲ ਪੁਗਾ ਕੇ ਜਾ ਚੁੱਕੇ ਪੁਰਖੇ ਕੀ ਕਹਿਣਗੇ!!!

## ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮ ਜੇਤਾ ਕਿਛੁ ਖਾਇ॥

# ਜਲਾਵਤਨ ਸਰਕਾਰ ਤੇ ਘੱਲੂਘਾਰਾ 1984 ਦੇ 40 ਸਾਲਾ ਰਿਸਦੇ ਜ਼ਖ਼ਮਾਂ ਨਾਲ


ਜੇ ਜੀਂਦੇ ਜੀਅ ਲਥੀ ਪਤਿ ਦਾ ਹਿਸਾਬ ਨਾਂਹ ਕੀਤਾ ਤਾਂ ਸਭ ਕੁਝ ਖਾਧਾ ਹਰਾਮ ਮੰਨਿਆ ਜਾਵੇਗਾ

ਤੀਜੇ ਘੱਲੂਘਾਰੇ ਦੇ ਖ਼ੂਨੀ ਸਾਕੇ ਦੇ ਰੋਹ ਵਿੱਚੋਂ ਨਿੱਕਲੇ ਵਿਦਰੋਹਾਂ ਦੇ 40 ਸਾਲ ਹੋ ਗਏ ਜਦੋਂ ਸਾਊਥਾਲ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕੋਈ 25000 ਦੇ ਕਰੀਬ ਸਿੰਘਾਂ ਵੱਲੋਂ ਖਾਲਿਸਤਾਨ ਜਲਾਵਤਨ ਸਰਕਾਰ ਦੀ ਨੀਂਹ ਰੱਖੀ ਗਈ। ਇਹ ਸੁਭਾਵਕ ਹੀ ਕੌਮ ਦੇ ਗੁੱਸੇ ਤੇ ਅਣਖ ਦਾ ਸਿੱਟਾ ਸੀ ਅਸੀਂ ਇਸ ਦੇਸ਼ ਨਾਲ ਨਹੀਂ ਰਹਿ ਸਕਦੇ ਜਿਨ੍ਹਾਂ ਨੇ ਸਾਨੂੰ ਇਕ ਦੂਸਰੇ ਦੇਸ਼ ਦੇ ਸ਼ਹਿਰੀ ਵਾਂਗ ਸਲੂਕ ਕਰਕੇ ਪੂਰੀ ਤਾਕਤ ਨਾਲ (ਇੰਗਲੈਂਡ, ਇਜ਼ਰਾਈਲ ਤੇ ਰੂਸ ਦੀ ਮਦਦ ਨਾਲ) ਅਕਾਲ ਤਖ਼ਤ ਸਾਹਿਬ ਅਤੇ ਹੋਰ 38 ਦੇ ਲੱਗਭੱਗ ਗੁਰਦੁਆਰਿਆਂ ਉੱਤੇ ਹਮਲਾ ਕੀਤਾ ਜੋ ਕਿ ਕਦੇ ਭੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹ ਸਾਕਾ ਨਾ ਭੁੱਲਣਯੋਗ ਤੇ ਨਾ ਬਖ਼ਸ਼ਣਯੋਗ ਹੈ।

ਇਕ ਪਾਸੇ ਸਿਮਰਨ ਨਾਮ ਬਾਣੀ ਤੇ ਗੁਰੂ 'ਤੇ ਭਰੋਸਾ ਅਤੇ ਸਿਦਕੀ ਸਿੰਘ ਜੋ ਗੁਰੂ ਘਰ ਦੀ ਅਜ਼ਮਤ ਵਾਸਤੇ ਖ਼ੂਨ ਦਾ ਇਕ-ਇਕ ਕਤਰਾ ਵਹਾਉਣ ਵਾਸਤੇ ਬੈਠੇ ਸਨ ਤੇ ਦੂਜੇ ਪਾਸੇ ਜ਼ੁਲਮ ਦਾ ਨੰਗਾ ਨਾਚ, ਝੂਠੀ ਦੇਸ਼ ਭਗਤੀ ਤੇ ਕੂੜ ਦੀ ਜੰਝ ਚੜ੍ਹ ਕੇ ਦਿੱਲੀਉਂ ਆਈ। ਇਹ ਕੋਈ ਅਚਨਚੇਤ ਨਹੀਂ ਹੋਇਆ ਕਿਉਂਕਿ ਸਿੰਘਾਂ ਨੇ ਅੰਗ੍ਰੇਜ਼ਾਂ ਦੇ ਵਾਂਗ ਨਿੰਬੂਆ ਲਹੂ ਨਿਚੋੜ ਸੁੱਟੇ। ਦੋ-ਦੋ ਹੱਥ ਐਂਗਲੋ-ਸਿੱਖ ਵਾਰ ਅਤੇ ਸਾਰਾਗੜ੍ਹੀ ਦੀਆਂ ਲੜਾਈਆਂ ਵਿੱਚ ਦੇਖ ਲਏ ਸਨ। ਸੋ ਉਹ ਜਾਣ ਵੇਲੇ ਭਾਰਤ ਦੇ ਹੁਕਮਰਾਨਾਂ ਦੇ ਕੰਨਾਂ ਵਿੱਚ ਪਾ ਗਏ ਸਨ ਕਿ ਜੇ ਤੁਸੀਂ ਇਸ ਖਿੱਤੇ ਵਿੱਚ ਰਾਜ ਕਰਨਾ ਹੈ ਤਾਂ ਸਿੱਖਾਂ ਨੂੰ ਦਬਾਅ ਕੇ ਜਾਂ ਖ਼ਤਮ ਕਰਕੇ ਹੀ ਕਰ ਸਕੋਂਗੇ। ਸੋ ਦਿੱਲੀ ਦਰਬਾਰ 'ਤੇ ਕੋਈ ਭੀ ਕਾਬਜ਼ ਹੋਵੇ ਉਹ ਸਿੱਖਾਂ ਦਾ ਵਿਰੋਧੀ ਹੀ ਹੋਵੇਗਾ।

ਇਸੇ ਤਰ੍ਹਾਂ ਪੰਜਾਬ ਦੀ ਵੰਡ ਕਰ ਦਿੱਤੀ ਤੇ ਸਾਨੂੰ ਉਜਾੜ ਦਿੱਤਾ ਤੇ ਸਿੱਖਾਂ ਦਾ ਸਭ ਕੁਝ ਬਰਬਾਦ ਹੋ ਗਿਆ। ਰਿਫਿਊਜੀ ਬਣ ਕੇ ਭਾਰਤ ਆਏ ਤੇ ਆਉਣ ਸਾਰ ਹੀ ਜਰਾਇਮ ਪੇਸ਼ਾ ਕੌਮ ਦੇ ਤਗ਼ਮੇ ਦਿੱਤੇ ਗਏ। ਤੇ ਸਿੱਖਾਂ ਦੀ ਨਸਲਕੁਸ਼ੀ ਦੀਆਂ ਵਿਉਂਤਾਂ ਬਣਨ ਲੱਗੀਆਂ। ਬੋਲੀ ਖੋਹ ਲਈ, ਪਾਣੀ ਖੋਹ ਲਿਆ, ਇਤਿਹਾਸ ਵਿੱਚ ਰਲ ਗੱਡ ਸ਼ੁਰੂ ਕਰ ਦਿੱਤੀ ਤੇ ਪੰਜਾਬ ਦੇ ਤਿੰਨ ਹਿੱਸੇ ਕਰ ਦਿੱਤੇ। ਸਕੂਲਾਂ ਵਿੱਚ, ਕਾਲਜਾਂ ਵਿੱਚ, ਯੂਨੀਵਰਸਿਟੀਆਂ ਵਿੱਚ ਸਿੱਖ ਵਿਰੋਧੀ ਬੰਦੇ ਭਰਤੀ ਕੀਤੇ ਗਏ। ਜੋ ਪੰਜਾਬ ਵਿੱਚ ਹਾਕਮ ਲਗਾਏ, ਪ੍ਰਤਾਪ ਸਿੰਘ ਕੈਰੋਂ ਤੋਂ ਲੈ ਕੇ ਅੱਜ ਤੱਕ ਪੰਜਾਬ ਦੀ ਬਰਬਾਦੀ ਵਾਸਤੇ ਹੀ ਲਗਾਏ। ਇਨ੍ਹਾਂ ਨੇ ਪੰਜਾਬ ਦੀ ਬਿਹਤਰੀ ਵਾਸਤੇ ਕੁਝ ਨਹੀਂ ਕੀਤਾ ਸਗੋਂ ਨਸ਼ਿਆਂ ਨਾਲ ਜਵਾਨੀ ਹੀ ਖ਼ਤਮ ਕਰਨ ਵਾਸਤੇ ਨਸ਼ੇ ਆਮ ਕਰ ਦਿੱਤੇ। ਸਿੱਖ ਕੌਮ ਇਨਕਲਾਬੀ, ਸੰਤ ਸਿਪਾਹੀਆਂ ਦੀ ਕੌਮ ਹੈ ਜਿਸ ਵਿੱਚੋਂ ਹਮੇਸ਼ਾ ਹੀ ਸੂਰਮੇ ਬਹਾਦਰ, ਯੋਧੇ ਤੇ ਸੰਤ ਸਰੂਪ ਪੈਦਾ ਹੋਏ ਤੇ ਪੈਦਾ ਹੁੰਦੇ ਰਹਿਣਗੇ। ਸਿੱਖ ਕੌਮ ਇਕ ਨਿਵੇਕਲੀ ਕਿਸਮ ਦੀ ਕੌਮ ਹੈ, ਜੋ ਪਰਉਪਕਾਰੀ ਤੇ ਅਣਖੀ ਭੀ ਹੈ। ਅਣਖ ਦੀ ਖ਼ਾਤਰ ਲੰਡਨ ਵਿੱਚ ਭੀ ਪੂਨੇ ਵਿੱਚ ਭੀ ਤੇ ਦਿੱਲੀ ਤਖ਼ਤ ਵਾਲਿਆਂ ਨੂੰ ਚੁਣ-ਚੁਣ ਸੋਧਾ ਲਾਇਆ ਤੇ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ।

ਸਿੱਖ ਕੌਮ ਦੀ ਬਦਕਿਸਮਤੀ ਕਿ ਮਹਾਰਾਜਾ ਰਣਜੀਤ ਸਿੰਘ 1839 ਈ: ਨੂੰ ਅੱਖਾਂ ਮੀਟ ਜਾਂਦਾ ਹੈ ਤੇ ਉਸ ਤੋਂ ਬਾਅਦ ਕੌਮ ਨੂੰ ਕੋਈ ਭੀ ਸੁਹਿਰਦ, ਦੂਰ ਅੰਦੇਸ਼ ਲੀਡਰ ਨਹੀਂ ਮਿਲਿਆ, ਜਿਸ ਕਰਕੇ ਸਾਡੀ ਕੌਮ ਦਾ ਬਹੁਤ ਨੁਕਸਾਨ ਹੋਇਆ। ਸਿੱਖ ਕੌਮ ਦੀ ਨਸਲਕੁਸ਼ੀ ਦੀ ਕੜੀ ਵਿੱਚ ਹੀ 1984 ਦਾ ਘੱਲੂਘਾਰਾ ਵਰਤਾਇਆ ਗਿਆ ਜਿਸ ਵਿੱਚ ਕੌਮ ਦਾ ਰੋਸ ਸੁਭਾਵਿਕ ਹੋਣਾ ਸੀ। ਸਾਰੀ ਦੁਨੀਆਂ ਵਿੱਚ ਸਿੱਖਾਂ ਨੇ ਪ੍ਰੋਟੈਸਟ ਕੀਤੇ ਤੇ ਇਧਰ ਇੰਗਲੈਂਡ ਵਿੱਚ 10 ਜੂਨ 1984 ਨੂੰ ਲੰਡਨ ਹਾਈਡ ਪਾਰਕ ਵਿਖੇ ਸਿੱਖ ਕੌਮ ਨੇ ਬੜਾ ਜ਼ਬਰਦਸਤ ਪ੍ਰੋਟੈਸਟ ਕੀਤਾ। ਬੀ. ਬੀ. ਸੀ. ਵਾਲਿਆਂ ਨੇ ਕਿਹਾ ਕਿ ਕੋਈ ਇਕ ਲੱਖ ਬੰਦਾ ਹਾਜ਼ਰ ਸੀ। 23 ਜੂਨ 1984 ਨੂੰ ਸਾਊਥਾਲ ਗੁਰਦੁਆਰਾ ਸਾਹਿਬ ਵਿਖੇ 25000 ਦੀ ਸੰਗਤ ਨੇ ਖਾਲਿਸਤਾਨ ਦੀ ਜਲਾਵਤਨ ਸਰਕਾਰ ਅਨਾਊਂਸ ਕਰ ਦਿੱਤੀ ਜਿਸ ਵਿੱਚ ਡਾ. ਜਗਜੀਤ ਸਿੰਘ ਪ੍ਰੈਜ਼ੀਡੈਂਟ ਅਤੇ ਭਾਈ ਗੁਰਮੇਜ ਸਿੰਘ ਪ੍ਰਾਈਮ ਮਨਿਸਟਰ ਤੇ ਤਿੰਨ ਹੋਰ ਸਿੰਘਾਂ ਦੀ ਅਗਵਾਈ ਵਿੱਚ ਦੋ ਦਫ਼ਤਰ ਖੋਲ੍ਹੇ ਗਏ। ਇਕ Talbots Road, London ਤੇ ਦੂਜਾ Winson Green ਬਰਮਿੰਘਮ ਵਿਖੇ ਖੋਲ੍ਹੇ ਗਏ। ਜਲਾਵਤਨ ਸਰਕਾਰ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਦੂਸਰੇ ਦੇਸ਼ਾਂ ਦੀਆਂ ਅੰਬੈਸੀਆਂ ਨਾਲ ਮੁਲਾਕਾਤਾਂ ਕਰਕੇ ਸਿੱਖ ਕੌਮ ਦੀ ਨਸਲਕੁਸ਼ੀ ਬਾਰੇ ਦੱਸਿਆ ਗਿਆ। ਐਕੁਆਡੋਰ ਦੀ ਸਰਕਾਰ ਨਾਲ ਭੀ ਗੱਲਬਾਤ ਕੀਤੀ ਤੇ ਉਨ੍ਹਾਂ ਨੇ ਸਾਨੂੰ ਆਪਣੇ ਮੁਲਕ ਵਿੱਚ ਖਾਲਿਸਤਾਨ ਦੀ ਅੰਬੈਸੀ ਖੋਲ੍ਹਣ ਦੀ ਆਗਿਆ ਦੇ ਦਿੱਤੀ ਤੇ ਨਾਲ ਹੀ ਕਿਹਾ ਕਿ ਜਿੰਨੇ ਮਰਜ਼ੀ ਸਿੱਖ ਸਾਡੇ ਦੇਸ਼ ਵਿੱਚ ਆ ਕੇ ਵੱਸ ਸਕਦੇ ਹਨ। Quito, ਐਕੁਆਡੋਰ ਦੀ ਰਾਜਧਾਨੀ ਵਿਖੇ ਖਾਲਿਸਤਾਨ ਦੀ ਜਲਾਵਤਨ ਸਰਕਾਰ ਦੀ ਅੰਬੈਸੀ ਖੋਲ੍ਹੀ ਗਈ। ਅੰਬੈਸੀ ਵਿੱਚ ਕੰਮ ਕਰਨ ਵਾਸਤੇ ਭਾਈ ਗੁਰਦੀਪ ਸਿੰਘ, ਭਾਈ ਬਲਵੀਰ ਸਿੰਘ ਤੇ ਭਾਈ ਜਗਤਾਰ ਸਿੰਘ ਡਰਬੀ ਤੋਂ ਸੇਵਾ ਕਰਨ ਵਾਸਤੇ ਗਏ। ਤੇ ਕਨੇਡਾ ਤੋਂ ਭਾਈ ਬਲਵੀਰ ਸਿੰਘ ਨਿੱਝਰ ਨੂੰ ਫਾਰਨ ਵਿਭਾਗ ਦੇ ਕੰਮ ਕਾਰ ਵਾਸਤੇ ਸੇਵਾ ਲਗਾਈ ਗਈ। ਜਦੋਂ ਇੰਡੀਆ ਨੂੰ ਇਸ ਅੰਬੈਸੀ ਦਾ ਪਤਾ ਲੱਗਾ ਤੇ ਉਨ੍ਹਾਂ ਦੀਆਂ ਨੀਂਦਾਂ ਉਡ ਗਈਆਂ।




ਐਕਵਾਡੋਰ ਦੇ ਪ੍ਰਧਾਨ ਮੰਤਰੀ ਨਾਲ ਸ: ਗੁਰਮੇਜ ਸਿੰਘ ਗਿੱਲ ਪ੍ਰਧਾਨ ਮੰਤਰੀ ਖਾਲਿਸਤਾਨ ਜਲਾਵਤਨ ਸਰਕਾਰ

ਅੰਬੈਸੀ ਖੋਲ੍ਹਣ ਤੋਂ ਪਹਿਲਾਂ ਐਕੁਆਡੋਰ ਦੀ ਸਰਕਾਰ ਦਾ ਨੁਮਾਇੰਦਾ ਬਕਾਇਦਾ ਤੌਰ 'ਤੇ ਲੰਡਨ ਵਿਖੇ ਖਾਲਿਸਤਾਨ ਦੀ ਸਰਕਾਰ ਦੇ ਮੁਖੀਆਂ ਨੂੰ ਮਿਲਿਆ ਤੇ ਸਾਰੀ ਗੱਲਬਾਤ ਖੁੱਲ੍ਹ ਕੇ ਕੀਤੀ। ਅਜੇ ਕੁਝ ਹੀ ਮਹੀਨੇ ਹੋਏ ਸਨ ਅੰਬੈਸੀ ਨੂੰ ਕੰਮ ਕਰਦਿਆਂ ਤੇ ਭਾਰਤ ਸਰਕਾਰ ਨੇ ਪੂਰੀ ਵਾਹ ਲਾਈ ਅੰਬੈਸੀ ਬੰਦ ਕਰਵਾਉਣ ਵਾਸਤੇ ਤੇ 39 ਮਿਲੀਅਨ ਡਾਲਰ ਐਕੁਆਡੋਰ ਸਰਕਾਰ ਨੂੰ ਦੇ ਕੇ ਖਾਲਿਸਤਾਨ ਦੀ ਅੰਬੈਸੀ ਬੰਦ ਕਰਵਾ ਦਿੱਤੀ।

ਖਾਲਿਸਤਾਨ ਜਲਾਵਤਨ ਸਰਕਾਰ ਨੇ ਖਾਲਿਸਤਾਨ ਦਾ ਪਾਸਪੋਰਟ ਤਿਆਰ ਕਰਵਾਇਆ ਜਿਸ ਨਾਲ ਕਾਫੀ ਸਿੱਖਾਂ ਨੂੰ ਫਾਇਦਾ ਹੋਇਆ। ਕਰੰਸੀ ਭੀ ਤਿਆਰ ਕਰਵਾਈ ਸੀ ਪਰ ਕੁਝ ਕਾਰਨਾਂ ਕਰਕੇ ਚੱਲ ਨਹੀਂ ਸਕੀ। ਖਾਲਿਸਤਾਨ ਜਲਾਵਤਨ ਸਰਕਾਰ ਅੱਜ ਭੀ ਖਾਲਿਸਤਾਨ ਦੀ ਪ੍ਰਾਪਤੀ ਦੇ ਟੀਚੇ 'ਤੇ ਉਵੇਂ ਹੀ ਖੜ੍ਹੀ ਹੈ ਜਿਵੇਂ 1984 ਵਿੱਚ ਸੀ ਤੇ ਕੌਮ ਦੀ ਸੇਵਾ ਕਰ ਰਹੀ ਹੈ। ਹੁਣ ਸਾਰੀ ਸਿੱਖ ਕੌਮ ਜਾਗ ਚੁੱਕੀ ਹੈ ਤੇ ਹਰ ਪਾਸਿਉਂ ਕੌਮ ਦੀ ਅਜ਼ਾਦੀ ਦੀ ਗੱਲ ਹੋ ਰਹੀ ਹੈ। ਕੌਮ ਵਿੱਚ ਪਹਿਲਾਂ ਨਾਲੋਂ ਜ਼ਿਆਦਾ ਉਤਸ਼ਾਹ ਹੈ। ਕੌਮ ਘੱਲੂਘਾਰਿਆਂ ਵਿੱਚ ਨਹੀਂ ਮਰਦੀ ਪਰ ਜਦੋਂ ਕੌਮ ਭੁੱਲ ਜਾਂਦੀ ਹੈ ਫਿਰ ਮਰਦੀ ਹੈ। ਸੋ ਕੌਮ ਦੇ ਰਿਸਦੇ ਜ਼ਖ਼ਮਾਂ ਦੀ ਪੀੜ ਨੂੰ ਸਲਾਮਤ ਰੱਖੀਏ ਤੇ ਸਾਡੇ ਕਦਮ ਅਜ਼ਾਦੀ ਵੱਲ ਵੱਧਦੇ ਰਹਿਣ। ਗੁਲਾਮੀ ਨਾਲੋਂ ਮੌਤ ਚੰਗੀ। ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ,

ਇਨ ਗਰੀਬ ਸਿਖਨ ਕੋ ਦੂੰ ਪਾਤਿਸ਼ਾਹੀ ਏਹ ਯਾਦ ਕਰੇਂ ਹਮਰੀ ਗੁਰਿਆਈ। ਹਮ ਰਾਖਤ ਪਾਤਿਸ਼ਾਹੀ ਦਾਅਵਾ ਜਾਂ ਇਤ ਕੋ ਜਾਂ ਅਗਲੋ ਪਾਵਾ।

ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਅਟੱਲ ਬਚਨ ਹਨ ਸਾਡੇ ਨਾਲ, ਪਾਤਿਸ਼ਾਹੀ ਤੇ ਸਾਡਾ ਦਾਅਵਾ ਹੈ ਭਾਵੇਂ ਅੱਜ ਮਿਲੇ ਭਾਵੇਂ ਭਲਕ। ਸਾਡੇ ਕਦਮ ਅਜ਼ਾਦੀ ਵੱਲ ਵੱਧਦੇ ਜਾਣੇ ਚਾਹੀਦੇ ਹਨ।



-ਕੌਮ ਦਾ ਗੁਰੂ ਰਾਖਾ।

ਸੁਬੇਗ ਸਿੰਘ (ਡੈਨਮਾਰਕ)

## ਸੀਮੈਂਟ ਦਾ ਬਾਬਾ ਕਿਉਂ ?



* ਕੁੱਝ ਦਿਨ ਪਹਿਲਾਂ ਸਵੇਰੇ ਸਵੇਰੇ ਸੈਰ ਕਰਦਿਆਂ ਮੈਂ ਸੜ੍ਹਕ ਕੰਢੇ ਇੱਕ 'ਧਾਰਮਿਕ ਅਸਥਾਨ' 'ਤੇ ਸੀਮੈਂਟ ਦਾ ਬਣਿਆਂ ਇੱਕ ਬਾਬਾ ਦੇਖ ਕੇ ਮੈਨੂੰ ਸਵਰਗੀ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਸਾਹਬ ਚੇਤੇ ਆ ਗਏ!

* ਉਹ ਕਹਿੰਦੇ ਹੁੰਦੇ ਸਨ ਕਿ ਤਮਾਮ ਗੁਰੂਆਂ ਪੀਰਾਂ ਰਹਿਬਰਾਂ ਦੇ ਪੈਰੋਕਾਰਾਂ ਦੀ ਹਮੇਸ਼ਾਂ ਇਹ ਪ੍ਰਬਲ ਇੱਛਾ ਹੁੰਦੀ ਹੈ ਕਿ ਉਨ੍ਹਾਂ ਦਾ ਇਸ਼ਟ ਸਾਨੂੰ ਸਾਖਸ਼ਾਤ ਰੂਪ ਵਿੱਚ ਦਰਸ਼ਣ ਦੇ ਦੇਵੇ ਤਾਂ ਉਹ ਨਿਹਾਲੋ ਨਿਹਾਲ ਹੋ ਜਾਣ! 'ਮੇਰੇ ਬਾਬਾ ਜੀ ਦਿਉ ਦਰਸ਼ਣ....!' ਵਾਲ਼ੀ ਰਸ-ਭਿੰਨੀਂ ਧਾਰਨਾਂ ਗਾਉਂਦੇ ਜਾਂਦੇ ਸ਼ਰਧਾਲੂ ਅਕਸਰ ਹੀ ਦੇਖੇ ਜਾ ਸਕਦੇ ਹਨ।

* ਪਰ ਇੱਕੋ ਇੱਕ ਗੁੱਗਾ ਜਾਹਰ ਪੀਰ ਐਸਾ 'ਬਾਬਾ' ਹੈ ਜਿਸਦੇ ਸ਼ਰਧਾਲੂ ਜਨ ਹੱਥ ਜੋੜ ਜੋੜ ਅਰਜੋਈਆਂ ਕਰਦੇ ਹੁੰਦੇ ਨੇ ਹੇ ਬਾਬਾ ! ਰੱਬ ਦੇ ਵਾਸਤੇ ਸਾਨੂੰ ਦਰਸ਼ਣ ਨਾ ਦੇ ਦਈਂ ਕਿਤੇ !

* ਗੁੱਗੇ ਦੀ ਪੂਜਾ ਅਰਚਨਾਂ ਵਾਲ਼ੇ ਇੱਕ ਖਾਸ ਦਿਨ 'ਤੇ ਸੇਂਵੀਆਂ ਚੜ੍ਹਾਉਣ ਗਈਆਂ ਬੀਬੀਆਂ ਨੂੰ ਜੇ ਕਿਤੇ ਉਹ ਕਿਸੇ ਖੁੱਡ ਵਿੱਚੋਂ ਨਿਕ਼ਲਦਾ ਜਾਂ ਐਧਰੋਂ ਓਧਰੋਂ ਤੁਰਿਆ ਆਉਂਦਾ ਦਿਸ ਪਵੇ ਤਾਂ ਮਾਈਆਂ ਝੱਟ ਪਟ ਸੇਂਵੀਆਂ ਸੁੱਟ ਕੇ ਉੱਥੋਂ ਸੱਤਰ ਮੀਲ ਫੀ ਘੰਟਾ ਦੀ ਸਪੀਡ ਨਾਲ ਦੌੜ ਪੈਣਗੀਆਂ!! ਆਪਣੇ ਘਰ ਤੱਕ ਭੱਜੀਆਂ ਆਉਂਦੀਆਂ ਪਿੱਛੇ ਮੁੜਕੇ ਵੀ ਨੀ ਦੇਖਣ ਗੀਆਂ !!

* ਸੋ ਜਦ ਇਹ 'ਬਾਬਾ' ਅਸਲ ਜਿਊਂਦੇ ਜਾਗਦੇ ਰੂਪ ਵਿੱਚ 'ਅਵੇਲੇਬਲ' ਹੈਗਾ ਐ ਤਾਂ ਇਹਦੇ ਪੈਰੋਕਾਰਾਂ ਨੂੰ ਸੀਮੈਂਟ ਦਾ ਬਾਬਾ ਬਣਾਉਣ ਦੀ ਕੀ ਲੋੜ ਆ ਭਲਾ ?



-ਤਰਲੋਚਨ ਸਿੰਘ ਦੁਪਾਲ ਪੁਰ 001-408-915-1268

**ਜਾਗ ਮਨ ਜਾਗਣ ਦਾ ਵੇਲਾ**

**ਚੇਤਨਾ ਦਾ ਦਰਿਆ ਜਦ ਬਸਤੀ ਨੂੰ ਹੋਵੇਗਾ, ਹੱਕ ਸੱਚ ਦਾ ਝੰਡਾ ਨਾ ਤਦ ਕੋਈ ਖੋਹਵੇਗਾ।**


ਕੁਲਵੰਤ ਸਿੰਘ ਢੇਸੀ
ਕਾਵੈਂਟਰੀ, ਯੂ ਕੇ
Kulwantsinghdhesi@hotmail.com
07854 136 413




# ਗੁਰੂ ਨਾਨਕ ਸਾਹਿਬ ਦੀ ਤਸਵੀਰ ਤੇ ਅਭੈ ਮੁੱਦਰਾ ਦਾ ਮੁੱਦਾ ਭਖਿਆ ਹਾਈ ਜੈਕਰ ਭਾਈ ਗਜਿੰਦਰ ਸਿੰਘ ਦਾ ਅਕਾਲ ਚਲਾਣਾ ਅੰਮ੍ਰਿਤਪਾਲ ਸਿੰਘ ਦੇ ਖਾਲਿਸਤਾਨੀ ਹੋਣ 'ਤੇ ਸਵਾਲ ਰਿਸ਼ੀ ਸੁਨਿਕ ਦੀ ਅਗਵਾਈ ਵਿਚ ਟੋਰੀ ਮੂਧੇ ਮੂੰਹ

**ਅਭੈ ਮੁਦਰਾ ਦਾ ਮੁੱਦਾ**

ਭਾਰਤ ਵਿਚ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਵਲੋਂ ਗੁਰੂ ਨਾਨਕ ਸਾਹਿਬ ਜੀ ਦੀ ਤਸਵੀਰ ਸਦਨ ਵਿਚ ਵਿਖਾਉਣ 'ਤੇ ਸ਼੍ਰੋਮਣੀ ਕਮੇਟੀ ਦੇ ਆਗੂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸਿਆਸੀ ਲੋਕਾਂ ਵਲੋਂ ਗੁਰੂ ਸਾਹਿਬ ਦੇ ਪਵਿੱਤਰ ਸਿਧਾਤਾਂ ਅਤੇ ਗੁਰਬਾਣੀ ਦੀ ਵਿਆਖਿਆ ਗਲਤ ਤਰੀਕੇ ਨਾਲ ਕੀਤੀ ਜਾਂਦੀ ਹੋਣ ਕਾਰਨ ਸ਼੍ਰੋਮਣੀ ਕਮੇਟੀ ਇਸ ਦਾ ਵਿਰੋਧ ਕਰਦੀ ਹੈ।

ਰਾਹੁਲ ਗਾਂਧੀ ਵਲੋਂ ਨਾ ਕੇਵਲ ਗੁਰੂ ਨਾਨਕ ਸਾਹਿਬ ਜੀ ਦੀ ਹੀ ਤਸਵੀਰ ਦਿਖਾਈ ਗਈ ਸਗੋਂ ਸ਼ਿਵ ਜੀ, ਈਸਾ ਮਸੀਹ ਅਤੇ ਮਹਾਤਮਾ ਬੁੱਧ ਦੇ ਹਵਾਲੇ ਵੀ ਦਿੱਤੇ ਗਏ ਕਿ ਉਹਨਾ ਪੈਗੰਬਰਾਂ ਨੇ ਨਾ ਕਿਸੇ ਤੋਂ ਡਰਨ ਅਤੇ ਨਾ ਕਿਸੇ ਨੂੰ ਡਰਾਉਣ ਦੇ ਸਿਧਾਂਤ 'ਤੇ ਪਹਿਰਾ ਦਿੱਤਾ ਪਰ ਭਾਜਪਾ ਆਪਣੇ ਵਿਰੋਧੀਆਂ ਨੂੰ ਡਰਾਉਣ ਲਈ ਲਗਾਤਾਰ ਹਮਲਾਵਰ ਰਹਿੰਦੀ ਹੈ। ਰਾਹੁਲ ਦਾ ਇਤਰ-ਾਜ਼ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੁਕਮ ਤੇ ਉਸ 'ਤੇ ੨੦ ਤੋਂ ਵੱਧ ਹਮਲੇ ਕੀਤੇ ਗਏ, ਦੋ ਸਾਲ ਤੋਂ ਵੱਧ ਜਿਹਲ ਦੀ ਸਜ਼ਾ ਦਿੱਤੀ ਗਈ ਅਤੇ ਉਸ ਦਾ ਘਰ ਵੀ ਖੋਹ ਲਿਆ ਗਿਆ। ਉਸ ਦਾ ਕਹਿਣਾ ਸੀ ਕਿ ਭਾਜਪਾ ਆਪਣੇ ਵਿਰੋਧੀਆਂ 'ਤੇ ਦਹਿਸ਼ਤਗਰਦੀ ਨਾਲ ਪੇਸ਼ ਅਉਂਦੀ ਹੈ। ਉਸ ਦਾ ਕਹਿਣਾ ਸੀ ਕਿ ਗੋਦੀ ਮੀਡੀਏ ਨੇ ਉਸ ਉੱਤੇ ਸੱਤੇ ਦਿਨ ਚੌਵੀ ਘੰਟੇ ਹਮਲੇ ਕੀਤੇ ਪਰ ਵਿਰੋਧੀਆਂ ਅੱਗੇ ਡਟੇ ਰਹਿਣ ਦੀ ਪ੍ਰੇਰਨਾ ਉਸ ਨੂੰ ਇਹਨਾ ਪੈਗੰਬਰਾਂ ਦੇ ਹੱਥਾਂ ਤੋਂ ਮਿਲੀ ਜੋ ਕਿ ਅਭੈ ਮੁਦਰਾ ਸਿਖਾਉਂਦੇ ਹਨ। ਅਭੈ ਮੁਦਰਾ ਤੋਂ ਭਾਵ ਨਾ ਕਿਸੇ ਤੋਂ ਡਰਨਾ ਅਤੇ ਨਾ ਹੀ ਕਿਸੇ ਨੂੰ ਡਰਾਉਣਾ ਹੈ।

ਜੇਕਰ ਭਾਰਤੀ ਕਾਂਗਰਸ ਪਾਰਟੀ ਦੀ ਗੱਲ ਕਰਨੀ ਹੋਵੇ ਤਾਂ ਉਹ ਸਿਧਾਂਤਕ ਤੌਰ 'ਤੇ ਆਪਣੇ ਆਪ ਨੂੰ ਬੇਸ਼ੱਕ ਧਰਮ ਨਿਰਪੱਖ ਕਹਿੰਦੀ ਹੈ ਪਰ ਸਿੱਧੇ ਅਸਿੱਧੇ ਤੌਰ 'ਤੇ ਸੱਤਾ ਪ੍ਰਾਪਤੀ ਲਈ ਕਾਂਗਰਸ ਨੇ ਹਮੇਸ਼ਾਂ ਹੀ ਧਰਮ ਨੂੰ ਵਰਤਿਆ ਹੈ। ਪੰਜਾਬ ਵਿਚ ੧੯੭੮ ਦੇ ਅਤੇ ੧੯੮੪ ਦੇ ਸਾਕੇ ਮਗਰ ਕਾਂਗਰਸ ਦਾ ਹੀ ਹੱਥ ਰਿਹਾ ਹੈ ਜਿਸ ਨੇ ਹਮੇਸ਼ਾਂ ਹੀ ਦੇਹਧਾਰੀ ਗੁਰੂ ਡੰਮ ਨੂੰ ਸਿੱਖਾਂ ਵਿਰੁੱਧ ਉਤਸ਼ਾਹਤ ਕੀਤਾ ਅਤੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਕਬਜੇ ਵਿਚ ਕਰਨ ਲਈ ਅਨੇਕਾਂ ਸਾਜਸ਼ਾਂ ਕੀਤੀਆਂ। ਸੰਨ ਚੁਰਾਸੀ ਦਾ ਸਾਕਾ ਇੰਦਰਾਂ ਲਈ ਅਤੇ ਕਾਂਗਰਸ ਪਾਰਟੀ ਲਈ ਮਾਰੂ ਸਾਬਤ ਹੋਇਆ ਅਤੇ ਹੁਣ ਤਕ ਕਾਂਗਰਸ ਆਪ ਸਹੇੜੇ ਸੰਕਟ ਵਿਚੋਂ ਬਾਹਰ ਨਹੀਂ ਆ ਸਕੀ।

ਇਸੇ ਤਰਾਂ ਪੰਜਾਬ ਦੇ ਅਕਾਲੀ ਦਲ ਨੇ ਜਿਸ ਤਰਾਂ ਨਾਲ ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕਰਕੇ ਸੱਤਾ ਪ੍ਰਾਪਤੀ ਅਤੇ ਸਥਾਪਤੀ ਦਾ ਕਾਲਾ ਇਤਿਹਾਸ ਸਿਰਜਿਆ ਉਸ ਨੇ ਅਕਾਲੀ ਦਲ ਨੂੰ ਮੂਧੇ ਮੂੰਹ ਕਰ ਦਿਤਾ ਅਤੇ ਸ਼੍ਰੋਮਣੀ ਕਮੇਟੀ ਦੇ ਆਗੂ ਅਤੇ ਪੰਥ ਦੇ ਜਥੇਦਾਰਾਂ ਦਾ ਵਿਕਾਰ ਵੀ ਮਿੱਟੀ ਕਰ ਦਿੱਤਾ।

**ਭਾਈ ਗਜਿੰਦਰ ਸਿੰਘ ਦਾ ਅਕਾਲ ਚਲਾਣਾ**

ਲਾਲ ਜਗਤ ਨਰਾਇਣ ਦੇ ਕਤਲ ਕੇਸ ਵਿਚ ਜਿਸ ਵੇਲੇ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰ ਲਿਆ ਤਾਂ ਉਸ ਵੇਲੇ ਜਿਥੇ ਬੱਬਰ ਖਾਲਸਾ ਨੇ ਖਾੜਕੂ ਕਾਰਵਾਈਆਂ ਕਰਕੇ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ ਉਥੇ ਭਾਈ ਗਜਿੰਦਰ ਸਿੰਘ ਅਤੇ ਉਸ ਦੇ ਚਾਰ ਸਾਥੀਆਂ ਭਾਈ ਸਤਨਾਮ ਸਿੰਘ, ਭਾਈ ਤੇਜਇੰਦਰਪਾਲ ਸਿੰਘ, ਜਸਬੀਰ ਸਿੰਘ, ਕਰਨ ਸਿੰਘ ਨੇ ੨੯ ਸਤੰਬਰ ੧੯੮੧ ਨੂੰ ਭਾਰਤੀ ਹਵਾਈ ਜਹਾਜ਼ ਹਾਈ ਜੈਕ ਕਰਕੇ ਪਾਕਿਸਤਾਨ ਜਾ ਉਤਾਰਿਆ ਸੀ। ਇਸ ਐਕਸ਼ਨ ਮਗਰੋਂ ਜਹਾਜ ਵਿਚ ਸਵਾਰ ਲੋਕ ਹਾਈਜੈਕਰਾਂ ਦੇ ਪਿਆਰ ਸਤਿਕਾਰ ਭਰੇ ਮਿਲਵਰਤਣ ਬਾਰੇ ਬਿਆਨ ਦਿੰਦੇ ਰਹੇ ਸਨ। ਪਾਕਿਸਤਾਨ ਵਿਚ ਭਾਈ ਗਜਿੰਦਰ ਸਿੰਘ ਗ੍ਰਿਫਤਾਰ ਕਰਕੇ ਮੁਕੱਦਮਾ ਚਲਿਆ ਅਤੇ ਉਸ ਨੂੰ ੧੪ ਸਾਲ ਦੀ ਸਜ਼ਾ ਮਿਲੀ । ਉਹਨਾ ਦੀ ਸਜ਼ਾ ਪੂਰੀ ਹੋਈ ਤਾਂ ਉਹ ਉਥੇ ਰਹੀ ਰਹਿ ਗਏ। ਭਾਈ ਸਤਨਾਮ ਸਿੰਘ ਅਤੇ ਤੇਜਇੰਦਰਪਾਲ ਸਿੰਘ ੧੯੯੯ ਨੂੰ ਅਮਰੀਕਾ ਤੋਂ ਡਿਪੋਰਟ ਹੋ ਕੇ ਭਾਰਤ ਚਲੇ ਗਏ। ਜਸਬੀਰ ਸਿੰਘ ਅਤੇ ਕਰਨ ਸਿੰਘ ਨੂੰ ਸਵਿਟਜ਼ਰਲੈਂਡ ਵਿਚ ਸਿਆਸੀ ਪਨਾਹ ਮਿਲ ਗਈ।

ਭਾਈ ਗਜਿੰਦਰ ਸਿੰਘ ਨੂੰ ਤਿੰਨ ਸਾਲ ਪਹਿਲਾਂ ਵੀ ਦਿਲ ਦਾ ਦੌਰਾ ਪਿਆ ਸੀ ਪਰ ਬਚਾਅ ਹੋ ਗਿਆ ਸੀ ੨੮ ਜੂਨ ਨੂੰ ਫੇਰ ਦਿਲ ਦਾ ਦੌਰਾ ਪਿਆ ਤਾਂ ਡਾਕਟਰਾਂ ਨੇ ਉਹਨਾ ਨੂੰ ਬਾਈਪਾਸ ਦੀ ਸਲਾਹ ਦਿੱਤੀ ਜਿਸ ਤੋਂ ਉਹਨਾ ਨੇ ਇਨਕਾਰ ਕਰ ਦਿੱਤਾ ਤਾਂ ੩ ਜੁਲਾਈ ਨੂੰ ਉਹ ਇਸ ਫਾਨੀ ਸਰਕਾਰ ਨੂੰ ਅਲਵਿਦਾ ਕਹਿ ਗਏ। ਯੂ ਕੇ ਤੋਂ ਉਹਨਾ ਦੀ ਬੇਟੀ ਬਿਕਰਮਜੀਤ ਕੌਰ ਯੂ ਕੇ ਤੋਂ ਪਾਕਿਸਤਾਨ ਪਹੁੰਚੀ ਤਾਂ ੪ ਜੁਲਾਈ ਨੂੰ ਭਾਈ ਸਾਹਿਬ ਦਾ ਸਸਕਾਰ ਨਨਕਾਣਾ ਸਾਹਿਬ ਗੁਰਦੁਆਰਾ ਦੇ ਨੇੜਲੇ ਸ਼ਮਸ਼ਾਨ ਘਾਟ ਵਿਚ ਕਰ ਦਿੱਤਾ ਗਿਆ। ਭਾਈ ਸਾਹਿਬ ਨੇ ੪੩ ਸਾਲ ਜਲਾਵਤਨੀ ਵਿਚ ਗੁਜ਼ਾਰੇ ਉਹਨਾ ਦੇ ਧਰਮ ਪਤਨੀ ਜਰਮਨੀ ਵਿਚ ਹਨ। ਭਾਈ ਸਾਹਿਬ ਦੀਆਂ ਕਵਿਤਾਵਾਂ ਅਕਸਰ ਹੀ ਫੇਸ ਬੁੱਕ 'ਤੇ ਪੜ੍ਹਨ ਨੂੰ ਮਿਲਦੀਆਂ ਰਹੀਆਂ ਹਨ। ਉਹਨਾ



ਭਾਈ ਗਜਿੰਦਰ ਸਿੰਘ

ਦੀ ਇੱਕ ਕਵਿਤਾ ਨੇ ਜੋ ਅੱਜਕਲ ਉਚੇਚਾ ਧਿਆਨ ਲੋਕਾਂ ਦਾ ਖਿੱਚਿਆ ਉਹ ਭਾਈ ਸਾਹਿਬ ਦੇ ਅਕਾਲ ਚਲਾਣੇ ਬਾਰੇ ਹੀ ਸੀ। ਲਿਖਦੇ ਹਨ—

ਹੁਣ ਆਖਰੀ ਸਫਰ ਦੀ ਤਿਆਰੀ ਹੈ
ਅੱਜ ਨਹੀਂ ਤਾਂ ਕਲ੍ਹ ਮੇਰੀ ਵਾਰੀ ਹੈ
ਮੈਂ, ਮਿੱਤਰੋ ਜ਼ਿੰਦਗੀ ਦੀ ਸ਼ਾਮ ਹਾਂ
ਭਾਵੇਂ ਅਨਾਮ ਹਾਂ ਜਾਂ, ਨਾਮ ਹਾਂ
ਹਰ ਪਲ ਅਜ਼ਾਦੀ ਲਈ ਤੜਪਦਾ ਹਾਂ
ਇਸੇ ਲਈ ਦਿੱਲੀ ਨੂੰ ਰੜਕਦਾ ਹਾਂ
ਮੈਂ ਇਹੀ ਤੜਪ, ਤੇ ਇਹੀ ਰੜਕ
ਬੱਚਿਆਂ ਨੂੰ ਦੇ ਕੇ ਜਾਣੀ ਹੈ
ਮੇਰਾ ਵਕਤ ਸ਼ਾਇਦ ਹੁਣ ਥੋੜਾ ਹੈ
ਪਰ ਲੰਮੀ ਬੜੀ ਕਹਾਣੀ ਹੈ
ਮੈਨੂੰ ਆਪਣੇ ਢੰਗ ਨਾਲ ਜੀਅ ਲੈਣ ਦਿਓ
ਮੈਨੂੰ ਆਪਣੇ ਰੰਗ ਵਿਚ ਥੀਅ ਲੈਣ ਦਿਓ
ਗਜਿੰਦਰ ਸਿੰਘ, ਦਲ ਖਾਲਸਾ
੧੩.੦੬.੨੦੨੪

ਅਸੀਂ ਪੰਥ ਦੇ ਜੁਝਾਰੂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦੇ ਹਾਂ।


**ਅੰਮ੍ਰਿਤਪਾਲ ਸਿੰਘ ਦੇ ਖਾਲਿਸਤਾਨੀ ਹੋਣ 'ਤੇ ਸਵਾਲ**



ਅੱਜਕਲ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ ਦੇ ਬਿਆਨ ਮੀਡੀਏ ਦੀਆਂ ਸੁਰਖੀਆਂ ਬਣੇ ਹੋਏ ਹਨ ਕਿ'ਅੰਮ੍ਰਿਤਪਾਲ ਸਿੰਘ ਨੇ ਸੰਵਿਧਾਨ ਦੀ ਸਹੁੰ ਚੁੱਕੀ ਹੈ ਇਸ ਕਰਕੇ ਉਹ ਖਾਲਿਸਾਨ ਦਾ ਸਮਰਥਕ ਨਹੀਂ ਹੈ। ਜਦ ਕਿ ਅੰਮ੍ਰਿਤਪਾਲ ਸਿੰਘ ਖੁਦਮੁਖਤਿਆਰ ਸਿੱਖ ਰਾਜ ਭਾਵ ਕਿ ਖਾਲਿਸਤਾਨ ਨੂੰ ਆਪਣਾ ਨਿਸ਼ਾਨਾ ਦੱਸਦਾ ਰਿਹਾ ਹੈ। ਪਰ ਉਸ ਦੀ ਮਾਤਾ ਦਾ ਕਹਿਣਾ ਹੈ ਕਿ ਕਿਓਂਕਿ ਉਸ ਦੇ ਪੁੱਤਰ ਨੇ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਸੰਵਿਧਾਨ ਦੀ ਸਹੁੰ ਚੁੱਕੀ ਹੈ ਇਸ ਕਰਕੇ ਉਸ ਨੂੰ ਖਾਲਿਸਤਾਨੀ ਨਹੀਂ ਕਹਿਣਾ ਚਾਹੀਦਾ। ਬੀਬੀ ਦਾ ਕਹਿਣਾ ਹੈ ਕਿ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਨਾਲ ਕੋਈ ਖਾਲਿਸਤਾਨੀ ਨਹੀਂ ਹੋ ਜਾਂਦਾ। ਦੂਸਰੇ ਪਾਸੇ ਭਾਰਤ ਦੇ ਸੰਵਿਧਾਨ ਦੀ ਸਹੁੰ ਤਾਂ ਸ: ਸਿਮਰਨਜੀਤ ਸਿੰਘ ਮਾਨ ਵੀ ਚੁੱਕਦੇ ਰਹੇ ਹਨ ਜਦ ਕਿ ਉਹ ਆਪਣੇ ਆਪ ਨੂੰ ਖਾਲਿਸਤਾਨੀ ਸਮਰਥਕ ਕਹਿੰਦੇ ਹਨ। ਮਾਨ ਬਾਰੇ ਤਾ ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਭਾਰਤੀ ਨਿਆਂ ਪਾਲਕਾ ਰਾਹੀਂ ਖਾਲਿਸਤਾਨ ਦੀ ਮੰਗ ਮੰਗਣ ਅਤੇ ਖਾਲਿਸਤਾਨ ਦਾ ਨਾਅਰਾ ਲਉਣ ਦਾ ਹੱਕ ਪ੍ਰਾਪਤ ਕਰ ਲਿਆ ਹੈ। ਪਰ ਇਸ ਸੱਚਾਈ ਤੋਂ ਸਾਰੇ ਜਾਣੂ ਹਨ ਕਿ ਭਾਰਤ ਵਰਗੇ ਦੇਸ਼ ਵਿਚ ਉਸ ਤਰੀਕੇ ਨਾਲ ਪੰਜਾਬ ਦੀ ਅਜ਼ਾਦੀ ਲਈ ਨਹੀਂ ਲੜਿਆ ਜਾ ਸਕਦਾ ਜਿਵੇਂ ਕਿ ਬਰਤਾਨੀਆਂ ਵਿਚ ਸਕੌਟਲੈਂਡ ਦੀ ਅਜ਼ਾਦੀ ਦੀ ਮੰਗ ਸਕੌਟਿਸ਼ ਨੈਸਨਲ ਪਾਰਟੀ ਕਰਦੀ ਹੈ। ਭਾਰਤ ਵਿਚ ਤਾਂ ਅਗਰ ਕਿਸੇ ਸਿੱਖ ਦੇ ਕੋਲੋਂ ਖਾਲਿਸਤਾਨ ਦਾ ਸਾਹਿਤ ਮਿਲ ਜਾਂਦਾ ਹੈ ਤਾਂ ਸਰਕਾਰ ਉਸ 'ਤੇ ਐਨ ਐਸ ਏ ਲਾ ਕੇ ਸੀਖਾਂ ਪਿੱਛੇ ਡੱਕ ਦਿੰਦੀ ਹੈ।

ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਐਸਾ ਕੋਈ ਵੀ ਜ਼ੁਰਮ ਸਿੱਧ ਨਹੀਂ ਹੁੰਦਾ ਜਿਸ ਕਾਰਨ ਉਸ ਨੂੰ ਬਿਨਾ ਮੁਕੱਦਮਾ ਚਲਾਇਆਂ ਐਨ ਐਸ ਏ ਲਾ ਕੇ ਸੀਖਾਂ ਪਿੱਛੇ ਡੱਕਿਆ ਜਾਵੇ ਸਿਵਾਏ ਇਸ ਦੇ ਕਿ ਉਹ ਆਪਣੇ ਭਾਸ਼ਣਾ ਵਿਚ ਸਿੱਖਾਂ ਦੀ ਅਜ਼ਾਦੀ ਦੀ ਗੱਲ ਸ਼ਰੇਆਮ ਕਰਦਾ ਸੀ। ਹੁਣ ਭਾਈ ਅੰਮ੍ਰਿਤਪਾਲ ਸਿੰਘ ਨੂੰ ਐਨ ਐਸ ਏ ੧੯੮੦ ਦੀ ਧਾਰਾ ੧੫ ਤਹਿਤ ਸਹੁੰ ਚੁੱਕਣ ਲਈ ਚਾਰ ਦਿਨ ਲਈ ਡਿਬਰੂਗੜ੍ਹ ਜਿਹਲ ਤੋਂ ਪੈਰੋਲ 'ਤੇ ਰਿਹਾ ਕੀਤਾ ਗਿਆ ਹੈ ਤਾਂ ਉਹ ਵੀ ਕੁਝ ਵਿਸ਼ੇਸ਼ ਸ਼ਰਤਾਂ ਤਹਿਤ ਕੀਤਾ ਗਿਆ ਹੈ ਕਿ ਉਸ ਨੂੰ ਕੋਈ ਤਸਵੀਰ ਖਿਚਾਉਣ ਜਾਂ ਵੀਡੀਓ ਰਿਕਾਰਡ ਕਰਨ ਦਾ ਅਧਿਕਾਰ ਨਹੀਂ ਹੋਵੇਗਾ। ਇਹੀ ਕਾਰਨ ਹੈ ਕਿ ਉਸ ਦੇ ਸਹੁੰ ਚੁੱਕ ਸਮਾਗਮ ਸਬੰਧੀ ਉਸ ਦੀ ਉਸ ਕਿਸਮ ਦੀ ਕੋਈ ਵੀ ਤਸਵੀਰ ਸਾਹਮਣੇ ਨਹੀਂ ਆਈ ਜਿਵੇਂ ਕਿ ਸ਼ਹੀਦ ਬਿਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਦੀ ਆਈ ਸੀ। ਅੰਮ੍ਰਿਤਪਾਲ ਸਿੰਘ ਖਾਲਸਾ ਅਗਸਤ ੨੦੨੨ ਨੂੰ ਡੁੱਬਈ ਤੋਂ ਪੰਜਾਬ ਆ ਕੇ ਅਚਾਨਕ ਹੀ ਮੀਡੀਏ ਵਿਚ ਛਾ ਗਿਆ ਸੀ। ਨਸ਼ਾ ਛਡਾਊ ਲਹਿਰ ਚਲਾਉਣ ਕਾਰਨ ਪੰਜਾਬ ਦੇ ਲੋਕਾਂ ਨੇ ਉਸ ਨੂੰ ਸਿਰ 'ਤੇ ਚੁੱਕ ਲਿਆ।

ਬਾਕੀ ਹਿਸਾ ਸਫਾ 50 ਤੇ ਪੜ੍ਹੋ →



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***


A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)

Respectable Arora Sikh family seeking a suitable match for their British born son, he is a doctor (GP), 45 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3037)

## CHANGE OF NAME

I, MRS PINKI W/O MR AKSHAY KUMAR WHOSE PERMANENT ADDRESS IN INDIA IS DR. AMBEDKAR NAGAR, SANGRUR, PUNJAB PIN: 148001, AND NOW LIVING AT FLAT 20, 34 SAINT PETER'S ROAD, HARBORNE, BIRMINGHAM, B17 0AY, UK HEREBY GIVE NOTICE OF MY INTENTION TO CHANGE MY NAME TO PINKI KUMAR. (U)

I, CHARANJIT S/O MR GURNAM CHAND WHOSE PERMANENT ADDRESS IN INDIA IS VILLAGE DOSANJH KHURD, TEH PHILLAUR, DISTT JALANDHAR, PUNJAB 144410 AND NOW LIVING AT 128 VICTORIA ROAD, BIRMINGHAM, B21 0SL HEREBY GIVE NOTICE OF MY INTENTION TO CHANGE MY NAME TO CHARANJIT (GIVEN NAME) RAI (SURNAME) (U/I)

I, MRS BALJIT KAUR WIFE OF MR NARINDER SINGH WHOSE PERMANENT ADDRESS IN INDIA IS V.P.O. RURKA KALAN, TEHSIL PHILLAUR, DISTT: JALANDHAR, PUNJAB AND NOW LIVING AT 136 WARWICK AVENUE, LITTLEOVER, DERBY, DE23 6HL, UK HEREBY GIVE NOTICE OF MY INTENTION TO CHANGE MY NAME TO BALJIT KAUR SANDHU. (U/I)


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


49 ਸਫ਼ੇ ਦੀ ਬਾਕੀ

ਫਿਰ ਉਹ ਮਰਹੂਮ ਸੰਦੀਪ ਸਿੰਘ ਦੀਪ ਸਿੱਧੂ ਦੀ ਜਥੇਬੰਦੀ 'ਵਾਰਿਸ ਪੰਜਬ ਦੇ' ਦਾ ਮੁਖੀ ਬਣ ਗਿਆ ਤਾ ਪੰਜਾਬ ਦੀ ਨੌਜਵਾਨੀ ਉਸ ਦੇ ਮਗਰ ਲੱਗ ਤੁਰੀ। ਪਰ ਜਿਓਂ ਹੀ ਭਾਈ ਅੰਮ੍ਰਿਤਪਾਲ ਸਿੰਘ ਨੇ ਸਿੱਖ ਕੌਮ ਦੀ ਅਜ਼ਾਦੀ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਉਹ ਪੁਲਸ ਪ੍ਰਸ਼ਾਸਨ ਦੀ ਨਿਗ੍ਹਾ ਵਿਚ ਰੜਕਣ ਲੱਗ ਪਿਆ ਅਤੇ ਆਖ਼ਿਰ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਨੇ ਸਰਕਾਰ ਲਈ ਉਹ ਬਹਾਨਾ ਪੈਦਾ ਕਰ ਦਿੱਤਾ ਜਿਸ ਨੇ ਉਸ ਦੀ ਗ੍ਰਿਫਤਾਰੀ ਲਈ ਰਾਹ ਪੱਧਰਾ ਕੀਤਾ। ਖਡੂਰ ਸਾਹਿਬ ਤੋਂ ਲੋਕ ਸਭਾ ਦੀ ਸੀਟ ਜਿੱਤਣ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਨਾਲ ਸਰਕਾਰ ਭਵਿੱਖ ਵਿਚ ਕਿਸ ਤਰਾਂ ਪੇਸ਼ ਆਉਂਦੀ ਹੈ ਅਤੇ ਉਹ ਐਮ ਪੀ ਵਜੋਂ ਆਪਣੇ ਇਲਾਕੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਕਿਵੇਂ ਪੂਰਿਆਂ ਉਤਰਦਾ ਹੈ ਸਮਾਂ ਹੀ ਦੱਸੇਗਾ।

## ਟੋਰੀ ਪਾਰਟੀ ਮੂਧੇ ਮੂੰਹ

੧੪ ਸਾਲ ਦੀ ਲੰਬੀ ਉਡੀਕ ਮਗਰੋਂ ਬਰਤਾਨੀਆਂ ਦੇ ਵੋਟਰਾਂ ਨੇ ਲੇਬਰ ਪਾਰਟੀ



ਨੂੰ ਧਮਾਕੇ ਦੀ ਜਿੱਤ ਨਾਲ ਰਾਜ ਸਿੰਘਾਸਨ 'ਤੇ ਬਿਠਾ ਦਿੱਤਾ ਹੈ। ਇਸ ਵਾਰ ਦੀਆਂ ਚੋਣਾਂ ਵਿਚ ਲੇਬਰ ਪਾਰਟੀ ਨੂੰ ੪੧੪ ਸੀਟਾਂ ਹਾਸਲ ਹੋਈਆਂ ਹਨ ਜੋ ਕਿ ਪਿਛਲੀ ਵੇਰ ਨਾਲੋਂ ੨੧੦ ਸੀਟਾਂ ਵੱਧ ਹਨ। ਟੋਰੀ ਪਾਰਟੀ ਨੂੰ੧੨੦ ਸੀਟਾਂ ਮਿਲੀਆਂ ਜੋ ਕਿ ਪਿਛਲੀ ਵੇਰ ਨਾਲੋਂ ੨੫੦ ਸੀਟਾਂ ਘੱਟ ਹਨ। ਲਿਬਰਲ ਡੈਮੋਕਰੇਟ ਨੂੰ ੭੧ ਸੀਟਾਂ ਮਿਲੀਆਂ ਜੋ ਕਿ ਪਿਛਲੀ ਵੇਰ ਨਾਲੋਂ ੬੩ ਸੀਟਾਂ ਵੱਧ ਹਨ। ਸਕੌਟਸ਼ ਨੈਸ਼ਨਲ ਪਾਰਟੀ ਨੂੰ ਕੇਵਲ ੯ ਸੀਟਾਂ ਮਿਲੀਆਂ ਜੋ ਕਿ ਪਿਛਲੀ ਵੇਰ ਨਾਲੋਂ ੩੯ ਸੀਟਾਂ ਘੱਟ ਹਨ ਅਤੇ ਬਾਕੀਆਂ ਨੂੰ ੩੫ ਸੀਟਾਂ ਮਿਲੀਆਂ ਜੋ ਕਿ ਪਿਛਲੀ ਵੇਰ ਨਾਲੋਂ ੧੪ ਸੀਟਾਂ ਵੱਧ ਹਨ।

ਲੇਬਰ ਪਾਰਟੀ ਦੇ ਆਗੂ ਸਰ ਕੀਅਰ ਸਟਾਰਮਰ ਦੇ ਪਰਿਵਾਰ ਦਾ ਪਿਛੋਕੜ ਕਿਰਤੀ ਜਮਾਤ ਨਾਲ ਰਿਹਾ ਹੈ। ਉਸ ਦਾ ਪਿਤਾ ਇੱਕ ਫੈਕਟਰੀ ਵਰਕਰ ਸੀ ਜਦ ਕਿ ਮਾਤਾ ਇੱਕ ਨਰਸ ਸੀ ਜੋ ਕਿ ਖੁਦ ਸਿਲਟਰ ਰੋਗ ਤੋਂ ਪੀੜਤ ਰਹੀ ਸੀ। ਪੇਸ਼ੇ ਦੇ ਤੌਰ ਤੇ



ਕੀਅਰ ਸਟਾਰਮਰ ਬੈਰਿਸਟਰ ਰਹੇ ਹਨ ਅਤੇ ਉਸ ਨੂੰ ਮਨੁੱਖੀ ਹੱਕਾਂ ਬਾਰੇ ਚੋਖੀ ਜਾਣਕਾਰੀ ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਅਫਰੀਕਾ ਵਿਚ ਮੌਤ ਦੀ ਸਜ਼ਾ ਦਾ ਸਾਹ-ਮਣਾ ਕਰ ਰਹੇ ਕੈਦੀਆਂ ਦੇ ਵੀ ਕੇਸ ਲੜੇ ਸਨ। ਸੰਨ ੨੦੦੮ ਵਿਚ ਉਹ ਨਿਆਂ ਪਾਲਕਾ ਦੇ ਕਰਿਮੀਨਲ ਪ੍ਰੌਸੀਕਿਊਟਰ ਦੇ ਸਭ ਤੋਂ ਉੱਚੇ ਅਹੁਦੇ 'ਤੇ ਰਹੇ। ਸੰਨ ੨੦੨੦ ਤੋਂ ਉਹ ਲੇਬਰ ਪਾਰਟੀ ਦੇ ਆਗੂ ਵਜੋਂ ਚਲੇ ਆ ਰਹੇ ਹਨ।

ਇਸ ਵਾਰ ਦੀਆਂ ਚੋਣਾਂ ਮਗਰੋਂ ਹਾਊਸ ਆਫ ਕਾਮਨਜ਼ ਵਿਚ ਸਿੱਖ ਮੈਂਬਰਾਂ ਦੀ ਗਿਣਤੀ ਦੋ ਤੋਂ ਵੱਧ ਕੇ ੧੦ ਹੋ ਗਈ ਅਤੇ ਇਹ ਸਾਰੇ ਹੀ ਲੇਬਰ ਪਾਰਟੀ ਦੀ ਟਿਕਟ 'ਤੇ ਜਿੱਤੇ ਹਨ।

ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ, ਕਸ਼ਮੀਰ ਅਤੇ ਭਾਰਤ ਦੇ ਹੋਰ ਸੂਬਿਆਂ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਖਿਲਾਫ ਕੀਅਰ ਸਟਾਰਮਰ ਲੇਬਰ ਪਾਰਟੀ ਦੇ ਸਾਬਕਾ ਆਗੂ ਜੇਰਿਮੀ ਕੋਰਬਨ ਵਾਂਗ ਦ੍ਰਿੜ ਸਟੈਂਡ ਨਹੀਂ ਲੈ ਸਕੇਗਾ ਜਦ ਕਿ ਇਸ ਵਾਰ ਦੀਆਂ ਚੋਣਾ ਵਿਚ ਲੇਬਰ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਭਾਰਤ ਨਾਲ ਬਿਹਤਰ ਵਪਾਰਕ ਸਬੰਧ ਬਣਾਏ ਜਾਣ ਦਾ ਜ਼ਿਕਰ ਹੈ।

ਲੇਬਰ ਪਾਰਟੀ ਸਾਹਮਣੇ ਇਸ ਵੇਲੇ ਜਿਥੇ ਡਿਗ ਰਹੀ ਨੈਸ਼ਨਲ ਹੈਲਥ ਸਰਵਿਸ ਨੂੰ ਪੈਰਾਂ 'ਤੇ ਕਰਨ ਨਾਲ ਅਨੇਕਾਂ ਹੋਰ ਸਥਾਨਕ ਮੁੱਦੇ ਹਨ ਪਰ ਕੌਮਾਂਤਰੀ ਸਿਆਸਤ ਜਿਸ ਪਾਸੇ ਵਲ ਕਰਵਟ ਲੈ ਰਹੀ ਹੈ ਉਸ ਨੂੰ ਦੇਖਦਿਆਂ ਤੀਸਰੇ ਵਿਸ਼ਵ ਯੁੱਧ ਨੂੰ ਟਾਲਣਾ ਜਾਂ ਯੁੱਧ ਛਿੜ ਪੈਣ 'ਤੇ ਬਰਤਾਨੀਆਂ ਦੀ ਹੋਂਦ ਨੂੰ ਬਚਾ ਸਕਣਾ ਪਹਿਲ ਪਲੇਠੀ ਦਾ ਮੁੱਦਾ ਰਹੇਗਾ।

* * * * * * *

# ਸ਼੍ਰੋਮਣੀ ਕਮੇਟੀ ਲਈ ਸਰਗਰਮ ਹੋਣਗੇ ਅੰਮ੍ਰਿਤਪਾਲ ਸਿੰਘ

## ✪ ਅੰਮ੍ਰਿਤਪਾਲ ਸਿੰਘ ਨੇ ਪਿਤਾ ਦੇ ਜ਼ਰੀਏ ਸੰਗਤਾਂ ਨੂੰ ਭੇਜਿਆ ਸੁਨੇਹਾ ਕਿ 'ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੱਧ ਤੋਂ ਵੱਧ ਵੋਟਾਂ ਬਣਵਾਓ'

ਮੁਹਾਲੀ-ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਤੇ ਖਡੂਰ ਸਾਹਿਬ ਤੋਂ ਲੋਕ ਸਭਾ ਸਾਂਸਦ ਅੰਮ੍ਰਿਤਪਾਲ ਸਿੰਘ ਨੇ ਸਾਂਸਦ ਵੱਲੋਂ ਬੀਤੇ ਦਿਨੀਂ ਸਹੁੰ ਚੁੱਕ ਲਈ ਸੀ। ਉਨ੍ਹਾਂ ਨੂੰ ਸਖ਼ਤ ਸੁਰੱਖਿਆ ਹੇਠ ਏਅਰ ਫੋਰਸ ਦੇ ਜਹਾਜ਼ ਰਾਹੀਂ ਅਸਾਮ ਤੋਂ ਦਿੱਲੀ ਲਿਆਂਦਾ ਗਿਆ ਸੀ। ਇੱਥੇ ਉਨ੍ਹਾਂ ਸਪੀਕਰ ਦੇ ਚੈਂਬਰ ਵਿੱਚ ਹਲ.ਫ ਲਿਆ। ਇਸ ਦੌਰਾਨ ਦੀ ਸਾਰੀ ਕਾਰਵਾਈ ਗੁਪਤ ਰੱਖੀ ਗਈ ਸੀ ਤੇ ਅਨੇਕਾਂ ਪਾਬੰਦੀਆਂ ਲਗਾਈਆਂ ਗਈਆਂ ਸਨ। ਹੁਣ ਉਨ੍ਹਾਂ ਵਲੋਂ ਸ਼੍ਰੋਮਣੀ ਕਮੇਟੀ ਲਈ ਸਰਗਰਮੀਆਂ ਕਰਨ ਦੀ ਸੰਭਾਵਨਾ ਹੈ। ਸਹੁੰ ਚੁੱਕਣ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਤੇ ਚਾਚੇ ਨੇ ਕਰੀਬ 45 ਮਿੰਟ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਪਿਤਾ ਨੇ ਦੱਸਿਆ ਕਿ ਪੈਰੋਲ 4 ਦਿਨਾਂ ਦੀ ਸੀ ਪਰ ਇੱਕ ਦਿਨ ਵਿੱਚ ਹੀ ਵਾਪਸ ਚਲੇ ਗਏ ਸਨ। ਸ਼੍ਰੋਮਣੀ ਤੇ ਜ਼ਿਮਨੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਅਜੇ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਨੇੜੇ ਆਉਣ ਤੇ ਫੈਸਲੇ ਲਏ ਜਾਣਗੇ। ਐਮਪੀ ਬਣਨ ਤੋਂ ਬਾਅਦ ਨਸ਼ੇ ਦਾ ਮੁੱਦਾ ਚੁੱਕਣ ਦੀ ਗੱਲ ਕੀਤੀ ਹੈ। ਪਿਤਾ ਨੇ ਦੱਸਿਆ ਕਿ ਅੰਮਿਤਪਾਲ ਸਿੰਘ ਨੇ ਮੁਲਾਕਾਤ ਵੇਲੇ ਸੰਗਤਾਂ ਨੂੰ ਸੰਦੇਸ਼ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੱਧ ਤੋਂ ਵੱਧ ਵੋਟਾਂ ਬਣਵਾਉਣ 'ਤੇ ਜ਼ੋਰ ਦਿੱਤਾ ਜਾਵੇ।

# ਅੰਮ੍ਰਿਤਪਾਲ ਸਿੰਘ ਨੇ ਖਾਲਿਸਤਾਨ ਦੇ ਹੱਕ ਵਿਚ ਬਿਆਨ ਦਿੱਤਾ

## ✪ ਮਾਤਾ ਬਲਵਿੰਦਰ ਕੌਰ ਮੁਕਰੀ ਕਿ ਮੇਰਾ ਬਿਆਨ ਤਰੋੜਿਆ ਮਰੋੜਿਆ ਗਿਆ

ਮੁਹਾਲੀ-ਲੰਘੇ ਕੱਲ੍ਹ ਦੀ ਮਾਤਾ ਬਲਵਿੰਦਰ ਕੌਰ ਦਾ ਇਕ ਬਿਆਨ ਵਾਇਰਲ ਹੋਇਆ ਸੀ। ਪੱਤਰਕਾਰ ਦੇ ਸਵਾਲ ਉਤੇ ਉਨ੍ਹਾਂ ਕਿਹਾ ਸੀ ਕਿ ਕੋਈ ਕੁਝ ਵੀ ਕਹੀ ਜਾਵੇ ਅੰਮ੍ਰਿਤਪਾਲ ਕੋਈ ਖਾਲਿਸਤਾਨੀ ਨਹੀਂ ਹੈ। ਉਨ੍ਹਾਂ ਦੇ ਲੋਕ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਕਾਰਨ ਸਮਰਥਕ ਕਾਫੀ ਖੁਸ਼ ਹਨ। ਮੈਂ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਉਸ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਜਾਵੇ। ਜਿਸ ਤੋਂ ਬਾਅਦ ਅੰਮ੍ਰਿਤਪਾਲ ਨੇ ਇਸ ਬਿਆਨ ਉਤੇ ਸਖ਼ਤ ਇਤਰਾਜ਼ ਜਤਾਇਆ ਸੀ। ਮਾਂ ਦੇ ਇਸ ਬਿਆਨ ਉਤੇ ਅੰਮ੍ਰਿਤਪਾਲ ਦੀ ਸਫਾਈ ਸਾਹਮਣੇ ਆਈ ਸੀ।

ਉਨ੍ਹਾਂ ਦੀ ਟੀਮ ਵੱਲੋਂ ਟਵੀਟ ਕਰਦਿਆਂ ਕਿਹਾ, "ਮਾਤਾ ਜੀ ਵੱਲੋਂ ਦਿੱਤੇ ਬਿਆਨ ਬਾਰੇ ਜਦੋਂ ਅੱਜ ਮੈਨੂੰ ਪਤਾ ਲੱਗਾ ਤਾਂ ਮੇਰਾ ਮਨ





ਬਹੁਤ ਦੁਖੀ ਹੋਇਆ। ਬੇਸ਼ੱਕ ਮੈਨੂੰ ਇਹ ਯਕੀਨ ਹੈ ਕਿ ਮਾਤਾ ਜੀ ਵੱਲੋਂ ਇਹ ਬਿਆਨ ਅਣਜਾਣੇ ਵਿੱਚ ਦਿੱਤਾ ਗਿਆ, ਪਰ ਫਿਰ ਵੀ ਅਜਿਹਾ ਬਿਆਨ ਮੇਰੇ ਪਰਿਵਾਰ ਜਾਂ ਕਿਸੇ ਵੀ ਉਸ ਸ਼ਖ਼ਸ ਵੱਲੋਂ ਜੋ ਮੇਰੀ ਹਮਾਇਤ ਕਰਦਾ ਹੈ, ਉਸ ਵੱਲੋਂ ਨਹੀਂ ਆਉਣਾ ਚਾਹੀਦਾ ਸੀ।"

ਉਨ੍ਹਾਂ ਕਿਹਾ ਕਿ ਖਾਲਸੇ ਰਾਜ ਦਾ ਸੁਪਨਾ ਵੇਖਣਾ ਕੋਈ ਗੁਨਾਹ ਨਹੀਂ, ਸਗੋਂ ਮਾਣ ਵਾਲੀ ਗੱਲ ਹੈ। ਜਿਸ ਸੁਪਨੇ ਦੀ ਪੂਰਤੀ ਲਈ ਲੱਖਾਂ ਸਿੱਖਾਂ ਨੇ ਸ਼ਹੀਦੀ ਦਿੱਤੀ ਹੋਵੇ, ਉਸ ਮਾਰਗ ਤੋਂ ਪਿੱਛੇ ਹਟ ਜਾਣ ਬਾਰੇ ਅਸੀਂ ਸੁਪਨੇ ਵਿੱਚ ਵੀ ਨਹੀਂ ਸੋਚ ਸਕਦੇ।

ਇਸ ਬਿਆਨ ਤੋਂ ਬਾਅਦ ਹੁਣ ਅੰਮ੍ਰਿਤਪਾਲ ਸਿੰਘ ਮਾਤਾ ਵੱਲੋਂ ਸਫਾਈ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ 'ਮੈਂ ਕਿਹਾ ਕਿ ਸੀ ਕਿ ਅੰਮ੍ਰਿਤਪਾਲ ਨੇ ਸੰਵਿਧਾਨ ਦੀ ਸਹੁੰ ਚੁੱਕੀ ਹੈ ਅਤੇ ਬਾਕੀ ਬਿਆਨ ਅੰਮ੍ਰਿਤਪਾਲ ਜੇਲ੍ਹ ਤੋਂ ਬਾਹਰ ਆ ਕੇ ਖੁਦ ਦੇਵਗਾ ਜਿਸ ਨੂੰ ਮੀਡੀਆ ਵੱਲੋਂ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।

# ਹਾਥਰਸ ਤੋਂ ਬਾਅਦ ਪੁਰੀ ਵਿਚ ਭਗਦੜ ਮੱਚਣ ਕਾਰਣ, 400 ਸ਼ਰਧਾਲੂ ਜ਼ਖ਼ਮੀ, ਇੱਕ ਦੀ ਮੌਤ

## ✪ ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋਏ

ਆਸਥਾ ਅਤੇ ਸ਼ਰਧਾ ਦੇ ਤਿਉਹਾਰ ਰਥ ਯਾਤਰਾ ਨੇ ਬੀਤੇ ਦਿਨੀਂ ਓਡੀਸ਼ਾ ਦੇ ਪੁਰੀ ਵਿੱਚ ਉਸ ਵੇਲੇ ਦਰਦਨਾਕ ਮੋੜ ਲੈ ਲਿਆ, ਜਦੋਂ ਉੱਥੇ ਭਗਵਾਨ ਬਲਭੱਦਰ ਦੇ ਰੱਥ ਤਾਲਧਵੱਜ ਨੂੰ ਖਿੱਚਣ ਵੇਲੇ ਭਗਦੜ ਮੱਚ ਗਈ। ਇਸ ਹਾਦਸੇ ਵਿਚ ਇਕ ਸ਼ਰਧਾਲੂ ਦੀ ਮੌਤ ਹੋ ਗਈ, ਜਦਕਿ 400 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ 'ਚੋਂ ਕਈਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਭਗਦੜ ਵਿੱਚ ਦੋ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ। ਇਸ ਵਿੱਚ ਇੱਕ ਪੁਲਿਸ ਮੁਲਾਜ਼ਮ ਦੀ ਲੱਤ ਟੁੱਟਣ ਦੀ ਖ਼ਬਰ ਸਾਹਮਣੇ ਆਈ ਹੈ। ਜ਼ਖ਼ਮੀਆਂ ਨੂੰ ਪੁਰੀ ਦੇ ਜ਼ਿਲ੍ਹਾ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਿਹਤ ਮੰਤਰੀ ਮੁਕੇਸ਼ ਮਹਾਲਿੰਗ ਹਸਪਤਾਲ ਪਹੁੰਚੇ ਅਤੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ। ਸਿਹਤ ਮੰਤਰੀ ਮੁਕੇਸ਼ ਮਹਾਲਿੰਗ ਨੇ ਕਿਹਾ ਕਿ ਜ਼ਖ਼ਮੀਆਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

### -ਮਾਮਲਾ 6000 ਕਰੋੜ ਦੇ ਡਰੱਗ ਦਾ-

# ਹਾਈਕੋਰਟ ਤੋਂ ਬਿਕਰਮ ਸਿੰਘ ਮਜੀਠੀਆ ਨੂੰ ਮਿਲੀ ਰਾਹਤ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੂੰ ਕਰੋੜਾਂ ਰੁਪਏ ਦੀ ਡਰੱਗ ਤਸਕਰੀ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਰਾਹਤ ਮਿਲੀ ਹੈ। ਅਦਾਲਤ ਵਿੱਚ ਮਾਮਲੇ ਦੀ ਜਾਂਚ ਕਰ ਰਹੀ ਐਸਆਈਟੀ ਨੇ ਜਵਾਬ ਦਿੱਤਾ ਹੈ ਕਿ ਉਨ੍ਹਾਂ ਨੇ ਮਜੀਠੀਆ ਨੂੰ ਪੁੱਛਗਿੱਛ ਲਈ ਭੇਜੇ ਸੰਮਨ ਵਾਪਸ ਲੈ ਲਏ ਹਨ।

ਹਾਲਾਂਕਿ ਇਸ ਤੋਂ ਪਹਿਲਾਂ ਜਦੋਂ ਪਿਛਲੇ ਮਹੀਨੇ ਐਸਆਈਟੀ ਨੇ ਉਨ੍ਹਾਂ ਨੂੰ ਨੋਟਿਸ ਭੇਜਿਆ ਸੀ ਤਾਂ ਉਹ ਇਸ ਮਾਮਲੇ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਪੁੱਜੇ ਸਨ।

ਉਹਨਾਂ ਵੱਲੋਂ ਦਲੀਲ ਦਿੱਤੀ ਗਈ ਸੀ ਕਿ ਉਹਨਾਂ ਨੂੰ ਵਾਰ-ਵਾਰ ਸੰਮਨ ਭੇਜ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਹਾਈਕੋਰਟ ਨੇ ਉਨ੍ਹਾਂ ਨੂੰ 8 ਜੁਲਾਈ ਤੱਕ ਐਸਆਈਟੀ ਸਾਹਮਣੇ ਪੇਸ਼ ਹੋਣ ਦੀ ਰਾਹਤ ਦਿੱਤੀ ਸੀ।

ਇਸ ਸਾਲ ਦੇ ਸ਼ੁਰੂ ਵਿੱਚ ਮਜੀਠੀਆ ਮਾਮਲੇ ਵਿੱਚ ਇੱਕ ਨਵੀਂ ਐਸਆਈਟੀ ਬਣਾਈ ਗਈ ਸੀ। ਐਸਆਈਟੀ ਦੀ ਜ਼ਿੰਮੇਵਾਰੀ ਪਟਿਆਲਾ ਰੇਂਜ ਦੇ ਡੀਆਈਜੀ ਐਚਐਸ ਭੁੱਲਰ ਨੂੰ ਦਿੱਤੀ ਗਈ ਸੀ। ਏਡੀਜੀਪੀ ਮੁਖਵਿੰਦਰ ਸਿੰਘ ਛੀਨਾ ਦੇ ਸੇਵਾਮੁਕਤ ਹੋਣ ਤੋਂ ਬਾਅਦ ਸਰਕਾਰ ਨੇ ਐਸਆਈਟੀ ਦਾ



ਪੁਨਰਗਠਨ ਕੀਤਾ ਸੀ।

ਪੁਲੀਸ ਨੇ ਮਜੀਠੀਆ ਖ਼ਿਲਾਫ਼ ਇਹ ਕੇਸ ਤਿੰਨ ਸਾਲ ਪਹਿਲਾਂ 20 ਦਸੰਬਰ 2021 ਨੂੰ ਕਾਂਗਰਸ ਸਰਕਾਰ ਵੇਲੇ ਦਰਜ ਕੀਤਾ ਸੀ। ਇਸ ਤੋਂ ਬਾਅਦ ਉਸ ਨੂੰ ਜੇਲ੍ਹ ਵੀ ਜਾਣਾ ਪਿਆ। 5 ਮਹੀਨੇ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਮਜੀਠੀਆ ਨੂੰ 10 ਅਗਸਤ 2022 ਨੂੰ ਜ਼ਮਾਨਤ ਮਿਲ ਗਈ ਸੀ।

ਮਜੀਠੀਆ ਨੇ ਦੋਸ਼ ਲਾਇਆ ਹੈ ਕਿ ਜਿਸ ਕੇਸ ਵਿੱਚ ਉਹ ਜੇਲ੍ਹ ਵਿੱਚ ਹੈ, ਉਸ ਵਿੱਚ ਹਾਲੇ ਤੱਕ ਕੋਈ ਚਾਰਜਸ਼ੀਟ ਦਾਖ਼ਲ ਨਹੀਂ ਕੀਤੀ ਗਈ ਹੈ। ਇਸ ਦੇ ਨਾਲ ਹੀ ਇਸ ਮਾਮਲੇ ਵਿੱਚ ਉਸ ਕੋਲੋਂ ਕੋਈ ਵਸੂਲੀ ਨਹੀਂ ਹੋਈ ਹੈ।

# ਬਠਿੰਡਾ ਵਿਖੇ ਸ਼ਰੇਆਮ ਸੜਕ ਵਿਚਾਲੇ ਗੰਡਾਸਿਆਂ ਨਾਲ ਕੀਤਾ ਜ਼ਖ਼ਮੀ

## ✪ ਪੁਲਿਸ ਮੌਕੇ ਉਪਰ ਨਾ ਪਹੁੰਚੀ ਹਮਲਾਵਰ ਫਰਾਰ

ਬਠਿੰਡਾ-ਬਠਿੰਡਾ ਦੇ ਕਸਬਾ ਮੌੜ ਮੰਡੀ ਵਿਖੇ ਉਸ ਸਮੇਂ ਗੁੰਡਾਗਰਦੀ ਦਾ ਨੰਗਾ ਨਾਚ ਵੇਖਣ ਨੂੰ ਮਿਲਿਆ ਜਦੋਂ ਟਰੱਕ ਯੂਨੀਅਨ ਵਿਚ ਬੈਠੇ ਜਸਪਾਲ ਸਿੰਘ ਅਠਿਆਨੀ ਨਾਂ ਦੇ ਨੌਜਵਾਨ ਨੂੰ ਕਰੀਬ ਇਕ ਦਰਜਨ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਹਮਲਾਵਰ ਟਰੱਕ ਯੂਨੀਅਨ 'ਚੋਂ ਤੇਜ਼ੀ ਨਾਲ ਫਰਾਰ ਹੋ ਗਏ ਅਤੇ ਜ਼ਖ਼ਮੀ ਨੌਜਵਾਨ ਨੂੰ ਪਹਿਲਾਂ ਮੌੜ ਮੰਡੀ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ ਜਿੱਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਬਠਿੰਡਾ ਦੇ ਸਰਕਾਰੀ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ।

ਇਸ ਦੌਰਾਨ ਜ਼ਖ਼ਮੀ ਨੌਜਵਾਨ ਜਸਪਾਲ ਸਿੰਘ ਅਠਿਆਨੀ ਦੇ ਭਰਾ ਸੁਖਪਾਲ ਸਿੰਘ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਇਕ ਕਤਲ ਹੋਇਆ ਸੀ। ਇਸ ਕਤਲ ਦੇ ਦੋਸ਼ੀ ਜੇਲ੍ਹ ਵਿਚ ਹਨ ਪਰ ਫਿਰ ਵੀ ਹਮਲਾਵਰਾਂ ਵੱਲੋਂ ਉਸ ਦੇ ਭਰਾ ਨੂੰ ਉਸ ਕਤਲ ਕੇਸ ਦੀ ਰੰਜਿਸ਼ ਤਹਿਤ ਅੱਜ ਬੁਰੀ ਤਰ੍ਹਾਂ ਕੁੱਟਿਆ ਗਿਆ ਹੈ। ਹਮਲਾਵਰਾਂ ਵੱਲੋਂ ਜਸਪਾਲ ਸਿੰਘ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ ਗਈਆਂ ਹਨ ਜਦੋਂ ਕਿ ਉਸਦੀ ਇਕ ਬਾਂਹ ਪਹਿਲਾਂ ਹੀ ਕੰਮ ਨਹੀਂ ਕਰਦੀ ਸੀ। ਉਨ੍ਹਾਂ ਕਿਹਾ ਕਿ ਇਹ ਘਟਨਾ ਦੇ ਵਾਪਰ ਜਾਣ ਦੇ ਬਾਵਜੂਦ ਮੌਕੇ 'ਤੇ ਪੁਲਸ ਪ੍ਰਸ਼ਾਸਨ ਨਹੀਂ ਪਹੁੰਚਿਆ। ਉਹ ਆਪਣੀ ਪ੍ਰਾਈਵੇਟ ਗੱਡੀ



ਰਾਹੀਂ ਹੀ ਜਸਪਾਲ ਨੂੰ ਇਲਾਜ ਲਈ ਬਠਿੰਡਾ ਲੈ ਕੇ ਆਏ ਹਨ। ਜਸਪਾਲ ਸਿੰਘ ਦੀ ਮਾਤਾ ਦਾ ਕਹਿਣਾ ਹੈ ਕਿ ਦੋਸ਼ੀਆਂ ਖ਼ਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪੁਲਸ ਪ੍ਰਸ਼ਾਸਨ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰੇ ਕਿਉਂਕਿ ਉਨ੍ਹਾਂ ਨੂੰ ਆਪਣੀ ਜਾਨ ਅਤੇ ਮਾਲ ਦਾ ਪਹਿਲਾਂ ਹੀ ਖ਼ਤਰਾ ਹੈ।

# ਸਲੋਹ ਕਬੱਡੀ ਕੱਪ 2024 ਟੈਲਫੋਰਡ ਨੇ ਜਿੱਤਿਆ ਈਰਥ ਵੂਲਿਚ ਸਾਊਥਾਲ ਉੱਪ ਜੇਤੂ ਰਹੀ

## ਸਨੀ ਕਾਲੇ ਸੰਘਾ ਸਰਬੋਤਮ ਜਾਫੀ ਅਤੇ ਕੁਲਵਿੰਦਰ ਸਰਬੋਤਮ ਧਾਵੀ ਬਣਿਆਂ

### ਇੰਗਲੈਂਡ ਵਿੱਚ ਕਬੱਡੀ ਪ੍ਰਫੁੱਲਤ ਕਰਨ ਲਈ ਕੀਤੀਆਂ ਅਣਥੱਕ ਸੇਵਾਵਾਂ ਲਈ ਇੰਗਲੈਂਡ ਕਬੱਡੀ ਫੈਡਰੇਸ਼ਨ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਦਾ ਸੱਤਾ ਮੁਠੱਡਾ ਦੀ ਅਗਵਾਈ ਵਿੱਚ ਗ੍ਰੇਵਜ਼ੈਂਡ ਕਬੱਡੀ ਕਲੱਬ ਵੱਲੋਂ ਸੋਨੇ ਦੇ ਤਗ਼ਮਿਆਂ ਨਾਲ ਸਨਮਾਨ



## ਜਾਰੀ ਕਰਤਾ:– ਸਲੋਹ ਕਬੱਡੀ ਐਂਡ ਕਲਚਰਲ ਕਲੱਬ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਡਰਬੀ ਵਿਖੇ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ

ਡਰਬੀ-(ਤਰਲੋਚਨ ਸਿੰਘ ਵਿਰਕ, ਲੈਸਟਰ)- ਡਰਬੀ ਦਾ ਸਲਾਨਾ ਸ਼ਹੀਦੀ ਫੁੱਟਬਾਲ ਟੂਰਨਾਮੈਂਟ ਇਸ ਸਾਲ ਲੈਜਰ ਯੁਨਾਇਟਿਡ, ਰੇਸ ਕੋਰਸ ਪਲੇਇੰਗ ਫੀਲਡਜ, ਸੇਂਟ ਮਾਰਕਸ ਰੋਡ ਦੀਆਂ ਸ਼ਾਨਦਾਰ ਗਰਾਊਂਡਾਂ ਵਿੱਚ 6, 7 ਜੁਲਾਈ ਨੂੰ ਕਰਵਾਇਆ ਗਿਆ ਜੋ ਬਹੁੱਤ ਕਾਮਯਾਬ ਰਿਹਾ, ਜਿਸ ਵਿੱਚ ਤਕਰੀਬਨ 100 ਟੀਮਾਂ ਨੇ ਭਾਗ ਲਿਆ, ਹਜਾਰਾਂ ਹੀ ਖੇਡ ਪ੍ਰੇਮੀਆ ਨੇ ਦੇਖਿਆ। ਇਸ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਡਰਬੀ ਸਪੋਰਟਸ ਕਮੇਟੀ ਸਮੂਹ ਗੁਰੂ ਘਰਾਂ ਅਤੇ ਸ਼ਹਿਰ ਦੀ ਸੰਗਤ ਨੇ ਆਪਣਾ ਆਪਣਾ ਸਿਹਯੋਗ ਦਿੱਤਾ। ਡਰਬੀ ਵਾਲੇ ਜਿੱਸ ਤਰਾਂ ਸਾਰੇ ਰਲ ਮਿੱਲ ਕੇ ਟੂਰਨਾਮੈਂਟ ਕਰਾਉਂਦੇ ਹਨ ਹੋਰਨਾਂ ਸ਼ਹਿਰਾਂ ਲਈ ਇੱਕ ਬਹੁੱਤ ਹੀ ਵਧੀਆ ਮਿਸਾਲ ਹੈ।

ਸਥਾਨਕ ਸਿੰਘ ਬਰੋਦਰਜ ਡਰਬੀ ਦੀਆਂ ਦੋਨੋ ਸੀਨੀਅਰ ਟੀਮਾਂ ਫਾਈਨਲ ਵਿੱਚ ਜੀ.ਐਸ.ਏ. ਨਾਲ ਖੇਡੀਆਂ ਅਤੇ ਦੋਨੋ ਹੀ ਮੈਚਾਂ ਨੂੰ ਸਾਰੇ ਹੀ ਦੇਖ ਰਹੇ ਸਨ। ਪ੍ਰੈਮੀਅਰ ਡਿਵੀਯਨ ਜੀ.ਐਸ.ਏ. ਨੇ 4-2 ਤੇ ਜਿੱਤ ਪ੍ਰਾਪਤ ਕੀਤੀ ਪਰ ਡਿਵੀਯਨ ਵੰਨ ਦਾ ਕੱਪ ਸਿੰਘ ਬਰੋਦਰਜ ਨੇ ਜਿੱਤਿਆ। ਓਵਰ 35 ਸਾਲ ਦੇ ਜੇਤੂ ਵੰਡਰਵੌਲਟਸ ਰਹੇ।

ਬੱਚਿਆਂ ਦੇ ਮੈਚ ਸਮੇ ਐਤਵਾਰ ਨੂੰ ਹਰ ਟੂਰਨਾਮੈਂਟ ਦੀ ਤਰਾਂ ਪੂਰਾ ਪ੍ਰਵਾਰਿੱਕ ਮਹੌਲ ਸੀ ਕਿਉਕਿ ਉਨ੍ਹਾ ਦੀ ਹੌਸਲਾਂ ਅਫਜਾਈ ਵਧਾਉਣ ਲਈ ਮਾਂ ਬਾਪ, ਦਾਦਾ ਦਾਦੀ, ਭੈਣ ਭਰਾ, ਅਤੇ ਹੋਰ ਨਜਦੀਕੀ ਰਿਸ਼ਤੇਦਾਰ ਫੁੱਟਬਾਲ ਟੂਰਨਾਮੈਂਟ ਦਾ ਅਨੰਦ ਲੈਣ ਆਏ




ਹੋਏ ਸਨ। ਅੰਡਰ 8 ਅਤੇ 9 ਜੀ.ਐਨ.ਜੀ. ਲੈਸਟਰ, ਅੰਡਰ 11 ਐਫ.ਸੀ.ਖਾਲਸਾ ਲੈਸਟਰ, ਅੰਡਰ 13 ਸਿੱਖ ਲਾਓਨਜ ਨੌਟਿੰਘਮ ਅਤੇ ਅੰਡਰ 15 ਦਾ ਕੱਪ ਸਿੰਘ ਬਰੋਦਰਜ ਡਰਬੀ ਨੇ ਜਿੱਤਿਆ। ਇਸ ਟੂਰਨਾਮੈਂਟ ਵਿੱਚ ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਜੇਤੂ ਟੀਮਾਂ ਨੂੰ ਟਰੋਫੀਆਂ ਦਿੱਤੀਆ ਗਈਆਂ।

ਡਿਪੁੱਟੀ ਮੇਅਰ ਸਰਦਾਰ ਅਜੀਤ ਸਿੰਘ ਅਟਵਾਲ ਜੀ ਨੇ ਕਿਹਾ ਕਿ ਪ੍ਰਬੰਧਕਾਂ ਨੇ ਬਹੁੱਤ ਵਧੀਆ ਉਪਰਾਲਾ ਕੀਤਾ ਹੈ ਕਿ ਪਹਿੱਲੀ ਵਾਰ ਇਨ੍ਹਾ ਸ਼ਾਨਦਾਰ 3 ਜੀ ਗਰਾਂਉਂਡਾ ਤੇ ਗੇਮਾਂ ਖਿਡਾਈਆ ਜਾ ਰਹੀਆਂ ਹਨ ਅਤੇ ਅਗਾਂਹ ਤੋਂ ਵੀ ਡਰਬੀ ਦੇ ਕਾਉਂਸਲ ਦੇ ਸਿਹਯੋਗ ਨਾਲ ਇੱਥੇ ਹੀ ਕਰਵਾਇਆ ਜਾਵੇਗਾ।

ਰਾਜਿੰਦਰ ਸਿੰਘ ਪੁਰੇਵਾਲ ਸੰਪਾਦਕ ਪੰਜਾਬ ਟਾਈਮਜ ਨੇ ਦੱਸਿਆ ਕਿ ਇਹ ਸ਼ਹੀਦੀ ਟੂਰਨਮੈਂਟ ਚਲਦਿਆਂ 50 ਸਾਲ ਤੋਂ ਵੀ ਜਿਆਦਾ ਹੋ ਗਏ ਹਨ। ਪੁਰਾਣੇ ਖਿਡਾਰੀਆਂ ਨੇ ਚੰਗੇ ਢੰਗ ਨਾਲ 50-60 ਬੱਚਿਆਂ ਦੀਆਂ ਟੀਮਾਂ ਦਾ ਪ੍ਰਬੰਧ ਕੀਤਾ ਹੈ ਜੋ ਕਿ ਸ਼ਲਾਘਾਯੋਗ ਉਦਮ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਿਹਤਮੰਦ ਹੋਣ ਅਤੇ ਫੁੱਟਬਾਲ ਖੇਡਣ ਨਾਲ ਬੱਚੇ ਬੁਰਾਈਆ ਤੋਂ ਵੀ ਦੂਰ ਰਹਿੰਦੇ ਹਨ ਸਿਹਤ ਤਾਂ ਚੰਗੀ ਰਹਿੰਦੀ ਹੈ ਹੀ।

ਗੁਰੂ ਅਰਜਨ ਦੇਵ ਗੁਰਦਵਾਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਸਵੀਰ ਸਿੰਘ ਢਿਲੋਨ ਜੀ ਨੇ ਸਮੂਹ ਸਿਹਯੋਗੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੱਭ ਨੂੰ ਹਮੇਸ਼ਾ ਹੀ ਇਸੀ ਤਰਾਂ ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਵਿੱਚ ਸਿਹਯੋਗ ਦੇਣਾ ਚਾਹੀਦਾ ਹੈ ਅਤੇ ਅਸੀਂ ਵੀ ਸਿਹਯੋਗ ਦੇਵਾਂਗੇ।

ਸਿੰਘ ਬਰੋਦਰਜ ਡਰਬੀ ਫੁੱਟਬਾਲ ਕਲੱਬ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ ਦੇ ਅਣਥੱਕ ਸੇਵਾਦਾਰ ਸਰਦਾਰ ਜਸਵੀਰ ਸਿੰਘ ਲੈਹਲ ਜੀ ਨੇ ਡੈਪੁੱਟੀ ਮੇਅਰ ਕਾਉਂਸਲਰ ਅਜੀਤ ਸਿੰਘ ਅਟਵਾਲ, ਡਰਬੀ ਸਪੋਰਟਸ ਕਮੇਟੀ ਸਾਰੇ ਹੀ ਸਪੌਨਸਰਾਂ ਦਾ ਤਿਹ ਦਿਲੋਂ ਧੰਨਵਾਦ ਕੀਤਾ ਅਤੇ ਆਸ ਰੱਖੀ ਕਿ ਅੱਗੇ ਤੋਂ ਵੀ ਸਾਰੇ ਰਲ ਮਿੱਲ ਕੇ ਡਰਬੀ ਦੀ ਸ਼ਹੀਦੀ ਟੂਰਨਾਮੈਂਟ ਨੂੰ ਹੋਰ ਵੀ ਜਿਆਦਾ ਕਾਮਯਾਬ ਬਣਾਈਏ।ਉਨ੍ਹਾ ਨੇ ਇਹ ਵੀ ਦੱਸਿਆ ਕਿ ਇਸ ਸਾਲ ਸਿੰਘ ਬਰੋਦਰਜ ਫੁੱਟਬਾਲ ਕਲੱਬ ਦੀਆ ਸਾਰੀਆਂ ਹੀ ਟੀਮਾਂ ਨੇ ਟਰੋਫੀਆਂ ਜਿੱਤੀਆ ਜਿੱਸ ਤੇ ਕਲੱਬ ਨੂੰ ਮਾਣ ਹੈ।

## ਇਟਲੀ ਚ, ਪੰਜਾਬ ਦੀ ਧੀ ਸਿਮਰ ਨੰਦਾ ਨੇ ਕਰਾਈ ਬੱਲੇ-ਬੱਲੇ, ਵਿੱਦਿਆ ਦੇ ਖੇਤਰ ਵਿੱਚ ਹਾਸਲ ਕੀਤੇ 100/100 ਨੰਬਰ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਭਾਰਤੀ ਭਾਈਚਾਰੇ ਦੇ ਬੱਚਿਆਂ ਵਲੋ ਆਏ ਦਿਨ ਇਟਲੀ ਵਿੱਚ ਕਿਸੇ ਨਾ ਕਿਸੇ ਖੇਤਰ ਵਿੱਚ ਮੱਲਾ ਮਾਰਕੇ ਝੰਡੇ ਗੱਡੇ ਜਾ ਰਹੇ ਹਨ। ਇਟਲੀ ਦੀਆਂ ਭਾਰਤੀ ਕੁੜੀਆਂ ਨੇ ਵਿੱਦਿਅਕ ਖੇਤਰਾਂ ਵਿੱਚ ਆਪਣੀ ਸਖ਼ਤ ਮਿਹਨਤ ਤੇ ਦ੍ਰਿੜ੍ਹ ਇਰਾਦਿਆਂ ਨਾਲ ਜਿਹੜੀਆਂ ਮੱਲਾਂ ਮਾਰਦਿਆਂ ਭਾਰਤ ਦਾ ਨਾਮ ਰੁਸ਼ਨਾਇਆ ਹੈ ਉਸ ਦੀ ਧੂਮ ਚੁਫ਼ੇਰੇ ਸੁਣਨ ਨੂੰ ਮਿਲ ਰਹੀ ਹੈ। ਪੰਜਾਬ ਦੀਆਂ ਇਨ੍ਹਾਂ ਧੀਆਂ ਨੇ ਇਟਲੀ ਦੀ ਧਰਤੀ 'ਤੇ ਆਕੇ ਆਪਣੀ ਆਪ ਨੂੰ ਸਿੱਧ ਕੀਤਾ ਹੈ ਤੇ ਅੱਜ ਅਸੀ ਆਪਣੇ ਪਾਠਕਾਂ ਨੂੰ ਮਿਲਾਉਣ ਜਾ ਰਹੇ ਅਜਿਹੀਆਂ ਹੀ ਹੋਣਹਾਰ ਮਾਪਿਆਂ ਦੀਆਂ ਧੀਆਂ ਨਾਲ ਸੰਨ 1990 ਦੇ ਦਹਾਕੇ ਇਟਲੀ ਆਕੇ ਵੱਸਿਆ ਨੰਦਾ ਪਰਿਵਾਰ ਜਿਸ ਦੀਆਂ ਦੋ ਬੇਟੀਆਂ ਹਨ। ਇਨ੍ਹਾਂ ਵਿੱਚੋਂ ਸਾਲ 2019 ਵਿਚ ਵੱਡੀ ਬੇਟੀ ਨਿਸ਼ਾ ਨੰਦਾ ਨੇ ਗ੍ਰੈਜੂਏਸ਼ਨ ਦੀ ਪੜ੍ਹਾਈ 100/100 ਨੰਬਰਾਂ ਵਿੱਚ ਪਾਸ ਕਰਕੇ ਇਤਿਹਾਸ ਰਚਿਆ ਸੀ ਤੇ ਹੁਣ ਦੂਜੀ ਧੀ ਸਿਮਰ ਨੰਦਾ ਨੇ ਗ੍ਰੈਜੂਏਸ਼ਨ ਫਾਈਨਲ ਵਿੱਚੋਂ 100/100 ਵਿੱਚੋਂ ਨੰਬਰ ਪ੍ਰਾਪਤ ਕਰਕੇ ਮਾਪਿਆਂ ਸਮੇਤ ਪੰਜਾਬੀ ਭਾਈਚਾਰੇ ਤੇ ਭਾਰਤ ਦਾ ਨਾਮ ਰੁਸ਼ਨਾਇਆ ਹੈ। ਭਾਰਤੀ ਬੱਚਿਆਂ ਦੇ ਵਿੱਦਿਆਦਕ ਖੇਤਰਾਂ ਵਿੱਚ ਸਥਾਪਿਤ ਕੀਤੇ ਜਾ ਰਹੇ ਨਿਰੰਤਰ ਕਾਮਯਾਬੀ ਦੇ ਮੀਲ ਪੱਥਰ ਇਟਾਲੀਅਨ ਸਮੇਤ ਹੋਰ ਦੇਸ਼ਾਂ ਦੇ ਬੱਚਿਆਂ ਲਈ ਬੁਝਾਰਤ ਵਾਂਗਰ ਹਨ ਜਿਨ੍ਹਾਂ ਨੂੰ ਜਾਣਨ ਲਈ ਇਨ੍ਹਾਂ ਬੱਚਿਆਂ ਦੇ ਮਾਪੇ ਭਾਰਤੀ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹਨ ਤੇ ਨਾਲ ਹੀ ਇਹ ਵੀ ਪੁੱਛ ਹੀ ਲੈਂਦੇ ਹਨ ਕਿ ਤੁਹਾਡੇ ਬੱਚੇ ਆਖਿਰ ਖਾਂਦੇ ਕੀ ਹਨ ਜਿਹੜੇ ਇੰਨੇ ਜ਼ਿਆਦਾ ਹੁਸ਼ਿਆਰ ਹੁੰਦੇ ਹਨ।

ਪੰਜਾਬ ਦੀ ਧੀ ਸਿਮਰ ਨੰਦਾ ਜਿਹੜੀ ਕਿ ਮਹਿਜ 19 ਸਾਲ ਦੀ ਹੈ ਇਟਲੀ ਦੇ ਜਿਲ੍ਹਾ ਲਾਤੀਨਾ ਪਰਿਵਾਰ ਸਮੇਤ ਰਹਿੰਦੀ ਹੈ। ਇਟਾਲੀਅਨ ਭਾਸ਼ਾ ਤੋਂ ਇਲਾਵਾ ਉਹ 4 ਵਿਦੇਸ਼ੀ ਭਾਸ਼ਾਵਾਂ ਨਿਪੁੰਨ ਹੈ।ਇਸ ਧੀ ਸਿਮਰ ਨੰਦਾ ਦੀ ਵਿੱਦਿਅਦਕ ਖੇਤਰ ਵਿੱਚ ਹਾਸਿਲ ਕੀਤੀ ਕਾਮਯਾਬੀ ਲਈ ਸਮੁੱਚਾ ਭਾਰਤੀ ਭਾਈਚਾਰਾ ਨੰਦਾ ਪਰਿਵਾਰ ਨੂੰ ਵਧਾਈਆਂ ਦੇ ਰਿਹਾ ਹੈ।

## ਕੱਚੇ ਕਿਰਤੀਆਂ ਨਾਲ ਹੋ ਰਹੇ ਸੋਸ਼ਣ ਨੂੰ ਰੋਕਣ ਅਤੇ ਉਹਨਾਂ ਨੂੰ ਪੱਕਾ ਕਰਵਾਉਣ ਲਈ ਲਾਤੀਨਾ ਵਿਖੇ ਸੰਸਥਾ ਸੀ ਜੀ ਆਈ ਐੱਲ ਵਲੋਂ ਦੂਜੀ ਵਾਰ ਕੀਤਾ ਗਿਆ ਵਿਸ਼ਾਲ ਪ੍ਰਦਰਸ਼ਨ




ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਬੀਤੇ ਦਿਨੀ ਕੰਮ ਦੌਰਾਨ ਬਾਂਹ ਵੱਢੇ ਜਾਣ ਕਾਰਨ ਅਤੇ ਸਹੀ ਸਮੇਂ ਤੇ ਹਸਪਤਾਲ ਨਾ ਪਹੁੰਚਾਉਣ ਕਾਰਨ ਮਾਰੇ ਗਏ ਪੰਜਾਬੀ ਸਤਨਾਮ ਸਿੰਘ ਦਾ ਮੁੱਦਾ ਬਹੁਤ ਗਰਮਾਇਆ ਰਿਹਾ ਹੈ। ਜਿਸ ਖਿਲਾਫ ਲੋਕ ਸੜਕਾਂ ਤੇ ਉਤਰ ਸਨ ਅਤੇ ਦੋ ਰੋਸ ਮੁਜ਼ਾਹਰੇ ਹੋ ਚੁੱਕੇ ਹਨ। ਜਿਸ ਦੇ ਨਤੀਜੇ ਵਜੋਂ ਸਤਨਾਮ ਸਿੰਘ ਦਾ ਸ਼ੋਸ਼ਣ ਕਰਨ ਵਾਲੇ ਉਸ ਮਾਲਕ ਨੂੰ ਗ੍ਰਿਫਤਾਰ ਕਰਕੇ ਸਲਾਖਾਂ ਦੇ ਪਿੱਛੇ ਕਰ ਦਿੱਤਾ ਗਿਆ ਹੈ। ਬੀਤੀ 6 ਜੁਲਾਈ ਨੂੰ ਕਿਰਤੀਆਂ ਦੀ ਸਿਰਮੌਰ ਜਥੇਬੰਦੀ ਸੀਜੀਆਈ ਐਲ ਵੱਲੋਂ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਗਿਆ ਸੀ। ਇਸ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਮੈਡਮ ਹਰਦੀਪ ਕੌਰ ਲਾਉਰਾ ਨੇ ਦੱਸਿਆ ਕਿ 6 ਜੁਲਾਈ ਨੂੰ ਉਹਨਾਂ ਦੀ ਜਥੇਬੰਦੀ ਦੇ ਸੱਦੇ ਤੇ ਇਟਲੀ ਭਰ ਤੋਂ ਉਹਨਾਂ ਦੀ ਜਥੇਬੰਦੀ ਦੇ ਵਰਕਰ ਅਤੇ ਵੱਖ-ਵੱਖ ਸ਼ਹਿਰਾਂ ਤੋਂ ਪੰਜਾਬੀ ਭਾਈਚਾਰੇ ਅਤੇ ਹੋਰ ਭਾਈਚਾਰਿਆਂ ਦੇ ਲੋਕ ਇਸ ਵਿਸ਼ਾਲ ਇਕੱਠ ਵਿੱਚ ਸ਼ਾਮਿਲ ਹੋਏ। ਜਿਸ ਵਿੱਚ ਕਿ ਉਹਨਾਂ ਦੀ ਜਥੇਬੰਦੀ ਵੱਲੋਂ ਵੱਖ-ਵੱਖ ਬੁਲਾਰਿਆਂ ਨੇ ਕਿਰਤੀਆਂ ਦੇ ਹੋ ਰਹੇ ਸ਼ੋਸ਼ਣ ਦੀ ਬਹੁਤ ਹੀ ਡੂੰਘੇ ਲਫ਼ਜ਼ਾਂ ਨਾਲ ਨਿੰਦਿਆ ਕੀਤੀ। ਇਹ ਇਕੱਠ ਕਿਰਤੀਆਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਅਤੇ ਇਟਲੀ ਵਿੱਚ ਕਿਸੇ ਵੀ ਤਰ੍ਹਾਂ ਦਾ ਕੰਮ ਕਰ ਰਹੇ ਕੱਚੇ ਬੰਦਿਆਂ ਨੂੰ ਪੱਕੇ ਕਰਵਾਉਣ ਲਈ ਇਮੀਗਰੇਸ਼ਨ ਖੋਲਣ ਲਈ ਅਤੇ ਸਰਕਾਰ ਤੱਕ ਇਹ ਗੱਲ ਪਹੁੰਚਾਉਣ ਲਈ ਕੀਤਾ ਗਿਆ ਸੀ। ਤਾਂ ਜੋ ਇਟਾਲੀਅਨ ਸਰਕਾਰ ਛੇਤੀ ਤੋਂ ਛੇਤੀ ਇਮੀਗ੍ਰੇਸ਼ਨ ਖੋਲ ਕੇ ਇਹਨਾਂ ਕੱਚੇ ਬੰਦਿਆਂ ਨੂੰ ਪੱਕਿਆਂ ਕਰੇ ਅਤੇ ਉਹਨਾਂ ਨੂੰ ਕੰਮਾਂ ਤੇ ਅਜਿਹੇ ਸ਼ੋਸ਼ਣ ਦਾ ਸ਼ਿਕਾਰ ਨਾ ਹੋਣਾ ਪਵੇ। ਉਹਨਾਂ ਨੂੰ ਸਿਹਤ ਰਹਿਣ ਸਹਿਣ ਅਤੇ ਜਿਹੀਆਂ ਹੋਰ ਸਾਰੀਆਂ ਬੁਨਿਆਦੀ ਸਹੂਲਤਾਂ ਸਹੂਲਤਾਂ ਮਿਲ ਸਕਣ। ਉਹਨਾਂ ਨੇ ਇਸ ਇਕੱਠ ਵਿੱਚ ਦੂਰੋਂ ਨੇੜਿਓਂ ਪਹੁੰਚ ਕੇ ਇੱਕਜੁਟਤਾ ਦਾ ਸਬੂਤ ਦੇਣ ਲਈ ਸਾਰੇ ਭਾਰਤੀ ਭਾਈਚਾਰੇ ਅਤੇ ਹੋਰ ਭਾਈਚਾਰਿਆਂ ਦਾ ਵੀ ਆਪਣੀ ਸੰਸਥਾ ਵੱਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੂੰ ਉਮੀਦ ਹੈ ਕਿ ਕਿਰਤੀਆਂ ਦੇ ਹੱਕ ਵਿੱਚ ਹੋਰ ਰਹੇ ਇਹਨਾਂ ਪ੍ਰਦਰਸ਼ਨਾਂ ਵਿੱਚ ਉਹ ਅੱਗੇ ਤੋਂ ਵੀ ਉਹਨਾਂ ਦੀ ਸੰਸਥਾ ਦਾ ਸਾਥ ਦੇਣਗੇ।

# ਕੀ ਪ੍ਰੋਫੈਸਰ ਚੰਦੂਮਾਜਰਾ ਅਕਾਲ ਤਖਤ ਉਪਰ ਹਮਲਾਵਰ ਰਿਹਾ ?

## ਖੋਜ ਖਬਰ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916





ਬਰਨਾਲਾ ਸਰਕਾਰ ਵੇਲੇ ਅਕਾਲ ਤਖਤ ਸਾਹਿਬ ਉਪਰ ਦਮਦਮੀ ਟਕਸਾਲ ਕਾਰ ਸੇਵਾ ਕਰਨ ਲਈ ਉਥੇ ਮੌਜੂਦ ਸੀ। 26 ਜਨਵਰੀ 1986 ਨੂੰ ਅਕਾਲ ਤਖਤ ਸਾਹਿਬ ਵਿਖੇ ਕਾਰ ਸੇਵਾ ਸ਼ੁਰੂ ਹੋਣੀ ਸੀ ਕਿਉਂਕਿ ਖਾਲਸਾ ਪੰਥ ਨੇ ਫੌਜੀ ਹਮਲੇ ਸਮੇਂ ਤਬਾਹ ਕੀਤੇ ਅਕਾਲ ਤਖਤ ਦੀ ਸਰਕਾਰੀ ਮੁਰੰਮਤ ਮਨਜ਼ੂਰ ਨਹੀਂ ਕੀਤੀ।

ਯਾਦ ਰਹੇ ਕਿ ਸਾਲ 1984 ਵਿੱਚ ਫੌਜੀ ਹਮਲੇ ਬਨਾਮ ਨੀਲਾ ਤਾਰਾ ਤੋਂ ਬਾਅਦ ਅਕਾਲ ਤਖ਼ਤ ਦੀ ਇਮਾਰਤ ਦਾ ਭਾਰੀ ਨੁਕਸਾਨ ਹੋਇਆ ਸੀ। ਬਾਅਦ ਵਿੱਚ ਭਾਰਤ ਸਰਕਾਰ ਵਲੋਂ ਇਸ ਦੀ ਮੁਰੰਮਤ ਕਰਵਾਈ ਗਈ। ਉਸ ਵੇਲੇ ਦੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਬੁੱਢਾ ਦਲ ਦੇ ਸੰਤਾ ਸਿੰਘ ਵੱਲੋਂ ਇਸ ਦੀ ਜਿੰਮੇਦਾਰੀ ਲਈ ਗਈ ਸੀ।

ਸਰਕਾਰੀ ਸਹਾਇਤਾ ਨਾਲ ਬਣੀ ਇਸੇ ਇਮਾਰਤ ਨੂੰ ਸਿੱਖ ਪੰਥ ਵੱਲੋਂ ਨਾ ਮਨਜ਼ੂਰ ਕਰ ਦਿੱਤਾ ਗਿਆ ਅਤੇ 1986 ਵਿੱਚ ਸਰਬੱਤ ਖਾਲਸਾ ਬੁਲਾਉਣ ਤੋਂ ਬਾਅਦ ਇਸ ਨੂੰ ਤੋੜਨ ਦਾ ਤੇ ਨਵੀਂ ਉਸਾਰੀ ਦਾ ਫੈਸਲਾ ਕੀਤਾ ਗਿਆ। ਸੰਤਾ ਸਿੰਘ ਨੂੰ ਸਿੱਖ ਪੰਥ ਵਿੱਚੋਂ ਛੇਕ ਕੇ 'ਤਨਖਾਹੀਆ' ਕਰਾਰ ਦਿੱਤਾ ਗਿਆ। 19 ਜਨਵਰੀ 1986 ਨੂੰ ਬਰਨਾਲਾ ਸਰਕਾਰ ਦੇ ਵਜੀਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੇ ਸਾਥੀਆਂ ਨਾਲ ਅਕਾਲ ਤਖਤ ਨੂੰ ਘੇਰਾ ਪਾ ਲਿਆ ਅਤੇ ਹਵਾਈ ਫਾਇਰਿੰਗ ਸ਼ੁਰੂ ਕਰ ਦਿਤੀ। 200 ਰੌਂਦ ਚਲਾਏ। ਦਮਦਮੀ ਟਕਸਾਲ ਨੇ ਦੋਸ਼ ਲਗਾਏ ਸਨ ਕਿ ਕਾਰ ਸੇਵਾ ਵਾਲੀ ਗੋਲਕ ਲੁਟੀ ਗਈ।

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਉਸ ਸਮੇਂ ਦੇ ਪ੍ਰਧਾਨ ਹਰਿੰਦਰ ਸਿੰਘ ਕਾਹਲੋਂ ਦਸਦੇ ਹਨ ਕਿ ਸਾਡੇ ਕੁਝ ਫੈਡਰੇਸ਼ਨ ਦੇ ਸਾਥੀ ਜਖਮੀ ਹੋ ਗਏ। ਚੰਦੂਮਾਜਰਾ ਦੇ ਸਾਥੀਆਂ ਨੇ ਅਖੰਡ ਪਾਠ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਫੈਡਰੇਸ਼ਨ ਦੇ ਸਿੰਘਾਂ ਨੇ ਇਸ ਗਿਰੋਹ ਨੂੰ ਖਦੇੜ ਦਿਤਾ। ਗਗਨਦੀਪ ਸਿੰਘ ਬਰਨਾਲਾ ਵੀ ਇਹਨਾਂ ਨਾਲ ਸੀ। ਇਹ ਰਾਈਫਲਾਂ ਛਡਕੇ ਭਜ ਆਏ ਸਨ। ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਨੇ ਵਾਪਸ ਦਿਵਾਈਆਂ ਸਨ ਜੋ ਦਮਦਮੀ ਟਕਸਾਲ ਦੇ ਨੇੜੇ ਸਨ। ਇਸ ਦੀ ਚਰਚਾ ਹਰਿੰਦਰ ਸਿੰਘ ਕਾਹਲੋਂ, ਭਾਈ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ ਨੇ ਕੀਤੀ ਸੀ।

ਭਾਈ ਮੋਹਕਮ ਸਿੰਘ, ਹਰਿੰਦਰ ਸਿੰਘ ਕਾਹਲੋਂ, ਭਾਈ ਅਜਾਇਬ ਸਿੰਘ ਅਭਿਆਸੀ ਦਮਦਮੀ ਟਕਸਾਲ, ਪ੍ਰੋਫੈਸਰ ਦਰਸ਼ਨ ਸਿੰਘ ਇਨ੍ਹਾਂ ਘਟਨਾਵਾਂ ਦੇ ਗਵਾਹ ਹਨ।

ਸੁਆਲ ਇਹ ਹੈ ਕਿ ਕੀ ਚੰਦੂਮਾਜਰਾ ਤੇ ਬਰਨਾਲਾ ਪਰਿਵਾਰ ਵਲੋਂ ਅਕਾਲ ਤਖਤ ਸਾਹਿਬ ਅਗੇ ਪੇਸ਼ ਹੋਕੇ ਇਸ ਘਟਨਾ ਦੀ ਮਾਫੀ ਮੰਗੀ ਗਈ ਜਾਂ ਇਸ ਘਟਨਾ ਦਾ ਸਪਸ਼ਟੀਕਰਨ ਦਿਤਾ ਗਿਆ।

ਇਸ ਬਾਰੇ ਮੇਰੇ ਨਾਲ ਤਾਜ਼ਾ ਇੰਟਰਵਿਊ ਵਿਚ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਘਟਨਾ ਇਤਿਹਾਸਕ ਸਚ ਹੈ। ਉਸ ਸਮੇਂ ਅਕਾਲ ਤਖਤ ਸਾਹਿਬ ਦੇ ਦੋ ਨਿਸ਼ਾਨ ਸਾਹਿਬ ਦੇ ਨੇੜੇ ਬਰਾਡੇ ਵਿਚ ਪੰਜਵਾਂ ਅਖੰਡ ਪਾਠ ਚਲ ਰਿਹਾ ਸੀ। ਬਰਾਂਡਾ ਚਿਟੇ ਪਰਦਿਆਂ ਨਾਲ ਢਕਿਆ ਹੋਇਆ ਸੀ। ਭਾਈ ਲਖਾ ਸਿੰਘ ਦਮਦਮੀ ਟਕਸਾਲ ਪਾਠ ਕਰ ਰਹੇ ਸਨ। ਇਹਨਾਂ ਅਨਸਰਾਂ ਨੇ ਅਖੰਡ ਪਾਠ ਦੀ ਮਰਿਆਦਾ ਭੰਗ ਕਰਨ ਦੀ ਕੋਸ਼ਿਸ਼ ਕੀਤੀ। ਪਰ ਦਮਦਮੀ ਟਕਸਾਲ ਤੇ ਫੈਡਰੇਸ਼ਨ ਦੇ ਸਿੰਘਾਂ ਨੇ ਇਸ ਨੂੰ ਖਦੇੜ ਦਿਤਾ। ਅਸੀਂ ਇਹਨਾਂ ਦੀਆਂ 16 ਰਾਈਫਲਾਂ ਖੋਹੀਆਂ। ਇਕ ਗੰਨ ਸੁਰਜੀਤ ਸਿੰਘ ਬਰਨਾਲੇ ਦੇ ਨਾਮ ਸੀ। ਅਬਿਨਾਸ਼ੀ ਸਿੰਘ, ਬਲਦੇਵ ਸਿੰਘ ਬਰਨਾਲੇ ਦੀ ਰਾਈਫਲ ਮੰਗਣ ਆ ਗਏ। ਅਸੀਂ ਦੇਣ ਤੋਂ ਇਨਕਾਰ ਕਰ ਦਿਤਾ। ਅਸੀਂ ਇਹ ਰਾਈਫਲ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪੂਰਨ ਸਿੰਘ ਨੂੰ ਸੌਂਪ ਦਿਤੀ। ਗਿਆਨੀ ਪੂਰਨ ਸਿੰਘ ਕੋਲੋਂ ਪੁਲਿਸ ਲੈ ਗਈ। ਸ਼ਾਮ ਦੌਰਾਨ ਬੀਬੀ ਬਿਮਲ ਕੌਰ ਖਾਲਸਾ ਦੀ ਅਗਵਾਈ ਵਿਚ ਵੱਡਾ ਜਥਾ ਅਕਾਲ ਤਖਤ ਸਾਹਿਬ ਪਹੁੰਚ ਗਿਆ।

# ਪੰਜਾਬ ਵਿਚ ਭਾਜਪਾ ਦੇ ਸਿੱਖ ਲੀਡਰਾਂ ਨੂੰ ਜਾਨੋਂ ਮਾਰਨ ਦੀ ਧਮਕੀ

## ✪ ਭਾਜਪਾ ਆਗੂਆਂ ਨੇ ਇਸ ਸਬੰਧੀ ਚੰਡੀਗੜ੍ਹ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ







ਚੰਡੀਗੜ੍ਹ-ਪੰਜਾਬ ਅਤੇ ਕੇਂਦਰੀ ਭਾਜਪਾ ਦੇ ਸਿੱਖ ਆਗੂਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਇਸ ਸਬੰਧੀ ਪੱਤਰ ਪਾਰਟੀ ਦੇ ਚੰਡੀਗੜ੍ਹ ਦਫ਼ਤਰ ਭੇਜੇ ਗਏ ਹਨ। ਇਨ੍ਹਾਂ ਪੱਤਰਾਂ ਵਿਚ ਕੁਝ ਜਲਣਸ਼ੀਲ ਪਦਾਰਥ ਵੀ ਮਿਲੇ ਹਨ। ਇਹ ਪਹਿਲੀ ਵਾਰ ਹੈ ਜਦੋਂ ਭਾਜਪਾ ਨੇਤਾਵਾਂ ਨੂੰ ਅਜਿਹਾ ਪੱਤਰ ਮਿਲਿਆ ਹੈ। ਭਾਜਪਾ ਆਗੂਆਂ ਨੇ ਇਸ ਸਬੰਧੀ ਚੰਡੀਗੜ੍ਹ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਪੁਲਿਸ ਨੇ ਪੱਤਰ ਵਿੱਚ ਮਿਲੀ ਸਮੱਗਰੀ ਨੂੰ ਜਾਂਚ ਲਈ ਭੇਜ ਦਿੱਤਾ ਹੈ।

ਪੱਤਰ ਵਿੱਚ ਖਾਲਿਸਤਾਨ ਅਤੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਗਏ ਹਨ। ਜਿਨ੍ਹਾਂ ਆਗੂਆਂ ਨੂੰ ਧਮਕੀਆਂ ਮਿਲੀਆਂ ਹਨ, ਉਨ੍ਹਾਂ ਵਿੱਚ ਭਾਜਪਾ ਦੇ ਕੌਮੀ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ, ਭਾਜਪਾ ਸਿੱਖ ਕੋਆਰਡੀਨੇਸ਼ਨ ਕਮੇਟੀ ਅਤੇ ਨੈਸ਼ਨਲ ਰੇਲਵੇ ਕਮੇਟੀ ਦੇ ਮੈਂਬਰ ਤੇਜਿੰਦਰ ਸਿੰਘ ਸਰਾਂ ਅਤੇ ਭਾਜਪਾ ਦੇ ਜਨਰਲ ਸਕੱਤਰ ਪਰਮਿੰਦਰ ਬਰਾੜ ਸ਼ਾਮਲ ਹਨ। ਇਸ ਤੋਂ ਇਲਾਵਾ ਭਾਜਪਾ ਦੇ ਸੂਬਾ ਸੰਗਠਨ ਜਨਰਲ ਸਕੱਤਰ ਸ਼੍ਰੀਨਿਵਾਸਲੂ ਦਾ ਨਾਂ ਵੀ ਹੈ।

ਧਮਕੀ ਭਰਿਆ ਪੱਤਰ ਮਿਲਣ ਤੋਂ ਬਾਅਦ ਭਾਜਪਾ ਆਗੂਆਂ ਨੇ ਇਸ ਦੀ ਸ਼ਿਕਾਇਤ ਚੰਡੀਗੜ੍ਹ ਪੁਲੀਸ ਨੂੰ ਕੀਤੀ ਹੈ। ਜਿਸ ਤੋਂ ਬਾਅਦ ਪੁਲਿਸ ਨੇ ਪੱਤਰ ਵਿੱਚ ਮਿਲੀ ਸਮੱਗਰੀ ਨੂੰ ਜਾਂਚ ਲਈ ਭੇਜ ਦਿੱਤਾ ਹੈ। ਤੇਜਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਉਹ ਇਸ ਮਾਮਲੇ ਵਿੱਚ ਪੰਜਾਬ ਅਤੇ ਚੰਡੀਗੜ੍ਹ ਦੇ ਡੀਜੀਪੀ ਨੂੰ ਮਿਲਣਗੇ।

### ਧਮਕੀ ਭਰੀ ਚਿੱਠੀ 'ਚ ਲਿਖੀਆਂ ਗੱਲਾਂ

ਬੀਜੇਪੀ ਛੱਡੋ ਨਹੀਂ ਤਾਂ ਅਸੀਂ ਤੁਹਾਨੂੰ ਜਾਨੋਂ ਮਾਰ ਦੇਵਾਂਗੇ। ਤੁਸੀਂ ਬੀਜੇਪੀ ਤੇ ਆਰਐਸਐਸ ਨਾਲ ਮਿਲ ਕੇ ਸਿੱਖਾਂ ਅਤੇ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੇ ਹੋ। ਤੁਸੀਂ ਸੰਘ ਨਾਲ ਸਿੱਖ ਮਾਮਲਿਆਂ ਵਿੱਚ ਦਖਲ ਦੇ ਰਹੇ ਹੋ, ਅਸੀਂ ਤੁਹਾਨੂੰ ਪਹਿਲਾਂ ਵੀ ਚਿਤਾਵਨੀ ਦਿੱਤੀ ਸੀ। ਤੁਸਾਂ ਜਾਂ ਤਾਂ ਭਾਜਪਾ ਛੱਡ ਦਿਓ ਜਾਂ ਅਸੀਂ ਤੁਹਾਨੂੰ ਇਸ ਦੁਨੀਆ ਤੋਂ ਹਟਾ ਦੇਵਾਂਗੇ।

ਪੱਤਰ ਵਿੱਚ ਲਿਖਿਆ ਗਿਆ ਹੈ ਕਿ ਤੁਸੀਂ ਕਿਸਾਨ ਅੰਦੋਲਨ ਨੂੰ ਤੋੜਨ ਲਈ ਭਾਜਪਾ ਨਾਲ ਕੰਮ ਕੀਤਾ ਸੀ। ਤੁਸੀਂ ਸਿੱਖ ਧਰਮ ਦੇ ਗੱਦਾਰ ਹੋ। ਤੁਸੀਂ ਭਾਜਪਾ-ਆਰਐਸਐਸ ਦੀ ਮਦਦ ਨਾਲ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹੋ ਅਤੇ ਲੋਕਾਂ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਲਈ ਕਹਿਣ ਦੀ ਯੋਜਨਾ ਬਣਾ ਰਹੇ ਹੋ।

ਤੁਸੀਂ ਸਿੱਖਾਂ ਅਤੇ ਮੁਸਲਮਾਨਾਂ ਦੇ ਰਿਸ਼ਤੇ ਵਿਗਾੜਨ ਦਾ ਕੰਮ ਕਰ ਰਹੇ ਹੋ, ਭਾਜਪਾ ਅਤੇ ਆਰਐਸਐਸ ਤੁਹਾਨੂੰ ਵਰਤ ਕੇ ਬਾਹਰ ਕੱਢ ਦੇਣਗੇ। ਬਹੁਤ ਸਾਰੇ ਲੋਕ ਸਿੱਖਾਂ ਅਤੇ ਪੰਜਾਬ ਨੂੰ ਤਬਾਹ ਕਰਨ ਲਈ ਆਏ ਅਤੇ ਭਜਾਏ ਗਏ। ਤੁਸੀਂ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ। ਜਿਸ ਨੂੰ ਅਸੀਂ ਹੁਣ ਕਲੀਅਰ ਕਰਾਂਗੇ ਅਤੇ ਜਲਦੀ ਹੀ ਤੁਹਾਨੂੰ ਮਿਲਾਂਗੇ।

ਸਾਨੂੰ ਪਤਾ ਹੈ ਕਿ ਤੁਸੀਂ ਚੰਡੀਗੜ੍ਹ ਵਿੱਚ ਬੈਠ ਕੇ ਸਾਡੇ ਵਿਰੁੱਧ ਸਾਜ਼ਿਸ਼ ਰਚ ਰਹੇ ਹੋ ਅਤੇ ਅਸੀਂ ਜਲਦੀ ਹੀ ਬਦਲਾ ਲਵਾਂਗੇ। ਮਨਜਿੰਦਰ ਸਿਰਸਾ ਵੀ ਸੰਘ ਦੀ ਭਾਸ਼ਾ ਬੋਲਦਾ ਹੈ, ਅਸੀਂ ਉਸ ਨੂੰ ਵੀ ਸਬਕ ਸਿਖਾਵਾਂਗੇ। ਅਸੀਂ ਜਲਦੀ ਹੀ ਦਿੱਲੀ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਿਆਂ ਨੂੰ ਭਾਜਪਾ ਤੋਂ ਮੁਕਤ ਕਰਵਾ ਦੇਵਾਂਗੇ। ਤੁਹਾਡੇ ਵਰਗੇ ਕਈ ਗੱਦਾਰਾਂ ਨੇ ਬੀਜੇਪੀ ਸਰਕਾਰ ਨਾਲ ਮਿਲ ਕੇ ਕੈਨੇਡਾ, ਪਾਕਿਸਤਾਨ ਅਤੇ ਭਾਰਤ ਵਿੱਚ ਸਾਡੇ ਭਰਾਵਾਂ ਨੂੰ ਮਾਰਿਆ ਹੈ ਤੇ ਅਸੀਂ ਬਦਲਾ ਲਵਾਂਗੇ।

ਅਸੀਂ ਭਾਜਪਾ ਦੇ ਸੂਬਾ ਸੰਗਠਨ ਜਨਰਲ ਸਕੱਤਰ ਸ਼੍ਰੀਨਿਵਾਸਲੂ ਨੂੰ ਵੀ ਚਿਤਾਵਨੀ ਦਿੰਦੇ ਹਾਂ ਕਿ ਉਹ ਜਲਦੀ ਹੀ ਪੰਜਾਬ ਛੱਡ ਦੇਣ ਕਿਉਂਕਿ ਸਾਡੀ ਉਸ ਨਾਲ ਕੋਈ ਦੁਸ਼ਮਣੀ ਨਹੀਂ ਹੈ, ਪਰ ਅਸੀਂ ਸਿੱਖਾਂ ਦੇ ਕਿਸੇ ਗੱਦਾਰ ਨੂੰ ਨਹੀਂ ਛੱਡਾਂਗੇ। ਖਾਲਿਸਤਾਨ ਜ਼ਿੰਦਾਬਾਦ ਹੈ ਅਤੇ ਰਹੇਗਾ।

# ਦਰਬਾਰ ਸਾਹਿਬ ਸਮੂਹ ਵਿਚ ਫਿਲਮਾਂ ਦੇ ਪ੍ਰਚਾਰ ’ਤੇ ਰੋਕ

## ✪ ਸ਼ਰਧਾਲੂ ਮਰਿਯਾਦਾ ਵਿਚ ਰਹਿ ਕੇ ਪਰਕਰਮਾ ਵਿਚ ਖਿਚ ਸਕਣਗੇ ਫੋਟੋ



ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਮਰਿਆਦਾ ਦੀ ਹੋ ਰਹੀ ਉਲੰਘਣਾ ਨੂੰ ਧਿਆਨ ਵਿੱਚ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਥੇ ਫਿਲਮੀ ਕਲਾਕਾਰਾਂ ਵੱਲੋਂ ਫਿਲਮਾਂ ਦੇ ਪ੍ਰਚਾਰ ਵਾਸਤੇ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਨ ’ਤੇ ਰੋਕ ਲਾ ਦਿੱਤੀ ਹੈ। ਇਹ ਫ਼ੈਸਲਾ ਬੀਤੇ ਦਿਨ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਸੀ, ਜਿਸ ਨੂੰ ਹੁਣ ਲਾਗੂ ਕੀਤਾ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਵਡੋਦਰਾ ਵਾਸੀ ਅਰਚਨਾ ਮਕਵਾਨਾ ਨੇ ਇੱਥੇ ਪਰਿਕਰਮਾ ਵਿੱਚ ਯੋਗ ਆਸਣ ਕੀਤਾ ਸੀ, ਜਿਸ ਦਾ ਵਿਵਾਦ ਅਜੇ ਚੱਲ ਹੀ ਰਿਹਾ ਸੀ ਕਿ ਅਗਲੇ ਦਿਨ ਦਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਨੇ ਆਪਣੀ ਫਿਲਮ ਦੇ ਪ੍ਰਚਾਰ ਲਈ ਇੱਥੇ ਮੱਥਾ ਟੇਕਿਆ। ਦਲਜੀਤ ਦੋਸਾਂਝ ਨੇ ਸਵੇਰੇ ਪ੍ਰਕਾਸ਼ ਵੇਲੇ ਪਾਲਕੀ ਸਾਹਿਬ ਨੂੰ ਮੋਢਾ ਦੇਣ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਵੀਡੀਓ ਸਾਂਝੀ ਕੀਤੀ, ਜਿਸ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਦਾ ਸਖਤ ਨੋਟਿਸ ਲਿਆ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਸਬੰਧੀ ਫ਼ੈਸਲਾ ਲੈਂਦਿਆਂ ਫਿਲਮਾਂ ਦੇ ਪ੍ਰਚਾਰ ਅਤੇ ਪ੍ਰਮੋਸ਼ਨ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵੀਡੀਓਗ੍ਰਾਫੀ ਕਰਨ ’ਤੇ ਮੁਕੰਮਲ ਰੋਕ ਲਾ ਦਿੱਤੀ ਗਈ ਹੈ।

ਇਸ ਰੋਕ ਤਹਿਤ ਆਮ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਕੁਝ ਛੋਟ ਦਿੱਤੀ ਗਈ ਹੈ, ਜਿਸ ਤਹਿਤ ਉਹ ਯਾਦਗਾਰ ਵਜੋਂ ਪਰਿਕਰਮਾ ਵਿੱਚ ਆਪਣੀ ਤਸਵੀਰ ਅਤੇ ਸੈਲਫੀ ਲੈ ਸਕਦੇ ਹਨ ਪਰ ਚਲਦੇ ਹੋਏ ਵੀਡੀਓਗ੍ਰਾਫੀ ਕਰਨ ਤੋਂ ਗੁਰੇਜ਼ ਕਰਨਾ ਹੋਵੇਗਾ। ਇਸ ਸਬੰਧੀ ਮਰਿਆਦਾ ਦੇ ਪਾਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਪਰਿਕਰਮਾ ਵਿੱਚ ਵਾਧੂ ਟਾਸਕ ਫੋਰਸ ਲਗਾਉਣ ਅਤੇ ਸੇਵਾਦਾਰਾਂ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਾਰੀ ਕੀਤੇ ਹੁਕਮਾਂ ਨੂੰ ਫ਼ੌਰੀ ਤੌਰ ’ਤੇ ਲਾਗੂ ਕੀਤਾ ਗਿਆ ਹੈ। ਪਰਿਕਰਮਾ ਵਾਸਤੇ ਵਾਧੂ ਸਟਾਫ ਭਰਤੀ ਕੀਤਾ ਜਾ ਰਿਹਾ ਹੈ, ਜੋ ਇਸੇ ਹਫ਼ਤੇ ਆਪਣੀ ਡਿਊਟੀ ’ਤੇ ਪੁੱਜ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਿਕਰਮਾ ਵਿੱਚ ਡਿਊਟੀ ਦੇਣ ਵਾਲੇ ਸੇਵਾਦਾਰਾਂ ਨੂੰ ਵਿਸ਼ੇਸ਼ ਤੌਰ ’ਤੇ ਵਰਕਸ਼ਾਪ ਲਾ ਕੇ ਸਿੱਖਿਅਤ ਕੀਤਾ ਜਾਵੇਗਾ ਕਿ ਕਿਵੇਂ ਧਾਰਮਿਕ ਸਥਾਨ ਦੀ ਮਰਿਆਦਾ ਦੀ ਪਾਲਣਾ ਕਰਨੀ ਹੈ ਅਤੇ ਸੈਲਾਨੀਆਂ ਨਾਲ ਨਿਮਰਤਾ ਨਾਲ ਪੇਸ਼ ਆਉਣਾ ਹੈ।

### ਮਰਿਆਦਾ ਦੀ ਪਾਲਣਾ ਜ਼ਰੂਰੀ : ਧਾਮੀ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਧਾਰਮਿਕ ਸਥਾਨ ’ਤੇ ਆਉਣ ਵਾਲੇ ਸ਼ਰਧਾਲੂਆਂ ਦੀ ਆਸਥਾ ਦਾ ਧਿਆਨ ਰੱਖਣਾ ਜ਼ਰੂਰੀ ਹੈ ਪਰ ਇਸ ਦੇ ਨਾਲ ਹੀ ਗੁਰੂ ਧਾਮ ਦੀ ਮਰਿਆਦਾ ਦੀ ਪਾਲਣਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸੇ ਤਹਿਤ ਹੀ ਕੁਝ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ

### ਲਗਾਈ ਜਾਵੇਗੀ ਟਾਸਕ ਫੋਰਸ

ਦੱਸਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਪਾਬੰਦੀ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਲਗਭਗ 100 ਹੋਰ ਕਰਮਚਾਰੀਆਂ ਦੀ ਭਰਤੀ ਕਰਕੇ ਆਪਣੀ ‘ਪਰਿਕਰਮਾ ਟਾਸਕ ਫੋਰਸ’ ਨੂੰ ਵਧਾਉਣ ਦੀ ਯੋਜਨਾ ਬਣਾ ਰਹੀ ਹੈ।

ਇਹ ਕਾਰਵਾਈ ਸੋਸ਼ਲ ਮੀਡੀਆ ਪ੍ਰਭਾਵਕ ਅਰਚਨਾ ਮਕਵਾਨਾ ਨਾਲ ਜੁੜੇ ਹਾਲ ਹੀ ਦੇ ਵਿਵਾਦ ਤੋਂ ਬਾਅਦ ਹੋਈ ਹੈ, ਜਿਸ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ ’ਤੇ ਸ੍ਰੀ ਦਰਬਾਰ ਸਾਹਿਬ ਵਿੱਚ ਯੋਗ ਆਸਣ ਕੀਤਾ ਸੀ ਅਤੇ ਆਪਣੀਆਂ ਤਸਵੀਰਾਂ ਆਨਲਾਈਨ ਪੋਸਟ ਕੀਤੀਆਂ ਸਨ, ਜੋ ਵਾਇਰਲ ਹੋ ਗਈਆਂ ਸਨ। ਉਕਤ ਮਾਮਲੇ ਵਿੱਚ ਐਸਜੀਪੀਸੀ ਨੇ ਐਫਆਈਆਰ ਦਰਜ ਕਰਵਾਈ, ਜਦਕਿ ਅਰਚਨਾ ਨੇ ਸੋਸ਼ਲ ਮੀਡੀਆ ’ਤੇ ਧਮਕੀਆਂ ਅਤੇ ਗਾਲ੍ਹਾਂ ਮਿਲਣ ਤੋਂ ਬਾਅਦ ਆਪਣੇ ਕੀਤੇ ਲਈ ਮੁਆਫੀ ਮੰਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਦੀ ਆਸਥਾ ਸਰਵਉੱਚ ਹੈ ਪਰ ਇਹ ਪਾਬੰਦੀ ਇਸ ਲਈ ਲਗਾਉਣੀ ਪਈ ਕਿਉਂਕਿ ਕੁਝ ਸ਼ਰਾਰਤੀ ਅਨਸਰ ਸੁਰਖੀਆਂ ਵਿਚ ਆਉਣ ਲਈ ਪਾਬੰਦੀ ਦੀ ਉਲੰਘਣਾ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿੱਚ ਸਾਰਿਆਂ ਦਾ ਸੁਆਗਤ ਹੈ, ਪਰ ਨਿਯਮਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਹ ਪਾਬੰਦੀ ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤੀ ਗਈ ਹੈ।

# ਨੇਪਾਲੀ ਵਲੋਂ ਨਿਸ਼ਾਨ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀ ਕੀਤੀ ਕੋਸ਼ਿਸ਼

## ✪ ਪੁਲੀਸ ਵਲੋਂ ਕੇਸ ਦਰਜ, ਪੁੱਛਗਿੱਛ ਜਾਰੀ

ਜਲੰਧਰ-ਜਲੰਧਰ ਦੇ ਗੁਰਾਇਆ ਸਥਿਤ ਗੁਰਦੁਆਰੇ ਵਿੱਚ ਇੱਕ ਨੇਪਾਲੀ ਨੌਜਵਾਨ ਨੇ ਦਾਖ਼ਲ ਹੋ ਕੇ ਨਿਸ਼ਾਨ ਸਾਹਿਬ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ। ਦੋਸ਼ੀ ਨੌਜਵਾਨ ਬਿਨਾਂ ਸਿਰ ਢੱਕ ਕੇ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਇਆ, ਖੁਸ਼ਕਿਸਮਤੀ ਨਾਲ ਉਕਤ ਨੌਜਵਾਨ ਨੂੰ ਗ੍ਰੰਥੀ ਅਤੇ ਹੋਰ ਲੋਕਾਂ ਨੇ ਪਹਿਲਾਂ ਹੀ ਰੋਕ ਲਿਆ। ਇਸ ਮਾਮਲੇ ਵਿੱਚ ਗੁਰਾਇਆ ਥਾਣਾ ਪੁਲਿਸ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਨੇਪਾਲ ਦੇ ਰਹਿਣ ਵਾਲੇ ਗਣੇਸ਼ ਖੜਕਾ ਵਜੋਂ ਹੋਈ ਹੈ। ਉਹ ਲੁਧਿਆਣਾ ਵਿੱਚ ਰਹਿ ਰਿਹਾ ਸੀ।




ਗੁਰਾਇਆ ਸਥਿਤ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗੋਬਿੰਦ ਸਿੰਘ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨ ’ਚ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਸਾਢੇ 5 ਵਜੇ ਗੁਰਦੁਆਰਾ ਸਾਹਿਬ ਵਿਚ ਅਰਦਾਸ ਕਰ ਰਿਹਾ ਸੀ। ਇਸ ਦੌਰਾਨ ਸੀਸੀਟੀਵੀ ਵਿੱਚ ਦੇਖਿਆ ਗਿਆ ਕਿ ਇੱਕ ਨੌਜਵਾਨ ਗੁਰਦੁਆਰਾ ਸਾਹਿਬ ਦੇ ਬਾਹਰ ਘੁੰਮ ਰਿਹਾ ਸੀ। ਕੁਝ ਸਮੇਂ ਬਾਅਦ ਉਕਤ ਨੌਜਵਾਨ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋ ਗਿਆ ਅਤੇ ਸ੍ਰੀ ਨਿਸ਼ਾਨ ਸਾਹਿਬ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ। ਨਾਲ ਹੀ ਪਾਸੇ ਪਏ ਵਾਈਪਰ ਨਾਲ ਨਿਸ਼ਾਨ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਲੋਕਾਂ ਨੇ ਮੁਲਜ਼ਮ ਨੂੰ ਫੜਿਆ ਤਾਂ ਉਸ ਦੀ ਜੇਬ ਵਿੱਚੋਂ ਤੰਬਾਕੂ ਪਦਾਰਥ ਵੀ ਬਰਾਮਦ ਹੋਇਆ। ਮੁਲਜ਼ਮ ਨੇ ਹੈੱਡ ਗ੍ਰੰਥੀ ਦੀ ਕੁੱਟਮਾਰ ਦੀ ਵੀ ਕੋਸ਼ਿਸ਼ ਕੀਤੀ ਪਰ ਕਿਸੇ ਤਰ੍ਹਾਂ ਦੋਸ਼ੀ ਨੂੰ ਜ਼ਮੀਨ ’ਤੇ ਸੁੱਟ ਕੇ ਕਾਬੂ ਕਰ ਲਿਆ ਗਿਆ ਅਤੇ ਪੁਲਿਸ ਪ੍ਰਸ਼ਾਸਨ ਨੂੰ ਮਾਮਲੇ ਦੀ ਸੂਚਨਾ ਦਿੱਤੀ ਗਈ।

ਫਿਲੌਰ ਦੇ ਐਸਐਚਓ ਸੁਖਦੇਵ ਸਿੰਘ ਨੇ ਦੱਸਿਆ ਕਿ ਅਸੀਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਕਾਫੀ ਹੰਗਾਮਾ ਕੀਤਾ ਹੋਇਆ ਸੀ। ਮੁਲਜ਼ਮ ਲੁਧਿਆਣਾ ਵਿੱਚ ਮਜ਼ਦੂਰੀ ਦਾ ਕੰਮ ਕਰਦਾ ਸੀ। ਉਹ ਗੋਰਾਇਆ ਕਿਵੇਂ ਪਹੁੰਚਿਆ ਅਜੇ ਤੱਕ ਪਤਾ ਨਹੀਂ ਲੱਗ ਸਕਿਆ।

# ਭਾਈ ਗਜਿੰਦਰ ਸਿੰਘ ਦੀ ਲਾਹੌਰ ਵਿਚਲੀ ਜਾਇਦਾਦ ਉਨ੍ਹਾਂ ਦੀ ਧੀ ਨੂੰ ਦਿਵਾਈ ਜਾਵੇਗੀ-ਪਾਕਿ ਸਿੱਖ ਆਗੂ

ਅੰਮ੍ਰਿਤਸਰ-ਜਥੇਬੰਦੀ ਦਲ ਖ਼ਾਲਸਾ ਦੇ ਮੋਢੀ ਮੈਂਬਰ ਅਤੇ ਜਲਾਵਤਨ ਸਿੱਖ ਆਗੂ ਭਾਈ ਗਜਿੰਦਰ ਸਿੰਘ ਦੇ ਦਿਹਾਂਤ ’ਤੇ ਅਫ਼ਸੋਸ ਪ੍ਰਗਟ ਕਰਦਿਆਂ ਪਾਕਿਸਤਾਨੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਵਿਦੇਸ਼ੀ ਸਿੱਖ ਜਥੇਬੰਦੀਆਂ ਦੀ ਮਾਰਫ਼ਤ ਪਾਕਿ ਸਰਕਾਰ ਪਾਸੋਂ ਭਾਈ ਗਜਿੰਦਰ ਸਿੰਘ ਦੀ ਲਾਹੌਰ ਵਿਚਲੀ ਜਾਇਦਾਦ ਉਨ੍ਹਾਂ ਦੀ ਧੀ ਬਿਕਰਮ ਕੌਰ ਉਰਫ਼ ਬਿੱਕੀ ਪਤਨੀ ਗੁਰਪ੍ਰੀਤ ਸਿੰਘ ਨੂੰ ਦਿਵਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਪਾਕਿ ਸਿੱਖ ਆਗੂਆਂ ਨੇ ਇਹ ਵੀ ਦੱਸਿਆ ਕਿ ਬਿਕਰਮ ਕੌਰ ਮੌਜੂਦਾ ਸਮੇਂ ਯੂ.ਕੇ. ਤੋਂ ਪਿਤਾ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਣ ਲਈ ਪਾਕਿ ਪਹੁੰਚੀ ਹੋਈ ਹੈ।

ਉਨ੍ਹਾਂ ਦੱਸਿਆ ਕਿ ਭਾਈ ਗਜਿੰਦਰ ਸਿੰਘ ਦੀ ਸ੍ਰੀ ਨਨਕਾਣਾ ਸਾਹਿਬ ’ਚ ਬੁੱਚੇਕੀ ਰੋਡ ’ਤੇ ਧੌਲਰ ਚੌਕ ਵਿਚਲੀ ਸਾਰੀ ਜਾਇਦਾਦ ਤੇ ਘਰ ਵਕਫ਼ ਤੋਂ ਲੰਬੇ ਸਮੇਂ ਦੀ ਲੀਜ਼ ’ਤੇ ਲਈ ਗਈ ਹੈ। ਜਦਕਿ ਲਾਹੌਰ ਦੀ ਪਾਸ਼ ਕਾਲੋਨੀ ਵਾਲਾ ਘਰ ਉਨ੍ਹਾਂ ਲਗਭਗ 20 ਸਾਲ ਪਹਿਲਾਂ ਆਪਣੀ ਧੀ ਦੇ ਨਾਂਅ ’ਤੇ ਖ਼ਰੀਦਿਆ ਸੀ, ਜਿਸ ਦੀ ਮੌਜੂਦਾ ਸਮੇਂ ਪਾਕਿਸਤਾਨੀ ਕਰੰਸੀ ਮੁਤਾਬਿਕ ਕੀਮਤ ਲਗਭਗ ਢਾਈ ਕਰੋੜ ਰੁਪਏ (ਭਾਰਤੀ ਕਰੰਸੀ ਮੁਤਾਬਿਕ ਲਗਭਗ 84 ਲੱਖ ਰੁਪਏ) ਹੈ। ਪਾਕਿ ਸਿੱਖ ਆਗੂਆਂ ਨੇ ਕਿਹਾ ਕਿ ਭਾਰਤੀ ਤੇ ਵਿਦੇਸ਼ੀ ਸਿੱਖ ਜਥੇਬੰਦੀਆਂ ਨੇ ਉਨ੍ਹਾਂ ਦੀ ਮਾਰਫ਼ਤ ਪਾਕਿ ਸਰਕਾਰ ਤੋਂ ਇਹ ਵੀ ਮੰਗ ਕੀਤੀ ਹੈ ਕਿ ਭਾਈ ਗਜਿੰਦਰ ਸਿੰਘ ਵਲੋਂ ਆਪਣੀ ਸਵਰਗਵਾਸੀ ਪਤਨੀ ਬੀਬੀ ਮਨਜੀਤ ਕੌਰ ਦੀ ਯਾਦ ’ਚ ਸ੍ਰੀ ਨਨਕਾਣਾ ਸਾਹਿਬ ਦੀ ਬੁੱਚੇਕੀ ਰੋਡ ’ਤੇ ਵਕਫ਼ ਦੀ ਜਗ੍ਹਾ ’ਤੇ ਸ਼ੁਰੂ ਕੀਤੀ ਐੱਮ. ਕੇ. ਫ਼੍ਰੀ ਡਿਸਪੈਂਸਰੀ ਨੂੰ ਹਮੇਸ਼ਾ ਜਾਰੀ ਰੱਖਿਆ ਜਾਵੇ ਅਤੇ ਇਸ ਦੇ ਨਾਲ ਹੀ ਮਿਥਕ ਜਲਾਵਤਨ ਸਿੱਖ ਆਗੂ ਭਾਈ ਗਜਿੰਦਰ ਸਿੰਘ ਦੇ ਨਾਂਅ ’ਤੇ ਸ੍ਰੀ ਨਨਕਾਣਾ ਸਾਹਿਬ ’ਚ ਇਕ ਮੁਫ਼ਤ ਸਿੱਖ ਧਾਰਮਿਕ ਸਕੂਲ ਵੀ ਸ਼ੁਰੂ ਕੀਤਾ ਜਾਵੇ।



# ਭੁੱਖਮਰੀ ਦਾ ਸੰਕਟ, ਭਾਰਤ ਅੰਦਰ ਆਰਥਿਕ ਅਸਮਾਨਤਾ

ਰਾਜਿੰਦਰ ਕੌਰ ਚੋਹਕਾ
91-98725-44738
001-403-285-4208
Email: chohkarajinder@gmail.com



ਇਹ ਕਿਵੇਂ ਮੰਨਿਆ ਜਾਵੇ ਜਮੀਨੀ ਪੱਧਰ 'ਤੇ ਕਿ ਭਾਰਤ ਦੁਨੀਆਂ ਦੀ ਇਕ ਪੰਜਵੀ ਆਰਥਿਕ ਸ਼ਕਤੀ ਬਣ ਗਿਆ ਹੈ ? ਜਦ ਕਿ ਸੰਸਾਰ ਭੁੱਖ-ਮਰੀ ਦੇ ਸੂਚਕ ਅੰਕ 2023 ਦੇ ਮੁਤਾਬਿਕ ਭਾਰਤ 28.7 ਅੰਕਾਂ ਨਾਲ ਭੁੱਖਮਰੀ ਦੇ ਗੰਭੀਰ ਸੰਕਟ ਵਿੱਚ ਸ਼ਾਮਲ ਹੈ। "ਸੰਯੁਕਤ ਰਾਸ਼ਟਰ" ਦੀਆਂ ਦੋ ਹੋਰ ਅਜਿਹੀਆਂ ਤਾਜ਼ਾ ਰਿਪੋਰਟਾਂ ਜੋ ਦੇਸ਼ ਦੇ ਲੋਕਾਂ ਦੀ ਭੁੱਖ-ਮਰੀ 'ਤੇ ਭੋਜਨ ਨਾਲ ਜੁੜੀਆਂ ਹੋਈਆਂ ਹਨ, ਉਹ ਵੀ ਨਸ਼ਰ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਤਾਂ ! ਭੋਜਨ ਦੀ ਬਰਬਾਦੀ ਨਾਲ ਅਤੇ ਦੂਸਰੀ ਭੋਜਨ ਤੋਂ ਬਿਨ੍ਹਾਂ ਭੁੱਖ-ਮਰੀ ਨਾਲ ਜੁੜੀ ਹੋਈ ਹੈ ! "ਸੰਯੁਕਤ-ਰਾਸ਼ਟਰ" ਨੇ ਪਹਿਲੀ ਰਿਪੋਰਟ ਰਾਂਹੀ ਭੋਜਨ ਦੀ ਹੋ ਰਹੀ ਬਰਬਾਦੀ ਨੂੰ ਗੰਭੀਰਤਾ ਨਾਲ ਲਿਆ ਹੈ। ਪਹਿਲਾਂ ਭੋਜਨ ਦੀ "ਬਰਬਾਦੀ" ਦੀ ਰਿਪੋਰਟ ਜਾਰੀ ਕੀਤੀ ਗਈ ਹੈ 'ਤੇ ਦੂਸਰੀ "ਭੁੱਖ-ਮਰੀ" ਨਾਲ ਸਬੰਧਤ ਰਿਪੋਰਟ ਬਾਦ ਵਿਚ। ਸੰਯੁਕਤ-ਰਾਸ਼ਅਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, "ਕਿ ਜੇਕਰ ਭੋਜਨ ਦੀ ਹਹੋ ਰਹੀ ਬਰਬਾਦੀ ਨੂੰ ਸੌ ਫੀ-ਸੱਦ ਰੋਕ ਦਿੱਤਾ ਜਾਵੇ ? ਤਾਂ ! ਜੋ ਲੋਕ ਭੁੱਖ ਦੇ ਦੁੱਖ ਕਾਰਨ ਤੜਫ਼ ਰਹੇ ਹਨ, ਉਨ੍ਹਾਂ ਨੂੰ ਕੁਝ ਢਾਰਸ ਮਿਲ ਸਕਦੀ ਹੈ ?"

2024 ਅਪ੍ਰੈਲ ਦੇ ਅੰਤ ਵਿਚ ਸੰਯੁਕਤ ਰਾਸ਼ਟਰ ਦੀ "ਗਲੋਬਲ ਰਿਪੋਰਟ ਔਨ ਫੂਡ ਕਰਾਈਸੇਂ ਵਿਚ ਦੱਸਿਆ ਗਿਆ ਹੈ ਕਿ ਦੁਨੀਆਂ ਭਰ ਦੇ ਕੁੱਲ 59 ਦੇਸ਼ਾਂ ਦੇ ਲੱਗ-ਪੱਗ 28.2 ਕਰੋੜ ਲੋਕ 2023 ਵਿੱਚ ਭੁੱਖੇ ਰਹਿਣ ਲਈ ਮਜਬੂਰ ਹੋਏ। ਇਸ ਰਿਪੋਰਟ ਮੁਤਾਬਿਕ ਯੁੱਧ ਦੀ ਲਪੇਟ ਵਿਚ ਗਾਜ਼ਾਪੱਟੀ ਅਤੇ ਸੂਡਾਨ ਦੇ ਵਿਗੜੇ ਖਾਧ ਸੁਰੱਖਿਆ ਦੇ ਹਾਲਾਤਾਂ ਕਾਰਨ 2022 ਵਿੱਚ 2.4 ਕਰੋੜ ਤੋਂ ਵੀ ਵੱਧ ਲੋਕਾਂ ਨੂੰ ਭੁੱਖੇ ਰਹਿਣਾ ਪਿਆ। ਭੋਜਨ ਤੋਂ ਬਿਨ੍ਹਾਂ ਭੁੱਖੇ ਰਹਿਣ ਦੀ ਰਿਪੋਰਟ 2016 ਵਿੱਚ ਪਹਿਲਾਂ ਸੰਯੁਕਤ ਰਾਸ਼ਟਰ ਨੇ ਸ਼ੁਰੂ ਕੀਤੀ ਸੀ। ਪਹਿਲੀ ਰਿਪੋਰਟ ਦੀ ਤੁਲਨਾ ਵਿੱਚ 'ਤੇ ਤਾਜ਼ਾ ਰਿਪੋਰਟ ਵਿੱਚ ਲੋਕਾਂ ਦੇ ਭੁੱਖੇ ਰਹਿਣ ਦੀ ਗਿਣਤੀ ਵਿਚ ਚਾਰ ਗੁਣਾ ਵਾਧਾ ਹੋਇਆ ਹੈ। ਨਾਲ ਦੀ ਨਾਲ ਖਾਧ ਸਮੱਗਰੀ ਤੋਂ ਬਿਨ੍ਹਾਂ ਵੀ ਭੁੱਖ ਨਾਲ ਤੜਫ਼ਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਭਾਂਵੇਂ ! ਭੁੱਖੇ ਰਹਿਣ ਦਾ ਇਕ ਕਾਰਨ ਗਰੀਬੀ 'ਤੇ ਬੇਰੁਜ਼ਗਾਰੀ ਵੀ ਹੋਵੇਗਾ; ਜੋ ਭੋਜਨ ਤੋਂ ਬਿਨਾਂ ਭੁੱਖ ਨਾਲ ਮਰਨ ਦਾ ਪ੍ਰਤੀਕ ਰੂਪ ਵਿਚ ਸਾਫ ਦਿਖਾਈ ਦਿੰਦਾ ਹੈ। ਜਿਨ੍ਹਾਂ ਵਿਚ ਭਾਰਤ ਵੀ ਇਕ ਦੇਸ਼ ਆਉਂਦਾ ਹੈ।

ਦੁਨੀਆਂ ਭਰ ਦੇ ਅਰਥਸ਼ਾਸਤਰੀਆਂ ਤੇ ਵਿਗਿਆਨੀਆਂ ਨੇ ਭੁੱਖ-ਮਰੀ ਦੀ ਸਮੱਸਿਆਂ ਨੂੰ ਸਮਝਣ ਲਈ ਇਕ ਪੈਮਾਨਾ ਨਿਰਧਾਰਿਤ ਕੀਤਾ ਹੈ। ਸੰਯੁਕਤ-ਰਾਸ਼ਟਰ ਦੇ "ਖਾਧ ਅਤੇ ਖੇਤੀ ਸੰਗਠਨ" (ਡਬਲਯੂ.ਐਫ.ਓ.) ਦੇ ਅਰਥ ਸ਼ਾਸਤਰੀ "ਮੈਕਿਸਮੋ ਟੋਰੇਰੋ" ਦੇ ਅਨੁਸਾਰ ਇਸ ਦੇ ਕੁੱਲ ਪੰਜ ਕਾਰਣ ਹਨ। ਇਸ ਵਿੱਚ ਭੁੱਖ ਨਾਲ (ਸੰਵਿਧਾਨਕ) ਪੀੜਤ ਲੋਕਾਂ ਨੂੰ ਪੰਜਵੇਂ ਥਾਂ 'ਤੇ ਰੱਖਿਆ ਗਿਆ ਹੈ। ਜਿਸ ਦੇ ਅੰਤਰਗਤ ਭਾਰਤ ਸਮੇਤ ਪੰਜ ਦੇਸ਼ਾਂ ਦੇ ਸਤਰ ਲੱਖ ਪੰਜ ਹਜ਼ਾਰ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿੱ 80ਫੀ-ਸੱਦ ਜਾਂ 57,07,000 ਤਾਂ ਕੇਵਲ ਇਕਲੇ ਹੀ ਯੁੱਧ ਪੀੜਤ ਗਾਜ਼ਾਪੱਟੀ ਵਿਚ ਹਨ। ਵਿਸ਼ਵ ਭੁੱਖ ਸੂਚਕ ਅੰਕ 2023 ਅਨੁਸਾਰ ਭਾਰਤ ਭੁੱਖ-ਮਰੀ ਦੇ ਸ਼ਿਕਾਰ 125-ਦੇਸ਼ਾਂ ਦੀ ਸੂਚੀ ਵਿੱਚ 111-ਵੇਂ ਸਥਾਨ 'ਤੇ ਸੀ।



ਦੇਸ਼ ਦੀ ਰਾਜ ਸਤਾ 'ਤੇ ਕਾਬਜ਼ ਰਾਜਨੀਤਕ ਲੋਕਾਂ ਨੂੰ ਖਾਸ ਕਰਕੇ ਤੀਜੀ ਵਾਰ 2024 ਵਿਚ ਐਨ.ਡੀ.ਏ. ਦੀ ਬਣੀ ਮੋਦੀ ਸਰਕਾਰ ਨੂੰ ਇਹ ਵੀ ਸੋਚਣਾ ਚਾਹੀਦਾ ਹੈ, ਕਿ ਅਸੀਂ 21-ਵੀਂ ਸਦੀ ਵਿਚ ਤਾਂ ਪਹੁੰਚ ਗਏ ਹਾਂ, 'ਤੇ ਪੰਜਵੀਂ ਸੰਸਾਰ ਆਰਥਿਕ ਸ਼ਕਤੀ ਵੀ ਬਣ ਗਏ ਹਾਂ ! ਪਰ ਸਾਡੇ ਦੇਸ਼ ਦੀ ਭੁੱਖ ਮਰੀ ਨਾਲ ਪੀੜਤ ਲੋਕਾਂ ਵਾਲੇ ਦੇਸ਼ਾਂ ਦੇ ਰੂਪ ਵਿਚ ਪਹਿਜਾਣ ਅੱਜੇ ਵੀ ਹੋ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ 2024 ਦੀਆਂ ਸੰਸਦ ਚੋਣਾਂ ਵਿਚ ਚੋਣ ਦਾ ਮੁੱਖ ਮੁੱਦਾ ਦੇਸ਼ ਵਿਚੋਂ 25-ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢਣ ਦੀਆਂ ਟਾਹਰਾਂ ਮਾਰੀਆਂ ਸਨ। ਪਰ ! ਦੇਸ਼ ਵਿੱਚ ਗਰੀਬੀ ਤੇ ਭੁੱਖ ਮਰੀ ਦੇ ਅੰਕੜੇ ਡਰਾਉਣ ਵਾਲੇ ਆਏ ਹਨ। ਅਸੀਂ ਭਾਵੇਂ ! ਕਹਿ ਰਹੇ ਹਾਂ, ਕਿ ਅਸੀਂ ਆਤਮ ਨਿਰਭਰ ਤੇ ਆਧੁਨਿਕ ਵਿਗਿਆਨਕ ਤਰੱਕੀ ਕਰਕੇ ਚੰਦ ਤਕ ਪੰਹੁਚਣ 'ਤੇ ਰੱਖਿਆ ਉਪਕਰਨਾਂ ਦਾ ਨਿਰਮਾਣ ਅਤੇ ਨਿਰਆਤ ਸਮੇਤ ਵੱਖ-ਵੱਖ ਖੇਤਰਾਂ ਵਿਚ ਆਤਮ ਨਿਰਭਰ ਬਣ ਗਏ ਹਾਂ ? ਇਹ ਵੀ ਕਹਿ ਰਹੇ ਹਾਂ, ਕਿ ਸਾਡੀ ਵਿਦੇਸ਼ੀ ਨੀਤੀ, ਕੂਟਨੀਤਕ ਸੁਰੱਖਿਆ ਪ੍ਰਣਾਲੀ ਅਤੇ ਸਾਡੇ ਲੋਕਤੰਤਰ, ਸਾਹਿਤ-ਸੱਭਿਆਚਾਰ 'ਤੇ ਕਲਾਆਤਮਕ ਤੌਰ 'ਤੇ ਦੁਨੀਆਂ ਵਿਚ ਸਾਡੀ ਪਹਿਚਾਣ ਹੋ ਰਹੀ ਹੈ ? ਅਸੀਂ ਪੰਜਵੀਂ ਅਰਥ-ਵਿਵਸਥਾ 'ਚ ਪਹੁੰਚ ਗਏ ਹਾਂ ! ਅਤੇ ਜਲਦੀ ਹੀ ਕੁਝ ਸਾਲਾਂ ਵਿਚ ਦੁਨੀਆਂ ਦੀ ਤੀਸਰੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਾਉਣ ਦੀਆਂ ਡੀਗਾਂ ਵੀ ਮਾਰ ਰਹੇ ਹਾਂ ! ਪਰ ਭੁੱਖ ਦੁੱਖੋਂ ਲੋਕ ਮਰ ਰਹੇ ਹਨ । ਦੁਨੀਆਂ ਭਰ ਵਿਚ ਇਹ ਵੀ ਇਕ ਚਰਚਾ ਹੈ, "ਕਿ ਭਾਰਤ ਦੇਸ਼ ਵਿਚ ਲੋਕ ਭੁੱਖ ਦੁਖੋਂ ਮਰ ਰਹੇ ਹਨ (ਮੀਡੀਆ ਰਿਪੋਰਟਾਂ)

"ਯੂ.ਐਨ.ਈ.ਪੀ. ਅਨੁਸਾਰ ਖਾਧ ਬਰਬਾਦੀ ਸੂਚਕ ਅੰਕ" 2024 ਦੀ ਰਿਪੋਰਟ ਵਿਚ ਕਿਹਾ ਗਿਆ ਹੈ, ਕਿ ਰੋਜਾਨਾਂ ਦੁਨੀਆ ਭਰ ਵਿਚ ਜਿੰਨੇ ਭੁੱਖੇ ਲੋਕ ਸੌਂਦੇ ਹਨ, ਉਸ ਤੋਂ ਕਿਤੇ ਜ਼ਿਆਦਾ ਅਨਾਜ ਬਰਬਾਦ ਹੋ ਜਾਂਦਾ ਹੈ। ਜਿਸ ਵਿਚ ਸਭ ਤੋਂ ਵੱਡੀ ਭੂਮਿਕਾ ਹੋਟਲ, ਰੇਸਤਰਾ ਤੇ ਵਿਆਹਾਂ-ਸ਼ਾਦੀਆਂ, ਸਮਾਗਮਾਂ, ਭੰਡਾਰਿਆਂ ਤੇ ਧਾਰਮਿਕ ਸਕਾਨਾਂ ਰਾਂਹੀ ਨਿਭਾਈ ਜਾਂਦੀ ਹੈ। ਇਕ ਹੋਰ ਰਿਪੋਰਟ ਦੇ ਅਨੁਸਾਰ 2022 ਵਿਚ ਸੰਸਾਰ ਭਰ ਵਿੱਚ ਕੁੱਲ ਅਨਾਜ ਦੇ ਉਤਪਾਦਨ ਦਾ 19-ਫੀ ਸੱਦ ਭਾਵ ! ਲੱਗ-ਪੱਗ 1.05 ਅਰਬ ਟਨ ਅਨਾਜ ਬਰਬਾਦ ਹੋ ਗਿਆ ਸੀ। ਇਸ ਰਿਪੋਰਟ ਮੁਤਾਬਿਕ, ਇਹ ਅਨਾਜ ਖੇਤ ਤੋਂ ਲੈ ਕੇ ਥਾਲੀ ਤੱਕ ਪਹੁੰਚਦਿਆਂ -ਪਹੁੰਚਦਿਆਂ 13-ਫੀ-ਸਦ ਅਨਾਜ ਬਰਬਾਦ ਹੋ ਜਾਂਦਾ ਹੈ।

"ਸੰਯੁਕਤ ਰਾਸ਼ਟਰ ਵਾਤਾਵਰਣ ਸਰਗਰਮੀ" ਦੀ ਖਾਧ ਬਰਬਾਦੀ ਸੂਚਕ ਅੰਕ ਦੀ ਰਿਪੋਰਟ ਸਾਲ 2030 ਤੱਕ ਭੋਜਨ ਦੀ ਬਰਬਾਦੀ ਨੂੰ ਅੱਧਾ ਕਰਨ ਦੇ ਲਈ ਦੇਸ਼ਾਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ, ਕਿ ਜੇਕਰ ਅਨਾਜ ਦੀ ਬਰਬਾਦੀ ਨੂੰ ਰੋਕ ਲਿਆ ਜਾਵੇ ! ਤਾਂ ਦੁਨੀਆਂ ਵਿਚ ਹੋ ਰਹੀ ਭੁੱਖ ਮਰੀ ਖੱਤਮ ਹੋ ਸਕਦੀ ਹੈ। ਕਿਉਂਕਿ ਅੱਜ ਦੁਨੀਆਂ ਵਿਚ ਰੋਜਾਨਾ 78-3 ਕਰੋੜ ਲੋਕ ਗੰਭੀਰ ਭੁੱਖ ਦਾ ਸਾਹਮਣਾ ਕਰ ਰਹੇ ਹਨ ਜ਼ਦ ਕਿ ਇਕ ਅਰਬ ਲੋਕਾਂ ਦਾ ਖਾਣਾ ਬਰਬਾਦ ਹੋ ਜਾਂਦਾ ਹੈ।

ਅਨਾਜ ਦੀ ਹੋ ਰਹੀ ਬਰਬਾਦੀ ਦੇ ਸੁਧਾਰ ਚਾਹੁੰਣ ਵਾਲਿਆਂ ਦੇ ਅਨੁਸਾਰ ਪ੍ਰਤੀ ਵਿਅਕਤੀ ਲੱਗ-ਪੱਗ 79-ਕਿਲੋ ਗ੍ਰਾਮ ਹਰ ਸਾਲ ਭੋਜਨ ਬਰਬਾਦ ਹੋ ਜਾਂਦਾ ਹੈ ? ਜੋ ਦੁਨੀਆਂ ਭਰ ਵਿਚ ਪ੍ਰਤੀ ਦਿਨ ਬਰਬਾਦ ਹੋਣ ਵਾਲੇ ਘੱਟੋ-ਘੱਟ ਇਕ ਅਰਬ ਲੋਕਾਂ ਦੇ ਭੋਜਨ ਦੀ ਥਾਲੀ ਦੇ ਬਰਾਬਰ ਹੈ ਜੇਕਰ ਦੇਖਿਆ ਜਾਵੇ ਤਾਂ ਭੋਜਨ ਦੀ ਬਰਬਾਦੀ ਵੀ ਸੰਸਾਰ ਦੀ ਤਰਾਸਦੀ ਹੈ। ਜਿਸ ਨੂੰ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਸਮੱਸਿਆ ਸਾਰੇ ਸੰਸਾਰ ਦੀ ਅਰਥ ਵਿਵਸਥਾ 'ਤੇ ਨਿਕਾਰਆਤਮਿਕ ਪ੍ਰਭਾਵ ਹੀ ਨਹੀਂ ਪਾਉਂਦੀ ਸਗੋਂ 'ਤੇ ਜਲ-ਵਾਯੂ ਪ੍ਰੀਵਰਤਨ ਅਤੇ ਜੀਵਾਂ ਲਈ ਵੀ ਨੁਕਸਾਨ ਪਹੁੰਚਾਉਣ ਲਈ ਵੀ ਜਿੰਮਵਾਰ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਅੰਦਰ ਸਾਲ 2022-23 ਦੀ ਰਿਪੋਰਟ ਅਨੁਸਾਰ 74 ਮਿਲੀਅਨ ਅਨ ਖਾਧ ਪਦਾਰਥ ਬਰਬਾਦ ਹੋਇਆ ਸੀ। ਇਸੇ ਤਰ੍ਹਾਂ ਹੀ ਦੇਸ਼ ਅੰਦਰ ਪੈਦਾ ਹੋਏ ਅਨਾਜ ਦਾ 22-ਫੀ ਸੱਦ ਜਾਂ 10-ਫੀ ਸੱਦ ਕੁੱਲ ਪੈਦਾ ਹੋਏ ਅਨਾਜ, ਸਬਜ਼ੀਆਂ ਅਤੇ ਫਲਾਂ ਦੀ ਸਾਂਭ-ਸੰਭਾਲ ਅਤੇ ਦੁਰ-ਪ੍ਰਬੰਧਨ ਕਾਰਨ ਹੀ ਬਰਬਾਦ ਹੋ ਜਾਂਦਾ ਹੈ। ਸੰਸਾਰ ਅੰਦਰ ਪੈਦਾ ਹੋਏ 931-ਮਿਲੀਅਨ ਟਨ ਅਨਾਜ (17-ਫੀ ਸੱਦ ਹਿੱਸੇ 'ਚੋਂ) ਕੇਵਲ 8-ਫੀਸਦ ਹੀ ਭਾਰਤ ਦਾ ਹਿੱਸਾਹੈ (2019)। "ਭਾਰਤੀ ਖੇਤੀ ਕੌਂਸਲ ਅਤੇ ਖੋਜ" ਦਿੱਲੀ ਦੀ ਰਿਪੋਰਟ ਅਨੁਸਾਰ ਭਾਰਤ ਅੰਦਰ 10-ਫੀਸੱਦ ਅਨਾਜ, ਸਬਜ.ਆਂ, ਫੱਲ, ਦੁੱਧ ਅਤੇ ਅੰਡਿਆਂ ਦੀ ਪੈਦਾਵਾਰ ਦਾ ਮਨੁੱਖ ਦੀ ਥਾਲੀ ਤਕ ਪਹੁੰਚਦੇ-ਪਹੁੰਚੇ ਹੀ ਬਰਬਾਦ ਅਤੇ ਖਰਾਬ ਹੋ ਜਾਣਾ, ਇਕ ਬਹੁਤ ਵੱਡਾ ਦੁਖਾਂਤਾ ਹੈ ! ਜਦ ਕਿ ਇਸ ਦੇ ਮੁਕਾਬਲੇ ਸੰਸਾਰ ਦੀ ਕੁੱਲ 15.3 ਬਿਲੀਅਨ ਸਲਾਨਾ ਖਾਧ ਦੀ ਪੈਦਾਵਾਰ ਵਿਚੋਂ ਕੇਵਲ 19-ਫੀ ਸੱਦ ਹੀ ਬਰਬਾਦੀ ਹੁੰਦੀ ਹੈ। ਸੰਸਾਰ ਅੰਦਰ 121-ਕਿਲੋਗ੍ਰਾਮ ਪ੍ਰਤੀ ਵਿਅਕਤੀ ਸਲਾਨਾ ਅਨਾਜ ਦੀ ਬਰਬਾਦੀ ਹੁੰਦੀ ਹੈ, (ਸੰਯੁਕਤ ਰਾਸ਼ਟਰ ਆਰਥਿਕ ਵਾਧਾ 2021-ਰਿਪੋਰਟ)।

ਵਿਸ਼ਵ ਅਸਮਾਨਤਾ ਦੀ ਇਕ ਹੈਰਾਨੀ ਵਾਲੀ ਸੰਯੁਕਤ -ਰਾਸ਼ਟਰ ਦੀ ਇਕ ਤਾਜ਼ਾ ਰਿਪੋਰਟ ਮੁਤਾਬਿਕ ਦੁਨੀਆਂ ਵਿਚ ਲਗ-ਪੱਗ 80-ਕਰੋੜ ਲੋਕ ਰੋਜ਼ਾਨਾ ਭੁੱਖੇ ਸੌਂਦੇ ਹਨ ਅਤੇ ਦੂਸਰੇ ਪਾਸੇ ਭੋਜਨ ਦੀਆਂ ਲੱਗ-ਪੱਗ "ਇਕ ਅਰਬ" ਥਾਲੀਆਂ ਬਰਬਾਦ ਕਰ ਦਿੱਤੀਆ ਜਾਂਦੀਆਂ ਹਨ। "ਸੰਯੁਕਤ ਰਾਸ਼ਟਰ ਨੇ ਗਲੋਬਲ ਰਿਪੋਰਟ ਔਨਫੂਡ ਕਰਾਈਸਿਸ (ਖਾਧ ਸੰਕਟ ਤੇ ਵਿਸ਼ਵ ਰਿਪੋਰਟ) ਵਿੱਚ ਦੱਸਿਆ ਹੈ, ਕਿ ਭੁੱਖਨਾਲ ਤੜਫਨ ਵਾਲਿਆਂ ਵਿਚ ਬੱਚੇ, ਇਸਤਰੀਆਂ ਅਤੇ ਬਜ਼ੁਰਗ ਸਭ ਤੋਂ ਜ਼ਿਆਦਾ ਹਨ।"

ਭਾਰਤ ਭਾਵੇਂ ਚੀਨ ਅਤੇ ਅਮਰੀਕਾ ਬਾਦ ਅੰਨ ਦੀ ਪੈਦਾਵਾਰ 'ਚ ਮੋਹਰੀ ਦੇਸ਼ ਹੈ। ਕਿਉਂਕਿ ? ਇਥੋਂ ਦੀ ਜ਼ਮੀਨ, ਪਾਣੀ (ਕਾਰਬਨ ਫੂਡ ਪ੍ਰਿੰਟ ਤੇ ਵਾਤਾਵਰਣ) ਖੇਤੀ ਲਈ ਅਨੁਕੂਲ ਹੁੰਦਾ ਹੈ। ਪਰ ! ਇਥੇ ਭੁੱਖ-ਮਰੀ 'ਤੇ ਮਹਿੰਗਾਈ ਦੇ ਬਾਵਜੂਦ 50-ਕਿਲੋਗ੍ਰਾਮ ਪ੍ਰਤੀ ਵਿਅਕਤੀ ਹਰ ਸਾਲ ਖਾਧ ਪਦਾਰਥ ਬਰਬਾਦ ਅਤੇ ਖਰਾਬ ਹੋ ਜਾਂਦਾ ਹੈ। ਜਿਸ ਲਈ ਸਾਡੇ ਪਾਸ ਅਨਾਜ ਦੀ ਪੈਦਾਵਾਰ ਤੋਂ ਲੈ ਕੇ ਸਟੋਰ ਕਰਨ ਤੱਕ ਵਧੀਆ ਸਹੂਲਤਾਂ ਅਤੇ ਪ੍ਰਬੰਧ ਨਹੀਂ ਹਨ। ਫਸਲਾਂ ਦੀ ਕਟਾਈ, ਸਾਂਭ-ਸੰਭਾਲ, ਟਰਾਂਸਪੋਰਟ, ਮੰਡੀਕਰਨ, ਸੋਟਰ, ਕੋਲਡ ਸਟੋਰ 'ਤੇ ਫਸਲ ਬੀਜਣ ਤੋਂ ਲੈ ਕੇ ਮਨੁੱਖ ਦੀ ਥਾਲੀ ਤੱਕ ਸਾਰੇ ਰਾਹਾਂ 'ਤੇ ਵਿਚਲੇ ਸ਼ੋਸ਼ਣ ਕਰਨ ਲਈ ਬੈਠੇ ਹਨ।

ਬਾਕੀ ਹਿਸਾ ਸਫ਼ਾ 57 ਤੇ ਪੜ੍ਹੋ

### 56 ਸਫ਼ੇ ਦੀ ਬਾਕੀ

ਜਿਸ ਕਰਕੇ ਅਜੇ ਤੱਕ ਵੀ ਅਸੀਂ ਰਵਾਇਤੀ ਢੰਗ, ਤਰੀਕਿਆਂ 'ਤੇ ਗੈਰ-ਵਿਗਿਆਨਕ ਢੰਗਾਂ ਦੇ ਨਾਲ ਹੀ ਜੁੜੇ ਹੋਏ ਹਾਂ। 74-ਮਿਲੀਅਨ ਟਨ ਪੈਦਾਵਾਰ, ਉਪੱਜ ਦਾ 22-ਫੀ-ਸੱਦ ਹਿੱਸਾ ਹਰ ਸਾਲ ਬਰਬਾਦ ਜਾਂ ਖਰਾਬ ਹੋ ਜਾਂਦਾ ਹੈ। ਜੋ ਕੁੱਲ ਪੈਦਾਵਾਰ ਦਾ 10-ਫੀ-ਸੱਦ ਬਣਦ ਹੈ। ਇਸ ਕਰਕੇ ਹੀ ਭਾਰਤ ਦੇ ਲੋਕ ਹਰ ਸਾਲ ਭੁੱਖ ਨਾਲ ਵਿਆਕੁਲ ਹੁੰਦੇ ਹਨ। (ਗਲੋਬਲ ਹੰਗਰ ਇਡੈਕਸਰ ਰਿਪੋਰਟ)। ਭਾਰਤ ਅੰਦਰ ਹਿੰਦੂ ਦੀ ਰਿਪੋਰਟ ਨਵੰਬਰ 2021 ਕਿ 194.6 ਮਿਲੀਅਨ ਲੋਕ ਕੁਪੋਸ਼ਣ ਦੇ ਸ਼ਿਕਾਰ, "ਖੁਰਾਕ ਤੇ ਖੇਤੀ ਸੰਸਥਾਂ ਦੀ ਰਿਪੋਰਟ ਅਨੁਸਾਰ 28.7 ਫੀ-ਸੱਦ ਲੋਕ ਭੱਖ-ਮਰੀ ਦਾ ਸ਼ਿਕਾਰ (2023) ਸਨ। ਡਾ:ਅਮ੍ਰਿਤਿਆ ਸੇਨ ਦਾ ਕਹਿਣਾ ਹੈ, "ਕਿ ਲੋਕਾਂ ਕੋਲ ਖਾਧ ਪਦਾਰਥ ਖਰੀਦਣ ਦੀ ਸ਼ਕਤੀ ਨਹੀ ਹੈ। ਜਿਸ ਦਾ ਮੁੱਖ ਕਾਰਨ ਖਾਧ ਸਬੰਧੀ ਸਰਕਾਰੀ ਨੀਤੀਆਂ ਹੀ ਨੁਕਸਦਾਰ ਹਨ। ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਦੀਆਂ ਗਰੀਬਾਂ 'ਤੇ ਦੇਸ਼ ਦੇ ਹਰ ਵਰਗ ਅੰਦਰ ਕਿਸਾਨਾਂ, ਮਜ਼ਦੂਰਾਂ, ਦਲਿੱਤਾ, ਆਦਿਵਾਸੀਆਂ ਤੇ ਗਰੀਬੀ ਵਿਚ ਰਹਿ ਰਹੇ ਲੋਕਾਂ ਨੂੰ ਗਰੀਬੀ ਵਿਚੋਂ ਕੱਢਣ ਦੀਆ ਲੀਤੀਆਂ ਕਾਰਨ ਪਾੜਾ ਦਿਨੋ ਦਿਨ ਵੱਧ ਰਿਹਾ ਹੈ। ਜਦ ਕਿ ਉਪਰਲਾ ਵਰਗ ਜਿਸ ਨੂੰ ਕੇਂਦਰ ਸਰਕਾਰ ਦੀ ਸਰਪ੍ਰਸਤੀ ਹੈ, ਵੁਹ ਵਰਗ ਅੱਜ ਅਜ਼ਾਦੀ ਦੇ 75 ਸਾਲਾਂ ਬਾਦ ਵੀ ਹੋਰ ਅਮੀਰ ਤੋਂ ਅਮੀਰ ਹੋ ਰਿਹਾ ਹੈ। ਅੱਜ ਜਿਸ ਕਰਕੇ ਦੇਸ਼ ਅੰਦਰ ਆਰਥਿਕ ਪਾੜਾ ਵੱਧਣ ਕਾਰਨ ਗਰੀਬ, ਵਰਗ ਗਰੀਬੀ-ਗੁਰਬਤ ਵੱਲ ਜਾ ਰਿਹਾ ਹੈ।

ਭਾਰਤ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਅਸੀਂ ਚੌਲਾਂ, ਕਣਕ, ਦਾਲਾਂ, ਦੁੱਧ, ਗੰਨਾ ਅਤੇ ਮੋਟੇ ਅਨਾਜ ਵਿਚ ਭਾਂਵੇਂ! ਅਸੀਂ ਅੱਗੇ ਵੱਧ ਹਾਂ, ਪਰ! ਭੁੱਖ ਅਤੇ ਕੁਪੋਸ਼ਣ ਸਾਡਾ ਪਿੱਛਾ ਨਹੀਂ ਛੱਡ ਰਹੀ ਹੈ। ਅੱਜ ਅਸੀ 125-ਦੇਸ਼ਾਂ ਅੰਦਰ 'ਭੁੱਖਮਰੀ' ਦੇ 111-ਵੇਂ ਸਥਾਨ 'ਤੇ ਹਾਂ! ਕਿਉਂਕਿ? ਸਾਨੂੰ ਗੁਣਵੰਤਾਂ ਵਾਲੀ ਖੁਰਾਕ ਅਤੇ ਪੇਟ ਭਰਵੀਂ ਰੋਟੀ ਨਹੀਂ ਮਿਲ ਰਹੀ ਹੈ ! ਅੱਜ ਵੀ 1.41 ਬਿਲੀਅਨ ਅਬਾਦੀ ਵਿਚੋਂ 190 ਮਿਲੀਅਨ ਭਾਰਤੀ ਭੁੱਖੇ ਹਨ। ਕਿਉਂਕਿ? ਦੇਸ਼ ਅੰਦਰ ਪੂੰਜੀਵਾਦੀ, ਫਿਰਕੂ ਅਤੇ ਅਜ਼ਾਰੇਦਾਰੀ ਪੱਖੀ ਆਰਥਿਕ ਨੀਤੀਆ ਨੂੰ ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਵਲੋਂ ਲਾਗੂ ਕਰਨ ਅਤੇ ਜਾਰੀ ਰੱਖਣ ਕਾਰਨ ਸਾਡੇ ਦੇਸ਼ ਦੀ ਕੌਮੀ ਸੰਪਤੀ ਅਤੇ ਆਰਥਿਕਤਾ ਇਕ ਪਾਸੜ ਵੱਧ ਰਹੀ ਹੈ। ਅੱਜ ਪੂੰਜੀ ਦਾ ਵਿਕਾਸ 'ਤੇ ਵਾਹਅ ਜੋ ਅਜਾਰੇਦਾਰ ਪੱਖੀ ਹੋਣ ਕਰਕੇ, 'ਆਰਥਿਕ ਨਾ-ਬਰਾਬਰੀਆਂ ਅਤੇ ਅਸਮਾਨਤਾਵਾਂ ਵਧੀਆਂ ਹਨ। ਇਸ ਨਾ-ਬਰਾਬਰੀ ਵਾਲੇ ਆਰਥਿਕ ਸਿਸਟਮ ਨੇ ਆਮ ਲੋਕਾਂ 'ਤੇ ਕਿਰਤੀ ਤੀ ਰੋਜ਼ੀ-ਰੋਟੀ ਬਰਬਾਦ ਕਰ ਦਿੱਤੀ ਗਈ ਅਤੇ ਖੋਹੀ ਜਾ ਰਹੀ ਹੈ। ਖੇਤੀ ਸੈਕਟਰ, ਮੌਜੂਦਾ ਉਦਾਰੀਵਾਦੀ ਆਰਥਿਕ ਨੀਤੀਆਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਜਿਸ ਕਾਰਨ ਅੱਜ ! ਛੋਟਾ ਕਿਸਾਨ, ਪੇਂਡੂ ਮਜ਼ਦੂਰ ਅਤੇ ਕਿਰਤੀ ਲੋਕਾਂ ਦੀ ਬਹੁ-ਗਿਣਤੀ ਦਾ ਹਿੱਸਾ ਪ੍ਰਤੀ-ਦਿਨ ਦੋ ਡਾਲਰ ਜਾਂ ਇਸ ਤੋਂ ਵੀ ਘੱਟ ਰੋਜ਼ਾਨਾ ਆਮਦਨ ਹੋਣ ਕਾਰਨ ਦੋ ਵੇਲੇ ਦੀ ਰੋਟੀ ਖਾਣ ਤੋਂ ਵੀ ਆਤੁਰ ਹਨ। ਇਸ ਕਰਕੇ ਹੀ ਭਾਰਤ ਨੂੰ 'ਸਮੂਹਿਕ ਗਰੀਬੀਂ ਭਾਵ! ਜਨ-ਗਰੀਬੀ ਦਾ ਦੇਸ਼ ਕਿਹਾ ਜਾ ਰਿਹਾ ਹੈ। ਜਦ ਕਿ ਕੇਂਦਰ ਦੀ ਸਰਕਾਰ ਖੁੱਦ ਮੰਨ ਰਹੀ ਹੈ, "ਕਿ ਅਸੀਂ ਦੇਸ਼ ਦੇ 80-ਕਰੋੜ ਲੋਕਾਂ ਨੂੰ ਅਨਾਜ ਹਰ ਮਹੀਨੇ ਦੇ ਰਹੇ ਹਾਂ'! ਭਾਵ! ਭਾਰਤ ਦਾ ਅਵਾਮ ਇਕ ਦਿਨ ਦਾ ਲੋੜ ਬਰਾਬਰ ਖੁੱਦ ਖਾਣਾ ਪੈਦਾ ਕਰਨ 'ਚ ਨਾ-ਕਾਮਯਾਬ ਹੈ।

ਸਮੂਹਿਕ ਗਰੀਬੀ ਜਾਂ ਜਨ ਗਰੀਬੀ 'ਚੋਂ ਮੁਕਤੀ ਦਿਵਾਉਣ ਲਈ ਭਾਰਤ ਅੰਦਰ ਅਨਾਜ, ਸਬਜ਼ੀਆਂ, ਫੱਲ, ਦੁੱਧ, ਆਂਡੇ ਅਤੇ ਹੋਰ ਜ਼ਰੂਰੀ ਪਦਾਰਥਾਂ ਦੀ ਪੈਦਾਵਾਰ ਤੋਂ ਲੈ ਕੇ ਥਾਲੀ ਤੱਕ ਪਹੁੰਚਾਉਣ ਲਈ ਇਕ ਵਿਗਿਆਨਕ ਚੇਨ ਹੋਵੇ। ਜਿਸ ਵਿਚੋਂ ਵਿਚੋਲੇ ਕੱਢ ਦਿੱਤੇ ਜਾਣ 'ਤੇ ਜਨਤਕ ਜਮਹੂਰੀ ਢੰਗਾਂਨਾਲ ਚੁਣੇ ਲੋਕਾਂ ਦੇ ਨੁਮਾਇੰਦਿਆਂ ਦੀ ਦੇਖ-ਭਾਲ 'ਤੇ ਸਹਾਇਤਾ ਲਈ ਲੋਕ ਨਿਗਰਾਨੀ ਵਾਲੀ ਸਪਲਾਈ ਚੇਨ ਹੋਵੇ। ਨੁਕਸਦਾਰ ਸਾਰਾ ਢਾਂਚਾ ਜੋ 40-ਫੀ-ਸੱਦ ਅਨਾਜ ਦੀ ਬਰਬਾਦੀ ਲਈ ਜ਼ਿੰਮੇਵਾਰ ਹੈ, ਬਦਲ ਦਿੱਤਾ ਜਾਵੇ। ਦੇਸ਼ ਅੰਦਰ ਖਾਧ-ਖੁਰਾਕ ਦੀ ਜਨਤਕ ਵੰਡ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ। ਅਜਿਹੇ ਜਮਹੂਰੀ ਪ੍ਰਬੰਧ ਹੀ ਕਿਸਾਨ ਤੇ ਖਪਤਕਾਰ ਨੂੰ ਪੂਰਾ ਇਨਸਾਫ ਦੇ ਸੱਕਣਗੇ ਅਤੇ ਹਰ ਭਾਰਤੀ ਨੂੰ ਖਾਣ ਲਈ 'ਤੇ ਪੇਟ ਭਰਨ ਲਈ ਦੋ ਡੰਗ ਦੀ ਰੋਟੀ ਦੇਣ ਦੇ ਯੋਗ ਬਣਾਉਣ ਯੋਗ ਹੋ ਸੱਕੇਗਾ।

ਜਦੋਂ ਹਰ ਭਾਰਤੀ ਨੂੰ ਹਾਕਮ ਸਿਹਤ, ਸਿੱਖਿਆ, ਰੁਜ਼ਗਾਰ ਦੀ ਸੰਵਿਧਾਨਿਕ ਗ੍ਰੰਟੀ ਅਤੇ ਸਮਾਜਿਕ ਸੁਰੱਖਿਆ ਲਈ ਆਰਥਿਕ ਅਜ਼ਾਦੀ ਦੀ ਢਾਲ ਅਤੇ ਓਟ ਦੇਣ ਯੋਗ ਹੋਣਗੇ, ਉਦੋਂ ਦੇਸ਼ ਦਾ ਹਰ ਨਾਗਰਿਕ ਆਪਣੇ ਆਪ ਨੂੰ ਖੁਦ ਆਪਣੇ ਆਪ ਤੇ ਨਿਰਭਰ ਮਹਿਸੂਸ ਕਰੇਗਾ ਅਤੇ ਉਹ ਖੁਦ ਵੀ ਪੇਟ ਭਰਨ ਯੋਗ ਵੀ ਹੋ ਜਾਵੇਗਾ। ਫਿਰ ਭਾਰਤੀ ਨਾਗਰਿਕ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ "ਰਿਉੜੀਆਂ 'ਤੇ ਚੋਗੇਂ ਦੀ ਲੋੜ ਨਹੀ ਪਏਗੀ? ਜੋ ਭੁੱਖਿਆਂ ਨੂੰ ਗੁੰਮਰਾਹ ਕਰਕੇ, ਵੋਟ ਪ੍ਰਾਪਤ ਕਰਕੇ ਫਿਰ ਲੋਕਾਂ ਨੂੰ "ਗਰੀਬੀ-ਗੁਰਬਤ" ਦੀ ਖਾਈ ਵਿਚ ਸੁੱਟ ਦਿੰਦੇ ਹਨ। ਲੋਕਾਂਅੰਦਰ ਇਕ ਜਾਗਰੂਕਤਾ ਦੀ ਲਹਿਰ ਅਤੇ ਆਪਣੀ ਹੋਂਦ ਨੂੰ ਸਮਝਣ ਲਈ ਰਾਜਨੀਤਕ-ਆਰਥਿਕ ਸੰਘਰਸ਼ ਕਰਨਾ ਪਏਗਾ? ਤਾਂ! ਹੀ, ਵੁਹ ਆਪਣੀ ਮੁਕਤੀ ਵੱਲ ਕਦਮ ਪੁੱਟ ਕੇ ਆਰਥਿਕ ਬਰਾਬਰਤਾ ਪ੍ਰਾਪਤ ਕਰ ਸੱਕਣਗੇ?

********


# • ਪੰਜਾਬੀ ਫ਼ਿਲਮ ਦਰਪਣ •

### ਭੱਟੀ ਭੜੀਵਾਲਾ ਨੂੰ ਥਾਪੀ ਮਰਾੜਾਂ ਵਾਲੇ ਮਾਨ ਦੀ



ਭੱਟੀ ਭੜੀਵਾਲਾ ਚੋਟੀ ਦਾ ਗੀਤਕਾਰ, ਲੇਖਕ ਤੇ ਸੰਗੀਤ ਪੇਸ਼ਕਾਰ ਹੈ। ਪੰਜਾਬੀ ਗੀਤਕਾਰੀ ਦੇ ਦਿੱਗਜ ਬਾਬੂ ਸਿੰਘ ਮਾਨ ਮਰਾੜਾਂ ਵਾਲਾ ਨੇ ਆਪਣਾ ਹੱਥ ਭੱਟੀ ਦੇ ਸਿਰ ਰੱਖ ਕਿਹਾ ਕਿ ਸ਼ਬਦਾਂ ਦਾ ਜਾਦੂਗਰ ਭੱਟੀ ਭੜੀਵਾਲਾ ਹੈ। ਮਹਾਨ ਗੀਤਕਾਰ ਦੇ ਇਸ ਅਸ਼ੀਰਵਾਦ ਨੇ ਭੱਟੀ ਨੂੰ ਹੋਰ ਉਤਸ਼ਾਹ ਦਿੱਤਾ ਹੈ ਤੇ ਉਹ ਹੁਣ ਫ਼ਿਲਮੀ ਗੀਤਕਾਰ ਵੀ ਬਣ ਗਿਆ ਹੈ। ਦੇਵੀ ਸ਼ਰਮਾ ਦੀ ਫ਼ਿਲਮ 'ਜੱਟੀ ਪੰਦਰਾਂ ਮੁਰੱਬਿਆਂ ਵਾਲੀ' ਦੇ ਗੀਤ ਭੱਟੀ ਨੇ ਲਿਖੇ ਹਨ। ਬਾਬੂ ਸਿੰਘ ਮਾਨ ਉਸਦੀ ਹੀ ਸਿਫ਼ਤ ਕਰਦੇ ਹਨ, ਜਿਸਦੇ ਪੱਲੇ ਕੁਝ ਹੋਏ। ਸਾਬਾਸ਼ ਮਿਲੀ ਹੁਣ ਚੱਕ ਦੇ ਇੰਡੀਆ।

### ਸਰਵਜੀਤ ਕਹੇ 'ਜੋਗੀਆਂ ਦੇ ਕੰਨਾਂ ਵਿੱਚ'



ਪੰਜਾਬੀ ਲੋਕ ਵਿਰਸੇ ਦੀ ਗਾਇਕਾ ਸਰਵਜੀਤ ਕੌਰ ਪੰਜਾਬੀ ਫ਼ਿਲਮਾਂ ਲਈ ਅਵਾਜ਼ ਬਣ 'ਨੂਰਜਹਾਂ' ਰਹੀ ਹੈ, ਪੰਜਾਬੀ ਫ਼ਿਲਮਾਂ ਦੀ ਲਤਾ ਮੰਗੇਸ਼ਕਰ ਦਾ ਟਰੈਕ ਹੁਣ 'ਜੋਗੀਆਂ ਦੇ ਕੰਨਾਂ' ਵਿੱਚ ਅਮਿਤ ਸ਼ਰਮਾ ਪ੍ਰੋਡਕਸ਼ਨ ਨੇ ਪੇਸ਼ ਕੀਤਾ ਹੈ। ਸੰਗੀਤ ਤੇ ਵੀਡਿਓ ਅਮਿਤ ਸ਼ਰਮਾ ਦਾ ਹੈ ਤੇ ਸਾਜਨ ਰਾਏਕੋਟੀ ਦੇ ਲਿਖੇ ਇਸ ਸਦਾਬਹਾਰ ਗੀਤ 'ਚ ਸਰਵਜੀਤ ਦੇ ਨਾਲ ਨਿਕਿਤਾ ਪੁਰੀ ਤੇ ਮਹਿਕ ਦੀਆਂ ਅਵਾਜ਼ਾਂ ਸੋਨੇ ਤੇ ਸੁਹਾਗਾ ਹੈ। ਜ਼ਿੰਦਾਬਾਦ ਰਹੇ ਸਦਾ ਇਹ ਅਵਾਜ਼।

### ਪੰਮਾ ਮੱਲ੍ਹੀ ਕਮਾਲ ਕਿਹਾ ਲਖਵਿੰਦਰ



### ਵਡਾਲੀ ਨੇ

ਪੰਮਾ ਮੱਲ੍ਹੀ ਸਮਾਜ ਸੁਧਾਰਕ ਗਾਣਿਆਂ ਦਾ ਰਾਜਾ ਹੈ ਤੇ ਗਾਇਕੀ 'ਚ ਵੀ ਕਮਾਲ ਦਾ ਗਾਇਕ ਹੈ। ਲੋਕ ਨੱਚਣ ਲਾ ਦਿੰਦੇ ਹਨ ਉਸ ਦੇ ਦੋਗਾਣੇ ਤੇ ਸੱਭਿਆਚਾਰ ਮੇਲਿਆਂ ਦੀ ਉਹ ਸ਼ਾਨ ਹੈ। 'ਸਾਰਾ ਪਿੰਡ' ਬੀ.ਪੀ. 'ਸਲੂਟ' ਚੋਗਾਣਿਆਂ ਵਾਲੇ ਪੰਮਾ ਮੱਲ੍ਹੀ ਦੀ ਗਾਇਕੀ ਨੂੰ ਉੱਘੇ ਗਾਇਕ ਲਖਵਿੰਦਰ ਵਡਾਲੀ ਨੇ ਗੱਭਰੂਆਂ ਦੀ ਗਾਇਕੀ ਤੇ ਲੋਕ ਹਿੱਤਾਂ ਦੀ ਗਾਇਕੀ ਕਿਹਾ ਹੈ। ਵਡਾਲੀ ਨੇ ਕਿਹਾ ਹੈ ਕਿ 'ਨਸ਼ਿਆਂ' ਤੇ ਆ ਰਿਹਾ ਪੰਮਾ ਮੱਲ੍ਹੀ ਦਾ ਨਵਾਂ ਗੀਤ ਸਮਾਜ ਨੂੰ ਜਗ੍ਹਾ ਦੇਵੇਗਾ। ਗਾਇਕੀ ਹੋਣੀ ਹੀ ਅਜਿਹੀ ਚਾਹੀਦੀ ਹੈ। ਜਿਸ ਨਾਲ ਸਮਾਜ ਨੂੰ ਵੀ ਲਾਭ ਹੋਏ ਤੇ ਪੰਮਾ ਮੱਲ੍ਹੀ ਇਸਤੇ ਖਰਾ ਉਤਰ ਰਿਹਾ ਗਾਇਕ ਹੈ।

### ਅਮਰ ਨੂਰੀ ਰੀਅਲ ਸਟਾਰ ਹੈ



ਇੱਕ ਚੋਟੀ ਦਾ ਨਾਮ ਫ਼ਿਲਮਾਂ ਤੇ ਗਾਇਕੀ ਵਿੱਚ ਅਮਰ ਨੂਰੀ ਹੈ। ਪਿੰਡ ਅਮਰੀਕਾ ਫ਼ਿਲਮ 'ਚ ਗੀਤ ਤੇ ਅਦਾਕਾਰੀ ਕਰ ਅਮਰ ਨੂਰੀ ਨੇ ਸਾਬਿਤ ਕਰ ਦਿਖਾਇਆ ਕਿ ਜਵਾਨੀ ਵਾਲਾ ਜੋਸ਼ ਅੱਜ ਵੀ ਉਸ 'ਚ ਬਰਕਰਾਰ ਹੈ। ਸਰਦੂਲ ਸਿਕੰਦਰ ਦਾ ਚਲੇ ਜਾਣਾ ਘਾਟਾ ਤੇ ਬਹੁਤ ਹੈ। ਪਰ ਅਲਾਪ ਤੇ ਸਾਰੰਗ ਜਿਹੇ ਹੀਰੇ ਬੱਚਿਆਂ ਲਈ ਤਕੜੀ ਹੋ ਕਿ ਉਹ ਚਲ ਸੋ ਚਲ ਹੈ। ਅਮਰ ਨੂਰੀ ਜਿਸ ਗੁੱਗੂ ਗਿੱਲ ਨਾਲ ਹਿੱਟ ਫ਼ਿਲਮਾਂ ਦਿੱਤੀਆਂ ਆ ਰਹੇ ਸਮੇਂ 'ਚ ਬਹੁਤ ਸਾਰੀਆਂ ਫਿਲਮਾਂ ਕਰ ਰਹੀ ਹੈ ਤੇ ਗਾਇਕੀ ਦਿਨ ਪ੍ਰਤੀ ਦਿਨ ਹੋਰ ਬੁਲੰਦ ਹੋ ਰਹੀ ਹੈ।

### ਅਵਤਾਰ ਵਰਮਾ ਹੈ ਮਿਹਨਤੀ ਕਲਾਕਾਰ



ਦੂਰਦਰਸ਼ਨ ਜਲੰਧਰ ਤੇ ਚੋਟੀ ਦੇ ਸੀਰੀਅਲ ਬਣਾ ਕਿ ਨਿਰਦੇਸ਼ਕ ਅਵਤਾਰ ਵਰਮਾ ਅੱਜ ਪਾਲੀਵੁੱਡ ਦਾ ਨਾਮਵਰ ਚਿਹਰਾ ਹੈ। ਪਾਲੀ ਦੇਤਵਾਲੀਆਂ ਦੇ ਗੀਤ ਦਾ ਵੀਡਿਉ ਬਣਾ ਕਿ ਉਹ ਚੋਟੀ ਦੇ ਨਿਰਦੇਸ਼ਕਾਂ 'ਚ ਸ਼ਾਮਿਲ ਹੋਇਆ ਹੈ। ਸ਼ਾਰਟ ਫਿਲਮਾਂ ਦਾ ਕਿੰਗ ਅਵਤਾਰ ਵਰਮਾ ਹੁਣ ਐਕਟਰ ਬਣ 'ਬਾਪੂ ਦਾ ਕਲਾਕਾਰ' ਫ਼ਿਲਮ 'ਚ ਆ ਰਿਹਾ ਹੈ। ਮਿਹਨਤ ਨੇ ਅਵਤਾਰ ਵਰਮਾ ਨੂੰ ਸ਼ਾਨਦਾਰ ਸਟਾਰ ਨਿਰਦੇਸ਼ਕ ਤੇ ਕਲਾਕਾਰ ਬਣਾ ਦਿੱਤਾ ਹੈ। ਅਵਤਾਰ ਵਰਮਾ ਆ ਰਹੇ ਸਮੇਂ 'ਚ ਵੱਡੇ ਬਜ਼ਟ ਦੀ ਪੰਜਾਬੀ ਫ਼ਿਲਮ ਦੀ ਨਿਰਦੇਸ਼ਤ ਕਰ ਰਿਹਾ ਹੈ।

### ਗੁਰਦੀਪ ਸੰਧੂ 'ਐਵਾਰਡ ਜੇਤੂ ਹੀਰੋ'



ਪਹਿਲਾਂ 'ਧੀਆਂ' ਫ਼ਿਲਮ ਲਈ ਐਵਾਰਡ ਲੈ ਚੁੱਕੇ ਹੀਰੋ ਗੁਰਦੀਪ ਸੰਧੂ ਦੀ ਫ਼ਿਲਮ 'ਨਤੀਜਾ' ਵੀ ਵੱਡੇ ਫਿਲਮੀ ਮੇਲੇ 'ਚ ਐਵਾਰਡ ਲਿਸਟ 'ਚ ਸ਼ਾਮਿਲ ਹੋਈ ਹੈ। ਬੈਸਟ ਐਕਰ ਦਾ ਐਵਾਰਡ ਰਫ਼ੀ ਸੁਸਾਇਟੀ ਨੇ ਦਿੱਤਾ ਹੈ। ਜਦ ਕਿ ਸਰਵੋਤਮ ਨਿਰਦੇਸ਼ਕ ਇੰਟਰਨੈਟ ਫਿਲਮਾਂ ਦਾ ਸਨਮਾਨ 'ਸਟਾਰ ਐਵਾਰਡ' ਉਸਨੂੰ ਮਿਲਿਆ ਹੈ। ਬਾਲੀਵੁੱਡ ਵਾਲੇ 'ਨੈਕਸਟ ਜਤਿੰਦਰ' ਕਹਿ ਕਿ ਉਸਨੂੰ 'ਐਵਾਰਡ' ਦੇ ਰਹੇ ਹਨ। ਜਦ ਕਿ ਗੁਰਦੀਪ ਸੰਧੂ ਨਾਲ ਹਰ ਦੂਸਰੀ ਹੀਰੋਇਨ ਕੰਮ ਕਰਨ ਲਈ ਬੇਤਾਬ ਹੈ।

-ਅੰਮ੍ਰਿਤ ਪਵਾਰ

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਮਨ ਨੂੰ ਸਕੂਨ ਮਿਲਿਆ

**ਮੇਜਰ ਸਿੰਘ ਨਾਭਾ**
ਮੋ. 946355962

ਗੁਰੂ ਨਾਨਕ ਦੇਵ ਜੀ 1525 ਦੇ ਕਰੀਬ ਰਾਵੀ ਦੇ ਕੰਢੇ ਆਕੇ ਖੇਤੀ ਕਰਨ ਲੱਗ ਪਏ। ਹੱਥੀਂ ਕਿਰਤ ਕਰਨ ਦੇ ਸਿਧਾਂਤ ਨੂੰ ਉਨ੍ਹਾਂ ਕਰਤਾਰਪੁਰ ਵਿਖੇ ਆਪਣੀ ਜ਼ਿੰਦਗੀ ਦੇ ਕਰੀਬ ਲੰਬੇ ਸਮੇਂ ਨੂੰ ਸਮਰਪਿਤ ਕਰਕੇ ਵਾਸਤਵਿਕ ਰੂਪ ਦਿੱਤਾ। ਆਪ ਵਲੋਂ ਲਾਇਆ ਰਾਵੀ ਦੇ ਪੱਤਣ ਨੇੜੇ ਕਰਤਾਰਪੁਰ ਵਿਖੇ ਸਿੱਖੀ ਦਾ ਬੂਟਾ ਜੜ੍ਹ ਫੜ੍ਹ ਗਿਆ ਸੀ। ਇਥੇ ਹੀ ਆਪ ਨੇ ਭਾਈ ਲਹਿਣਾ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦਾ ਨਾਂ ਦਿੱਤਾ। ਇਥੋਂ ਦੀ ਮਿਟੀ ਵਿੱਚ 1539 ਈ: ਨੂੰ ਨਾਨਕ ਫੁੱਲਾਂ ਦੀ ਖੁਸ਼ਬੋ ਛੱਡ ਕੇ ਤੁਰ ਗਿਆ। ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨ ਕਰਨ ਦੀ ਤਾਂਘ ਕਰਤਾਰਪੁਰ ਲਾਂਘੇ ਦੇ 2019 'ਚ ਖੁੱਲ੍ਹਣ ਨਾਲ ਉਦੋਂ ਤੋਂ ਹੀ ਸੀ ਪਰ ਸਬੱਬ ਸੱਚ ਮੁੱਚ ਉਦੋਂ ਬਣਿਆ ਜਦੋਂ ਯਾਦ ਚੇਤੇ ਵੀ ਨਹੀਂ ਸੀ। ਇੱਕ ਦਿਨ ਮੇਰੇ ਦੋਸਤ ਸੁਖਚੈਨ ਸਿੰਘ ਢੀਂਡਸਾ ਦਾ ਫੋਨ ਆਇਆ ਕਿ ਆਪਾਂ ਥਾਣੇ ਜਾ ਕੇ ਮਿਸ਼ਿਜ਼ ਦੀ ਪੁਲਿਸ ਵੈਰੀਫਿਕੇਸ਼ਨ ਲਈ ਜਾਣਾ ਹੈ। ਮੈਂ ਆਪਣਾ ਆਧਾਰ ਕਾਰਡ ਲੈ ਕੇ ਉਨ੍ਹਾਂ ਨਾਲ ਗੱਡੀ 'ਚ ਬੈਠ ਗਿਆ, ਰਸਤੇ 'ਚ ਉਨ੍ਹਾਂ ਦੀ ਮੈਡਮ ਨਾਲ ਗੱਲ ਹੋਈ ਤਾਂ ਉਨ੍ਹਾਂ ਦੱਸਿਆਂ ਕਿ ਉਹ ਪੰਜ- ਛੇ ਮੈਡਮਾਂ ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਜਾ ਰਹੀਆਂ ਹਨ। ਮੇਰੇ ਮਨ 'ਚ ਉਦੋਂ ਹੀ ਬਾਬੇ ਨਾਨਕ ਨੇ ਜਿਵੇਂ ਆਵਾਜ਼ ਮਾਰ ਲਈ ਹੋਵੇ ਫੁਰਨਾ ਫੁਰਿਆ ਕਿ ਜਦ ਮੈਡਮਾਂ ਜਾ ਰਹੀਆਂ ਨੇ, ਮਨਾਂ ਤੂੰ ਕਿਉਂ ਉਦੋਂ ਦੀ ਘੌਲ ਕਰਦਾ ਆ ਰਿਹਾਂ। ਦੂਸਰੇ ਦਿਨ ਹੀ ਦੋਸਤ ਮਾਸਟਰਸੁਨੀਲ ਦੁੱਗਲ ਨਾਲ ਉਨ੍ਹਾਂ ਦੇ ਸਕੂਲ ਕਿਸੇ ਕੰਮ ਲਈ ਜਾਣ ਦਾ ਮੌਕਾ ਮਿਲਿਆ, ਰਸਤੇ ਵਿੱਚ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਜਾਣ ਲਈ ਹਾਂ ਕਰ ਦਿੱਤੀ। ਅਸੀਂ ਕਰਤਾਰਪੁਰ ਲਾਂਘੇ ਲਈ ਆਨ ਲਾਈਨ ਰਜ਼ਿਸਟ੍ਰੇਸ਼ਨ ਤੁਰੰਤ ਕਰਨ ਦਾ ਮਨ ਬਣਾ ਲਿਆ, ਮੈਂ ਤਾਂ ਉਸੀ ਦਿਨ ਘਰੋਂ ਹੀ ਕੰਪਿਊਟਰ ਤੇ ਕੋਸ਼ਿਸ਼ ਕਰ ਕੇ 15 ਅਕਤੂਬਰ 2022 ਦੀ ਰਜਿਸ਼ਟ੍ਰੇਸ਼ਨ ਕਰਵਾ ਦਿੱਤੀ। ਦੁੱਗਲਨੇ ਵੀ ਸਾਮ ਨੂੰ ਉਸੇ ਦਿਨ ਦੀ ਰਜ਼ਿਸਟ੍ਰੇਸ਼ਨ ਕਰਵਾ ਲਈ। ਪਟਿਆਲੇ ਦੋਸਤ ਗੁਰਮੇਲ ਸਿੰਘ ਨੂੰ ਕਿਹਾ ਤਾਂ ਉਹ ਵੀ ਝੱਟ ਤਿਆਰ ਹੋ ਗਏ, ਉਸ ਨੇ ਵੀ ਉਸ ਦਿਨ ਦੀ ਰਜ਼ਿਸਟ੍ਰੇਸ਼ਨ ਕਰਵਾ ਦਿੱਤੀ। ਇਹ ਕੋਈ ਔਖਾ ਕੰਮ ਨਹੀਂ ਤੁਸੀਂ ਆਪ ਕਰ ਸਕਦੇ ਹੋ। ਪਰ ਵੇਲਿਡ ਮਿਤੀ ਦਾ ਪਾਸਪੋਰਟ ਹੋਣਾ ਲਾਜ਼ਮੀ ਹੈ। ਸੁਨੀਲ ਦੁੱਗਲ ਨੇ ਆਪਣੀ ਕਾਰ ਲੈ ਕੇ ਜਾਣ ਦੀ ਹਾਮੀ ਭਰ ਲਈ। ਦੋਸਤ ਮਾਸਟਰ ਭਜਨ ਸਿੰਘ ਨੂੰ ਜਾਣ ਲਈ ਕਿਹਾ ਉਹ ਪਹਿਲਾਂ ਤਾਂ ਕਿਸੇ ਕਾਰਨ ਜਵਾਬ ਦੇ ਗਏ ਪਰ ਬਾਅਦ 'ਚ ਪਛਤਾਏ ਕਿ ਦਰਸ਼ਨ ਕਰ ਹੀ ਆਉਂਦੇ। ਇਸੇ ਤਰ੍ਹਾਂ ਕਈ ਦੋਸਤ ਬਾਅਦ 'ਚ ਤਿਆਰ ਸੀ ਪਰ ਉਦੋਂ ਨੂੰ 15 ਤਾਰੀਖ ਰਜ਼ਿਸਟ੍ਰੇਸ਼ਨ ਵੈੱਬਸਾਈਟ ਤੋਂ ਲੰਘ ਚੁੱਕੀ ਸੀ ਜੋ ਪਛਤਾਵੇ ਦਾ ਕਾਰਨ ਬਣੀ। ਤਕਰੀਬਨ 15 ਕੁ ਦਿਨ ਪਹਿਲਾਂ ਦੀ ਤਾਰੀਖ ਕਾਗਜ਼ੀ ਪ੍ਰੋਸੈੱਸ ਲਈ ਦਿੱਤੀ ਹੁੰਦੀ ਹੈ। ਤੁਸੀਂ ਲੰਬੀ ਤਾਰੀਖ ਲੈ ਸਕਦੇ ਹੋ ਜਿਸ 'ਚ ਤੁਸੀਂ ਕਈ ਆਪਸ਼ਨ ਤਬਦੀਲੀ ਕਰਨ ਲਈ ਵਰਤ ਸਕਦੇ ਹੋ।ਸਾਡੀਹਫਤਾ ਕੁ ਪਹਿਲਾਂ ਪੁਲਿਸ ਵੈਰੀਫਿਕੇਸ਼ਨ ਹੋ ਗਈ ਅਤੇ ਰਜਿਸਟ੍ਰੇਸ਼ਨ ਕੰਨਫਰਮ ਦਾ ਮੈਸੇਜ਼ ਆ ਗਿਆ। ਇਸ ਤੋਂ ਬਾਅਦ ਬਿਊਰੋ ਆਫ ਇਮੀਗ੍ਰੇਸ਼ਨ ਇੰਡੀਆ ਵਲੋਂ ਜਾਰੀ ਕੰਨਫਰਮਿਡ "ਇਲੈਕਟਰੋਨਿਕ ਟਰੇਵਲ ਆਥੋਰਾਈਜ਼ੇਸ਼ਨ" ( ਈ.ਟੀ.ਏ.) ਫਾਰਮ ਦਾ ਪ੍ਰਿੰਟਲੈਣਾ ਹੁੰਦਾ ਹੈ ਅਤੇ 75 ਘੰਟੇ ਪਹਿਲਾਂ ਕੋਵਿਡ ਰੈਪਿਡ ਟੈਸਟ ਨੈਗੇਟਿਵ ਦੀ ਰਿਪੋਰਟ ਕਰਾਉਣੀ ਹੁੰਦੀ ਹੈ, ਜੋ ਜਰੂਰੀ ਹੈ। ਅਸੀਂ ਇੱਕਲੇ ਕਨਫਰਮੇਸ਼ਨ ਮੈਸੇਜ਼ ਦੇ ਭੁਲੇਖੇ 'ਚ ਈ.ਟੀ.ਏ. ਪ੍ਰਿੰਟ ਲੈ ਕੇ ਨਹੀਂ ਗਏ, ਡੇਰਾ ਬਾਬਾ ਨਾਨਕ ਦੀ ਪਹਿਲੀ ਚੈੱਕ ਪੋਸਟ ਤੇ ਹੀ ਸਾਨੂੰ ਦਸਤਾਵੇਜ਼ ਦੇਖ ਕੇ ਈ.ਟੀ.ਏ. ਫਾਰਮ ਨੇੜੇ ਹੀ ਪ੍ਰਿੰਟ ਵਾਲੀ ਦੁਕਾਨ ਤੋਂ ਪ੍ਰਿੰਟ ਕਢਵਾ ਕੇ ਲਿਆਉਣ ਲਈ ਕਿਹਾ, ਜੋ ਬਹੁਤਾ ਸਮਾਂ ਨਹੀਂ ਲੱਗਿਆ। ਪ੍ਰਿੰਟ ਲਿਆਉਣ ਉਪਰੰਤ ਅਸੀਂ ਪਹਿਲੀ ਚੈੱਕ ਪੋਸਟ ਨੂੰ ਪਾਰ ਕਰ ਗਏ। ਅਗਲੀ ਚੈੱਕ ਪੋਸਟ ਤੇ ਪਾਸਪੋਰਟ, ਈ.ਟੀ.ਏ. ਫਾਰਮ ਚੈੱਕ ਕੀਤਾ। ਇਥੋਂ ਸਿੱਧੇ ਗੱਡੀ ਪਾਰਕਿੰਗ 'ਚ ਲੈ ਗਏ ਜੋ ਸਾਹਮਣੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ, ਆਈ.ਸੀ.ਪੀ. ਡੇਰਾ ਬਾਬਾ ਨਾਨਕ ਸੈਂਡ ਰੂਪੀ ਬਿਲਡਿੰਗ ਤੋਂ ਪਹਿਲਾਂ ਸੀ। ਪਾਰਕਿੰਗ 'ਚੋਂ ਅਸੀਂ ਅੰਦਰੋਂ ਅੰਦਰ ਹੀ ਬਿਲਕੁਲ ਨਾਲ ਇਮੀਗ੍ਰੇਸ਼ਨ ਬਿਲਡਿੰਗ ਵਿੱਚ ਪੁੱਜ ਗਏ। ਅਸੀਂ ਆਪਣੇ ਦਸਤਾਵੇਜ਼ ਚੈੱਕ ਕਰਾਉਣ ਲਈ ਵੱਖੋ-ਵੱਖਰੇ ਕਾਊਂਟਰਾਂ ਤੋਂ ਹੁੰਦੇ ਹੋਏ ਆਪਣੇ ਨਾਲ ਲਿਜਾ ਰਹੇ ਕਰੰਸੀ ਨੋਟਾਂ ਦੀ ਗਿਣਤੀ ਲਿਖਵਾਕੇ ਅਤੇ ਜੋ ਵੀ ਸਮਾਨ ਹੈ ਉਸਦੀ ਸਕੈਨ ਕਰਵਾ ਕੇ ਬੜੀ ਆਸਾਨੀ ਨਾਲ ਅਸੀਂ ਇਥੋਂ ਆਊਟ ਹੋ ਗਏ। ਪਾਸਪੋਰਟ ਕਈ ਥਾਵਾਂ ਤੇ ਚੈੱਕ ਜਰੂਰ ਕੀਤਾ ਜਾਂਦਾ ਹੈ ਪਰ ਇਸ ਉੱਪਰ ਕਿਸੇ ਕਿਸਮ ਦੀ ਕੋਈ ਐਂਟਰੀ ਨਹੀਂ ਹੁੰਦੀ। ਫਿੰਗਰ ਪ੍ਰਿੰਟ ਵੀ ਲਏ ਜਾਂਦੇ ਹਨ। ਬਾਹਰੀਗੇਟ ਤੋਂ ਨਿਕਲਦੇ ਹੀ ਬਾਹਰ ਇਧਰਲਾ ਈ-ਆਟੋ ਖੜ੍ਹਾ ਸੀ, ਉਸ ਵਿੱਚ ਬੈਠੇ ਤੇ ਬਾਰਡਰ ਤੇ ਪਹੁੰਚ ਗਏ। ਜਿਥੇ ਫੇਰ ਭਾਰਤੀ ਮਿਲਟਰੀ ਵਾਲਿਆਂ ਨੇ ਦਸਤਾਵੇਜ਼ ਚੈੱਕ ਕਰ ਕੇ ਜ਼ੀਰੋ ਲਾਈਨ ਪਾਰ ਕਰਨ ਦਿੱਤਾ। ਨਾਲ ਹੀ ਪਾਕਿਸਤਾਨ ਦੀ ਧਰਤੀ ਤੇ ਉਨ੍ਹਾਂ ਦੇ ਆਟੋ ਖੜ੍ਹੇ ਹੁੰਦੇ ਹਨ, ਅਸੀਂ ਆਟੋ ਵਿੱਚ ਬੈਠ ਕੇ ਉਨ੍ਹਾਂ ਦੇ ਬਣੇ ਕੈਸ਼ ਐਕਚੇਂਜ ਅਤੇ ਪਕਿਸਤਾਨ ਸਰਕਾਰ ਦੀ ਵੀਹ ਡਾਲਰ (ਅਮਰੀਕਨ) ਫੀਸ ਜਮ੍ਹਾਂ ਕਰਾਉਣ ਵਾਲੇ ਕਾਊਂਟਰਾਂ ਕੋਲਪੁੱਜ ਗਏ। ਭਾਰਤੀ ਕਰੰਸੀ ਬਦਲੇ ਉਧਰਲੀ ਦੁੱਗਣੀ ਕਰੰਸੀ ਮਿਲ ਗਈ ਜੋ ਲੋੜ ਮੁਤਾਬਿਕ ਅਸੀਂ ਲੈ ਲਈ। ਵੈਸੇ ਉਧਰ ਆਪਣੀ ਕਰੰਸੀ ਵੀ ਚਲਦੀ ਹੈ। ਪਕਿਸਤਾਨ ਇਮੀਗ੍ਰੇਸ਼ਨ ਵਿਭਾਗ ਵਲੋਂ ਵੱਖੋ-ਵੱਖਰੇ ਕਾਊਂਟਰਾਂ ਤੇ ਚੈਕਿੰਗ ਕਰਾਉਂਦੇ ਹੋਏ ਸਾਨੂੰ ਅਖੀਰ ਤੇ ਜਾ ਕੇ ਪੀਲਾ ਐਂਟਰੀ ਕਾਰਡ ਮਿਲ ਗਿਆਂ ਜੋ ਗਲੇ ਪਾਕੇ ਬਾਹਰ ਨਿਕਲਦਿਆਂ ਹੀ ਸਾਹਮਣੇ ਬੈਟਰੀ ਵਾਲੀ ਵੱਡੀ ਬਸ ਖੜ੍ਹੀ ਸੀ, ਉਸ ਵੱਲ੍ਹ ਹੋ ਗਏ ਅਜੇ ਸਵਾਰੀਆਂ ਘੱਟ ਸੀ ਐਨੇ ਫੋਟੋਆਂ ਖਿੱਚਦੇ ਰਹੇ। ਬਸ ਸਵਾਰੀ ਪੂਰੀ ਹੋਣ ਤੇ ਚਲ ਪਈ, ਅਸੀਂ ਰਾਵੀ ਉਪਰੋਂ ਨਵੇਂ ਲਾਏ ਪੁਲ ਉੱਪਰੋਂ ਲੰਘ ਰਹੇ ਆਲੇ ਦੁਆਲੇ ਕਿਤੇ-ਕਿਤੇ ਖੇਤ ਵਾਹੇ ਹੋਏ ਅਤੇ ਬਹੁਤੀ ਥਾਂ ਉੱਚਾ ਸਰਾਕੜਾਉੱਗਿਆ



ਨਜ਼ਾਰਾ ਦੇਖ ਰਹੇ ਸੀ। ਕਿਤੇ ਕਿਤੇ ਸੋਲਰ ਸਿਸਟਮਵਾਲੇ ਟਿਊਬਵੈੱਲ ਸਨ। ਸੜਕ ਦੇ ਆਲੇ ਦੁਆਲੇ ਅਤੇ ਗੁਰਦੁਆਰਾ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਕੰਡਿਆਲੀ ਤਾਰ ਲੱਗੀ ਹੋਈ ਹੈ। ਬਸ ਸਕਿਊਰਟੀ ਗੇਟ ਦਾਖਲ ਹੋ ਕੇ ਰਿਸੈਪਸ਼ਨ ਕੇਂਦਰ ਨੇੜੇ ਰੁੱਕੀ ਸਾਰੇ ਯਾਤਰੂ ਵਾਰੀ ਮੁਤਾਬਕ ਦਸਤਾਵੇਜ਼ ਦਿਖਾ ਕੇ ਦਰਸ਼ਨੀ ਡਿਊੜੀ 'ਚ ਦਾਖਲ ਹੋਏ ਤਾਂ ਪਹਿਲਾਂ ਤੋਂ ਹੀ ਸਕਿਊਰਟੀ ਵਾਲਾ ਜਵਾਨ ਸਵਾਗਤ ਲਈ ਖੜ੍ਹਾ ਸੀ ਜਿਸ ਨੇ ਬੜੇ ਪਿਆਰ ਨਾਲ ਜੀ ਆਇਆਂ ਕਹਿਆਅਤੇ ਸਾਰੇ ਯਾਤਰੂਆਂ ਨੂੰ ਬਹੁਤ ਨਿਮਰਤਾ ਨਾਲ ਦਰਸ਼ਨ ਕਰਨ ਲਈ ਅੱਗੇ ਜਾਣ, ਸੰਖੇਪ ਇਤਿਹਾਸ, ਵਾਸ਼ ਰੂਮਜ਼, ਲੰਗਰ ਆਦਿ ਬਾਰੇ ਸਮਝਾ ਕੇ ਸਾਡੇ ਲਈ ਇਸ ਦਿਨ ਸ਼ੁਭ ਕਾਮਨਾਵਾਂ ਪ੍ਰਗਟ ਕਰੀਆਂ। ਕੋਰੀਡੋਰ ਦੇ ਅੰਦਰ ਸੋਹਣੀ ਦਿੱਖ ਨੂੰ ਬਰਕਰਾਰ ਰੱਖਣ ਲਈ ਘਾਹ ਬੂਟਿਆਂ ਨੂੰ ਹੱਥ ਵਾਲੀਆਂ ਬਿਜਲਈ ਮਸ਼ੀਨਾਂ ਨਾਲ ਜ਼ੋਰ ਸ਼ੋਰ ਕੱਟਿਆ ਜਾ ਰਿਹਾ ਸੀ। ਇਥੇ ਹੀ ਬਣੇ ਜੌੜਾ ਘਰ ਵਿੱਚ ਜੁੱਤੇ ਜਮ੍ਹਾਂ ਕਰਵਾਏ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਚਲ ਪਏ। ਇਥੋਂ ਖੱਬੇ ਹੱਥ ਅੱਗੇ ਵਰਾਂਡੇ ਤੋਂ ਹੇਠਾਂ ਨੂੰ ਸਰੋਵਰ ਬਣਿਆ ਹੋਇਆ ਹੈ। ਸਾਰਾ ਹੀ ਖੁੱਲ੍ਹਾ ਆਲਾ ਦੁਆਲਾ ਪੱਕਾ ਅਤੇ ਸਫਾਈ ਦਾ ਵਧੀਆ ਪ੍ਰਬੰਧ ਸੀ। ਐਨ ਗੁਰਦੁਆਰਾ ਨਜ਼ਦੀਕ ਮੁਸਲਮਾਨ ਭਾਈਚਾਰੇ ਵਲੋਂ ਬਾਬੇ ਨਾਨਕ ਦੀ ਯਾਦ 'ਚ ਮਜ਼ਾਰ ਬਣਾਈ ਹੋਈ ਹੈ। ਗੁਰਦੁਆਰਾ ਸਾਹਿਬ ਦੇ ਅੰਦਰ ਵੜਦਿਆਂ ਬਾਬਾ ਨਾਨਕ ਦੀ ਸਮਾਧ ਬਣੀ ਹੋਈ, ਪੌੜੀ ਚੜ੍ਹ ਕੇ ਸ਼ਾਨਦਾਰ ਸੁਨਿਹਰੀ ਪਾਲਕੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ, ਸ੍ਰੀ ਸੁਖਮਣੀ ਸਾਹਿਬ ਦੇ ਪਾਠ ਹੋ ਰਹੇ ਸੀ। ਬਾਣੀ ਦਾ ਆਨੰਦ ਮਾਣਿਆ, ਸੁਨੀਲ ਦੁੱਗਲ ਨੇ ਤਾਂ ਆਪਣੀ ਕਨੇਡਾ ਬੈਠੀ ਬੇਟੀ ਅਤੇ ਨਾਭੇ ਆਪਣੀ ਹਮਸਫਰ ਨੀਲਮ ਦੁੱਗਲ ਨੂੰ ਵੀ ਲਾਈਵ ਦਰਸ਼ਨ ਕਰਵਾ ਦਿੱਤੇ। ਤਕਰੀਬਨ ਸਾਢੇ ਬਾਰ੍ਹਾਂ ਭੋਗ ਪੈਣ ਉਪਰੰਤ ਅਰਦਾਸ 'ਚ ਸਮੂਲੀਅਤ ਕੀਤੀ। ਗ੍ਰੰਥੀ ਸਿੰਘ ਨੇ ਅਨਾਊਂਸ ਕੀਤਾ ਜੇ ਕਿਸੇ ਨੇ ਸੰਗਤ 'ਚੋਂ ਕੀਰਤਨ ਕਰਨਾ ਹੈ ਤਾ ਉਹ ਕਰ ਸਕਦਾ ਹੈ। ਸੰਗਤ 'ਚ ਪੂਨੇ ਤੋਂ ਆਇਆ ਇੱਕ ਜੱਥਾ ਕੀਰਤਨ ਕਰਨ ਲੱਗ ਪਿਆ। ਪ੍ਰਸ਼ਾਦਿ ਲੈਣ ਉਪਰੰਤ ਅਸੀਂ ਲੋੜ ਮੁਤਾਬਕ ਸੁੱਕਾ ਪ੍ਰਸ਼ਾਦਿ ਲੈ ਲਿਆ। ਜ਼ਿਆਦਾ ਮੁਸਲਮਾਨ ਵੀਰ ਹੀ ਸੇਵਾਦਾਰ ਦੀਆਂ ਡਿਊਟੀਆਂ ਨਿਭਾ ਰਹੇ ਨੇ। ਬਾਹਰ ਆਕੇ ਨਜਦੀਕ ਹੀ ਗੁਰੂ ਨਾਨਕ ਦੇਵ ਜੀ ਵਲੋਂ ਖੇਤਾਂ ਨੂੰ ਪਾਣੀ ਲਾਉਣ ਵਾਲੇ ਖੂਹ ਦੇ ਦਰਸ਼ਨ ਕੀਤੇ।


ਹੁਣ ਅਸੀਂ ਲੰਗਰ ਛੱਕਣ ਲੰਗਰ ਹਾਲ ਵੱਲ ਚਲ ਪਏ ਜੋ ਬਹੁਤ ਹੀ ਸ਼ਾਨਦਾਰ ਬਣਿਆ ਹੋਇਆ ਹੈ, ਜ਼ਿਆਦਾਤਰ ਨਵੀਨਤਨ ਢੰਗ ਨਾਲ ਸਾਫਾਈ ਦਾ ਧਿਆਨ ਰੱਖਿਆ ਹੋਇਆ ਹੈ। ਲੰਗਰ ਛੱਕ ਕੇ ਅਸੀਂ ਜੋੜੇ ਘਰੋਂ ਜੁੱਤੇ ਪਹਿਨ ਕੇ ਮਾਰਕੀਟ ਚਲੇ ਗਏ ਜੋ ਅੰਦਰ ਲੰਗਰ ਹਾਲ ਦੇ ਪਿਛਾਂਹ ਹੈ। ਛੋਟੀ ਜਿਹੀ ਇਸ ਮਾਰਕੀਟ ਵਿੱਚ ਕਪੜਾ, ਡਰਾਈ ਫਰੂਟ, ਜੁੱਤੀਆਂ, ਜਨਰਲ ਸਟੋਰ, ਖਿਡਾਉਣੇ ਅਤੇ ਕੋਲਡ ਡਰਿੰਕਸ ਆਦਿ ਦੀਆਂ ਦੁਕਾਨਾਂ ਹਨ। ਅਸੀਂ ਲੋੜ ਮੁਤਾਬਕ ਮੁਲਤਾਨੀ ਹਲਵਾ ਦੇ ਡੱਬੇ ਲੈ ਲਏ। ਜ਼ਿਆਦਾ ਸਾਪਿੰਗ ਨਹੀਂ ਕੀਤੀ ਕਿਉਂ ਕਿ ਸਾਰਾ ਕੁਝ ਇਧਰੋਂ ਮਿਲਣ ਵਾਲੇ ਭਾਰਤੀ ਕਲਚਰ ਵਾਲਾ ਹੀ ਹੈ। ਤਕਰੀਬਨ ਤਿੰਨ ਵਜਦੇ ਨੂੰ ਅਸੀਂ ਵਾਪਸੀ ਦੀ ਤਿਆਰੀ ਕਰ ਰਿਸੈਪਸ਼ਨ ਤੇ ਪਹੁੰਚ ਗਏ। ਉਨ੍ਹਾਂ ਦੁਬਾਰਾ ਸਾਡੀ ਵਾਪਸੀ ਦੀ ਐਂਟਰੀ ਕਨਫਰਨ ਲਈ ਪਾਸਪੋਰਟ ਬਗੈਰਾ ਚੈਕ ਕਰ ਸਾਈਡ ਪਰ ਬਿਠਾ ਲਿਆ। ਐਨੇ ਨੂੰ ਬਸ ਆ ਗਈ ਅਤੇ ਸਾਨੂੰ ਜਾਣ ਦਿੱਤਾ ਗਿਆ। ਬਸ 'ਚ ਬੈਠ ਕਿੰਨਾ ਚਿਰ ਦਰਸ਼ਨੀ ਡਿਊੜੀ ਆਲੇ ਦੁਆਲੇ ਨੂੰ ਤੱਕਿਆ ਕਈ ਦੋਸਤਾਂ ਨੂੰ ਵੀਡੀਉ ਕਾਲ ਰਾਹੀਂ ਲਾਈਵ ਬਾਹਰੋਂ ਦਰਸ਼ਨ ਕਰਵਾਏ। ਬਸ ਨੱਕੋ ਨੱਕ ਭਰਨ ਤੇ ਤੁਰ ਪਈ। ਬਾਬੇ ਦੇ ਖੇਤਾਂ ਨੂੰ ਸ਼ਿਜਦਾ ਕਰਦੇ ਹੋਏ ਆਲੇ ਦੁਆਲੇ ਦਾ ਕੁਦਰਤੀ ਮਨਮੋਹਕ ਦ੍ਰਿਸ਼ ਦੇਖਦੇ ਹੋਏ ਪਾਕਿਸਤਾਨ ਟਰਮੀਨਲ ਤੇ ਪਹੁੰਚ ਗਏ। ਕਾਗਜ਼ੀ ਕਾਰਵਾਈ, ਚੈਕਿੰਗ ਮਸ਼ੀਨਾਂ 'ਚ ਲੰਘਦੇ ਹੋਏ ਸਵੇਰ ਦੀ ਤਰ੍ਹਾਂ ਪਹਿਲਾਂ ਹੀ ਤਿਆਰ ਖੜ੍ਹੇ ਈ-ਆਟੋ 'ਚ ਸਵਾਰ ਹੋ ਕੇ ਲਾਂਘਾ ਪਾਰ ਕਰਕੇ ਆਪਣੇ ਦੇਸ਼ ਦੀ ਸਰ ਜ਼ਮੀਨ ਉੱਪਰ ਪਹੁੰਚ ਗਏ। ਸਾਡੀ ਵਾਪਸੀ ਤੇ ਕਾਗਜ਼ੀ ਕਾਰਵਾਈ, ਸਮਾਨ ਚੈਕਿੰਗ ਆਦਿ ਚੈਕਿੰਗ ਹੋਣ ਤੇ ਅਸੀਂ ਪਾਰਕਿੰਗ ਵੱਲ ਹੋ ਤੁਰੇ। ਸਾਰੇ ਅਧਿਕਾਰੀ ਬਹੁਤ ਵਧੀਆ ਢੰਗ ਨਾਲ ਪੇਸ਼ ਆਏ, ਕੋਈ ਦੇਰ ਨਹੀਂ ਲਾਈ। ਇਥੋਂ ਅਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਅਜਨਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਸੜਕ ਦਾ ਟੋਇਆਂ ਨਾਲ ਮੰਦਾ ਹਾਲ ਹੈ, ਦੁੱਗਣਾ ਸਮਾਂ ਲੱਗ ਗਿਆ। ਇਥੇ ਲਾਈਟਾਂ ਲੱਗ ਗਈਆਂ, ਇਥੇ ਵਧੀਆ ਰੂਮ ਪਾਰਕਿੰਗ ਸਮੇਤ ਮਿਲ ਗਿਆ। ਮੈਂ ਥਕਾਵਟ ਕਾਰਨ ਥੋੜ੍ਹਾ ਨਿਢਾਲ ਹੋ ਗਿਆ ਅਤੇ ਕਮਰੇ 'ਚ ਆਰਾਮ ਲਈ ਲੇਟ ਗਿਆ। ਸੁਨੀਲ ਦੁੱਗਲ ਅਤੇ ਗੁਰਮੇਲ ਸਿੰਘ ਦੋਵੇਂ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਚਲੇ ਗਏ। ਮੈਂ ਅਤੇ ਗੁਰਮੇਲ ਸਿੰਘ ਸਵੇਰੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਆਏ। ਬੜੇ ਆਰਾਮ ਨਾਲ ਅਸੀਂ ਸਾਮ ਨੂੰ ਨਾਭੇ ਪਹੁੰਚ ਗਏ। ਸੱਚ ਮੁੱਚ ਇਹ ਗੁਰੂ ਸਾਹਿਬਾਨ ਦੇ ਪਵਿੱਤਰ ਅਸਥਾਨਾਂ ਦੀ ਯਾਤਰਾ ਜ਼ਿੰਦਗੀ ਦੇ ਆਖਰੀ ਪੜ੍ਹਾਅ ਤੇ ਕਰਕੇ ਮਨ ਨੂੰ ਸਕੂਨ ਮਿਲਿਆ। ਅਰਦਾਸ ਕਰਦੇ ਹਾਂ ਜਲਦੀ ਹੀਵਾਹਿਗੁਰੂ ਜੀ ਪਰਿਵਾਰਾਂ ਸਮੇਤ ਜਾਣ ਦੀ ਸਮਰੱਥਾ, ਕ੍ਰਿਪਾਲਤਾ ਬਖ਼ਸ਼ਣ।

* * * * * * *

# ਸਾਵਧਾਨ ! ਕੈਂਸਰ ਕਾਰਕਾਂ ਤੋਂ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



"ਰਾਸ਼ਟਰੀ ਕੈਂਸਰ ਤੰਦਰੁਸਤੀ ਜਾਗਰੁਕਤਾ ਦਿਵਸ 2024 ਦਾ ਥੀਮ ਹੈ- 'ਕਲੋਜ਼ ਦ ਕੇਅਰ ਗੈਪ'ਲਾਈਫ ਸਟਾਈਲ ਨਾਲ ਜੁੜੀ ਆਮ ਬਣ ਚੁੱਕੀ ਬਿਮਾਰੀ ਕੈਂਸਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਪੱਧਰ 'ਤੇ ਚਿੰਤਾ ਬਣ ਗਿਆ ਹੈ ਛਾਤੀ ਦੇ ਕੈਂਸਰ ਦੇ ਨਾਲ-ਨਾਲ ਔਵੇਰੀਅਨ, ਬ੍ਰੇਨ, ਪੇਨਕ੍ਰਿਅਐਟਿਕ, ਪ੍ਰੋਸਟੇਟ, ਫੇਫੜੇ, ਮੀਲੇਨੋਮਾ, ਕੋਲਨ, ਬਲੱਡ, ਲੰਮਫੋਨਾ, ਯੁਟਰਾਈਨ, ਕਿਡਨੀ, ਸਾਰਕੋਮਾ ਕੈਂਸਰ ਆਦਿ ਦਾ ਹਰ ਦੂਜਾ ਵਿਅਕਤੀ ਸ਼ਿਕਾਰ ਹੋ ਰਿਹਾ ਹੈ।ਅਣਚਾਹਾ ਸਟ੍ਰੈੱਸ, ਡਰੱਗਜ਼, ਵੀਡ, ਵੇਪਸ, ਤੰਬਾਕੂ, ਜੰਕ-ਫੂਡ ਦੀ ਵਰਤੋਂ','ਤੇ ਪ੍ਰੈਗਨੈਂਸੀ ਦੌਰਾਣ ਅਲਕੋਹਲ ਦੇ ਇਸਤੇਮਾਲ ਪ੍ਰਤੀ ਜਾਗਰੁਕ ਹੋਣ ਦੇ ਨਾਲ-ਨਾਲ ਕੰਟ੍ਰੋਲ ਕਰਨਾ ਵੀ ਜ਼ਰੂਰੀ ਹੋ ਗਿਆ ਹੈ"

ਹੈਲਥ ਮੀਡੀਆ ਕੈਨੇਡਾ : 26 ਜੂਨ,2024 ਵਾਲੇ ਦਿਨ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਰਾਸ਼ਟਰੀ ਕੈਂਸਰ ਤੰਦਰੁਸਤੀ ਜਾਗਰੁਕਤਾ ਦਿਵਸ ਮਨਾ ਕੇ ਹਰ ਆਦਮੀ ਨੂੰ ਜਾਗਰੁਕ ਕੀਤਾ ਗਿਆ।ਕੈਂਸਰ ਤੰਦਰੁਸਤੀ ਵਿਅਕਤੀ ਨੂੰ ਉਹਨਾਂ ਦੀਆਂ ਸਰੀਰਕ, ਮਾਨਸਿਕ, ਅਧਿਆਤਮਕ, ਭਾਵਨਾਤਮਕ, ਸਮਾਜਿਕ, ਪ੍ਰਣਾਲੀਗਤ, ਜਾਣਕਾਰੀ ਸੰਬੰਧੀ ਅਤੇ ਵਿਹਾਰਕ ਲੋੜਾਂ ਨੂੰ ਸੰਬੋਧਿਤ ਕਰਕੇ ਤਾਕਤ ਪ੍ਰਦਾਨ ਕਰਦੀ ਹੈ, ਜਿਨਾਂ ਨੂੰ ਕੈਂਸਰ ਤੰਦਰੁਸਤੀ ਦੇ 7 ਪਿੱਲਰ ਵੱਜੋਂ ਜਾਣਿਆ ਜਾਂਦਾ ਹੈ।

ਛਾਤੀ ਦੇ ਕੈਂਸਰ ਦੇ ਨਾਲ-ਨਾਲ ਔਵੇਰੀਅਨ, ਬ੍ਰੇਨ, ਪੇਨਕ੍ਰਿਅਐਟਿਕ, ਪ੍ਰੋਸਟੇਟ, ਫੇਫੜੇ, ਮੀਲੇਨੋਮਾ, ਕੋਲਨ, ਬਲੱਡ, ਲੰਮਫੋਨਾ, ਯੁਟਰਾਈਨ, ਕਿਡਨੀ, ਸਾਰਕੋਮਾ ਕੈਂਸਰ ਆਦਿ ਦਾ ਹਰ ਦੂਜਾ ਵਿਅਕਤੀ ਸ਼ਿਕਾਰ ਹੋ ਰਿਹਾ ਹੈ। ਵਿਸ਼ਵ ਭਰ ਵਿਚ ਜਾਨਲੇਵਾ ਬਿਮਾਰੀ ਕੈਂਸਰ, ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਕੈਂਸਰ ਦੁਨੀਆ ਭਰ ਵਿਚ ਮੌਤ ਦਾ ਦੂਜਾ ਕਾਰਨ ਬਣ ਗਈ ਹੈ।

ਹਰ ਸਾਲ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਲੱਗਭਗ 83%, ਅਤੇ ਅੰਦਾਜ਼ਨ 11.5 ਮਿਲੀਅਨ ਲੋਕ ਕੈਂਸਰ ਦੇ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਹਰ ਸਾਲ ਵਿਸ਼ਵ ਭਰ ਵਿੱਚ ਅੰਦਾਜ਼ਨ 300,000 ਤੋਂ ਵੱਧ ਬੱਚੇ ਕੈਂਸਰ ਦਾ ਸ਼ਿਕਾਰ ਹੋ ਰਹੇ ਹਨ। ਡਬਲਯੂਐਚਓ ਨੇ ਕਿਹਾ ਹੈ ਕਿ ਬਚਪਨ ਦੇ ਕੈਂਸਰ ਪ੍ਰਤੀ ਵਚਨਬੱਧਤਾ ਅਤੇ ਕੈਂਸਰ ਅਵੇਅਰਨੈਸ ਪ੍ਰੋਗਰਾਮਾਂ ਨੂੰ ਤਰਜੀਹ ਵੀ ਦੇ ਰਿਹਾ ਹੈ। ਗਲੋਬਲ ਅਤੇ ਰਾਸ਼ਟਰੀ, ਖੇਤਰੀ ਪੱਧਰ 'ਤੇ ਵੱਖਰੀ ਰਣਨੀਤੀ ਅਤੇ ਗਤੀਵਿਧੀਆਂ ਨਾਲ ਕੈਂਸਰ ਨਾਲ ਪੀੜਤ ਬੱਚਿਆਂ ਲਈ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਲਈ ਠੋਸ ਉਪਰਾਲੇ ਕਰ ਰਹੇ ਹਾਂ।




ਕੈਂਸਰ ਦਾ ਭਾਰ ਵਿਸ਼ਵਵਿਆਪੀ ਪੱਧਰ 'ਤੇ ਵੱਧਦਾ ਜਾ ਰਿਹਾ ਹੈ। ਸਿਰਫ ਅਮਰੀਕਾ ਵਿਚ ਕੈਂਸਰ ਦੀ ਕੁੱਲ ਸਲਾਨਾ ਆਰਥਿਕ ਲਾਗਤ 1.16 ਟ੍ਰਿਲੀਅਨ ਦਾ ਅਨੁਮਾਨ ਹੈ ਪਰ ਦੁਨੀਆ ਭਰ ਵਿਚ ਕੈਂਸਰ ਕਾਰਨ ਹੋਣ ਵਾਲਾ ਖਰਚ ਵੀ ਕਈ ਟ੍ਰਿਲੀਅਨ ਤੋਂ ਵੱਧ ਹੈ। ਬਿਮਾਰੀ ਦਾ ਛੇਤੀ ਪਤਾ ਲਗਾਉਣ ਅਤੇ ਇਲਾਜ ਦੇ ਸਾਧਨਾਂ ਦੀ ਨਵੀਂ ਰਣਨੀਤੀ ਨਾਲ ਹਰ ਸਾਲ ਕਰੀਬਨ 3.7 ਮਿਲੀਅਨ ਲੋਕਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਕੈਂਸਰ ਦੇ ਬੋਝ ਨੂੰ ਘੱਟ ਕਰਨ ਵਿਚ ਹਰ ਆਦਮੀ ਨੂੰ " ਮੈਂ ਕਰ ਸਕਦਾ ਹਾਂ, ਯਾਨਿ ਅਸੀਂ ਕਰ ਸਕਦੇ ਹਾਂ" ਵਰਗੀ ਸੋਚ ਨੂੰ ਬਰਕਰਾਰ ਰੱਖਣ ਦੀ ਲੋੜ ਹੈ ਤਾਕਿ ਕੈਂਸਰ ਨਾਲ ਹੋਣ ਵਾਲੀ ਮੌਤਾਂ ਨੂੰ ਘੱਟ ਕਰਨ ਲਈ ਰੱਲ-ਮਿਲ ਕੇ ਗਲੋਬਲ ਟੀਚਿਆਂ ਨੂੰ ਹਾਸਿਲ ਕੀਤਾ ਜਾ ਸਕੇ।

ਕੈਂਸਰ ਇਕ ਜੈਨੇਟਿਕ ਬਿਮਾਰੀ ਹੈ- ਯਾਨਿ ਕੈਂਸਰ ਜੀਨਾਂ ਵਿਚ ਕੱਝ ਤਬਦੀਲੀਆਂ ਕਰਕੇ ਹੋ ਜਾਂਦਾ ਹੈ, ਜੋ ਸਾਡੇ ਸੈਲਾਂ ਦੇ ਕੰਮ ਨੂੰ ਕੰਟ੍ਰੋਲ ਕਰਦੇ ਹਨ। ਕੈਂਸਰ ਬਿਮਾਰੀਆਂ ਦਾ ਇੱਕ ਵੱਡਾ ਸਮੂਹ ਹੁੰਦਾ ਹੈ ਜੋ ਸਰੀਰ ਦੇ ਲਗਭਗ ਕਿਸੇ ਵੀ ਅੰਗ ਜਾਂ ਟਿਸ਼ੂ ਵਿੱਚ ਸ਼ੁਰੂ ਹੋ ਸਕਦਾ ਹੈ ਜਦੋਂ ਅਸਾਧਾਰਨ ਸ਼ੈੱਲ ਬੇਕਾਬੂ ਹੋ ਜਾਂਦੇ ਹਨ। ਸਰੀਰ ਦੇ ਨਾਲ ਲੱਗਦੇ ਅੰਗਾਂ ਜਾਂ ਹਿੱਸਿਆਂ ਉੱਤੇ ਅਟੈਕ ਅਤੇ ਅੰਗਾਂ ਵਿਚ ਫੈਲਣ ਦੀਆਂ ਸੀਮਾਵਾਂ ਪਾਰ ਕਰ ਜਾਂਦੇ ਹਨ। ਬਾਅਦ ਦੀ ਪ੍ਰਕਿਰਿਆ ਨੂੰ ਮੈਟਾਸਟਾਸਾਈਜ਼ਿੰਗ ਅਿਕਹਾ ਜਾਂਦਾ ਹੈ ਅਤੇ ਇਹ ਕੈਂਸਰ ਤੋਂ ਮੌਤ ਦਾ ਕਾਰਨ ਬਣਦਾ ਹੈ। ਫੇਫੜੇ, ਪ੍ਰੌਸਟੇਟ, ਕੋਲੋਰੇਕਟਲ, ਪੇਟ, ਅਤੇ ਜ਼ਿਗਰ ਦਾ ਕੈਂਸਰ ਮਰਦਾਂ ਵਿੱਚ, ਅਤੇ ਔਰਤਾਂ ਵਿੱਚ ਛਾਤੀ, ਬੱਚੇਦਾਨੀ, ਥਾਇਰਾਈਡ, ਫੇਫੜੇ ਅਤੇ ਕੋਲੋਰਟਲ ਦਾ ਕੈਂਸਰ ਆਮ ਦੇਖਣ ਨੂੰ ਮਿਲ ਰਿਹਾ ਹੈ। 30-50% ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੇ ਮੁੱਖ ਜੋਖਮ ਕਾਰਕਾਂ ਨੂੰ ਕੰਟ੍ਰੋਲ ਜਾਂ ਪਰਹੇਜ਼ ਕਰਕੇ ਅਤੇ ਰੋਕਥਾਮ ਰਣਨੀਤੀਆਂ ਨੂੰ ਲਾਗੂ ਕਰਕੇ ਮੌਤ ਦਾ ਆਂਕੜਾ ਘਟਾਇਆ ਜਾ ਸਕਦਾ ਹੈ। ਕੈਂਸਰ ਦੀ ਸ਼ੁਰੁਆਤ ਦਾ ਪਤਾ ਲਗਾਉਣ ਲਈ ਸਟੀਕ ਅਡਵਾਂਸ ਜਾਂਚ ਪ੍ਰਕ੍ਰਿਆ ਨਾਲ ਬਿਮਾਰੀ ਨੂੰ ਨਿਯੰਤਰਣ ਕੀਤਾ ਜਾ ਸਕਦਾ ਹੈ।

ਕਾਰਨ: * ਉਮਰ: ਉਮਰ ਦੇ ਮੁਤਾਬਿਕ 61 ਸਾਲ ਦੀ ਉਮਰ ਵਿਚ ਛਾਤੀ ਦਾ ਕੈਂਸਰ, 66 ਸਾਲ ਵਿਚ ਪ੍ਰੋਸਟੇਟ, 68 ਦੀ ਉਮਰ ਵਿਚ ਕੋਲੋਰੇਟਲ ਕੈਂਸਰ, 70 ਦੀ ਉਮਰ ਵਿਚ ਫੇਫੜਿਆਂ ਦਾ ਕੈਂਸਰ ਜਿਆਦਾ ਦੇਖਿਆ ਜਾ ਰਿਹਾ ਹੈ।

ਅਲਕੋਹਲ: ਦੀ ਬੇਹਿਸਾਬ ਵਰਤੋਂ ਮੂੰਹ, ਠੋਡੀ, ਵੌਇਸ ਬਾਕਸ, ਜਿਗਰ ਅਤੇ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਵਧਾ ਰਹੀ ਹੈ।

ਸੋਜਸ਼: ਇੱਕ ਸਧਾਰਣ ਸਰੀਰਕ ਪ੍ਰਤੀਕਰਮ ਹੈ ਜੋ ਟਿਸ਼ੂ ਨੂੰ ਠੀਕ ਕਰਨ ਦਾ ਕਾਰਨ ਬਣਦਾ ਹੈ। ਇਹ ਪ੍ਰਕਿਰਿਆ ਓਦੋਂ ਸ਼ੁਰੂ ਹੁੰਦੀ ਹੈ ਜਦੋਂ ਖਰਾਬ ਹੋਏ ਟਿਸ਼ੂ ਦੁਆਰਾ ਰਸਾਇਣ ਜਾਰੀ ਕੀਤੇ ਜਾਂਦੇ ਹਨ। ਇਸਦੇ ਜਵਾਬ ਵਿਚ ਚਿੱਟੇ ਖੂਨ ਦੇ ਸੈਲ ਉਹ ਪਦਾਰਥ ਬਣਾਉਂਦੇ ਹਨ ਜੋ ਸੈੱਲਾਂ ਵਿਚ ਵੰਡ ਪਾਉਂਦੇ ਹਨ ਅਤੇ ਸੱਟ ਨੂੰ ਠੀਕ ਕਰਨ ਵਿਚ ਮਦਦ ਕਰਨ ਲਈ ਟਿਸ਼ੂ ਦੁਬਾਰਾ ਬਣਾਉਣ ਵਿਚ ਵਾਧਾ ਕਰਦੇ ਹਨ।

ਹਾਰਮੋਨਜ਼: ਫੀਮੇਲ ਸੈਕਸ ਹਾਰਮੋਨਜ਼ ਐਸਟਰੋਜਨਜ਼ ਗਰੁੱਪ ਨੂੰ ਕਾਰਸਿਨਜ ਦੇ ਤੋਰ ਲਈ ਜਾਣਿਆ ਜਾਂਦਾ ਹੈ। ਹਾਲਾਂਕਿ ਇਨਾਂ ਦੀ ਔਰਤ-ਮਰਦਾਂ ਵਿਚ ਖਾਸ ਸਰੀਰਕ ਭੂਮਿਕਾ ਹੈ। ਮੇਨੋਪੋਜਲ ਹਾਰਮੋਨ ਥੈਰੇਪੀ (ਐਸਟ੍ਰੋਜਨ ਪਲੱਸ ਪ੍ਰਜੇਸਟਿਨ, ਜੋਕਿ ਫੀਮੇਲ ਹਾਰਮੋਨ ਪ੍ਰੋਜੇਸਟੀਰੋਨ ਦਾ ਸਿੰਥੈਟਿਕ ਸੰਸਕਰਣ ਹੈ ਲੈਣ ਨਾਲ ਛਾਤੀ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।

ਇਮਯੂਨੋਸਪਰੈਸਿਵ: ਦਵਾਈਆਂ ਦੀ ਵਰਤੋਂ ਕੈਂਸਰ ਦਾ ਕਾਰਨ ਬਣਨ ਵਾਲੀ ਇਨਫੈਕਸ਼ਨ ਨਾਲ ਲੜਨ ਲਈ ਕੀਤੀ ਜਾਂਦੀ ਹੈ।

ਵਾਇਰਸ: ਬੈਕਟਰੀਆ ਅਤੇ ਪਰਜੀਵੀ ਸਮੇਤ ਕੁੱਝ ਛੂਤਕਾਰੀ ਏਜੰਟ ਕੈਂਸਰ ਦੇ ਖਤਰੇ ਨੂੰ ਵਧਾ ਸਕਦੇ ਹਨ। ਕੁੱਝ ਵਾਇਰਸ, ਬੈਕਟਰੀਆ ਅਤੇ ਪਰਜੀਵੀ ਵੀ ਗੰਭੀਰ ਸੋਜਸ਼ ਦਾ ਕਾਰਨ ਬਣਦੇ ਹਨ, ਜਿਸ ਨਾਲ ਕੈਂਸਰ ਹੋ ਸਕਦਾ ਹੈ।

ਮੋਟਾਪਾ: ਔਰਤਾਂ ਵਿਚ ਛਾਤੀ, ਕੋਲਨ, ਗੁਦਾ, ਐਂਡੋਮੇਟ੍ਰੀਅਮ(ਬੱਚੇਦਾਨੀ), ਕਿਡਨੀ ਅਤੇ ਪੈਨਕ੍ਰੀਅਸ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ।

ਰੇਡੀਏਸ਼ਨ: ਡੀ ਐਨ ਏ ਨੂੰ ਨੁਕਸਾਨ ਪਹੁੰਚਾਉਣ ਅਤੇ ਕੈਂਸਰ ਦਾ ਕਾਰਨ ਬਣਨ ਵਿਚ ਆਇਓਨਾਈਜ਼ਿੰਗ ਰੇਡੀਏਸ਼ਨ ਵਿਚ ਰੇਡਨ, ਐਕਸ-ਰੇ, ਗਾਮਾ ਕਿਰਨਾਂ, ਵੀ ਕੈਂਸਰ ਦੀ ਸੰਭਾਵਨਾ ਵਧਾ ਦਿੰਦੀ ਹੈ।ਸੂਰਜ ਦੀ ਕਿਰਣਾਂ: ਸੂਰਜ, ਸਨਲੈਂਪਸ, ਅਤੇ ਟੈਨਿੰਗ, ਯੂਵੀ ਰੇਡੀਏਸ਼ਨ ਦੇ ਐਕਸਪੋਜਰ ਹੋਣ ਨਾਲ ਚਮੜੀ ਦਾ ਕੈਂਸਰ ਹੋ ਸਕਦਾ ਹੈ।

ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਆ ਵੀ ਕਾਰਨ ਬਣ ਸਕਦਾ ਹੈ। ਫੇਫੜਿਆਂ ਦੇ ਕੈਂਸਰ ਨਾਲ ਹੋਣ ਵਾਲੀ ਮੌਤ ਦਾ ਕਾਰਨ ਸਿਗਰੇਟ-ਤੰਬਾਕੂ ਪੀਣ ਵਾਲੇ ਲੋਕ ਹਨ। ਕਦੇ-ਕਦੇ ਸਿਗਰੇਟ ਪੀਣ ਵਾਲੇ ਵੀ 16-31% ਜਿਆਦਾ ਲੰਗ ਕੈਂਸਰ ਦੇ ਸ਼ਿਕਾਰ ਹੋ ਸਕਦੇ ਹਨ। 10 ਵਿੱਚੋਂ 9 ਫੇਫੜਿਆਂ ਦੇ ਕੈਂਸਰ ਦੀਆਂ ਮੌਤਾਂ ਸਿਗਰੇਟ ਪੀਣ ਜਾਂ ਦੂਜੀ ਧੂੰਏ ਦੇ ਐਕਸਪੋਜਰ ਕਾਰਨ ਹੁੰਦੀਆਂ ਹਨ।

## ਲੋੜ ਹੈ ਧਿਆਨ ਰੱਖਣ ਦੀ :

- ਵੀਡ, ਵੇਪਸ, ਤੰਬਾਕੂ ਦੀ ਲਗਾਤਾਰ ਵੱਧ ਰਹੀ ਵਰਤੋਂ ਜਾਨਲੇਵਾ ਸਾਬਿਤ ਹੋ ਰਹੀ ਹੈ, ਅੱਜ ਇਸਤੇਮਾਲ ਤੋਂ ਬਚਣ ਦੀ ਲੋੜ ਹੈ।
- ਪ੍ਰੋਸੈਸ ਕੀਤੇ ਮੀਟ ਘੱਟ ਵਰਤੋ।
- ਸਰੀਰ ਦੇ ਵਜ਼ਨ ਨੂੰ ਮੇਨਟੇਨ ਕਰਕੇ ਰੱਖੋ।
- ਖੁਰਾਕ ਵਿਚ ਤਾਜ਼ੇ ਫੱਲ-ਸਬਜ਼ੀਆਂ ਨੂੰ ਸ਼ਾਮਿਲ ਕਰੋ।
- ਰੋਜਾਨਾਂ ਵਰਕ-ਆਉਟ, ਯੋਗਾ, ਸੈਰ ਕਰਨ ਦੀ ਆਦਤ ਪਾ ਲਵੋ।
- ਸ਼ਰਾਬ ਦੀ ਵਰਤੋਂ ਨੂੰ ਲਿਮਿਟ ਵਿੱਚ ਰੱਖੋ।
- ਸ਼ਾਦੀਸ਼ੁਦਾ ਔਰਤ-ਮਰਦ ਸੈਕਸ ਰਿਸ਼ਤਿਆਂ ਪ੍ਰਤੀ ਇਮਾਨਦਾਰੀ ਵਰਤਨ।
- ਇੰਡਸਟਰੀਅਲ, ਸਿਗਰੇਟ ਅਤੇ ਘਰੇਲੂ ਧੂੰਏ ਦੇ ਮਾਹੌਲ ਤੋਂ ਬਚੋ।
- ਹਰ 6 ਮਹੀਨੇ ਬਾਅਦ ਆਪਣਾ ਬਲੱਡ-ਵਰਕ ਜਰੂਰ ਕਰਾਓ। ਗੰਭੀਰ ਕਿਸਮ ਦੀ ਇਨਫੈਕਸ਼ਨ ਨਾਲ ਕੈਂਸਰ ਹੋ ਸਕਦਾ ਹੈ।

ਨੋਟ : ਸਰੀਰ ਅੰਦਰ ਕਿਸੇ ਵੀ ਬਿਮਾਰੀ ਦੇ ਲੱਛਣ ਜ਼ਿਆਦਾ ਦੇਰ ਰਹਿਣ ਦੀ ਹਾਲਤ ਵਿਚ ਸਮਾਂ ਬਰਬਾਦ ਕੀਤੇ ਬਿਨਾਂ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰੋ। ਕਿਉਂਕਿ ਸ਼ੁਰੂ ਵਿਚ ਹੀ ਜਾਂਚ ਰਾਹੀਂ ਅਤੇ ਥਿਰੈਪੀ ਨਾਲ ਉਮਰ ਵਧਾਈ ਜਾ ਸਕਦੀ ਹੈ। ਜ਼ਿੰਦਗੀ 'ਚ ਅਸਲੀ ਧਨ ਤੰਦਰੁਸਤੀ ਹੀ ਹੈ।

* * * * * * * *

# ਤੇਜਪਾਲ ਦਾ ਰੂਸ ਦੀ ਫੌਜ ਵਿਚ ਭਰਤੀ ਹੋਣਾ

## ਦੋ ਕਹਾਣੀਆਂ : ਮੀਡੀਆ ਦੀ ਦੁਚਿੱਤੀ ਤੇ ਭਰੋਸੇਯੋਗਤਾ

ਪ੍ਰੋ. ਕੁਲਬੀਰ ਸਿੰਘ



ਪੰਜਾਬ ਦਾ ਤੇਜਪਾਲ ਸਿੰਘ ਰੂਸ-ਯੂਕਰੇਨ ਜੰਗ ਵਿਚ ਰੂਸ ਵੱਲੋਂ ਲੜਦਾ ਹੋਇਆ ਬੀਤੇ ਦਿਨੀਂ ਮਾਰਿਆ ਗਿਆ। ਮੀਡੀਆ ਵਿਚ ਉਸਦੇ ਸੰਬੰਧ ਵਿਚ ਹੁਣ ਤੱਕ ਦੋ ਕਹਾਣੀਆਂ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਪ੍ਰਸਾਰਿਤ ਹੋਈਆਂ ਹਨ।

ਪਹਿਲੀ ਕਹਾਣੀ ਵਿਚ ਉਸਦੇ ਪਰਿਵਾਰ ਵੱਲੋਂ ਦੱਸਿਆ ਗਿਆ ਕਿ ਤੇਜਪਾਲ ਰੂਸ ਘੁੰਮਣ ਫਿਰਨ ਗਿਆ ਸੀ। ਉਸਨੂੰ ਜਬਰਦਸਤੀ ਰੂਸ ਦੀ ਫੌਜ ਵਿਚ ਸ਼ਾਮਲ ਕਰਕੇ ਜੰਗ ਦੇ ਮੈਦਾਨ ਵਿਚ ਲੜਨ ਲਈ ਯੂਕਰੇਨ ਭੇਜ ਦਿੱਤਾ ਗਿਆ ਹੈ। ਪਰਿਵਾਰ ਵੱਲੋਂ ਉਸਨੂੰ ਬਚਾਉਣ ਅਤੇ ਵਾਪਿਸ ਭਾਰਤ ਲਿਆਉਣ ਲਈ ਪੰਜਾਬ ਅਤੇ ਭਾਰਤ ਸਰਕਾਰ ਨੂੰ ਕੀਤੀਆਂ ਬੇਨਤੀਆਂ ਦੀਆਂ ਖ਼ਬਰਾਂ ਵੀ ਲਗਾਤਾਰ ਪ੍ਰਕਾਸ਼ਿਤ ਹੁੰਦੀਆਂ ਰਹੀਆਂ।

ਕੁਝ ਦਿਨ ਪਹਿਲਾਂ ਜਦ ਯੂਕਰੇਨ ਵਿਖੇ ਲੜਾਈ ਦੇ ਮੈਦਾਨ ਵਿਚ ਉਸਦੀ ਮੌਤ ਦੀ ਖ਼ਬਰ ਆਈ ਤਾਂ 23 ਜੂਨ ਦੀਆਂ ਅਖ਼ਬਾਰਾਂ ਵਿਚ ਮੁਖ ਪੰਨਿਆਂ 'ਤੇ ਬਿਲਕੁਲ ਵੱਖਰੀ ਤੇ ਨਵੀਂ ਕਹਾਣੀ ਪੜ੍ਹਨ ਨੂੰ ਮਿਲੀ।

ਸੁਰਖੀ ਪੜ੍ਹ ਕੇ ਮੈਂ ਹੈਰਾਨ ਪ੍ਰੇਸ਼ਾਨ ਰਹਿ ਗਿਆ ਅਤੇ ਇਸ ਨਾਲ ਸੰਬੰਧਤ ਸਾਰੀਆਂ ਖ਼ਬਰਾਂ ਅੱਖਾਂ ਅੱਗੇ ਘੁੰਮਣ ਲੱਗੀਆਂ। ਸੁਰਖੀ ਸੀ, "ਫੌਜੀ ਬਣਨ ਦੀ ਇੱਛਾ ਨੇ ਪੰਜਾਬ ਦੇ ਤੇਜਪਾਲ ਨੂੰ ਪਾਇਆ ਰੂਸ-ਯੂਕਰੇਨ ਜੰਗ ਦੇ ਰਾਹ।"

ਉਹ ਭਾਰਤੀ ਫੌਜ ਵਿਚ ਭਰਤੀ ਹੋਣਾ ਚਾਹੁੰਦਾ ਸੀ। ਦੋ ਵਾਰ ਕੋਸ਼ਿਸ਼ ਵੀ ਕੀਤੀ ਪਰ ਸਫ਼ਲਤਾ ਨਹੀਂ ਮਿਲੀ। ਨੌਕਰੀ ਨਾ ਮਿਲਣ ਕਾਰਨ ਉਹ ਨਿਰਾਸ਼ ਤੇ ਉਦਾਸ ਰਹਿੰਦਾ ਸੀ। ਉਹ ਸਟੱਡੀ ਵੀਜ਼ਾ 'ਤੇ ਸਾਈਪ੍ਰਸ ਵੀ ਗਿਆ ਸੀ ਪਰ ਉਥੇ ਸੈੱਟ ਨਹੀਂ ਹੋ ਸਕਿਆ। ਜਦ ਉਸਦੇ ਇਕ ਦੋਸਤ ਨੇ ਦੱਸਿਆ ਕਿ ਰੂਸ ਵੱਲੋਂ ਨੌਜਵਾਨਾਂ ਦੀ ਭਰਤੀ ਕੀਤੀ ਜਾ ਰਹੀ ਹੈ ਤਾਂ ਉਸਨੇ ਅਰਜ਼ੀ ਭੇਜ ਦਿੱਤੀ ਅਤੇ ਈ-ਵੀਜ਼ਾ ਵੀ ਮਿਲ ਗਿਆ। ਉਹ ਇਕੱਠੇ ਰੂਸ ਜਾ ਪਹੁੰਚੇ। ਪਹਿਲਾਂ ਉਨ੍ਹਾਂ ਨੂੰ ਸਿਖਲਾਈ ਦਿੱਤੀ ਗਈ। ਸਿਖਲਾਈ ਉਪਰੰਤ ਲੜਾਈ ਲਈ ਯੂਕਰੇਨ ਭੇਜ ਦਿੱਤਾ ਗਿਆ।

ਪਹਿਲੀ ਨਜ਼ਰੇ ਮਾਮਲਾ ਪਰਵਾਸ ਦਾ, ਵਿਦੇਸ਼ ਵਿਚ ਵੱਸਣ ਦੀ ਖ਼ਾਹਿਸ਼ ਦਾ ਵੀ ਜਾਪਦਾ ਹੈ। ਇਹਦੇ ਲਈ ਪੰਜਾਬੀ ਨੌਜਵਾਨ ਕੁਝ ਵੀ ਕਰਨ ਲਈ, ਜਾਨ ਜ਼ੋਖਮ ਵਿਚ ਪਾਉਣ ਲਈ ਵੀ ਤਿਆਰ ਹੋ ਜਾਂਦੇ ਹਨ। ਦੂਸਰੇ ਮੁਲਕ ਦੀ ਫੌਜ ਵਿਚ ਭਰਤੀ ਹੋ ਜਾਣਾ, ਸਖ਼ਤ ਸਿਖਲਾਈ ਵਿਚੋਂ ਲੰਘਣਾ ਅਤੇ ਫਿਰ ਯੂਕਰੇਨ ਦੀ ਧਰਤੀ 'ਤੇ ਲੜ੍ਹਨ ਮਰਨ ਲਈ ਘਮਸਾਣ ਦੇ ਯੁੱਧ ਵਿਚ ਪਹੁੰਚ ਜਾਣਾ ਜਾਂ ਤਾਂ ਨਿਰੋਲ ਮਜ਼ਬੂਰੀ ਹੈ ਜਾਂ ਜਨੂੰਨ। ਮੀਡੀਆ ਨੂੰ ਅਸਲੀਅਤ ਤੱਕ ਜ਼ਰੂਰ ਪੁੱਜਣਾ ਚਾਹੀਦਾ ਹੈ।



ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ। ਕੀ ਵਿਦੇਸ਼ ਵਿਚ ਵੱਸਣ ਦਾ ਸੁਪਨਾ ਐਨਾ ਭਿਆਨਕ ਵੀ ਹੋ ਸਕਦਾ ਹੈ? ਪੰਜਾਬੀ ਨੌਜਵਾਨ ਘਰ-ਪਰਿਵਾਰ ਅਤੇ ਬਾਲ-ਬੱਚਿਆਂ ਬਾਰੇ ਸੋਚੇ ਬਗੈਰ ਹੀ ਅਜਿਹੇ ਖਤਰਨਾਕ ਕਦਮ ਉਠਾ ਰਹੇ ਹਨ। ਇਹ ਸੋਚੇ ਬਗੈਰ ਕਿ ਬਾਅਦ ਵਿਚ ਉਨ੍ਹਾਂ ਦਾ ਕੀ ਬਣੇਗਾ।

ਕੁਝ ਕੁ ਲੇਖਕ ਪਰਵਾਸ ਦੀਆਂ ਪ੍ਰੇਸ਼ਾਨੀਆਂ ਬਾਰੇ ਲਿਖ ਰਹੇ ਹਨ। ਬਹੁਤੇ ਚੁੱਪ ਹਨ। ਪੱਤਰਕਾਰ ਚਾਹੇ ਉਹ ਦੇਸ ਵਿਚ ਹਨ ਜਾਂ ਪ੍ਰਦੇਸ ਵਿਚ ਹਨ ਇਸ ਵਿਸ਼ੇ 'ਤੇ ਕਦੇ ਨਿੱਠ ਕੇ ਗੱਲ ਨਹੀਂ ਕਰਦੇ। ਲੋਕਾਂ ਨੂੰ, ਮਾਪਿਆਂ ਨੂੰ, ਨੌਜਵਾਨਾਂ ਨੂੰ ਜ਼ਮੀਨੀ ਹਕੀਕਤ ਬਾਰੇ ਕਿਥੋਂ ਕਿਵੇਂ ਪਤਾ ਲੱਗੇ।

ਕੈਨੇਡਾ ਵਿਚ ਧੜਾ ਧੜ ਵਿਦਿਆਰਥੀ ਜਾ ਰਹੇ ਹਨ। ਉਥੇ ਪਹੁੰਚ ਕੇ ਉਨ੍ਹਾਂ ਨੂੰ ਕਿਹੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕੀ ਉਹਦੇ ਲਈ ਉਹ ਮਾਨਸਿਕ ਤੌਰ 'ਤੇ ਇਥੋਂ ਤਿਆਰ ਹੋ ਕੇ ਗਏ ਸਨ। ਵੱਡਾ ਸਵਾਲ ਇਹ ਹੈ।

ਤੇਜਪਾਲ ਸਿੰਘ ਰੂਸ ਦੀ ਫੌਜ ਵਿਚ ਭਰਤੀ ਤਾਂ ਹੋ ਗਿਆ ਪਰੰਤੂ ਉਸਤੋਂ ਬਾਅਦ ਦੀ ਜ਼ਮੀਨੀ ਹਕੀਕਤ ਬਾਰੇ ਉਸਨੇ ਨਹੀਂ ਸੋਚਿਆ। ਆਪਣੇ ਪਰਿਵਾਰ ਨੂੰ ਵੀ ਸਹੀ ਜਾਣਕਾਰੀ ਨਹੀਂ ਦਿੱਤੀ।

ਕੁਝ ਮਹੀਨੇ ਪਹਿਲਾਂ ਡੀਡੀ ਪੰਜਾਬੀ ਦੇ ਚਰਚਿਤ ਪ੍ਰੋਗਰਾਮ ਗੱਲਾਂ ਤੇ ਗੀਤ' ਵਿਚ ਕੈਨੇਡਾ ਦੀ ਚਰਚਿਤ ਸ਼ਖ਼ਸੀਅਤ ਸੁੱਖੀ ਬਾਠ ਨੇ ਇਸ ਵਿਸ਼ੇ 'ਤੇ ਵਿਸਥਾਰਪੂਰਵਕ ਗੱਲ ਕੀਤੀ ਸੀ। ਉਨ੍ਹਾਂ ਦੱਸਿਆ ਸੀ ਕਿ ਕੈਨੇਡਾ ਵਿਚ ਪੜ੍ਹਨ ਜਾ ਰਹੇ ਬਹੁਤੇ ਵਿਦਿਆਰਥੀਆਂ ਦੀ ਆਰਥਿਕ, ਮਾਨਸਿਕ, ਸਰੀਰਕ ਤੇ ਸਮਾਜਕ ਸਥਿਤੀ ਡਾਵਾਂਡੋਲ ਹੁੰਦੀ ਹੈ। ਉਸਦੇ ਆਧਾਰ 'ਤੇ ਅਸੀਂ ਇਸ ਕਾਲਮ ਤਹਿਤ ਪਾਠਕਾਂ ਨੂੰ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਅਜਿਹੀ ਹੀ ਕੋਸ਼ਿਸ਼ ਇਸ ਵਾਰ ਕੀਤੀ ਗਈ ਹੈ।

# ਗਾਇਕਾਂ ਨੂੰ ਸਟਾਰ ਬਣਾ ਗਏ ਜਿਸ ਦੇ ਗੀਤ ਪਾਲੀਵੁੱਡ ਤੇ ਬਾਲੀਵੁੱਡ ਦਾ ਓਹ ਗੀਤਕਾਰ ਹੈ ਭੱਟੀ ਭੜੀਵਾਲਾ

ਹਰ ਗੀਤ ਜੀਹਦੇ ਬੋਲ ਲਿਖਾਂ ਤੁਸੀਂ ਗੁਣ ਗੁਣਾ ਦੇਣਾ ਹੈ, ਲਿਸਟ ਲੰਬੀ ਤੇ ਗੀਤ ਪੰਜਾਬੀ ਵਿੱਚ ਹਿੱਟ, ਕਮਾਲ ਹਿੰਦੀ ਫ਼ਿਲਮਾਂ ਵਿੱਚ ਵੀ ਹਿੱਟ, ਗਾਇਕ ਗੀਤ ਗਾ ਕਿ ਫ਼ਰਸ਼ ਤੋਂ ਅਰਸ਼ ਤੇ ਆ ਗਏ ਤੇ ਓਸ ਦੇ ਗੀਤ 23 ਸਾਲ ਤੋਂ ਤਕਰੀਬਨ ਆ ਰਹੇ ਹਨ ਤੇ ਹਿੱਟ ਹੋਏ ਨੇ ਹੋ ਰਹੇ ਹਨ ਹੋਰ ਤੇ ਹੋਰ ਪੰਜਾਬੀ ਫ਼ਿਲਮਜ਼ ਦੇ ਗੀਤ ਤਾਂ ਰਹੇ ਇੱਕ ਪਾਸੇ ਹਿੰਦੀ ਫ਼ਿਲਮਾਂ ਦੇ ਗੀਤ ਲਿਖੇ ਨੇ ਤੇ ਫ਼ਿਲਮ ਲੇਖਕ ਗੀਤਕਾਰ ਜਾਵੇਦ ਅਖ਼ਤਰ ਨੇ ਕਿਹਾ ਐ ਕਿ ਓਸ ਦੀ ਕਲਮ ਵਿੱਚ ਕੁਦਰਤੀ ਜਾਦੂ ਹੈ, ਗੀਤ ਬਾਹਰ ਆਓਣ ਦੀ ਦੇਰ ਕੀ ਸੀ ਡੀ, ਡੀ ਵੀ ਡੀ,ਕੈਸਟਾਂ ਤੇ ਰਿਕਾਰਡਿੰਗ ਇਹਨਾਂ ਦੇ ਮਾਧਿਅਮ ਰਾਹੀਂ ਆ ਸਫਲ ਤੇ ਦੇਰ ਬਹੁਤ ਹੋ ਗਈ ਮਿਲਾ ਦਿੰਦੇ ਹਾਂ ਓਹ ਹੈ ਭੱਟੀ ਭੜੀਵਾਲਾ ਤੇ ਸਧਾਰਨ, ਟੌਹਰ ਪੂਰੀ ਤਿੰਨ ਤਿੰਨ ਸੰਗੀਤ ਕੰਪਨੀਆਂ ਦਾ ਸੀਈਓ ਭੱਟੀ ਭੜੀਵਾਲਾ ਚਲ ਸੋ ਚਲ ਹੈ। ਹਰਨੇਕ ਸਿੰਘ ਤੇ ਸਵਰਨ ਕੌਰ ਨੇ ਵੀ ਸੋਚਿਆ ਨਹੀਂ ਹੋਣਾ ਕਿ ਓਹਨਾਂ ਦਾ ਬੇਟਾ ਇੱਕ ਦਿਨ ਮਿਊਜ਼ਿਕ ਇੰਡਸਟਰੀ ਦਾ ਆਈਕਨ ਬਣੇਗਾ ਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਾ ਦਾ ਨਾਮ ਕੁਲ ਆਲਮ ਵਿੱਚ ਰੌਸ਼ਨ ਕਰੇਗਾ। ਭੜੀ ਪਿੰਡ ਦਾ ਨਾਂ ਓਸ ਬਣਾ ਦਿੱਤਾ ਹੈ ਤੇ ਗੱਲ ਲਿਆਕਤ ਦੀ ਤਾਂ ਐਮ ਏ, ਐਮ ਫਿਲ ਤੇ ਡਿਪਲੋਮਾ ਖੇਤੀ ਬਾੜੀ ਦਾ ਐਮ ਬੀ ਏ ਕਮਾਲ ਜੀ ਐਨਾ ਸਿੱਖਿਅਤ ਇਨਸਾਨ ਤਾਂ ਡਾਇਰੈਕਟਰ ,ਸੀਈਓ ਵੱਡਾ ਅਫਸਰ ਬਣੇ ਪਰ ਭੱਟੀ ਆਖਦੇ ਨੇ ਜਨਾਬ ਸੀਈਓ ਹਾਂ ਸੰਗੀਤ



ਨਗਰੀ ਦੇ, ਅਫ਼ਸਰੀ ਗੀਤਕਾਰੀ ਕਰਵਾ ਰਹੀ ਹੈ, ਇਹ ਤਾਂ ਰੱਬ ਜਾਣੇ ਕਿੱਥੋਂ ਇਹ ਲਿਖਣ ਦੀ ਦਾਤ ਦੇ ਦਿੱਤੀ। ਵੈਸੇ ਜਦ ਗੀਤਾਂ ਵਿੱਚ ਮਰਾੜ੍ਹਾਂ ਵਾਲਾ ਮਾਨ ਸੁਣ ਲੈਣਾ ਤਾਂ ਤਾਂਘ ਉੱਠਣੀ ਕਿ ਭੱਟੀ ਨਾਮ ਕਿਸ ਤਰਾਂ ਆਊ ਤੇ ਫਿਰ ਆ ਗਿਆ। ਤੇ ਓਹ ਦਿਨ ਆਇਆ ਜਦ ਸੰਗੀਤ



ਸਮਰਾਟ ਚਰਨਜੀਤ ਅਹੂਜਾ ਨਾਲ ਮੇਲ ਦੁਰਗਾ ਰੰਗੀਲਾ ਲਈ ਲਿਖੇ ਗੀਤ ਤੇ "ਇਸ਼ਕੇ ਦਾ ਕੇਸ ਤੂੰ ਹਾਰ ਗਈ" ਦੁਰਗੇ ਨੇ ਕੀ ਗਾਇਆ ਕਿ ਭੱਟੀ ਨੂੰ ਓਸ ਦੀ ਮੰਜ਼ਿਲ ਦੇ ਦਰਸ਼ਨ ਕਰਵਾ ਦਿੱਤੇ। ਗੱਲ ਕੀ ਜਲਦੀ ਹੀ ਭੱਟੀ ਸਫਲਤਾ ਦੇ ਰੱਥ ਤੇ ਸਵਾਰ ਹੋ ਗਿਆ। ਪਤਾ ਨਹੀਂ ਕਿੰਨੇ ਕੁ ਗਾਇਕਾਂ ਨੇ ਭੱਟੀ ਦੇ ਲਿਖਤ ਗੀਤ ਗਾਏ ਤੇ ਆਏ ਗਿਣਤੀ ਲਿਖੀਏ ਤਾਂ ਇਹ ਸਿਲਸਿਲਾ ਮਹੀਨਾ ਭਰ ਚਲੇਗਾ। ਮੋਟੇ ਤੌਰ ਤੇ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਦੁਰਗਾ ਰੰਗੀਲਾ, ਸੁਖਸ਼ਿੰਦਰ ਸ਼ਿੰਦਾ ਜਸਬੀਰ ਜੱਸੀ, ਅਮਰ ਨੂਰੀ ਹਰਦੀਪ ਮਨਪ੍ਰੀਤ ਅਖਤਰ ਸਟਾਰ ਕਲਾਕਾਰਾਂ ਨੇ ਭੱਟੀ ਦੀਆਂ ਲਿਖਤਾਂ ਗਾ ਹਿੱਟ ਕੀਤੀਆਂ ਜਾਂ ਓਹ ਹਿੱਟ ਹੋਏ। ਜਸਪਿੰਦਰ ਨਰੂਲਾ, ਸਰਬਜੀਤ ਚੀਮਾ, ਭਿੰਦਾ ਜੱਟ, ਹਰਭਜਨ ਸ਼ੇਰਾ, ਕਰਮਜੀਤ ਅਨਮੋਲ, ਮਨਜੀਤ ਰੂਪੋਵਾਲੀਆ ਸਮੇਤ ਮਨਿਦਰ ਦਿਓਲ ਗਾਉਂਦੇ ਰਹੇ ਤੇ ਭੱਟੀ ਲਿਖਦਾ ਰਿਹਾ। ਵਕਤ ਆਇਆ ਜਲੰਧਰ ਦੂਰਦਰਸ਼ਨ ਦੇ ਰੰਗਾ ਰੰਗ ਪ੍ਰੋਗਰਾਮ ਬਿੱਗ ਬੀ ਰਿਕਾਰਡਜ਼ ਤੇ ਭੱਟੀ ਭੜੀਵਾਲਾ ਜ਼ੁਬਾਨ ਹਰੇਕ ਦੀ ਤੇ ਚੜ੍ਹ ਗਿਆ। ਮਨਿੰਦਰ ਗਿੱਲ ਤੇ ਜਰਨੈਲ ਘੁਮਾਣ ਦਾ ਨਾਮ ਸਤਕਾਰ ਨਾਲ ਲੈਂਦੇ ਭੱਟੀ ਨੇ ਕਿਹਾ ਕਿ ਆਕਾਸ਼ ਰੇਡੀਓ, ਦੇਸੀ ਰੇਡੀਓ ਤੇ ਪੰਜਾਬ ਰੇਡੀਓ ਇਹਨਾਂ ਨੇ ਓਸ ਨੂੰ ਬਹੁਤ ਉਤਸ਼ਾਹਿਤ ਕੀਤਾ। ਪਰਮਜੀਤ ਕੌਰ ਦੇ ਸਾਹਾਂ ਦਾ ਸਾਥੀ, ਬੇਟੀ ਤੇ ਬੇਟੇ ਨੂੰ ਘਰ ਫੁਲਵਾੜੀ ਵਿੱਚ ਮਹਿਕਾਂ ਨਾਲ ਸਰੋਬਰ ਕਰ ਰਹੇ ਗੀਤਕਾਰ ਤੇ ਪੇਸ਼ਕਾਰ ਭੱਟੀ ਨੇ ਰਾਜਨੀਤਕ ਸ਼ੌਕ ਪਾਲਦੇ ਇਸ ਵਾਰ ਅਜ਼ਾਦ ਚੋਣ ਐਮ ਪੀ ਦੀ ਫ਼ਤਹਿਗੜ੍ਹ ਸਾਹਿਬ ਤੋ ਲੜੀ ਸੀ। "ਰੱਬ ਵਰਗਾ ਤੇਰਾ ਯਾਰ ਵੈਰਨੇ ਅਸੀਂ ਜਿੱਤ ਗਏ" ਯਾਦਾਂ ਤੇਰੀਆਂ, ਛੱਡ ਪਰਦੇਸਾਂ ਨੂੰ ਮੂੰਹ ਤੇ ਚੜ੍ਹੇ ਨਗਮੇ ਓਸ ਦੀ ਲਿਖਤ ਹਨ। ਗੀਤਕਾਰ ਦੇ ਨਾਲ ਸਾਹਿਤਕਾਰ ਭੱਟੀ ਦੀ ਕਿਤਾਬ "ਪੰਜਾਬ ਜ਼ਿੰਦਾਬਾਦ" ਆ ਰਹੀ ਹੈ ਤੇ "ਪਿੰਡ ਦੀਆਂ ਗਲੀਆਂ" ਲੋਕ ਪ੍ਰਿਅ ਪੁਸਤਕ ਹੈ। ਯੂ ਕੇ, ਅਮਰੀਕਾ, ਕਨੇਡਾ, ਟੋਰਾਂਟੋ ਇਟਲੀ ਵਿਖੇ ਸਨਮਾਨਿਤ ਹੋ ਚੁੱਕੇ ਗੀਤਕਾਰ, ਸਾਹਿਤਕਾਰ ਤੇ ਰਾਜਨੀਤਕ ਹਸਤੀ ਭੱਟੀ ਭੜੀਵਾਲਾ ਨੇ "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਫ਼ਿਲਮ ਦੇ ਗੀਤ ਲਿਖੇ, ਹੋਰ ਕਈ ਫ਼ਿਲਮਜ਼ ਵਿੱਚ ਆਓਣ ਵਾਲੇ ਹਨ ਜ਼ਾਵੇਦ ਅਖ਼ਤਰ ,ਬਾਬੂ ਸਿੰਘ ਮਾਨ ਸਭ ਭੱਟੀ ਦੀ ਕਲਮ ਨੂੰ ਇੱਜ਼ਤ ਦਿੰਦੇ ਮਹਾਂਰਥੀ ਇਸ ਖੇਤਰ ਦੇ ਹਨ ਤੇ ਹਾਂ ਭੱਟੀ ਦੀਆਂ ਪ੍ਰਾਪਤੀਆਂ ਹੀ ਐਨੀਆਂ ਹਨ, ਗੀਤ ਹੀ ਐਨੇ ਹਨ ਕਿ ਖੁਦ ਓਸ ਦੀ ਸਖਸ਼ੀਅਤ ਲਿਖਣ ਲਈ ਸ਼ਬਦਾਂ ਦਾ ਕਾਲ ਪਿਆ ਮਹਿਸੂਸ ਕਰਦੇ ਹਾਂ ਤੇ ਸੰਖੇਪ ਲਫ਼ਜ਼ਾਂ ਵਿੱਚ ਇਹ ਹੀ ਕਹਾਂਗੇ ਕਿ ਭੜੀ ਪਿੰਡ, ਜ਼ਿਲ੍ਹਾ ਫਤਹਿ ਗੜ੍ਹ ਸਾਹਿਬ ਦਾ ਨਾਮ ਦੁਨੀਆਂ ਦੇ ਨਕਸ਼ੇ ਤੇ ਸੋਨ ਰੰਗੇ ਅੱਖਰਾਂ ਨਾਲ ਨਜ਼ਰ ਆਉਂਦਾ ਹੈ। ਕਲਮ ਦੇ ਧੀਰ, ਲਫ਼ਜ਼ਾਂ ਦੇ ਬਾਜ਼ੀਗਰ ਤੇ ਸਾਹਿਤਕ ਧਰਤੀ ਦੇ ਉਪਜਾਊ ਫਲ ਭੱਟੀ ਭੜੀਵਾਲਾ ਨੇ ਤਕਰੀਬਨ 23 ਵਰ੍ਹਿਆਂ ਤੋਂ ਨਿਰੰਤਰ ਆਪਣੇ ਨਾਮ ਕਾਮਯਾਬੀ ਦੇ ਵਰਕੇ ਤੇ ਅੰਕਿਤ ਕੀਤਾ ਹੈ ਤੇ ਇਹ ਸ਼ਾਇਦ ਸਦਾ ਕੀ ਆਉਂਦੀ ਨਵੀਂ ਦੁਨੀਆਂ ਤੱਕ ਵੀ ਰਹੇਗਾ।


-ਅੰਮ੍ਰਿਤ ਪਵਾਰ

# ਸ਼ਹੀਦ ਭਾਈ ਤਾਰੂ ਸਿੰਘ ਜੀ

**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

ਡਾ. ਚਰਨਜੀਤ ਗੁਮਟਾਲਾ
19375739812
(ਡੇਟਨ, ਓਹਾਇਹੋ, ਯੂ ਐਸ ਏ),
ਵਟਸ ਐਪ 919417533060





ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ 'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿੱਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।

ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸ਼ਖ਼ਸੀਅਤਾਂ ਵਿੱਚ ਪੂਹਲਾ ਪਿੰਡ ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ। ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।

1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ।

ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ। ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ। ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ੍ਹਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ।

ਬਸ ਫੇਰ ਕੀ ਸੀ ਪੁਲੀਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ।

ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜ੍ਹਾਇਆ ਗਿਆ। ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ ਕਚਹਿਰੀ ਦੇ ਦੁਆਲੇ ਡੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ।

ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ਼ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾ ਸਾਰੇ ਸਿਰ ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ।

ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ।

ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਇਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ। ਅੱਜ ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਸਾਰੇ ਸੰਸਾਰ ਵਿਚ ਬੜੀ ਸ਼ਰਧਾ ਮਨਾਇਆ ਜਾ ਰਿਹਾ ਹੈ।

* * * * * * * *

# ਸਾਹਿਤ, ਸੁਤੰਤਰਤਾ ਸੰਗਰਾਮ ਅਤੇ ਅਧਿਆਤਮ ਦਾ ਸੁਮੇਲ : ਭਾਈ ਸਾਹਿਬ ਰਣਧੀਰ ਸਿੰਘ

## ਜਨਮ ਦਿਵਸ ’ਤੇ ਵਿਸ਼ੇਸ਼

ਉਜਾਗਰ ਸਿੰਘ



ਸਿੱਖ ਵਿਰਾਸਤ ਬਹੁਤ ਅਮੀਰ ਹੈ, ਕਿਉਂਕਿ ਦਸ ਗੁਰੂ ਸਾਹਿਬਾਨ ਅਤੇ ਅਨੇਕ ਸੰਤਾਂ ਭਗਤਾਂ ਨੇ ਬਾਣੀ ਰਚਕੇ ਪੰਜਾਬੀ ਸਭਿਅਚਾਰ ਨੂੰ ਅਮੀਰ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਾਸਤ ਦਾ ਨਚੋੜ ਹੈ। ਸਮੁੱਚਾ ਸਿੱਖ ਭਾਈਚਾਰ ਗੁਰਬਾਣੀ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਜੀਵਨ ਬਸਰ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ‘ਤੇ ਪਹਿਰਾ ਦਿੰਦਿਆਂ ਉਸ ਦੀ ਸੁਚੱਜੇ ਢੰਗ ਨਾਲ ਵਿਆਖਿਆ ਕਰਕੇ ਲੋਕਾਈ ਨੂੰ ਵਿਚਾਰਧਾਰਾ ਤੋਂ ਸੇਧ ਲੈਣ ਦੀ ਪ੍ਰੇਰਨਾ ਦੇਣ ਵਾਲੇ ਭਾਈ ਰਣਧੀਰ ਸਿੰਘ ਅਜਿਹੇ ਵਿਦਵਾਨ ਤੇ ਰੌਸ਼ਨ ਦਿਮਾਗ ਇਨਸਾਨ ਸਨ, ਜਿਨ੍ਹਾਂ ਨੇ ਗੁਰਬਾਣੀ ਤੇ ਗੁਰਮਤਿ ਨੂੰ ਸਮਰਪਤ ਹੋ ਕੇ ਜੀਵਨ ਬਸਰ ਕੀਤਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਸਿੱਖ ਕੌਮ ਦੀ ਮਾਇਆਨਾਜ਼ ਹਸਤੀ ਸਨ। ਇੱਕ ਰੱਜੇ-ਪੁੱਜੇ ਘਰਾਣੇ ਦੇ ਲਾਡਲੇ ਦਾ ਗੁਰਸਿੱਖੀ ਮਾਰਗ ਤੇ ਚਲਣਾ ਤੇ ਫਿਰ ਸੰਸਾਰਿਕ ਸੁੱਖਾਂ ਨੂੰ ਤਿਆਗਣਾ ਅਚੰਭਤ ਗੱਲ ਸੀ। ਰਾਜ ਭਾਗ ਦੇ ਹਿੱਸੇਦਾਰ ਹੋਣ ਦੇ ਬਾਵਜੂਦ ਤਲਵਾਰ ਦੀ ਨੋਕ ’ਤੇ ਚਲਣਾ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੁੰਦੀ। ਉਨ੍ਹਾਂ ਦੇ ਪਿਤਾ ਨੱਥਾ ਸਿੰਘ ਨਾਭਾ ਰਿਆਸਤ ਵਿੱਚ ਹਾਈ ਕੋਰਟ ਦੇ ਜੱਜ ਸਨ। ਪਿਤਾ ਵੱਲੋਂ ਨਾਭਾ ਰਿਆਸਤ ਦੇ ਰਾਜਾ ਰਿਪੁਦਮਨ ਸਿੰਘ ਦੇ ਰਾਜ ਵਿੱਚ ਤਹਿਸੀਲਦਾਰ ਦੀ ਦਿਵਾਈ ਨੌਕਰੀ ਨੂੰ ਲੱਤ ਮਾਰਕੇ ਗੁਰਮਤਿ ਨੂੰ ਸਮਰਪਤ ਹੋ ਗਏ। ਸਿੱਖੀ ਦੇ ਰੰਗ ਵਿੱਚ ਰੰਗੇ ਹੋਏ ਗੁਰਮਤਿ ਮਾਰਗ ਦੇ ਪਾਂਧੀ, ਸਿਦਕ ਸਿਰੜ੍ਹ ਦੀ ਮੂਰਤ, ਸੁਤੰਤਰਤਾ ਸੰਗਰਾਮ ਦੀ ਗ਼ਦਰ ਲਹਿਰ ਦੇ ਨਾਇਕ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਅਤੇ ਸਿੱਖ ਚਿੰਤਕ ਵਿਦਵਾਨ ਸਨ। ਭਾਈ ਰਣਧੀਰ ਸਿੰਘ ਦਾ ਸਰਕਾਰ ਪ੍ਰਸਤ ਘਰਾਣੇ ਵਿੱਚੋਂ ਫਰੰਗੀ ਵਿਰੋਧੀ ਬ਼ਗਾਵਤ ਦੀ ਮਿਸ਼ਾਲ ਲੈ ਕੇ ਚਲਣਾ ਇੱਕ ਕਰਾਂਤੀਕਾਰੀ ਕਦਮ ਸੀ। ਇੱਕ ਪ੍ਰਕਾਰ ਉਹ ਯੁਗ ਪਲਟਾਊ ਵਿਦਰੋਹ ਦੇ ਨਾਇਕ ਸਨ, ਇਸ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਦੇਸ਼ ਭਗਤ ਕਿਹਾ ਜਾ ਸਕਦਾ ਹੈ। ਨੌਕਰੀ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਸ਼ਾਮ ਸਿੰਘ ਅਟਾਰੀ ਦੇ ਪੋਤਰੇ ਦੇ ਕਹਿਣ ‘ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਬਤੌਰ ਹੋਸਟਲ ਸੁਪ੍ਰਿਨਟੈਂਟ ਲੱਗ ਗਏ। ਉਹ ਕਰਾਂਤੀਕਾਰੀ ਲਹਿਰ ਦੇ ਉਸਰਈਆਂ ਦੀ ਪਹਿਲੀ ਕਤਾਰ ਵਿੱਚ ਸਨ। ਸਿੰਘ ਸਭਾ ਲਹਿਰ ਨੂੰ ਗੁਰਦੁਆਰਾ ਸੁਧਾਰ ਲਹਿਰ ਦੀ ਪਿਉਂਦ ਦੇ ਕੇ ਗੁਰਦੁਆਰਾ ਲਹਿਰ ਵਿੱਚ ਰੂਹ ਫੂਕੀ ਸੀ। ਉਨ੍ਹਾਂ ਨੇ ਸਾਰੀ ਉਮਰ ਇੱਕ ਫਕੀਰ ਦਾ ਜੀਵਨ ਜੀਵਿਆ। ਭਾਈ ਰਣਧੀਰ ਸਿੰਘ ਸੰਤ ਸਰੂਪ ਬਹੁਗੁਣੀ ਮਹਾਨ ਮਹਾਂ ਪੁਰਸ਼ ਸਨ। ਉਹ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਤੇ ਨਾਮ ਬਾਣੀ ਦੇ ਰਸੀਏ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਤ ਕਰ ਦਿੱਤਾ ਸੀ। ਉਨ੍ਹਾਂ ਦਾ ਸਮੁੱਚਾ ਜੀਵਨ ਇੱਕ ‘ਗੁਰਮੁੱਖ ਗੁਰਸਿੱਖ’ ਵਾਲਾ ਸੱਚਾ ਸੁੱਚਾ, ਸੱਚ ਨੂੰ ਕਮਾਉਣ ਵਾਲਾ ਪਰਉਪਕਾਰੀ ਸੀ। ਉਹ ਅਧਿਆਤਮਿਕ ਅਨੁਭਵ ਵਾਲੇ ਜਗਿਆਸੂ ਮਹਾਂ ਪਰਖ ਸਨ ਤੇ ਉਨ੍ਹਾਂ ਦਾ ਜੀਵਨ ਅੰਤਰਮੁਖੀ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮੰਤਵ ਤੇ ਸਿਧਾਂਤ ਗੁਰਬਾਣੀ ਦੀ ਵਿਆਖਿਆ, ਕੀਰਤਨ ਅਤੇ ਚਿੰਤਨ ਸੀ। ਉਨ੍ਹਾਂ ਨੇ ਅਖੰਡ ਕੀਰਤਨ ਜੱਥੇ ਦੀ ਟਕਸਾਲ ਦੀ ਸਥਾਪਨਾ ਕੀਤੀ ਤਾਂ ਜੋ ਸਿੱਖ ਜਗਤ ਗੁਰਬਾਣੀ ਦੇ ਕੀਰਤਨ ਨਾਲ ਲਿਵ ਲਾ ਕੇ ਆਪਣਾ ਜੀਵਨ ਸ਼ਫਲ ਕਰ ਸਕੇ। ਜੇਲ੍ਹ ਵਿੱਚੋਂ ਰਿਹਾ ਹੋਣ ਤੋਂ ਬਾਅਦ ਉਹ 30 ਸਾਲ ਤੋਂ ਥੋੜ੍ਹਾ ਵੱਧ ਸਮਾਂ ਇਸ ਸੰਸਾਰ ਵਿੱਚ ਸਰੀਰਕ ਜਾਮੇ ਵਿੱਚ ਰਹੇ। ਸਮੁੱਚੇ ਦੇਸ਼ ਵਿੱਚ ਅੰਮ੍ਰਿਤ ਪ੍ਰਚਾਰ ਕਰਦੇ ਰਹੇ ਅਤੇ ਅਖੰਡ ਕੀਰਤਨ ਜਥੇ ਦੀਆਂ ਇਕਾਈਆਂ ਸਥਾਪਤ ਕਰਕੇ ਉਨ੍ਹਾਂ ਰਾਹੀਂ ਸਿੱਖ ਧਰਮ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ। ਅੱਜ ਵੀ ਅਖੰਡ ਕੀਰਤਨੀ ਜਥੇ ਧਰਮ ਪ੍ਰਚਾਰ ਕਰ ਰਹੇ ਹਨ। ਉਹ ਉਤਮ ਦਰਜੇ ਦੇ ਨਾਮ ਅਭਿਆਸੀ, ਚੋਟੀ ਦੇ ਅਣਥੱਕ ਤੇ ਨਿਸ਼ਕਾਮ ਕੀਰਤਨੀਏ, ਮਹਾਨ ਕਵੀ ਤੇ ਲੇਖਕ, ਨਿਧੜਕ ਜਰਨੈਲ, ਪੂਰਨ ਗ੍ਰਹਿਸਤੀ, ਨਿਮਰਤਾ, ਸ਼ਹਿਨਸੀਲਤਾ, ਧੀਰਜ ਤੇ ਦਇਆ ਦੇ ਪੁੰਜ ਸਨ। ਉਨ੍ਹਾਂ ਨੇ ਲਗਪਗ ਦੋ ਦਰਜਨ ਪੁਸਤਕਾਂ/ਟ੍ਰੈਕਟ/ ਪੈਂਫਲਿਟ, ਜਿਨ੍ਹਾਂ ਵਿੱਚ ਜੇਲ੍ਹ ਚਿੱਠੀਆਂ (ਸਵੈ ਜੀਵਨੀ), ਗੁਰਮਤਿ ਨਾਮ ਅਭਿਆਸ ਕਮਾਈ, ਚਰਨ ਕੰਵਲ ਦੀ ਮਉਜ, ਗੁਰਮਤਿ ਸੱਚ ਨਿਰਣੈ, ਗੁਰਮਤਿ ਬਿਬੇਕ, ਗੁਰਮਤਿ ਗੌਰਵਤਾ, ਅਣਡਿਠੀ ਦੁਨੀਆਂ, ਗੁਰਮਤਿ ਅਧਿਆਤਮ ਕਰਮ ਫਿਲਾਸਫੀ, ਅਨਹਦ ਸ਼ਬਦ ਦਸਮ ਦੁਆਰ, ਸਚਖੰਡ ਦਰਸ਼ਨ, ਕਥਾ ਕੀਰਤਨ, ਨਾਮ ਤੇ ਨਾਮ ਦਾ ਦਾਤਾ ਸਤਿਗੁਰ, ਜੋਤਿ ਵਿਗਾਸ (1944), ਦਰਸ਼ਨ ਝਲਕਾਂ (1938), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ, ਜ਼ਾਹਿਰ ਜ਼ਹੂਰ ਗੁਰੂ ਗੋਬਿੰਦ ਸਿੰਘ, ਅੰਮ੍ਰਿਤ ਕੀ ਹੈ?, ਤੱਤ ਗੁਰਮਤਿ ਨਿਰਣਯ, ਬਾਬਾ ਵੈਦ ਰੋਗੀਆਂ ਦਾ, ਸੰਤ ਪਦ ਨਿਰਣੈ। ਗੁਰਮਤਿ ਰਮਜ਼ਾਂ, ਹਉਮੈ ਨਾਲ ਵਿਰੋਧ, ਸਿੱਖ ਕੌਣ ਹੈ?, ਆਸਤਕ ਤੇ ਨਾਸਤਕ, ਅੰਮ੍ਰਿਤ ਕਲਾ, ਗਗਨ ਉਡਾਰੀ ਆਦਿ ਸ਼ਾਮਲ ਹਨ। ਉਨ੍ਹਾਂ ਵੱਲੋਂ ਰਚਿਆ ਗਿਆ ਸਾਹਿਤ ਪੰਥ ਨੂੰ ਇੱਕ ਮਹਾਨ ਦੇਣ ਹੈ। ਹਰ ਪੁਸਤਕ ਗੁਰਮਤਿ ਦੇ ਕਿਸੇ ਨਾ ਕਿਸੇ ਸਿਧਾਂਤ ਉਤੇ ਗੁਰਬਾਣੀ ਰਾਹੀਂ ਰੌਸ਼ਨੀ ਪਾ ਕੇ, ਭਰਮ ਭੁਲੇਖੇ ਦੂਰ ਕਰਦੀ ਅਤੇ ਉਸ ਦਾ ਸਿੱਕਾ ਸਾਡੇ ਮਨਾ ‘ਤੇ ਬਿਠਾ ਦਿੰਦੀ ਹੈ। ਸਿੱਖ ਇਤਿਹਾਸ ਵਿੱਚ ਕਿਸੇ ਸਿਮਰਨ-ਸਰੂਪ ਹੋਈ ਸ਼ਖ਼ਸੀਅਤ ਨੇ ਏਨਾ ਬਹੁ-ਪੱਖੀ ਧਾਰਮਿਕ ਸਾਹਿਤ ਨਹੀਂ ਰਚਿਆ।

ਕਰਤਾਰ ਸਿੰਘ ਸਰਾਭਾ ਦੇ ਨਾਲ ਉਨ੍ਹਾਂ ਆਜ਼ਾਦੀ ਦੇ ਸੰਗਰਾਮ ਦੀ ਲੜੀ ਵਿੱਚ ਕੀਤੀਆਂ ਜਾਂਦੀਆਂ ਸਰਗਰਮੀਆਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਗ਼ਦਰੀਆਂ ਨੇ ਫ਼ੌਜੀ ਛਾਉਣੀਆਂ ਵਿੱਚ ਬ਼ਗਾਬਤ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਸੀ। ਭਾਈ ਰਣਧੀਰ ਸਿੰਘ ਦੀ ਡਿਊਟੀ ਫ਼ੀਰੋਜਪੁਰ ਛਾਉਣੀ ਜਾਣ ਦੀ ਲੱਗੀ ਸੀ। ਪੁਲਿਸ ਨੂੰ ਭਿਣਕ ਪੈ ਗਈ। ਬ਼ਗਾਬਤ ਨੂੰ



ਰੋਕਣ ਲਈ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਮੁੱਲਾਂਪੁਰ ਤੋਂ ਭਾਈ ਰਣਧੀਰ ਸਿੰਘ ਰੇਲ ਗੱਡੀ ਵਿੱਚ 60 ਵਿਅਕਤੀਆਂ ਦੇ ਜਥੇ ਨਾਲ ਕੀਰਤਨ ਕਰਦੇ ਜਾ ਰਹੇ ਸਨ ਤਾਂ ਜੋ ਪੁਲਿਸ ਨੂੰ ਉਨ੍ਹਾਂ ’ਤੇ ਸ਼ੱਕ ਨਾ ਹੋਵੇ। ਕਰਤਾਰ ਸਿੰਘ ਸਰਾਭਾ ਨੇ ਮੌਕੇ ’ਤੇ ਹੀ ਭਾਈ ਸਾਹਿਬ ਦੇ ਜੱਥੇ ਨੂੰ ਗ੍ਰਿਫ਼ਤਾਰੀਆਂ ਦੀ ਜਾਣਕਾਰੀ ਦੇ ਦਿੱਤੀ, ਇਸ ਕਰਕੇ ਉਦੋਂ ਉਹ ਗ੍ਰਿਫ਼ਤਾਰੀ ਤੋਂ ਬਚ ਗਏ। ਇਸ ਤੋਂ ਪਹਿਲਾਂ ਉਨ੍ਹਾਂ ਛਾਉਣੀਆਂ ਵਿੱਚ ਬਗਾਬਤ ਕਰਵਾਉਣ ਲਈ ਗੁਜਰਵਾਲ ਪਿੰਡ ਵਿਖੇ ਮਾਲਵੇ ਦੇ ਗ਼ਦਰੀਆਂ ਦਾ ਵੱਡਾ ਇਕੱਠ 14 ਫ਼ਰਵਰੀ 1915 ਨੂੰ ਕੀਤਾ ਸੀ, ਜਿਸ ਵਿੱਚ ਵੱਡੇ ਗ਼ਦਰੀ ਬਾਬਿਆਂ ਨੇ ਹਿੱਸਾ ਲਿਆ ਸੀ। ਬਾਅਦ ਵਿੱਚ ਭਾਈ ਰਣਧੀਰ ਸਿੰਘ ਨੂੰ 9 ਮਈ 1915 ਨੂੰ ਨਾਭਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ ਨੂੰ 4 ਅਪ੍ਰੈਲ 1916 ਨੂੰ ਮੁਲਤਾਨ ਜੇਲ੍ਹ , ਜੁਲਾਈ 1917 ਹਜ਼ਾਰੀ ਬਾਗ, ਅਕਤੂਬਰ 1921 ਵਿੱਚ ਰਾਜਮੁੰਦਰੀ ਜੇਲ੍ਹ ਅਤੇ 1 ਦਸੰਬਰ 1922 ਨੂੰ ਨਾਗਪੁਰ ਆਦਿ ਕਈ ਥਾਵਾਂ ਤੇ ਰੱਖਿਆ ਗਿਆ। ਮੁਲਤਾਨ ਜੇਲ੍ਹ ਦੇ ਸਮੇਂ ਉਨ੍ਹਾਂ ਨੇ ਜੇਲ੍ਹ ਸੁਧਾਰਾਂ ਲਈ ਵੀ ਜਦੋਜਹਿਦ ਕੀਤੀ ਅਤੇ ਸਿੱਖੀ ਸਰੂਪ ਅਨੁਸਾਰ ਜੇਲ੍ਹ ਵਿੱਚ ਰਹਿਣ ਸਮੇਂ ਉਨ੍ਹਾਂ ਨੇ 40 ਦਿਨ ਭੁੱਖ ਹੜਤਾਲ ਕਰਕੇ ਆਪਣੀਆਂ ਮੰਗਾਂ ਮਨਵਾਈਆਂ ਸਨ। ਜੇਲ੍ਹ ਵਿੱਚ ਹੀ ਉਨ੍ਹਾਂ ਦੀ ਮੁਲਾਕਾਤ ਸ਼ਹੀਦ ਭਗਤ ਸਿੰਘ ਨਾਲ ਹੋਈ ਸੀ। ਇਥੇ ਹੀ ਆ ਕੇ ਉਨ੍ਹਾਂ ਗ਼ਦਰੀ ਕਰਾਂਤੀਕਾਰ ਕਵੀ ਮੁਨਸ਼ਾ ਸਿੰਘ ਦੁਖੀ ਆ ਕੇ ਮਿਲੇ ਸਨ। ਇਨ੍ਹਾਂ ‘ਤੇ ਦੂਜਾ ਲਾਹੌਰ ਸਾਜ਼ਸ ਕੇਸ ਅਧੀਨ 29 ਅਕਤੂਬਰ 1929 ਨੂੰ ਮੁਕੱਦਮਾ ਚਲਾਇਆ ਗਿਆ। ਭਾਈ ਰਣਧੀਰ ਸਿੰਘ ਨੂੰ 30 ਮਾਰਚ 1916 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਜਿਥੇ ਅਨੇਕਾਂ ਤਸੀਹੇ ਦਿੱਤੇ ਗਏ। ਸਾਰੀ ਪਰਿਵਾਰਿਕ ਜਾਇਦਾਦ ਜਬਤ ਕਰ ਲਈ। ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਸਰਕਾਰ ਤੋਂ ਜਾਇਦਾਦ ਵਾਪਸ ਨਹੀਂ ਮੰਗੀ ਸੀ। 14 ਜਨਵਰੀ 1914 ਨੂੰ ਜਦੋਂ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੀ ਗਈ ਤਾਂ ਉਹ ਇੱਕ ਸ਼ਹੀਦੀ ਜੱਥਾ ਲੈ ਕੇ 3 ਮਈ 1914 ਨੂੰ ਲਾਹੌਰ ਗਏ ਸਨ, ਜਿਥੇ ਰੋਸ ਵਜੋਂ ਸਿੱਖਾਂ ਦਾ ਭਾਰੀ ਸਮਾਗਮ ਹੋ ਰਿਹਾ ਸੀ। ਚੀਫ਼ ਖਾਲਸਾ ਦੀਵਾਨ ਜੋ ਸਿੱਖਾਂ ਦੀ ਨੁਮਾਇੰਦਾ ਜਮਾਤ ਸੀ, ਉਸ ਨੇ 1914 ਵਿੱਚ ਸਰਕਾਰ ਦੇ ਕੰਧ ਢਾਹੁਣ ਦੇ ਫ਼ੈਸਲੇ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ। ਹਰਚੰਦ ਸਿੰਘ ਲਾਇਲਪੁਰ ਅਤੇ ਹਰਬੰਸ ਸਿੰਘ ਅਟਾਰੀ ਮਤੇ ਦੇ ਵਿਰੋਧ ਵਿੱਚ ਮੀਟਿੰਗ ਵਿੱਚੋਂ ਬਾਈਕਾਟ ਕਰਕੇ ਬਾਹਰ ਆ ਗਏ। ਭਾਈ ਰਣਧੀਰ ਸਿੰਘ ਨੇ ਹਰਚੰਦ ਸਿੰਘ ਲਾਇਲਪੁਰ ਨਾਲ ਮਿਲਕੇ ਵਿਰੋਧ ਕਰਨ ਦਾ ਸਾਰਾ ਕੰਮ ਆਪਣੇ ਹੱਥ ਲੈ ਲਿਆ। ਉਨ੍ਹਾਂ ਜ਼ਮਾਨੇ ਦੀ ਵੰਗਾਰ ਸੁਣੀ ਤੇ ਗੁਰਧਾਮਾ ਦੇ ਰਾਹ ਤੁਰ ਪਏ। ਉਹ ਆਧੁਨਿਕ ਯੁਗ ਦੇ ਮਹਾਨ ਤਪੱਸਵੀ, ਰਹੱਸਵਾਦੀ ਸੰਤ, ਕਵੀ ਤੇ ਵਾਰਤਕਕਾਰ ਸਨ। ਛੂਤ ਛਾਤ, ਵਹਿਮ ਭਰਮ ਅਤੇ ਊਚ ਨੀਚ ਦੇ ਸਖ਼ਤ ਵਿਰੋਧੀ ਸਨ। ਖਾਲਸਾ ਪੰਥ ਵੱਲੋਂ ਉਨ੍ਹਾਂ ਨੂੰ ਸਿੱਖ ਧਰਮ ਦੀ ਸੋਨ ਚਿੜੀ ਦਾ ਖਿਤਾਬ ਦੇ ਕੇ ਨਿਵਾਜਿਆ ਗਿਆ। ਜੇਲ੍ਹ ਵਿੱਚੋਂ ਰਿਹਾਈ ਤੋਂ ਬਾਅਦ ਭਾਈ ਰਣਧੀਰ ਸਿੰਘ ਨੂੰ 15 ਸਤੰਬਰ 1931 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਤੇ ਗੁਰੂ ਪੰਥ ਦੀ ਉਘੀ ਸੇਵਾ ਲਈ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਤੋਂ ਵੀ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਗਈ। ਉਨ੍ਹਾਂ ਦਾ ਸਾਰਾ ਜੀਵਨ ਆਦਰਸ਼ਕ ਸੀ। ਉਹ ਕਹਿਣੀ ਤੇ ਕਰਨੀ ਦੇ ਪੱਕੇ ਸਨ। ਉਹ ਐਫ.ਸੀ.ਕਾਲਜ ਲਾਹੌਰ ਦੀ ਹਾਕੀ ਟੀਮ ਦੇ ਕਪਤਾਨ ਵੀ ਸਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਾਰੰਗਵਾਲ ਵਿਖੇ 7 ਜੁਲਾਈ 1878 ਨੂੰ ਪਿਤਾ ਸ੍ਰ.ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਆਪਣੀ ਮੁੱਢਲੀ ਸਿਖਿਆ ਮਾਲਵਾ ਖਾਲਸਾ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ। ਸਕੂਲ ਵਿੱਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿੱਖ ਧਰਮ ਨਾਲ ਜੋੜਨ ਲਈ ਸਕੂਲ ਵਿੱਚ ‘ਭੁਝੰਗੀ ਸਭਾ’ ਬਣਾਈ ਜਿਸ ਦੇ ਉਹ ਪ੍ਰਧਾਨ ਸਨ। ਸਾਰੇ ਵਿਦਿਆਰਥੀਆਂ ਨੂੰ ਖੰਡੇ ਬਾਟੇ ਦੀ ਪਾਹੁਲ ਦੇ ਕੇ ਅੰਮ੍ਰਿਤਧਾਰੀ ਬਣਾਇਆ ਗਿਆ। ਫਿਰ ਉਨ੍ਹਾਂ ਨੂੰ ਉਚ ਪੜ੍ਹਾਈ ਲਈ ਲਾਹੌਰ ਭੇਜ ਦਿੱਤਾ ਗਿਆ। ਭਾਈ ਰਣਧੀਰ ਸਿੰਘ ਨੇ 1900 ਵਿੱਚ ਬੀ.ਏ., ਐਫ.ਸੀ.ਕਾਲਜ ਲਾਹੌਰ ਤੋਂ ਪਾਸ ਕੀਤੀ। ਉਨ੍ਹਾਂ ਦਾ ਨਾਮ ਬਸੰਤ ਸਿੰਘ ਸੀ ਪ੍ਰੰਤੂ ਅੰਮ੍ਰਿਤ ਛੱਕਣ ਤੋਂ ਬਾਅਦ ਰਣਧੀਰ ਸਿੰਘ ਰੱਖਿਆ ਗਿਆ। ਉਨ੍ਹਾਂ ਦਾ ਵਿਆਹ ਬੀਬੀ ਕਰਤਾਰ ਕੌਰ ਨਾਲ ਹੋਇਆ। ਉਨ੍ਹਾਂ ਦਾ ਇੱਕ ਲੜਕਾ ਬਲਬੀਰ ਸਿੰਘ ਅਤੇ ਇੱਕ ਲੜਕੀ ਪੰਜਾਬ ਕੌਰ ਸਨ। ਭਾਈ ਰਣਧੀਰ ਦੀ ਵਿਰਾਸਤ ਨੂੰ ਬਲਬੀਰ ਸਿੰਘ ਦਾ ਦੋਹਤਾ ਜੁਝਾਰ ਸਿੰਘ ਸੰਭਾਲ ਰਿਹਾ ਹੈ। ਭਾਈ ਰਣਧੀਰ ਸਿੰਘ 16 ਅਪ੍ਰੈਲ 1961 ਨੂੰ ਸਵਰਗਵਾਸ ਹੋ ਗਏ।

ਮੋਬਾਈਲ-94178 13072
ujagarsingh48@yahoo.com

**ਇਮਾਨਦਾਰ, ਸੱਚੇ, ਸੁੱਚੇ, ਸੂਝਵਾਨ ਤੇ ਪੜ੍ਹੇ ਲਿਖੇ ਆਗੂਆਂ ਨੂੰ ਸਦਾ ਸਤਿਕਾਰ ਦਿਓ, ਉਹਨਾਂ ਨੂੰ ਹੀ ਵੋਟਾਂ ਪਾ ਕੇ ਅੱਗੇ ਲਿਆਓ, ਜੋ ਮਨੁੱਖਤਾ ਦਾ ਭਲਾ ਕਰਨ ਲਈ ਉਦਮ ਕਰਨ।**